
ਆਹਮੋ-ਸਾਹਮਣੇ

ਨਰਿੰਦਰ ਸਿੰਘ ਕਪੂਰ



ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ ਸੰਗ੍ਰਹਿ	: ਮਾਲਾ ਮਣਕੇ
ਲੇਖ ਸੰਗ੍ਰਹਿ	: ਡੂੰਘੀਆਂ ਸਿਖਰਾਂ
	ਰਾਹ-ਰਸਤੇ
	ਅੰਤਰ ਝਾਤ
	ਆਹਮੋ-ਸਾਹਮਣੇ
	ਬੂਹੇ-ਬਾਰੀਆਂ
	ਸੁਖ਼ਨ-ਸੁਨੇਹੇ
	ਵਿਆਖਿਆ-ਵਿਸ਼ਲੇਸ਼ਣ
	ਸੱਚੋ-ਸੱਚ
	ਤਰਕਵੇਦ
ਆਲੋਚਨਾ ਅਤੇ ਖੋਜ	: ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ
	ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ
	ਪੰਜਾਬੀ ਪੱਤਰਕਾਰੀ ਦਾ ਵਿਕਾਸ
ਅਨੁਵਾਦ	: ਸੁਧਾ ਮੂਰਤੀ: ਮੇਰਾ ਦੇਸ਼, ਮੇਰੇ ਲੋਕ
	ਤੁਰਗਨੇਵ: ਪਿਉ ਪੁੱਤਰ
	ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ
	ਜੱਸਾ ਸਿੰਘ ਆਹਲੂਵਾਲੀਆ
	ਮਾਰਟਿਨ ਲੂਥਰ ਕਿੰਗ
	ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗ੍ਰੇਜ਼ੀ ਵਿਚ)

ਆਹਮੋ-ਸਾਹਮਣੇ

ਨਰਿੰਦਰ ਸਿੰਘ ਕਪੂਰ

Ahmo-Sahmne

(A Collection of Essays)

by

Dr. Narinder Singh Kapoor
4245, Phase 2, Urban Estate,
PATIALA 147002 India

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

Produced and Bound in India

ਤਤਕਰਾ

ਆਹਮੋ-ਸਾਹਮਣੇ

ਨਰਿੰਦਰ ਸਿੰਘ ਕਪੂਰ



ਆਹਮੋ-ਸਾਹਮਣੇ

ਸਵਰਗ ਉਹੀ ਜਾਂਦੇ ਹਨ, ਜਿਨ੍ਹਾਂ ਦੇ ਅੰਦਰ ਸਵਰਗ ਹੁੰਦਾ ਹੈ।

ਸਫ਼ਲ ਵਿਅਕਤੀਆਂ ਨੇ ਕਦੇ ਵੀ ਬੀਜਣ ਤੋਂ ਬਿਨਾਂ ਫ਼ਸਲ ਦੀ ਇੱਛਾ ਨਹੀਂ ਕੀਤੀ। ਸਫ਼ਲ ਵਿਅਕਤੀਆਂ ਨੂੰ ਅਨੇਕਾਂ ਅਸਫ਼ਲਤਾਵਾਂ ਉਪਰੰਤ ਹੀ ਸਫ਼ਲਤਾ ਮਿਲਦੀ ਹੈ।

ਸ਼ਕਤੀ ਗਿਆਨ ਵਿੱਚ ਨਹੀਂ ਹੁੰਦੀ, ਉਸ ਗਿਆਨ ਨੂੰ ਅਮਲ ਵਿੱਚ ਲਿਆਉਣ ਵਿੱਚ ਹੁੰਦੀ ਹੈ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਲੋਕਾਂ ਦੀ ਸਾਡੇ ਬਾਰੇ ਰਾਇ ਇਸ ਲਈ ਚੰਗੀ ਨਹੀਂ, ਕਿਉਂਕਿ ਉਨ੍ਹਾਂ ਬਾਰੇ ਸਾਡੀ ਰਾਇ ਵੀ ਤਾਂ ਚੰਗੀ ਨਹੀਂ।

ਦੂਜਿਆਂ ਬਾਰੇ ਆਪਣੀ ਰਾਇ ਚੰਗੀ ਬਣਾਏ ਬਿਨਾਂ, ਉਨ੍ਹਾਂ ਤੋਂ ਆਪਣੇ ਬਾਰੇ ਚੰਗੀ ਰਾਇ ਦੀ ਆਸ ਕਰਨੀ ਵਿਅਰਥ ਹੈ।

ਅਸੀਂ ਉਦੋਂ ਹੀ ਸਫ਼ਲ ਹੋਵਾਂਗੇ ਜਦੋਂ ਆਲੇ-ਦੁਆਲੇ ਵਿਚ ਹਰ ਕਿਸੇ ਦੀ ਸਫ਼ਲਤਾ ਦਾ ਵਾਤਾਵਰਨ ਉਸਰੇਗਾ।

ਜਦੋਂ ਬਹੁਤ ਸਾਰੇ ਲੋਕ ਸਫ਼ਲ ਹੋਣਗੇ ਤਾਂ ਹੀ ਅਸੀਂ ਸਫ਼ਲ ਹੋਵਾਂਗੇ। ਦੂਜਿਆਂ ਨੂੰ ਪਛਾੜ ਕੇ ਪ੍ਰਾਪਤ ਕੀਤੀ ਸਫ਼ਲਤਾ, ਹੰਢਣਸਾਰ ਨਹੀਂ ਹੁੰਦੀ।

ਜੇ ਤੁਸੀਂ ਵੱਡੇ-ਵੱਡੇ ਕੰਮ ਨਹੀਂ ਕਰ ਸਕਦੇ ਤਾਂ ਕੰਮ ਭਾਵੇਂ ਛੋਟੇ-ਛੋਟੇ ਹੀ ਕਰੋ ਪਰ ਕਰੋ ਵੱਡੇ ਦਿਲ ਨਾਲ। ਇਵੇਂ ਛੋਟੇ-ਛੋਟੇ ਕੰਮ ਵੀ ਵੱਡੇ-ਵੱਡੇ ਹੋ ਨਿਬੜਨਗੇ।

ਉਦਾਰਤਾ ਤੋਂ ਬਿਨਾਂ ਸਫ਼ਲਤਾ ਸੰਭਵ ਨਹੀਂ ਹੁੰਦੀ ਅਤੇ ਸਫ਼ਲਤਾ ਤੋਂ ਬਿਨਾਂ ਉਦਾਰਤਾ ਸੰਭਵ ਹੋ ਹੀ ਨਹੀਂ ਸਕਦੀ।

ਜਿਤਨੀ ਵੱਡੀ ਸਾਡੀ ਦ੍ਰਿਸ਼ਟੀ ਹੋਵੇਗੀ, ਉਤਨਾ ਵੱਡਾ ਦ੍ਰਿਸ਼ ਹੋਵੇਗਾ।

ਹਰ ਮੁਸ਼ਕਿਲ ਦੇ ਅੱਧ ਵਿੱਚ ਅਵਸਰ ਛੁੱਪਿਆ ਹੁੰਦਾ ਹੈ। ਆਪਣੀ ਨਜ਼ਰ ਮੁਸ਼ਕਿਲ ਵਿੱਚ ਛੁਪੇ ਅਵਸਰ 'ਤੇ ਟਿਕਾਉਣ ਦੀ ਲੋੜ ਹੈ।

ਇਸ ਪੁਸਤਕ ਵਿਚਲੇ ਲੇਖ ਤੁਹਾਡੇ ਵੱਲ ਲਿਖੇ ਖ਼ਤ ਹਨ ਤਾਂ ਕਿ ਤੁਸੀਂ ਜ਼ਿੰਦਗੀ ਨੂੰ ਆਹਮੋ-ਸਾਹਮਣੇ ਹੋ ਕੇ ਮਿਲ ਸਕੋ।

– ਨਰਿੰਦਰ ਸਿੰਘ ਕਪੂਰ
ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਆਹਮੋ-ਸਾਹਮਣੇ

ਨਰਿੰਦਰ ਸਿੰਘ ਕਪੂਰ



ਸ਼ੁੱਭ-ਇੱਛਾਵਾਂ

ਬਹੁਤ ਥੋੜ੍ਹੇ ਲੋਕਾਂ ਵਿੱਚ ਆਪਣੇ ਨਾਲੋਂ ਵੱਡੇ ਅਤੇ ਵਿਸ਼ਾਲ, ਅਨੁਭਵ ਅਤੇ ਗਿਆਨ ਦੇ ਸੁਪਨੇ ਵੇਖਣ ਦੀ ਯੋਗਤਾ ਹੁੰਦੀ ਹੈ।

ਬਹੁਤ ਘੱਟ ਲੋਕ ਹੁੰਦੇ ਹਨ, ਜਿਹੜੇ ਸੱਜਣ ਦੀ ਦਰਗਾਹ 'ਤੇ ਆਪਣੀ ਉਮਰ ਟੇਕ ਦਿੰਦੇ ਹਨ। ਅਜਿਹੇ ਲੋਕਾਂ ਨੂੰ ਆਪਣੀਆਂ ਖੁਸ਼ੀਆਂ 'ਤੇ ਵੀ ਮਾਣ ਨਹੀਂ ਹੁੰਦਾ, ਕਿਉਂਕਿ ਇਨ੍ਹਾਂ ਦੇ ਜੀਵਨ ਵਿੱਚ ਖੁਸ਼ੀਆਂ ਕਿਸੇ ਦੇ ਆਉਣ 'ਤੇ ਆਉਂਦੀਆਂ ਹਨ ਅਤੇ ਕਿਸੇ ਦੇ ਟੁਰ ਗਿਆਂ ਮੁੱਕ ਜਾਂਦੀਆਂ ਹਨ।

ਜਿਊਣਾ ਹਰੇਕ ਮਨੁੱਖ ਲਈ ਸੁਖਾਲਾ ਹੈ, ਹਰ ਕੋਈ ਜੀਅ ਰਿਹਾ ਹੈ ਪਰ ਸਲੀਕੇ ਅਤੇ ਹੁਨਰ ਨਾਲ ਜਿਊਣਾ ਬੜੀ ਮਿਹਨਤ ਦੀ ਮੰਗ ਕਰਦਾ ਹੈ। ਆਪਣੇ ਬਾਰੇ ਤਾਂ ਅਸੀਂ ਚੰਗੀ ਰਾਇ ਉਸਾਰ ਲੈਂਦੇ ਹਾਂ ਪਰ ਦੂਜਿਆਂ ਬਾਰੇ ਚੰਗੀ ਰਾਇ ਉਸਾਰਨੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਸੇ ਕਾਰਨ ਬਹੁਤੀਆਂ ਹਾਲਤਾਂ ਵਿੱਚ ਅਸੀਂ ਆਪਣੇ ਸੌੜੇ ਮਨ ਦੀਆਂ ਭਿੱਜੀਆਂ ਸੜਕਾਂ 'ਤੇ ਨਿਰੰਤਰ ਤਿਲ੍ਹਕਦੇ ਰਹਿੰਦੇ ਹਾਂ।

ਮਨੁੱਖਤਾ ਦਾ ਇਤਿਹਾਸ, ਵਿਅਕਤੀ ਦੇ ਵਿਕਾਸ ਦਾ ਇਤਿਹਾਸ ਹੈ।

ਵਿਕਸਿਤ ਵਿਅਕਤੀ ਦੂਜਿਆਂ ਦੀ ਹੋਂਦ ਨੂੰ ਖਿੜੇ-ਮੱਥੇ ਸਵੀਕਾਰ ਕਰਦਾ ਹੈ ਅਤੇ ਇਸ ਭਾਵਨਾ ਦਾ ਪ੍ਰਗਟਾਵਾ ਉਹ ਮੁਸਕਰਾ ਕੇ ਜਾਂ ਅਸੀਸ ਦੇ ਕੇ ਜਾਂ ਸਹਿਯੋਗ ਦੇ ਕੇ ਜਾਂ ਸ਼ੁੱਭ-ਇੱਛਾਵਾਂ ਦੇ ਕੇ ਕਰਦਾ ਹੈ।

ਦੂਜਿਆਂ ਨਾਲ ਰਲ ਕੇ ਜੀਣ ਦੀ ਲੋਚਾ, ਮਨੁੱਖੀ ਸਮਾਜ ਦੀ ਬੁਨਿਆਦ ਹੈ।

ਮਨੁੱਖੀ ਜੀਵਨ ਵਿੱਚ ਅਨੇਕਾਂ ਸੰਕਟ ਆਉਂਦੇ ਹਨ ਪਰ ਰਲ ਕੇ ਜੂਝਣ ਅਤੇ ਜਿਊਣ ਦੀ ਲੋਚਾ ਹਰ ਸੰਕਟ ਨਾਲੋਂ ਵੱਡੀ ਸਾਬਤ ਹੁੰਦੀ ਹੈ।

ਕਈ ਵਾਰੀ ਸਾਡੇ ਇਕ ਹੱਥ ਵਿੱਚ ਲੋਹਾ ਅਤੇ ਦੂਜੇ ਹੱਥ ਵਿੱਚ ਪਾਰਸ ਹੁੰਦਾ ਹੈ ਪਰ ਅਸੀਂ ਇਕ ਦੂਜੇ ਨੂੰ ਛੁਹਾਉਣਾ ਭੁੱਲ ਜਾਂਦੇ ਹਾਂ, ਸੋ ਮਨੁੱਖਤਾ ਦਾ ਇਤਿਹਾਸ ਮਨੁੱਖ ਦੀਆਂ ਅਸਫ਼ਲਤਾਵਾਂ ਦਾ ਵੀ ਇਤਿਹਾਸ ਹੈ।

ਮਨੁੱਖ ਨੇ ਮਨੁੱਖ ਦਾ ਸਨਮਾਨ ਕਰਨ ਦੀ ਜਾਚ ਅਜੇ ਸਿੱਖਣੀ ਹੈ।

ਜਿਸ ਸਮਾਜ ਵਿੱਚ ਮਨੁੱਖ ਦੀ ਇੱਜ਼ਤ ਨਹੀਂ ਹੁੰਦੀ, ਉਹ ਸਮਾਜ ਚੰਗੇ ਜੀਵਨ ਦੀ ਨੁਹਾਰ ਅਤੇ ਚੰਗੇ ਇਨਸਾਨ ਨਹੀਂ ਉਪਜਾ ਸਕਦਾ।

ਇਕੱਲੇ ਗਾਉਣ, ਮਰਨ, ਹੱਸਣ ਜਾਂ ਰੋਣ ਦਾ ਕੀ ਲਾਭ। ਕਹਿੰਦੇ ਹਨ : ਹੰਕਾਰ ਕੇ

ਨੱਚਿਆ ਨਹੀਂ ਜਾ ਸਕਦਾ, ਆਪਣੇ ਆਪ ਨੂੰ ਭੁੱਲੇ ਬਿਨਾਂ ਪਿਆਰ ਨਹੀਂ ਕੀਤਾ ਜਾ ਸਕਦਾ ਅਤੇ ਸਤਿਕਾਰ ਭਰੇ ਵਿਸ਼ਵਾਸ ਬਿਨਾਂ ਸ਼ੁੱਭ-ਇੱਛਾਵਾਂ ਨਹੀਂ ਦਿੱਤੀਆਂ ਜਾ ਸਕਦੀਆਂ। ਕਈ ਵਿਅਕਤੀ ਉਜਾੜ ਵਿੱਚ ਨੱਚਦੇ ਮੋਰ ਵਾਂਗ ਹੁੰਦੇ ਹਨ। ਭਾਵੇਂ ਉਹ ਤਾਰਿਆਂ ਵਾਂਗ ਦੂਰ ਹੁੰਦੇ ਹਨ ਪਰ ਉਨ੍ਹਾਂ ਨੂੰ ਵੇਖਣ, ਸੁਣਨ ਅਤੇ ਪੜ੍ਹਨ ਦੀ ਇੱਛਾ ਬਣੀ ਰਹਿੰਦੀ ਹੈ।

ਜਿਵੇਂ ਇਸਤਰੀ ਦਾ ਰੋਣਾ ਕਿਸੇ ਰੋਸ ਦਾ ਪ੍ਰਗਟਾਵਾ ਹੀ ਨਹੀਂ, ਸਗੋਂ ਪਿਆਰ ਦਾ ਤਰਲਾ ਵੀ ਹੁੰਦਾ ਹੈ, ਇਵੇਂ ਹੀ ਸ਼ੁੱਭ-ਇੱਛਾਵਾਂ ਵਾਲੇ ਲੋਕਾਂ ਵਿਚਲੀ ਰੋਸ ਦੀ ਭਾਵਨਾ ਵਿੱਚ ਵੀ ਸਰਬੱਤ ਦੇ ਭਲੇ ਦੀ ਗੂੰਜ ਹੁੰਦੀ ਹੈ।

ਸਾਨੂੰ ਨਿੱਕੀਆਂ-ਨਿੱਕੀਆਂ ਗੱਲਾਂ ਹੀ ਖੁਸ਼ੀ ਦਿੰਦੀਆਂ ਹਨ, ਮਹਾਨ ਘਟਨਾਵਾਂ ਸਾਨੂੰ ਸਿੱਧਿਆਂ ਪ੍ਰਭਾਵਿਤ ਨਹੀਂ ਕਰਦੀਆਂ, ਪ੍ਰਭਾਵਿਤ ਅਸੀਂ ਆਪਣੇ ਆਲੇ-ਦੁਆਲੇ ਦੇ ਸੰਸਾਰ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਤੋਂ ਹੀ ਹੁੰਦੇ ਹਾਂ।

ਲੱਖਾਂ-ਕਰੋੜਾਂ ਖ਼ਤ, ਲਿਫ਼ਾਫ਼ੇ ਭੇਜੇ ਜਾਂਦੇ ਹਨ ਪਰ ਤੁਹਾਨੂੰ ਖੁਸ਼ੀ ਉਨ੍ਹਾਂ ਖ਼ਤਾਂ-ਲਿਫ਼ਾਫ਼ਿਆਂ ਤੋਂ ਪ੍ਰਾਪਤ ਹੁੰਦੀ ਹੈ, ਜਿਹੜੇ ਤੁਹਾਡੇ ਨਾਂ ਹੁੰਦੇ ਹਨ। ਤੁਸੀਂ ਜਿਵੇਂ-ਜਿਵੇਂ ਪ੍ਰਸਿੱਧ ਹੁੰਦੇ ਜਾਂਦੇ ਹੋ, ਤੁਹਾਡੇ ਘਰ ਦਾ ਪਤਾ ਉਤਨਾ ਹੀ ਸੰਖੇਪ ਹੁੰਦਾ ਜਾਂਦਾ ਹੈ।

ਸ਼ੁੱਭ-ਇੱਛਾਵਾਂ ਅਸੀਸਾਂ ਦਾ ਹੀ ਵਿਸ਼ਾਲ ਰੂਪ ਹੁੰਦੀਆਂ ਹਨ।

ਜਦੋਂ ਸਮਾਜ ਛੋਟਾ ਅਤੇ ਜੀਵਨ ਸਾਦਾ ਹੁੰਦਾ ਹੈ ਤਾਂ ਅਸੀਸਾਂ ਸਾਡੇ ਵਰਤਾਰੇ ਵਿੱਚ ਨਿਮਰਤਾ ਅਤੇ ਨਿਰਮਾਣਤਾ ਲਿਆਉਂਦੀਆ ਹਨ।

ਜਦੋਂ ਜੀਵਨ ਨਿਸ਼ਚਿਤ ਨਾ ਹੋਵੇ ਅਤੇ ਜੀਵਨ ਨੂੰ ਖਤਰੇ ਵੱਧ ਹੋਣ ਤਾਂ ਲੰਮੀ ਉਮਰ ਦੀਆਂ ਅਸੀਸਾਂ ਦਿੱਤੀਆਂ ਜਾਂਦੀਆਂ ਹਨ।

ਜਦੋਂ ਕਿਸੇ ਸਮਾਜ ਵਿੱਚ ਇਸਤਰੀ ਦੇ ਵਿਧਵਾ ਹੋ ਜਾਣ ਦੀ ਸੂਰਤ ਵਿੱਚ ਦੂਜੇ ਵਿਆਹ ਦੀ ਵਿਵਸਥਾ ਨਾ ਹੋਵੇ ਅਤੇ ਉਸ ਦੀ ਸਮਾਜਿਕ ਪ੍ਰਵਾਨਗੀ ਨਾ ਹੋਵੇ ਤਾਂ ਉਸ ਦੇ ਸੁਹਾਗਣ ਹੋਣ ਦੀਆਂ ਅਸੀਸਾਂ ਦਿੱਤੀਆਂ ਜਾਂਦੀਆਂ ਹਨ।

ਜਦੋਂ ਪੁੱਤਰ ਅਚਾਨਕ ਮੁੱਕ ਜਾਂਦੇ ਸਨ ਤਾਂ ਪੁੱਤਰਾਂ ਨੂੰ ਲੰਮੀ ਉਮਰ ਦੀਆਂ ਅਸੀਸਾਂ ਮਿਲਦੀਆਂ ਸਨ। ਜਦੋਂ ਇਸਤਰੀ ਪ੍ਰਸੂਤ-ਪੀੜਾ ਵਿੱਚ ਮਰ ਜਾਂਦੀ ਸੀ ਤਾਂ ਪੁੱਤਾਂ-ਪੋਤਰਿਆਂ ਵਾਲੀ ਹੋਣ ਦੀਆਂ ਅਸੀਸਾਂ ਦੇਣ ਦਾ ਰਿਵਾਜ ਸੀ। ਪੁੱਤਰਾਂ ਨੂੰ ਲਾਡ ਵੀ ਇਸੇ ਲਈ ਕੀਤਾ ਜਾਂਦਾ ਸੀ, ਕਿਉਂਕਿ ਉਨ੍ਹਾਂ ਦੇ ਜੀਵਨ ਨੂੰ ਖਤਰੇ ਵਧੇਰੇ ਸਨ।

ਸਾਡੀ ਸੋਚ ਅਤੇ ਸਾਡੇ ਸਮੁੱਚੇ ਵਿਹਾਰ ਦੀਆਂ ਜੜ੍ਹਾਂ ਸਾਡੀ ਰਹਿਣੀ-ਬਹਿਣੀ ਵਿੱਚ ਹੀ ਹੁੰਦੀਆਂ ਹਨ।

ਅਸੀਸ ਦਿੱਤੀ ਇਸਤਰੀ ਨੂੰ ਜਾਂਦੀ ਹੈ ਪਰ ਹੁੰਦੀ ਪੁਰਸ਼ ਲਈ ਹੈ।

ਗਾਲ੍ਹ ਪੁਰਸ਼ ਨੂੰ ਕੱਢੀ ਜਾਂਦੀ ਹੈ ਪਰ ਹੁੰਦੀ ਇਸਤਰੀ ਜਾਂ ਪਤਨੀ ਸੰਬੰਧੀ ਹੈ।

ਜਿਉਂ-ਜਿਉਂ ਸਮਾਜ ਵੱਡਾ ਅਤੇ ਜੀਵਨ ਗੁੰਝਲਦਾਰ ਹੁੰਦਾ ਗਿਆ ਹੈ, ਤਿਉਂ-ਤਿਉਂ ਸਾਡੀ ਰਹਿਣੀ-ਬਹਿਣੀ, ਦੂਜਿਆਂ ਨਾਲ ਸਾਡੇ ਸੰਬੰਧਾਂ ਵਿੱਚ ਅਤੇ ਆਲੇ-ਦੁਆਲੇ ਨਾਲ ਸਾਡੇ ਰਿਸ਼ਤੇ ਵਿੱਚ ਵੀ ਪਰਿਵਰਤਨ ਵਾਪਰਿਆ ਹੈ।

ਅਸੀਸਾਂ ਆਮ ਕਰ ਕੇ ਇਸਤਰੀਆਂ ਦਿੰਦੀਆਂ ਹਨ। ਇਹ ਦੇਣ ਦਾ ਹੱਕ ਵੱਡੀ ਉਮਰ ਦੀਆਂ ਇਸਤਰੀਆਂ ਨੂੰ ਹੁੰਦਾ ਹੈ। ਅਸੀਸਾਂ ਆਮ ਕਰ ਕੇ ਸਾਡੇ ਸਰੀਰ ਦੀ ਸਲਾਮਤੀ ਨਾਲ ਸਬੰਧਤ ਹੁੰਦੀਆਂ ਹਨ। ਇਨ੍ਹਾਂ ਅਸੀਸਾਂ ਦਾ ਸਾਂਝਾ ਉਦੇਸ਼ ਸੰਤਾਨ-ਪ੍ਰਾਪਤੀ ਅਤੇ ਸੰਤਾਨ ਦੀ ਲੰਮੀ ਉਮਰ ਦੀ ਕਾਮਨਾ ਹੁੰਦੀ ਹੈ।

ਸ਼ੁੱਭ-ਇੱਛਾਵਾਂ ਅਕਸਰ ਪੁਰਸ਼ ਭੇਟ ਕਰਦੇ ਹਨ ਅਤੇ ਆਮ ਕਰ ਕੇ ਪੁਰਸ਼ਾਂ ਨੂੰ ਹੀ ਭੇਟ ਕਰਦੇ ਹਨ। ਇਸਤਰੀ ਵੀ ਹੁਣ ਆਪਣੇ ਆਪ ਨੂੰ ਪੁਰਸ਼ ਦੇ ਲਗਭਗ ਬਰਾਬਰ ਸਮਝਣ ਕਰ ਕੇ ਅਤੇ ਪੁਰਸ਼-ਖੇਤਰ ਵਿੱਚ ਵਿਚਰਨ ਕਾਰਨ ਅਸੀਸਾਂ ਦੀ ਥਾਂ ਸ਼ੁੱਭ-ਇੱਛਾਵਾਂ ਦਾ ਆਦਾਨ-ਪ੍ਰਦਾਨ ਕਰਨ ਲਗ ਪਈ ਹੈ।

ਦੂਜੇ ਸ਼ਬਦਾਂ ਵਿੱਚ ਅਸੀਸਾਂ ਅਕਸਰ ਉਸ ਸਮਾਜ ਦਾ ਵਰਤਾਰਾ ਹੁੰਦੀਆਂ ਹਨ, ਜਿਥੇ ਧਰਮ ਦਾ ਬੋਲਬਾਲਾ ਹੁੰਦਾ ਹੈ ਅਤੇ ਆਰਥਿਕ ਮਜਬੂਰੀਆਂ ਵਧੇਰੇ ਹੁੰਦੀਆਂ ਹਨ ਅਰਥਾਤ ਵਾਤਾਵਰਣ ਵਿਸ਼ਵਾਸ-ਆਧਾਰਿਤ ਹੁੰਦਾ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਅਨਪੜ੍ਹ ਲੋਕ ਅਸੀਸਾਂ ਦਿੰਦੇ-ਲੈਂਦੇ ਹਨ, ਜਦੋਂ ਕਿ ਪੜ੍ਹੇ-ਲਿਖੇ ਲੋਕ ਸ਼ੁੱਭ-ਇੱਛਾਵਾਂ ਦਾ ਲੈਣ-ਦੇਣ ਕਰਦੇ ਹਨ।

ਸ਼ੁੱਭ-ਇੱਛਾਵਾਂ ਦਾ ਅਗਲੇਰਾ ਪੜਾਅ ਤੋਹਫ਼ਿਆਂ ਦਾ ਵਟਾਂਦਰਾ ਹੁੰਦਾ ਹੈ।

ਸੋ ਅਸੀਸਾਂ, ਸ਼ੁੱਭ-ਇੱਛਾਵਾਂ ਅਤੇ ਤੋਹਫ਼ੇ ਮਨੁੱਖ ਦੀ ਬਦਲਦੀ ਆਰਥਿਕ ਸਥਿਤੀ ਵਿੱਚੋਂ ਉਪਜਣ ਵਾਲੇ ਵਰਤਾਰੇ ਹਨ।

ਅਸੀਸਾਂ ਦਿੱਤੀਆਂ ਜਾਂਦੀਆਂ ਹਨ ਪਰ ਬਦਲੇ ਵਿੱਚ ਕੁਝ ਮਿਲਣ ਦੀ ਕੋਈ ਆਸ ਨਹੀਂ ਕੀਤੀ ਜਾਂਦੀ ਜਦੋਂ ਕਿ ਸ਼ੁੱਭ-ਇੱਛਾਵਾਂ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਸ਼ੁੱਭ-ਇੱਛਾਵਾਂ ਪ੍ਰਾਪਤ ਕੀਤੀਆਂ ਜਾ ਸਕਣ।

ਜਦੋਂ ਵਪਾਰਕ ਬਿਰਤੀ ਬਲਵਾਨ ਹੋ ਜਾਂਦੀ ਹੈ ਤਾਂ ਸ਼ੁੱਭ-ਇੱਛਾਵਾਂ ਵੀ ਹਿਸਾਬ-ਕਿਤਾਬ ਨਾਲ ਦਿੱਤੀਆਂ ਜਾਂਦੀਆਂ ਹਨ।

ਕਈ ਸ਼ੁੱਭ-ਇੱਛਾਵਾਂ ਇਵੇਂ ਦਿੰਦੇ ਹਨ, ਜਿਵੇਂ ਰਸੀਦ ਮੰਗ ਰਹੇ ਹੋਣ, ਭਾਵੇਂ ਰਸੀਦ ਮੰਗੀ ਨਾ ਜਾਵੇ ਪਰ ਰਸੀਦ ਦੀ ਆਸ ਜ਼ਰੂਰ ਕੀਤੀ ਜਾਂਦੀ ਹੈ।

ਕਿਸੇ ਸੋਚੇ-ਸਮਝੇ ਉਦੇਸ਼ ਤੋਂ ਬਿਨਾਂ ਤੋਹਫ਼ਾ ਨਹੀਂ ਦਿੱਤਾ ਜਾ ਸਕਦਾ।

ਤੋਹਫ਼ਾ ਦੇ ਕੇ ਕੋਈ ਪੁਰਾਣਾ ਕਰਜ਼ ਲਾਹਿਆ ਜਾਂਦਾ ਹੈ ਜਾਂ ਭਵਿੱਖ ਵਿੱਚ ਕਿਸੇ ਉਦੇਸ਼ ਦੀ ਪੂਰਤੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।

ਨਿਰਸੰਦੇਹ ਹਰ ਕਿਸੇ ਦੇ ਜੀਵਨ ਵਿੱਚ ਕਈ ਅਜਿਹੇ ਵਿਅਕਤੀ ਹੁੰਦੇ ਹਨ ਜਾਂ ਆਉਂਦੇ ਹਨ, ਜਿਹੜੇ ਨਿਰੋਲ ਪਿਆਰ ਦੀ ਭਾਵਨਾ ਨਾਲ ਸ਼ੁੱਭ-ਇੱਛਾਵਾਂ ਜਾਂ ਤੋਹਫ਼ੇ ਦਿੰਦੇ ਹਨ ਅਤੇ ਸਾਡੇ ਮਨ ਵਿੱਚ ਸੱਚਾ-ਸੁੱਚਾ ਪਿਆਰ ਅਤੇ ਸਤਿਕਾਰ ਵੀ ਅਜਿਹੇ ਵਿਅਕਤੀਆਂ ਲਈ ਹੀ ਹੁੰਦਾ ਹੈ ਪਰ ਅਜਿਹੇ ਲੋਕਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਨਿਰੰਤਰ ਘਟੇਗੀ।

ਜਿਤਨਾ ਅਸੀਂ ਘੱਟ ਜਾਣਦੇ ਹਾਂ ਉਤਨੇ ਹੀ ਅਸੀਂ ਵਧੇਰੇ ਸ਼ੱਕੀ ਅਤੇ ਅੰਧ-ਵਿਸ਼ਵਾਸੀ ਹੁੰਦੇ ਹਾਂ। ਨਿੱਕੀਆਂ ਥਾਂਵਾਂ 'ਤੇ ਰਹਿ ਕੇ ਵਿਸ਼ਾਲ ਹਿਰਦੇ ਵਾਲਾ ਹੋਣਾ ਅਸੰਭਵ ਨਹੀਂ ਤਾਂ

ਕਠਿਨ ਜ਼ਰੂਰ ਹੁੰਦਾ ਹੈ, ਜਦੋਂ ਕਿ ਵੱਡੇ ਸ਼ਹਿਰਾਂ ਦੇ ਸੁੰਗੜੇ ਘਰਾਂ ਵਿੱਚ ਰਹਿੰਦਿਆਂ ਵਿਸ਼ਾਲ ਹਿਰਦੇ ਵਾਲਾ ਹੋਣਾ ਸੰਭਵ ਹੀ ਨਹੀਂ ਹੁੰਦਾ।

ਸ਼ਹਿਰੀ ਜੀਵਨ ਦੇ ਕਾਰ-ਵਿਹਾਰ ਵਿੱਚ ਸੁਆਰਥੀ ਰਸਮਾਂ ਪ੍ਰਧਾਨ ਹੋ ਗਈਆਂ ਹਨ ਅਤੇ ਬੰਦੇ ਮਨਫ਼ੀ ਹੋ ਗਏ ਹਨ। ਹਰ ਕਿਸੇ ਵਲੋਂ ਹਰ ਕਿਸੇ ਦੇ ਪਖੰਡ ਨੂੰ ਜਾਣਨ ਕਾਰਨ, ਕਿਸੇ ਦਾ ਸੱਚਾ ਸਤਿਕਾਰ ਕਰਨਾ ਮੁਸ਼ਕਿਲ ਹੋ ਗਿਆ ਹੈ।

ਸ਼ਹਿਰਾਂ ਵਿੱਚ ਉਹੀ ਸੁੰਦਰ ਅਤੇ ਚੰਗਾ ਹੈ ਜੋ ਜਾਣਿਆ ਨਹੀਂ ਗਿਆ। ਸ਼ਹਿਰਾਂ ਵਿੱਚ ਹਰ ਕੋਈ ਰੁੱਝਿਆ ਹੋਇਆ ਹੈ ਅਤੇ ਕਈ ਵਾਰੀ ਆਪਣੇ ਆਪ ਨੂੰ ਮਿਲਿਆਂ ਵੀ ਵਰ੍ਹੇ ਬੀਤ ਜਾਂਦੇ ਹਨ। ਕਈ ਵਾਰੀ ਅਸੀਂ ਸੋਚ ਲੈਂਦੇ ਹਾਂ ਕਿ ਦੂਜੇ ਸੋਚਦੇ ਨਹੀਂ ਹੋਣਗੇ।

ਅਸੀਂ ਹੈਰਾਨ ਹੁੰਦੇ ਹਾਂ ਕਿ ਦੂਜੇ ਸਾਨੂੰ ਵੇਖ ਕੇ ਹੈਰਾਨ ਕਿਉਂ ਨਹੀਂ ਹੁੰਦੇ।

ਸ਼ਹਿਰੀ ਜੀਵਨ ਵਿੱਚ ਮੁਕਾਬਲੇ ਦੀ ਬਿਰਤੀ ਕਾਰਨ ਬੁੱਲ੍ਹਾਂ ਦੀ ਥਾਲੀ ਵਿੱਚ ਸੁੱਚਾ ਹਾਸਾ ਪਰੋਸਣਾ ਸੰਭਵ ਨਹੀਂ ਰਿਹਾ। ਸ਼ਹਿਰੀ ਜੀਵਨ ਵਿੱਚ ਉਹ ਈਮਾਨਦਾਰੀ ਹੀ ਨਹੀਂ ਕਿ ਸੋਹਣੇ ਯਾਰ ਦੁਆਲੇ ਨੱਚਿਆ ਜਾ ਸਕੇ। ਜਦੋਂ ਮਨ ਵਿੱਚ ਸ਼ੁੱਭ-ਇੱਛਾ ਦੀ ਭਾਵਨਾ ਹੀ ਨਹੀਂ ਤਾਂ ਸ਼ੁੱਭ-ਇੱਛਾਵਾਂ ਦੇ ਆਦਾਨ-ਪ੍ਰਦਾਨ ਦਾ ਕੀ ਅਰਥ!

ਕੋਈ ਵੀ ਚੰਗਾ ਕੰਮ ਸੌਖਾ ਨਹੀਂ ਹੁੰਦਾ ਅਤੇ ਕੋਈ ਵੀ ਸੌਖਾ ਕੰਮ ਈਮਾਨਦਾਰ ਨਹੀਂ ਹੁੰਦਾ। ਈਮਾਨਦਾਰ ਹੋਏ ਬਿਨਾਂ ਹੰਢਣਸਾਰ ਰਿਸ਼ਤਾ ਨਹੀਂ ਉਸਰ ਸਕਦਾ ਅਤੇ ਹੰਢਣਸਾਰ ਰਿਸ਼ਤੇ ਬਿਨਾਂ ਅਸੀਂ ਮਨ ਦੀ ਲੰਮੀ ਯਾਤਰਾ 'ਤੇ ਨਹੀਂ ਨਿਕਲ ਸਕਦੇ।

ਇਸ ਯਾਤਰਾ ਤੋਂ ਬਿਨਾਂ ਮਨ ਦਾ ਚਾਨਣ ਪ੍ਰਾਪਤ ਨਹੀਂ ਹੁੰਦਾ ਅਤੇ ਮਨ ਦੇ ਇਸ ਚਾਨਣ ਬਿਨਾਂ ਆਪਣੇ ਸੱਜਣ ਦਾ ਮੂੰਹ ਨਹੀਂ ਵੇਖਿਆ ਜਾ ਸਕਦਾ ਅਤੇ ਜਿਸ ਸੱਜਣ ਦਾ ਮੂੰਹ ਹੀ ਨਾ ਦਿਸੇ, ਉਸ ਨਾਲ ਗੱਲਾਂ ਕਿਵੇਂ ਕੀਤੀਆਂ ਜਾ ਸਕਦੀਆਂ ਹਨ?

ਸੱਜਣ ਨਾਲ ਕੀਤੀਆਂ ਜਾਣ ਵਾਲੀਆਂ ਗੱਲਾਂ, ਪਿਆਰ ਵਾਲੀ ਬੀੜ ਵਿੱਚੋਂ ਵਾਕ ਲੈਣ ਵਾਂਗ ਹੁੰਦੀਆਂ ਹਨ।

ਜਿਹੜਾ ਦੋ ਅੱਖੀਆਂ ਦੀ ਨੀਂਦਰ ਵਿੱਚ ਸੁਪਨਾ ਬਣ ਕੇ ਨਹੀਂ ਆਉਂਦਾ, ਉਸ ਨੂੰ ਪੰਛੀਆਂ ਦੀਆਂ ਡਾਰਾਂ ਵਰਗੀਆਂ ਸ਼ੁੱਭ-ਇੱਛਾਵਾਂ ਕਿਵੇਂ ਭੇਜੀਆਂ ਜਾ ਸਕਦੀਆਂ ਹਨ? ਜਦੋਂ ਤਕ ਸਾਰੀ ਰਾਤ ਕਿਸੇ ਦੇ ਖਿਆਲਾਂ ਵਿੱਚ ਨਾ ਗੁਜ਼ਰੇ, ਜਦੋਂ ਤਕ ਕਿਸੇ ਦੀਆਂ ਯਾਦਾਂ ਨਾਲ ਉਧਲ ਜਾਣ ਦੀ ਸਮਰੱਥਾ ਨਾ ਜਾਗੇ, ਜਦੋਂ ਤਕ ਕਿਸੇ ਦੇ ਵਾਅਦੇ, ਸੌੜੀ ਛਾਪ ਵਾਂਗ ਨਾ ਸਤਾਉਣ, ਉਦੋਂ ਤਕ ਸ਼ੁੱਭ-ਇੱਛਾਵਾਂ ਦੇਣ ਦੀ ਕਾਹਲ ਨਹੀਂ ਕਰਨੀ ਚਾਹੀਦੀ।

ਇੱਜ਼ਤ ਬਿਨਾਂ ਧਨ ਕਿਸ ਕੰਮ? ਪਿਆਰ ਬਿਨਾਂ ਸ਼ੁੱਭ-ਇੱਛਾਵਾਂ ਦਾ ਕੀ ਅਰਥ? ਦਰਦ ਬਿਨਾਂ ਰਿਸ਼ਤੇ ਦਾ ਕੀ ਮਾਣ?

ਸ਼ੁੱਭ-ਇੱਛਾਵਾਂ ਦਾ ਵਿਗੜਿਆ ਰੂਪ ਗਾਲ੍ਹਾਂ ਹੁੰਦੀਆਂ ਹਨ।

ਜਿਹੜਾ ਸਾਡੇ ਪਿਆਰ ਅਤੇ ਸਾਡੀਆਂ ਸ਼ੁੱਭ-ਇੱਛਾਵਾਂ ਦੇ ਯੋਗ ਨਹੀਂ ਰਹਿੰਦਾ, ਅਸੀਂ ਉਸ ਨੂੰ ਗਾਲ੍ਹਾਂ ਨਾਲ ਨਿਵਾਜਦੇ ਹਾਂ।

ਗਾਲ੍ਹਾਂ ਸਾਡੀ ਤੀਬਰ ਭਾਵਨਾ ਅਤੇ ਜਾਗੇ ਹੋਏ ਰੋਸ ਦਾ ਪ੍ਰਗਟਾਵਾ ਹੁੰਦੀਆਂ ਹਨ। ਜਿਸ ਨੂੰ ਅਸੀਂ ਕੁਝ ਵੀ ਚੰਗਾ ਦੇ ਨਹੀਂ ਸਕਦੇ, ਉਸ ਨੂੰ ਅਸੀਂ ਗਾਲ੍ਹਾਂ ਦਿੰਦੇ ਹਾਂ।

ਤੇਜ਼ ਰਫ਼ਤਾਰ ਵਾਲੇ ਜੀਵਨ ਦੀਆਂ ਗਾਲ੍ਹਾਂ ਵੀ ਤੇਜ਼ ਹੁੰਦੀਆਂ ਹਨ, ਜਿਵੇਂ ਕਿਸੇ ਫਰਾਂਸੀਸੀ ਪ੍ਰੇਮਿਕਾ ਨੇ ਅਸਤੀਫ਼ਾ ਦੇ ਗਏ ਪ੍ਰੇਮੀ ਨੂੰ ਕਿਹਾ : ਤੂੰ ਇਤਨਾ ਪ੍ਰਸਿੱਧ ਹੋ ਜਾਵੇਂ ਕਿ ਤੇਰਾ ਨਾਂ ਕਿਸੇ ਬੀਮਾਰੀ ਲਈ ਵਰਤਿਆ ਜਾਵੇ। ਤੇਰੀਆਂ ਕੱਛਾਂ ਵਿੱਚ ਜੂੰਆਂ ਪੈ ਜਾਣ। ਤੈਨੂੰ ਸੋਨੇ ਦਾ ਲੱਦਿਆ ਜਹਾਜ਼ ਲੱਭ ਪਵੇ ਪਰ ਤੂੰ ਉਸ ਨਾਲ ਵੀ ਡਾਕਟਰ ਦਾ ਬਿਲ ਨਾ ਚੁਕਾ ਸਕੇਂ, ਆਦਿ।

ਜਿਉਂ-ਜਿਉਂ ਸਾਡੇ ਰਹਿਣ ਦੀਆਂ ਥਾਂਵਾਂ ਤੰਗ ਹੋ ਰਹੀਆਂ ਹਨ, ਤਿਉਂ-ਤਿਉਂ ਸਾਡੇ ਮਨ ਵੀ ਸੁੰਗੜਦੇ ਜਾ ਰਹੇ ਹਨ।

ਸੁੰਗੜੇ ਹੋਏ ਮਨ ਵਿਸ਼ਾਲ, ਪੱਕੇ ਅਤੇ ਡੂੰਘੇ ਰਿਸ਼ਤੇ ਨਹੀਂ ਉਸਾਰ ਸਕਦੇ।

ਦੂਜੇ ਪਾਸੇ ਜਿਉਂ-ਜਿਉਂ ਆਰਥਿਕ ਸਮੱਸਿਆਵਾਂ ਗੰਭੀਰ ਹੁੰਦੀਆਂ ਜਾ ਰਹੀਆਂ ਹਨ, ਤਿਉਂ-ਤਿਉਂ ਸਾਵੇਂ-ਸੁਖਾਵੇਂ ਸੰਬੰਧਾਂ ਦੀਆਂ ਸੰਭਾਵਨਾਵਾਂ ਸੁੰਗੜ ਰਹੀਆਂ ਹਨ।

ਜਦੋਂ ਸਾਨੂੰ ਆਪਣੇ ਨੇੜੇ ਦੇ ਜੀਵਨ ਵਿਚ ਤਸੱਲੀ ਨਹੀਂ ਮਿਲਦੀ ਤਾਂ ਅਸੀਂ ਦੂਰ-ਦੁਰਾਡੀਆਂ ਥਾਂਵਾਂ 'ਤੇ ਰਹਿਣ ਵਾਲਿਆਂ ਨਾਲ ਸਾਂਝਾਂ ਉਸਾਰਦੇ ਹਾਂ।

ਦੁਮੇਲ, ਸਦਾ ਸੁੰਦਰ ਅਤੇ ਸੱਦਦੇ ਪ੍ਰਤੀਤ ਹੁੰਦੇ ਹਨ।

ਦੂਰ ਬੈਠਿਆਂ ਨਾਲ ਅਸੀਂ ਕਲਮੀ ਸਾਂਝ ਪਾਉਂਦੇ ਹਾਂ। ਇਹ ਨਵੇਂ ਯੁੱਗ ਦੀਆਂ ਰਿਸ਼ਤੇਦਾਰੀਆਂ ਹਨ। ਕੋਈ ਵੀ ਰਿਸ਼ਤਾ ਤਾਂ ਹੀ ਚੱਲ ਸਕਦਾ ਹੈ, ਜੇਕਰ ਦੋਹਾਂ ਧਿਰਾਂ ਵਿਚ ਇਕ-ਦੂਜੇ ਦੇ ਮਨ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਹੋਵੇ।

ਸ਼ੁੱਭ-ਇੱਛਾਵਾਂ ਦੇ ਪੱਖ ਤੋਂ ਇਹ ਸਮਰੱਥਾ ਸ਼ੁੱਭ-ਇੱਛਾਵਾਂ ਦੇ ਕਾਰਡ ਭੇਜਣ ਦੀ ਥਾਂ ਖ਼ਤ ਲਿਖਣ ਵਿਚ ਪ੍ਰਗਟ ਹੋਣੀ ਚਾਹੀਦੀ ਹੈ।

ਅਸੀਂ ਝੱਟਪਟ ਹਰ ਰਿਸ਼ਤੇ ਨੂੰ ਕੋਈ ਨਾ ਕੋਈ ਨਾਂ ਦੇ ਕੇ, ਉਸ ਦਾ ਵਿਸ਼ਾਲ ਖੇਤਰ, ਸੀਮਤ ਕਰ ਦਿੰਦੇ ਹਾਂ।

ਪੁਰਸ਼, ਪ੍ਰੇਮਿਕਾ ਨੂੰ ਪਤਨੀ ਬਣਾ ਕੇ, ਉਸ ਦਾ ਮਹੱਤਵ ਘਟਾ ਦਿੰਦਾ ਹੈ।

ਇਸ ਰਿਸ਼ਤੇ ਦੇ ਸੀਮਤ ਵਾਤਾਵਰਣ ਵਿਚ ਸੁੰਗੜਨ ਦੇ ਅਵਸਰ ਤਾਂ ਹੁੰਦੇ ਹਨ, ਫੈਲਣ ਦੀ ਸੰਭਾਵਨਾ ਨਹੀਂ ਹੁੰਦੀ।

ਸ਼ੁੱਭ-ਇੱਛਾਵਾਂ, ਜ਼ਿੰਮੇਵਾਰੀ ਜਗਾਉਂਦੀਆਂ ਹਨ। ਸ਼ੁੱਭ-ਇੱਛਾਵਾਂ ਦੇਣੀਆਂ ਇਕ ਪੱਖ ਹੈ, ਕਿਸੇ ਦੀਆਂ ਸ਼ੁੱਭ-ਇੱਛਾਵਾਂ ਦੇ ਯੋਗ ਹੋਣਾ, ਬਿਲਕੁਲ ਵੱਖਰੀ ਗੱਲ ਹੈ।

ਸ਼ੁੱਭ-ਇੱਛਾਵਾਂ ਸੰਕਟ ਵਿਚ ਸਾਨੂੰ ਅਡੋਲ ਖੜ੍ਹੇ ਰਹਿਣ ਦਾ ਸਾਹਸ ਦਿੰਦੀਆਂ ਹਨ ਪਰ ਸੰਕਟ ਦਾ ਟਾਕਰਾ ਅੰਦਰਲੀ ਸ਼ਕਤੀ ਨਾਲ ਹੀ ਕੀਤਾ ਜਾ ਸਕਦਾ ਹੈ।

ਸਮਾਜ ਸਾਡੇ ਤੋਂ ਕਿਸੇ ਯੋਗਦਾਨ ਦੀ ਮੰਗ ਨਹੀਂ ਕਰਦਾ, ਸਮਾਜ ਚਾਹੁੰਦਾ ਹੈ ਕਿ ਅਸੀਂ ਚੰਗੇ ਇਨਸਾਨ ਬਣੀਏ ਅਤੇ ਆਪਣਾ ਜੀਵਨ ਭਰਪੂਰ ਬਣਾਈਏ।

ਭਰਪੂਰ ਵਿਅਕਤੀ ਡੁੱਲ੍ਹਦਾ ਹੈ ਅਤੇ ਉਸ ਦੇ ਡੁੱਲ੍ਹਣ ਨਾਲ ਸਮਾਜ ਦੀਆਂ ਖ਼ਾਲੀ ਅਤੇ ਉਜਾੜ ਥਾਂਵਾਂ ਭਰਦੀਆਂ ਹਨ।

ਭਰਪੂਰ ਵਿਅਕਤੀਆਂ ਕੋਲ ਧਨ ਦੀ ਅਮੀਰੀ ਨਹੀਂ ਹੁੰਦੀ, ਸੋਚ, ਪੇਰਰਨਾ ਅਤੇ ਉਤਸ਼ਾਹ ਦੀ ਅਮੀਰੀ ਹੁੰਦੀ ਹੈ।

ਜੇ ਤੁਸੀਂ ਕਿਸੇ ਤੋਂ ਕੁਝ ਲੈਣਾ-ਦੇਣਾ ਨਾ ਹੋਵੇ ਤਾਂ ਹੀ ਸ਼ੁੱਭ-ਇੱਛਾਵਾਂ ਦਾ ਕੋਈ ਮੁੱਲ ਹੁੰਦਾ ਹੈ। ਲੈਣ-ਦੇਣ ਤੋਂ ਮੁਕਤ ਹੋ ਕੇ ਹੀ ਅਸੀਂ ਕਿਸੇ ਬਾਰੇ ਸੱਚੀ ਰਾਇ ਪ੍ਰਗਟਾ ਸਕਦੇ ਹਾਂ।

ਕਿਸੇ ਨੂੰ ਵੀ ਇਤਨੀ ਖੁੱਲ੍ਹ ਨਹੀਂ ਦੇਣੀ ਚਾਹੀਦੀ ਕਿ ਉਹ ਤੁਹਾਡੇ ਮੂੰਹ ਉੱਤੇ ਹੀ ਤੁਹਾਡੀ ਪ੍ਰਸ਼ੰਸਾ ਕਰਨ ਲੱਗ ਪਵੇ। ਇਹ ਪ੍ਰਸ਼ੰਸਾ ਘੱਟ ਅਤੇ ਚਾਪਲੂਸੀ ਵੱਧ ਹੋਵੇਗੀ।

ਧੰਨਵਾਦ ਦੇ ਹੁਲਾਰੇ ਵਿਚ ਕਹੇ ਹੋਏ ਸ਼ਬਦ, ਸਾਨੂੰ ਸ਼ਕਤੀ ਦਿੰਦੇ ਹਨ ਅਤੇ ਸਾਡਾ ਇਰਾਦਾ ਮਜ਼ਬੂਤ ਹੁੰਦਾ ਹੈ।

ਜੀਵਨ ਵਿਚ ਕੁਝ ਚੰਗਾ ਕਰਨ ਲਈ ਸ਼ਕਤੀ ਦੀ ਘਾਟ ਨਹੀਂ ਹੁੰਦੀ, ਪੱਕੇ ਅਤੇ ਦ੍ਰਿੜ੍ਹ ਇਰਾਦੇ ਦੀ ਘਾਟ ਹੁੰਦੀ ਹੈ।

ਜਾਨਵਰਾਂ ਵਿਚ ਵੀ ਸ਼ੁੱਭ-ਇੱਛਾਵਾਂ ਦੇਣ ਦੀ ਪਿਰਤ ਹੈ।

ਜਾਨਵਰ ਪਿਆਰ ਕਰਨ ਜਾਂ ਪਿਆਰ ਜਤਲਾਉਣ ਵੇਲੇ ਉਹੀ ਹਰਕਤਾਂ ਕਰਦੇ ਹਨ, ਜਿਹੜੀਆਂ ਅਕਸਰ ਲੜਨ ਵਾਲੀਆਂ ਹੁੰਦੀਆਂ ਹਨ। ਕੁੱਤੇ ਇਕ ਦੂਜੇ ਨੂੰ ਪੰਜੇ ਮਾਰਦੇ ਹਨ, ਦੂਜੇ ਜਾਨਵਰ ਸਿੰਗ ਫਸਾਉਂਦੇ ਹਨ। ਉਹ ਦੱਸ ਰਹੇ ਹੁੰਦੇ ਹਨ: ਮੈਂ ਤੈਨੂੰ ਜ਼ਖਮੀ ਕਰ ਸਕਦਾ ਹਾਂ ਪਰ ਕਰਾਂਗਾ ਨਹੀਂ।

ਇਵੇਂ ਹੀ ਮਨੁੱਖ ਜਦੋਂ ਪਿਆਰ ਨਾਲ ਜੱਫੀ ਪਾਉਂਦੇ ਹਨ ਤਾਂ ਇਹੋ ਜਿਹਾ ਹੀ ਪ੍ਰਗਟਾਵਾ ਕਰਦੇ ਹਨ ਜਿਵੇਂ ਕਹਿ ਰਹੇ ਹੋਣ : ਮੈਂ ਤੈਨੂੰ ਘੁੱਟ ਕੇ ਮਾਰ ਸਕਦਾ ਹਾਂ ਪਰ ਮਾਰਾਂਗਾ ਨਹੀਂ।

ਜਿੱਥੇ ਜੀਵਨ ਸਾਦਾ ਹੁੰਦਾ ਹੈ, ਉਥੇ ਸਾਨੂੰ ਇਕ ਦੂਜੇ ਦੀ ਸਹਾਇਤਾ ਕਰਨ ਦੇ ਅਵਸਰ ਮਿਲਦੇ ਰਹਿੰਦੇ ਹਨ ਪਰ ਜਿੱਥੇ ਜੀਵਨ ਵਿਚ ਸਾਧਨ ਵਧੇਰੇ ਹੁੰਦੇ ਹਨ, ਉਥੇ ਲੋਕਾਂ ਦੇ ਮਨ ਖਾਲੀ ਅਤੇ ਦਿਲ ਠਰੇ ਹੋਏ ਹੁੰਦੇ ਹਨ।

ਡਾਕਖਾਨਾ, ਲੰਮੀ ਬਾਂਹ ਕਰ ਕੇ ਕਿਸੇ ਮਿੱਤਰ-ਪਿਆਰੇ ਅਤੇ ਸਖੀ ਸਹੇਲੀ ਨਾਲ ਹੱਥ ਮਿਲਾਉਣ ਦਾ ਵਸੀਲਾ ਹੁੰਦਾ ਹੈ।

ਖਰਚੇ, ਆਮਦਨ ਤੋਂ ਸਦਾ ਅੱਗੇ ਲੰਘ ਜਾਂਦੇ ਹਨ ਪਰ ਡਾਕ 'ਤੇ ਕੀਤਾ ਖਰਚ, ਤਸੱਲੀ ਦੇ ਪੱਖੋਂ ਸਦਾ ਲਾਹੇਵੰਦਾ ਹੁੰਦਾ ਹੈ।

ਸਾਡੇ ਸਾਰਿਆਂ ਵਿਚ ਪ੍ਰਤਿਭਾ ਕੁਝ ਹੋਰ ਕਰਨ ਦੀ ਹੁੰਦੀ ਹੈ ਪਰ ਰੋਟੀ ਕਮਾਉਣ ਦੀ ਮਜਬੂਰੀ ਕਾਰਨ ਅਸੀਂ ਕੁਝ ਹੋਰ ਕਰਨ ਵਾਸਤੇ ਮਜਬੂਰ ਹੁੰਦੇ ਹਾਂ।

ਜੋ ਮਜਬੂਰੀ ਦੀ ਹਾਲਤ ਵਿਚ ਕੀਤਾ ਜਾਂਦਾ ਹੈ, ਉਸ ਵਿਚੋਂ ਸੰਤੋਖ ਅਤੇ ਪ੍ਰਸੰਨਤਾ ਨਹੀਂ ਮਿਲਦੀ, ਥਕਾਵਟ ਹੀ ਉਪਜਦੀ ਹੈ।

ਸਾਨੂੰ ਪ੍ਰਸੰਨਤਾ ਦੇ ਨਵੇਂ ਸਰੋਤ ਲੱਭਣੇ ਚਾਹੀਦੇ ਹਨ। ਪੁਰਸ਼ ਦੇ ਮੁਕਾਬਲੇ ਇਸਤਰੀ ਵਿਚ ਇਨ੍ਹਾਂ ਸਰੋਤਾਂ ਨੂੰ ਲੱਭਣ ਦੀ ਯੋਗਤਾ ਵਧੇਰੇ ਹੁੰਦੀ ਹੈ।

ਇਸਤਰੀਆਂ ਆਪਣੀਆਂ ਸ਼ੁੱਭ-ਇੱਛਾਵਾਂ ਦੇਣ ਦਾ ਕੋਈ ਨਾ ਕੋਈ ਢੰਗ ਲੱਭ ਲੈਂਦੀਆਂ ਹਨ। ਪੁਰਸ਼ ਵਧੇਰੇ ਸੋਚਦੇ ਹਨ ਅਤੇ ਸੋਚਦਿਆਂ-ਸੋਚਦਿਆਂ ਸ਼ੁੱਭ-ਇੱਛਾਵਾਂ ਦੇਣ ਦੇ ਕਈ ਅਵਸਰ ਲੰਘਾ ਦਿੰਦੇ ਹਨ।

ਇਸਤਰੀ ਵਿਚ ਧੰਨਵਾਦ ਕਰਨ ਦੀ ਸਮਰੱਥਾ ਵੀ ਪੁਰਸ਼ਾਂ ਨਾਲੋਂ ਵਧੇਰੇ ਹੁੰਦੀ ਹੈ।

ਇਸ ਪੱਖੋਂ ਇਸਤਰੀ, ਪੁਰਸ਼ ਨਾਲੋਂ ਬਹੁਤ ਅਮੀਰ ਹੈ।

ਅਸ਼ੀਰਵਾਦ ਅਤੇ ਅਸੀਸਾਂ ਭਵਿੱਖ ਵਿਚ ਸਾਡਾ ਭਰੋਸਾ ਜਗਾਉਂਦੀਆਂ ਹਨ।

ਸ਼ੁੱਭ-ਇੱਛਾਵਾਂ ਕਿਸੇ ਦਾ ਪੇਟ ਨਹੀਂ ਭਰਦੀਆਂ ਪਰ ਉਤਸ਼ਾਹ ਨਾਲ ਉਸ ਦੀ ਭੁੱਖ ਦੂਰ ਕਰ ਦਿੰਦੀਆਂ ਹਨ। ਚੰਗੇ ਬੰਦੇ ਦੇ ਅਸ਼ੀਰਵਾਦ ਨਾਲ ਸਾਨੂੰ ਆਪਣੀ ਬਦਨਸੀਬੀ ਵਿਚੋਂ ਵੀ ਕੋਈ ਰਾਹ ਦਿਸ ਪੈਂਦਾ ਹੈ।

ਸ਼ੁੱਭ-ਇੱਛਾਵਾਂ ਪ੍ਰਾਪਤ ਕਰ ਕੇ, ਅਸੀਂ ਭਵਿੱਖ ਦੀਆਂ ਚਣੌਤੀਆਂ ਨੂੰ, ਅਵਸਰਾਂ ਦੇ ਰੂਪ ਵਿਚ ਵੇਖ ਸਕਦੇ ਹਾਂ।

ਅਸ਼ੀਰਵਾਦ ਨਾਲ ਸਾਡੀ ਰੂਹ ਨੂੰ ਹੁਲਾਰਾ ਮਿਲਦਾ ਹੈ ਅਤੇ ਹੁਲਾਰੇ ਵਿਚ ਉਠੀ ਹੋਈ ਰੂਹ, ਵਿਸ਼ਵਾਸ ਨੂੰ ਨਵਾਂ ਸਨਮਾਨ ਅਤੇ ਤਾਕਤ ਦਿੰਦੀ ਹੈ।

ਸ਼ੁੱਭ-ਇੱਛਾਵਾਂ ਅਸਲ ਵਿਚ ਸਰੀਰ ਤੋਂ ਉੱਚੇ ਉਠ ਕੇ ਰੂਹ ਦੀ ਪੱਧਰ 'ਤੇ ਵਿਚਰਣ ਦਾ ਇਕ ਸੁਨੇਹਾ ਹੁੰਦੀਆਂ ਹਨ।

ਕਿਸੇ ਮਨ ਦੇ ਮੀਤ ਦੀਆਂ ਸ਼ੁੱਭ-ਇੱਛਾਵਾਂ ਪ੍ਰਾਪਤ ਕਰ ਕੇ, ਅਸੀਂ ਜ਼ਿੰਦਗੀ ਨੂੰ ਇਵੇਂ ਵੇਖਦੇ ਹਾਂ, ਜਿਵੇਂ ਨਵ-ਵਿਆਹਿਆ ਫੌਜੀ ਛੁੱਟੀ ਦੇ ਪਹਿਲੇ ਦਿਨ ਆਪਣੀ ਘਰ ਵਾਲੀ ਨੂੰ ਵੇਖਦਾ ਹੈ। ਉਸ ਦਾ ਸਰੀਰ ਧਰਤੀ 'ਤੇ ਹੁੰਦਾ ਹੈ ਪਰ ਉਸ ਦੀ ਰੂਹ ਤਾਰਿਆਂ ਵਿਚ ਹੁੰਦੀ ਹੈ।

ਵਿਸ਼ਾਲ ਹਿਰਦੇ ਤੋਂ ਬਿਨਾਂ ਬਹੁਤ ਮੁਸ਼ਕਿਲ ਹੁੰਦੀ ਹੈ ਕਿਸੇ ਦੀ ਸਿਫ਼ਤ ਕਰਨੀ।

ਦੂਜਿਆਂ ਦੇ ਦੁੱਖ ਵਿਚੋਂ ਆਪਣਾ ਸੁੱਖ ਭਾਲਣ ਦੀ ਆਦਤ ਪਸਰ ਰਹੀ ਹੈ।

ਹੁਣ ਹੱਥਾਂ ਨੂੰ ਹੀ ਗੁਲੇਲਾਂ ਬਣਾ ਲਿਆ ਗਿਆ ਹੈ। ਹੁਣ ਉਹ ਸਾਧੂ ਨਹੀਂ ਰਹੇ, ਜਿਹੜੇ ਕਿਹਾ ਕਰਦੇ ਸਨ: ਕਿਸੇ ਦਾ ਬੁਰਾ ਨਾ ਮੰਗੀਂ, ਤੇਰਾ ਭਲਾ ਹੋਵੇਗਾ।

ਹੁਣ ਤਾਂ ਸਾਡੇ ਧੰਨਵਾਦ ਵਿਚ ਵੀ ਗੁੱਸਾ ਹੁੰਦਾ ਹੈ।

ਹੁਣ ਉਹ ਯੁੱਗ ਲੰਘ ਗਏ ਹਨ, ਜਦੋਂ ਸ਼ੌਕ ਇਤਨੇ ਵੱਡੇ ਸਨ ਕਿ ਜੱਗ ਸੌੜਾ ਪ੍ਰਤੀਤ ਹੁੰਦਾ ਸੀ। ਉਦੋਂ ਖ਼ੁਸ਼ੀ, ਜ਼ਿੰਦਗੀ ਦੇ ਵਣਜ ਵਿਚੋਂ ਕਮਾਇਆ ਨਫ਼ਾ ਹੁੰਦੀ ਸੀ।

ਹੁਣ ਹਰ ਕੰਮ ਵਿਚ ਘਾਟਾ ਪੈਂਦਾ ਹੈ।

ਸਿਰ 'ਤੇ ਜਦੋਂ ਭਾਰ ਬਹੁਤਾ ਹੁੰਦਾ ਹੈ ਤਾਂ ਅਸੀਂ ਤੇਜ਼ ਤੁਰਨਾ ਆਪੇ ਸਿੱਖ ਜਾਂਦੇ ਹਾਂ ਪਰ ਤੇਜ਼ ਤੁਰਦਿਆ ਅਸੀਂ ਕਿਸੇ ਦਾ ਸਾਥ ਨਹੀਂ ਮਾਣ ਸਕਦੇ।

ਹੁਣ ਮਨੁੱਖ ਨੂੰ ਰਿਸ਼ਤਿਆਂ ਵਿਚੋਂ ਨਹੀਂ, ਵਸਤਾਂ ਵਿਚੋਂ ਵਧੇਰੇ ਤਸੱਲੀ ਮਿਲਦੀ ਹੈ ਪਰ ਜਲਦੀ ਹੀ ਸੋਝੀ ਹੋ ਜਾਂਦੀ ਹੈ ਕਿ ਜਿਉਂ-ਜਿਉਂ ਚੀਜ਼ਾਂ-ਵਸਤਾਂ ਨਾਲ ਮੋਹ ਘਟਦਾ ਹੈ ਤਿਉਂ-ਤਿਉਂ ਹੀ ਮਨੁੱਖਾਂ ਨਾਲ ਮੋਹ ਵੱਧਦਾ ਹੈ। ਇਸ ਮੋਹ ਵਿਚ ਖ਼ੁਸ਼ੀ ਲੁਕੀ ਹੋਈ ਹੁੰਦੀ ਹੈ। ਆਪਣੇ ਪਿਆਰਿਆਂ ਦੀ ਖ਼ੁਸ਼ੀ ਪ੍ਰਤੀ ਸੁਚੇਤ ਹੋਣ ਨਾਲ ਹੀ ਸਾਡੀ ਖ਼ੁਸ਼ੀ ਵੱਧ ਜਾਂਦੀ ਹੈ। ਇਹ ਵਧੀ ਹੋਈ ਖ਼ੁਸ਼ੀ ਹੀ ਸਾਡੇ ਵਿਚ ਆਪਣੇ ਆਪ ਨੂੰ ਲੁਟਾਉਣ ਦੀ ਅਮੀਰੀ ਉਪਜਾਉਂਦੀ ਹੈ। ਇਹ ਅਮੀਰੀ ਸਾਡੇ ਵਿਚ ਦੂਜਿਆਂ ਨੂੰ, ਉਨ੍ਹਾਂ ਦੇ ਦੋਸ਼ਾਂ ਦੇ ਬਾਵਜੂਦ, ਸਵੀਕਾਰ ਕਰਨ ਦੀ ਦਲੇਰੀ ਪੈਦਾ ਕਰਦੀ ਹੈ।

ਨਿੰਦਾ, ਨੀਵਾਂ ਬੰਦਾ ਹੀ ਕਰਦਾ ਹੈ, ਉੱਚੇ ਬੰਦੇ ਤਾਂ ਮੁਆਫ਼ ਕਰਦੇ ਹਨ।

ਜਿਵੇਂ ਸ਼ਰਮ, ਮੈਲੀ ਅੱਖ ਤੋਂ ਬਚਣ ਦਾ ਇਕ ਸਾਧਨ ਅਤੇ ਪੈਂਤੜਾ ਹੁੰਦੀ ਹੈ, ਇਵੇਂ ਹੀ ਕਿਸੇ ਵਲੋਂ ਨਿੰਦਾ ਸੁਣਨ ਦੇ ਬਾਵਜੂਦ ਚੁੱਪ ਰਹਿਣਾ, ਉਸ ਨੂੰ, ਉਸ ਦੇ ਆਪਣੇ ਅਖਾੜੇ ਵਿਚ ਹੀ ਹਰਾਉਣ ਵਾਂਗ ਹੁੰਦਾ ਹੈ।

ਕਿਸੇ ਨੂੰ ਸੁੰਗੜੇ ਹੋਏ ਮਨ ਨਾਲ, ਸਲ੍ਹਾਬੀਆਂ ਜਿਹੀਆਂ ਸ਼ੁੱਭ-ਇੱਛਾਵਾਂ ਦੇਣ ਦੀ ਥਾਂ, ਚੰਗਾ ਹੈ ਚੁੱਪ ਹੀ ਰਿਹਾ ਜਾਵੇ।

ਸਾਡੇ ਜੀਵਨ ਵਿਚ ਕਈ ਅਜਿਹੇ ਵਿਅਕਤੀ ਆਉਂਦੇ ਹਨ, ਜਿਨ੍ਹਾਂ ਨਾਲ ਨਾ ਗੁੱਸੇ ਹੋਇਆ ਜਾ ਸਕਦਾ ਹੈ ਨਾ ਰੁੱਸਿਆ ਜਾ ਸਕਦਾ ਹੈ। ਉਨ੍ਹਾਂ ਨਾਲ ਮਿਲ ਕੇ ਖੁਸ਼ ਹੀ ਹੋਇਆ ਜਾ ਸਕਦਾ ਹੈ, ਉਨ੍ਹਾਂ ਨਾਲੋਂ ਵਿਛੜ ਕੇ ਉਦਾਸ ਹੋਣ ਤੋਂ ਸਿਵਾਏ ਕੋਈ ਰਾਹ ਨਹੀਂ ਹੁੰਦਾ।

ਅਜਿਹੇ ਵਿਅਕਤੀ ਜਿਥੇ ਵੀ ਹੁੰਦੇ ਹਨ, ਉਸ ਥਾਂ ਦਾ ਸੁਭਾਗ ਹੁੰਦੇ ਹਨ।

ਉਨ੍ਹਾਂ ਦਾ ਸਾਡੇ 'ਤੇ ਕੁਝ ਅਜਿਹਾ ਪ੍ਰਭਾਵ ਹੁੰਦਾ ਹੈ ਕਿ ਜਦੋਂ ਵੀ ਜ਼ਿੰਦਗੀ ਵਿਚ ਕੁਝ ਚੰਗਾ ਅਤੇ ਸੋਹਣਾ ਵਾਪਰਦਾ ਹੈ ਤਾਂ ਸਾਨੂੰ ਉਨ੍ਹਾਂ ਦਾ ਖਿਆਲ ਆਉਂਦਾ ਹੈ।

ਉਨ੍ਹਾਂ ਦੀ ਸ਼ਾਨ ਵਿਚ ਅਸੀਂ ਕੁਝ ਵੀ ਅਜਿਹਾ ਕਰਨਾ ਨਹੀਂ ਚਾਹੁੰਦੇ, ਜਿਸ ਨਾਲ ਉਨ੍ਹਾਂ ਦਾ ਨਾਂ ਮੈਲਾ ਹੁੰਦਾ ਹੋਵੇ।

ਅਸੀਂ ਉਨ੍ਹਾਂ ਨੂੰ ਉਹ ਤੋਹਫ਼ੇ ਦੇਣਾ ਚਾਹੁੰਦੇ ਹਾਂ, ਜਿਨ੍ਹਾਂ ਵਾਸਤੇ ਅਸੀਂ ਆਪਣੇ ਆਪ ਨੂੰ ਵੀ ਯੋਗ ਨਹੀਂ ਸਮਝਿਆ ਹੁੰਦਾ। ਇਨ੍ਹਾਂ ਲੋਕਾਂ ਤੋਂ, ਸਾਨੂੰ ਕਿਸੇ ਨੂੰ ਕੁਝ ਦੇਣ ਵਿਚ ਛੁਪੀ ਖੁਸ਼ੀ ਦਾ ਅਹਿਸਾਸ ਪ੍ਰਾਪਤ ਹੁੰਦਾ ਹੈ।

ਕੋਈ ਵਿਅਕਤੀ ਕਿਸੇ ਨੂੰ ਸ਼ੁੱਭ-ਇੱਛਾਵਾਂ ਉਦੋਂ ਹੀ ਦੇਣ ਯੋਗ ਹੁੰਦਾ ਹੈ, ਜਦੋਂ ਉਹ ਆਪਣੇ ਮਾਪਿਆਂ ਨੂੰ ਸੱਚੇ ਸਤਿਕਾਰ ਦੀ ਦ੍ਰਿਸ਼ਟੀ ਨਾਲ ਵੇਖਣ ਲੱਗ ਪਵੇ। ਇਹ ਨਿਰਮਾਣਤਾ ਉਸ ਦੇ ਉੱਚੇ ਉੱਠਣ ਅਤੇ ਆਪ ਸਤਿਕਾਰਯੋਗ ਬਣਨ ਦਾ ਪ੍ਰਮਾਣ ਹੁੰਦੀ ਹੈ।

ਜਿਨ੍ਹਾਂ ਨੂੰ ਮਿਹਰਬਾਨਾਂ ਦਾ ਧੰਨਵਾਦ ਕਰਨਾ ਨਹੀਂ ਆਉਂਦਾ, ਉਨ੍ਹਾਂ ਨੂੰ ਸ਼ੁੱਭ-ਇੱਛਾਵਾਂ ਵੀ ਦੇਣੀਆਂ ਨਹੀਂ ਆਉਂਦੀਆਂ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸੌਗਾਤ ਇਕ ਅਜਿਹੀ ਵਸਤ ਹੁੰਦੀ ਹੈ ਜਿਹੜੀ ਅਸੀਂ ਕਮਾਈ ਨਹੀਂ ਹੁੰਦੀ ਅਤੇ ਸਾਡੇ ਕਮਾਉਣ ਬਿਨਾਂ ਸਾਨੂੰ ਦਿੱਤੀ ਜਾ ਰਹੀ ਹੁੰਦੀ ਹੈ।

ਕੋਈ ਸੌਗਾਤ ਪ੍ਰਾਪਤ ਕਰ ਕੇ ਉਸ ਦੇ ਯੋਗ ਹੋਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਅਜਕਲ ਬਹੁਤੀਆਂ ਸੌਗਾਤਾਂ ਰਿਸ਼ਵਤ ਵਾਂਗ ਦਿੱਤੀਆਂ-ਲਈਆਂ ਜਾਂਦੀਆਂ ਹਨ।

ਵੇਖਣ ਵਾਲੀ ਗੱਲ ਇਹ ਹੈ ਕਿ ਕਿਤਨੇ ਬੂਹੇ ਤੁਹਾਡੀ ਉਡੀਕ ਵਿਚ ਖੁੱਲ੍ਹੇ ਹਨ, ਕਿਤਨੇ ਲੋਕ ਤੁਹਾਡੇ ਬਾਰੇ ਚੰਗੀ ਰਾਇ ਦੇਣ ਵਿਚ ਪ੍ਰਸੰਨਤਾ ਅਨੁਭਵ ਕਰਦੇ ਹਨ, ਕਿਤਨੇ ਬੰਦੇ ਆਪ-ਮੁਹਾਰੇ ਤੁਹਾਡੀ ਅਰਥੀ ਨਾਲ ਚੱਲਣ ਲਈ ਤਿਆਰ ਹੋਣਗੇ, ਕਿਤਨੇ ਲੋਕ ਆਪਣੇ ਨਾਲੋਂ ਵੀ ਤੁਹਾਡੇ ਉਤੇ ਵਧੇਰੇ ਇਤਬਾਰ ਕਰਦੇ ਹਨ, ਉਹ ਕਿਤਨੇ ਹਨ, ਜਿਨ੍ਹਾਂ

ਦੀਆਂ ਅੱਖਾਂ ਤੁਹਾਨੂੰ ਲੱਭਦੀਆਂ ਹਨ, ਉਹ ਕਿਤਨੀਆਂ ਹਨ, ਜਿਨ੍ਹਾਂ ਦੇ ਵੈਣਾਂ ਵਿਚ ਤੁਹਾਡਾ ਨਾਂ ਗੂੰਜੇਗਾ ?

ਸਾਡੇ ਪੁੱਤਰ-ਧੀਆਂ ਸੰਸਾਰ ਲਈ ਸਾਡੀਆਂ ਸੌਗਾਤਾਂ ਹੁੰਦੀਆਂ ਹਨ ਪਰ ਸਾਡੀ ਲੁਕਵੀਂ ਲਾਲਸਾ ਸਾਡੀਆਂ ਦਿੱਤੀਆਂ ਸੌਗਾਤਾਂ ਨੂੰ ਫਿੱਕਿਆਂ ਪਾ ਦਿੰਦੀ ਹੈ।

ਸਾਨੂੰ ਕਾਮਨਾ ਕਰਨੀ ਚਾਹੀਦੀ ਹੈ ਕਿ ਸਾਡੇ ਧੀਆਂ-ਪੁੱਤਰਾਂ ਦਾ ਹੱਥ ਜਦੋਂ ਵੀ ਵੱਧੇ, ਕਿਸੇ ਦੀ ਦੋਸਤੀ ਲਈ ਵਧੇ, ਜਦੋਂ ਵੀ ਖੁੱਲ੍ਹੇ, ਕੁਝ ਦੇਣ ਲਈ ਹੀ ਖੁੱਲ੍ਹੇ, ਉਨ੍ਹਾਂ ਦੀ ਜ਼ਬਾਨ ਜਦੋਂ ਵੀ ਬੋਲੇ, ਰੱਬ ਤੋਂ ਵਿਛੜੇ ਭਗਤਾਂ ਦਾ ਹਾਲ ਪੁੱਛੇ।

ਸ਼ੁੱਭ-ਇੱਛਾਵਾਂ ਦਾ ਜਵਾਬ ਸ਼ੁੱਭ-ਇੱਛਾਵਾਂ ਹੀ ਹੁੰਦੀਆਂ ਹਨ।

ਪਿਆਰ ਨੂੰ ਪਿਆਰ ਹੀ ਰੱਜ ਦਿੰਦਾ ਹੈ।

ਫ਼ਸਲਾਂ ਧਰਤੀ ਦੀਆਂ ਸ਼ੁੱਭ-ਇੱਛਾਵਾਂ ਹਨ, ਪਾਣੀ ਚਸ਼ਮੇ ਦੀ ਸ਼ੁੱਭ-ਇੱਛਾ ਹੈ, ਸੂਰਜ ਦੀ ਸ਼ੁੱਭ-ਇੱਛਾ ਧੁੱਪ ਹੈ, ਮੀਂਹ ਬੱਦਲਾਂ ਦੇ ਸੁਖ-ਸੁਨੇਹੇ ਹਨ।

ਸਾਡੀਆਂ ਸ਼ੁੱਭ-ਇੱਛਾਵਾਂ ਕਬੂਲ ਕਰਨਾ ਅਤੇ ਸਾਡੀਆਂ ਅੱਖੀਆਂ ਨੂੰ ਆਪਣੇ ਚਿਹਰੇ ਦੇ ਦੀਦਾਰ ਲਈ ਬਹੁਤਾ ਨਾ ਤਰਸਾਉਣਾ!

♥♥♥

ਮੇਲ-ਜੋਲ

ਅਜੀਬ ਗਲ ਹੈ ਕਿ ਜਿਉਂ-ਜਿਉਂ ਮੇਲ-ਜੋਲ ਦੇ ਅਵਸਰ ਵੱਧ ਰਹੇ ਹਨ, ਤਿਉਂ-ਤਿਉਂ ਮਨੁੱਖ ਇਕੱਲਾ ਹੁੰਦਾ ਜਾ ਰਿਹਾ ਹੈ।

ਬੀਤੇ ਨੂੰ ਪਛਤਾਵੇ ਤੋਂ ਬਿਨਾਂ ਯਾਦ ਕਰਨਾ ਅਤੇ ਭਵਿੱਖ ਨੂੰ ਭੁਲੇਖਿਆਂ ਤੋਂ ਬਿਨਾਂ ਕਿਆਸਣਾ ਹੁਣ ਸੰਭਵ ਨਹੀਂ ਰਿਹਾ।

ਲੋਕ ਪ੍ਰੇਸ਼ਾਨ ਹਨ, ਕਿਉਂਕਿ ਪਿਆਰ ਜਿਹਾ ਸੱਜਰਾ ਅਤੇ ਸੱਚਾ-ਸੁੱਚਾ ਅਨੁਭਵ ਵੀ ਥਕਾਵਟ ਅਤੇ ਸਿਰਦਰਦੀ ਬਣ ਗਿਆ ਹੈ। ਇਸ ਪ੍ਰੇਸ਼ਾਨੀ ਦਾ ਕਾਰਨ ਇਹ ਹੈ ਕਿ ਲੋਕਾਂ ਨੇ ਪੁਲਾਂ ਨਾਲੋਂ ਵਧੇਰੇ ਕੰਧਾਂ ਉਸਾਰ ਲਈਆਂ ਹਨ।

ਅਵਸਰ ਫੈਲਣ ਦੇ ਵੱਧ ਰਹੇ ਹਨ ਪਰ ਅਮਲ ਸੁੰਗੜਣ ਦਾ ਵੱਧ ਰਿਹਾ ਹੈ।

ਉਹ ਲੋਕ ਕਿੱਥੇ ਹਨ, ਜਿਨ੍ਹਾਂ ਦੇ ਆਇਆਂ ਵਿਹੜੇ ਸੁੱਚੇ ਹੋ ਜਾਇਆ ਕਰਦੇ ਸਨ ?

ਉਹ ਮੁਰਸ਼ਦ ਕਿੱਥੇ ਹਨ, ਮੁਰੀਦ ਜਿਨ੍ਹਾਂ ਦੀ ਸਰਦਲ ਚੁੰਮਦੇ ਰਹਿੰਦੇ ਸਨ ਅਤੇ ਕਿਸੇ ਨੂੰ ਦਰਵਾਜ਼ਾ ਖਟਖਟਾਉਣ ਦੀ ਹਿੰਮਤ ਨਹੀਂ ਸੀ ਪੈਂਦੀ ?

ਪ੍ਰੇਮੀ ਵੀ ਅੱਜ-ਕੱਲ੍ਹ ਇਕ-ਦੂਜੇ ਵੱਲ ਇੰਜ ਤੱਕਦੇ ਹਨ ਜਿਵੇਂ ਧੋਖਾਧੜੀ ਦੇ ਮੁਕੱਦਮੇ ਦੀਆਂ ਦੋ ਵਿਰੋਧੀ ਧਿਰਾਂ ਹੋਣ।

ਅੱਜ ਕਿਸੇ ਨੂੰ ਪਾਣੀ ਪਿਲਾਵੋ ਉਹ ਛਬੀਲ ਉਤੇ ਹੀ ਕਾਬਜ਼ ਹੋ ਜਾਵੇਗਾ।

ਆਪਣੇ ਆਪ ਨੂੰ ਨਪੀੜਨ ਅਤੇ ਨਿਖਾਰਨ ਦਾ ਅਮਲ ਕਿਧਰੇ ਵਿਖਾਈ ਨਹੀਂ ਦਿੰਦਾ। ਕਵੀ ਚਵਨਪ੍ਰਾਸ਼ ਖਾ ਕੇ ਕਵਿਤਾ ਲਿਖ ਰਹੇ ਹਨ ਅਤੇ ਰਾਜਧਾਨੀ ਦੀ ਗਰਦ ਵਿਚ ਰਹਿਣ ਵਾਲੇ ਨੇਤਾ ਆਪਣੀ ਹੀ ਮਰਜ਼ੀ ਨਾਲ ਭਵਜਲ ਵਿਚੋਂ ਦੇਸ਼ ਨੂੰ ਕੱਢਣ ਦੇ ਹੰਕਾਰ ਵਿਚ ਗੋਤੇ ਖਾ ਰਹੇ ਹਨ।

ਹਰ ਰੋਜ਼ ਕਿਸੇ ਚੰਗੀ ਪਰੰਪਰਾ ਦਾ ਭੋਗ ਪੈ ਰਿਹਾ ਹੈ।

ਅਜੋਕੇ ਮਨੁੱਖ ਦਾ ਗਿਆਨ ਵੱਧ ਰਿਹਾ ਹੈ ਪਰ ਅਨੁਭਵ ਦੇ ਪੱਖੋਂ ਉਹ ਕੰਗਾਲ ਹੋ ਰਿਹਾ ਹੈ। ਸਾਡੇ ਵਿਦਿਅਕ ਅਦਾਰੇ ਕੁਝ ਕਰਨ ਦੀ ਥਾਂ ਬਸ ਹੀਜੜਿਆਂ ਵਾਂਗ ਖਲੋਤੇ ਦੇਖੀ ਜਾ ਰਹੇ ਹਨ। ਸਖੀਰ-ਬ੍ਰੇਕਰਾਂ ਵਰਗੀਆਂ ਸ਼ਖ਼ਸੀਅਤਾਂ ਦੇ ਅਜੋਕੇ ਦੌਰ ਵਿਚ ਅਪਮਾਨ ਦੀ ਬੋਲੀ ਵਿਚ ਸਨਮਾਨ ਹੋ ਰਹੇ ਹਨ ਅਤੇ ਹਰ ਪ੍ਰਕਾਰ ਦੇ ਇਨਾਮ ਅਤੇ ਸਨਮਾਨ, ਕੱਟੀ ਹੋਈ ਪਤੰਗ ਵਾਂਗ ਲੁੱਟੇ ਜਾ ਰਹੇ ਹਨ।

ਸਮੁੱਚੀ ਅਜੋਕੀ ਸਥਿਤੀ ਵਿਚੋਂ ਵਿਸ਼ਵਾਸ ਮਨਫ਼ੀ ਹੋ ਗਿਆ ਹੈ, ਅਸਹਿਮਤ ਹੋਣ-ਦੀ

ਹਿੰਮਤ ਖੁਰ ਗਈ ਹੈ, ਖੇਤਰ ਕੋਈ ਹੋਵੇ, ਹਰ ਕੋਈ ਸਮੇਂ ਅਤੇ ਸਥਿਤੀ ਅਨੁਸਾਰ, ਰੰਗ ਅਤੇ ਪੈਂਤੜਾ ਧਾਰਨ ਕਰ ਰਿਹਾ ਹੈ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਹਰ ਕਿਸੇ ਨੂੰ ਇਕੱਲਤਾ ਦਾ ਅਹਿਸਾਸ ਹੈ। ਇਹ ਅਹਿਸਾਸ ਕਿਸੇ ਵੀ ਪੱਖੋਂ ਮਾਣਯੋਗ ਨਹੀਂ।

ਇਸ ਅਹਿਸਾਸ ਦੌਰਾਨ ਗੁਜ਼ਰਿਆ ਹੋਇਆ ਉਦਾਸਿਆ ਅਤੇ ਦੁਖਾਵਾਂ ਜ਼ਮਾਨਾ ਇੰਜ ਯਾਦ ਆਉਂਦਾ ਹੈ, ਜਿਵੇਂ ਕੰਠ ਕੀਤੀ ਕੋਈ ਔਖੀ ਕਵਿਤਾ ਹੋਵੇ।

ਵਿਸ਼ਵਾਸ ਤੋਂ ਬਿਨਾਂ ਕੋਈ ਦੋਸਤੀ, ਕੋਈ ਰਿਸ਼ਤਾ, ਕੋਈ ਗੁਆਂਢ ਇਵੇਂ ਹੁੰਦਾ ਹੈ, ਜਿਵੇਂ ਕੁੰਡੇ ਤੋਂ ਬਿਨਾਂ ਕੇਤਲੀ ਹੋਵੇ, ਹੱਥੀ ਤੋਂ ਬਿਨਾਂ ਕਹੀ ਹੋਵੇ, ਢੱਕਣ ਤੋਂ ਬਿਨਾਂ ਪੈੱਨ ਹੋਵੇ, ਪੈਟਰੋਲ ਤੋਂ ਬਿਨਾਂ ਕਾਰ ਹੋਵੇ।

ਧਰਮ, ਮਨੁੱਖ ਨੂੰ ਜੀਵਨ ਦੀ ਉਹ ਨੁਹਾਰ ਪੇਸ਼ ਕਰਦਾ ਰਿਹਾ ਹੈ, ਜਿਸ ਵਿਚ ਇਕੱਲਤਾ ਦਾ ਰੋਗ ਨਹੀਂ ਸੀ ਅਤੇ ਜਿਸ ਵਿਚ ਸਹਿਯੋਗ ਅਤੇ ਵਿਸ਼ਵਾਸ ਦਾ ਬੋਲਬਾਲਾ ਸੀ।

ਪੁਰਾਣੇ ਜ਼ਮਾਨੇ ਵਿਚ ਦੂਜਿਆਂ ਦੇ ਨੇੜੇ ਹੋਣਾ ਮਨੁੱਖ ਆਪਣਾ ਹੱਕ ਸਮਝਦਾ ਸੀ। ਉਹ ਮਨੁੱਖ ਆਪਣੀ ਮੰਜ਼ਲ 'ਤੇ ਪਹੁੰਚ ਕੇ ਆਪਣਾ ਸਫ਼ਰ ਸ਼ੁਰੂ ਕਰਦਾ ਸੀ। ਉਸ ਯੁੱਗ ਵਿਚ ਜਦੋਂ ਕਿਸੇ ਪਰੰਪਰਾ ਨੂੰ ਮਾਂਵਾਂ ਜਾਂ ਬਣਨ ਵਾਲੀਆਂ ਮਾਂਵਾਂ ਅਪਣਾ ਲੈਂਦੀਆਂ ਸਨ ਤਾਂ ਉਹ ਇਕ ਪਵਿੱਤਰ ਧਾਰਮਿਕ ਰਸਮ ਵਜੋਂ ਟਿਕ ਜਾਂਦੀ ਸੀ। ਉਸ ਸਮੇਂ ਕਿਤਾਬਾਂ ਇਤਨੀਆਂ ਸਰਲ ਹੁੰਦੀਆਂ ਸਨ ਕਿ ਬੱਚੇ ਤਾਂ ਬੱਚੇ, ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਸਮਝ ਜਾਂਦੇ ਸਨ।

ਅਜੋਕੇ ਯੁੱਗ ਵਿਚ ਸਾਡੇ ਵਾਕਫ਼ ਤਾਂ ਬਹੁਤ ਹਨ, ਪਰ ਦੋਸਤ ਕੋਈ ਨਹੀਂ; ਸਾਡਾ ਆਣ-ਜਾਣ ਤਾਂ ਕਈਆਂ ਘਰਾਂ ਨਾਲ ਹੁੰਦਾ ਹੈ ਪਰ ਸੁਖਾਵਾਂ ਅਤੇ ਨਿੱਘਾ ਮੇਲ-ਜੋਲ ਕਿਸੇ ਨਾਲ ਨਹੀਂ ਹੁੰਦਾ।

ਪੁਰਾਤਨ ਮਨੁੱਖ ਦਾ ਪ੍ਰਕ੍ਰਿਤੀ ਨਾਲ ਸਿੱਧਾ ਅਤੇ ਨਿਰਛਲ ਮੇਲ-ਜੋਲ ਸੀ, ਜਦੋਂ ਕਿ ਆਧੁਨਿਕ ਯੁੱਗ ਵਿਚ ਲਗਾਤਾਰ ਆਪਣੀ ਹੀ ਸੰਗਤ ਨੇ ਮਨੁੱਖ ਨੂੰ ਭਰਿਸ਼ਟ ਕਰ ਦਿੱਤਾ ਹੈ।

ਸਥਿਤੀ ਦਾ ਵਿਅੰਗ ਇਹ ਹੈ ਕਿ ਕਿਸੇ ਇਮਾਰਤ ਨੂੰ ਅਸੀਂ ਉਸ ਵੇਲੇ ਤਕ ਪਸੰਦ ਨਹੀਂ ਕਰਦੇ, ਜਦੋਂ ਤਕ ਉਹ ਢਹਿ-ਢੇਰੀ ਨਾ ਹੋ ਜਾਵੇ।

ਜਦੋਂ ਸਾਡਾ ਮੇਲ-ਜੋਲ ਵਿਗੜਦਾ ਹੈ ਤਾਂ ਭਾਸ਼ਾ ਅਤੇ ਬੋਲਚਾਲ ਵਿਚ ਵੀ ਵਿਗਾੜ ਆਉਂਦਾ ਹੈ। ਮਨੁੱਖਾਂ ਦੀ ਥਾਂ ਵਸਤਾਂ ਵਧੇਰੇ ਮਹੱਤਵਪੂਰਨ ਹੋ ਜਾਂਦੀਆਂ ਹਨ।

ਇਕ ਦੂਜੇ ਨਾਲ ਇਕੋ ਦਿਸ਼ਾ ਵਿਚ ਵੇਖਣ ਦੇ ਹੁਨਰ ਦੀ ਥਾਂ, ਪਿਆਰ ਇਕ ਦੂਜੇ ਦੇ ਚਿਹਰੇ ਵੱਲ ਵੇਖਣ ਦਾ ਕਾਰਜ ਬਣ ਕੇ ਰਹਿ ਜਾਂਦਾ ਹੈ।

ਪੜ੍ਹਨ-ਲਿਖਣ ਦਾ ਉਦੇਸ਼ ਦੂਜਿਆਂ ਨਾਲ ਚੰਗੇਰੇ ਢੰਗ ਨਾਲ ਗੱਲਬਾਤ ਕਰਨ ਦੀ ਯੋਗਤਾ ਉਪਜਾਉਣਾ ਹੁੰਦਾ ਹੈ, ਧਮਕੀਆਂ ਦੇਣ ਦੇ ਨਵੇਂ-ਨਵੇਂ ਢੰਗ ਸਿਰਜਣਾ ਨਹੀਂ ਹੁੰਦਾ।

ਉਹ ਕਿਤਨੇ ਕੁ ਘਰ ਹਨ, ਜਿੱਥੇ ਵੇਲੇ-ਕੁਵੇਲੇ ਦਸਤਕ ਦੇਣ ਲੱਗਿਆਂ ਤੁਹਾਨੂੰ ਝਿਜਕ ਨਹੀਂ ਹੁੰਦੀ? ਉਹ ਕਿਤਨੇ ਕੁ ਲੋਕ ਹਨ, ਜਿਨ੍ਹਾਂ ਨਾਲ ਤੁਸੀਂ ਬਿਨਾਂ ਸੰਕੋਚ ਗੱਲਬਾਤ ਕਰ ਸਕਦੇ ਹੋ?

ਕਈ ਇਸ ਸਥਿਤੀ ਨੂੰ ਕੇਵਲ ਆਰਥਿਕਤਾ ਨਾਲ ਜੋੜਨਗੇ ਪਰ ਸਥਿਤੀ ਦਾ ਸੱਚ ਇਹ ਹੈ ਕਿ ਮੇਲ-ਜੋਲ ਦਾ ਬਹੁਤਾ ਸੰਕਟ, ਉਨ੍ਹਾਂ ਲੋਕਾਂ ਸਾਹਮਣੇ ਹੈ, ਜਿਨ੍ਹਾਂ ਦੀ ਆਰਥਿਕ ਸਥਿਤੀ ਸੁਧਰੀ ਹੈ।

ਸੌਖੀਆਂ ਜਿੱਤਾਂ ਦੇ ਆਦੀ ਲੋਕ, ਔਖੇ ਰਾਹਾਂ 'ਤੇ ਨਹੀਂ ਤੁਰਦੇ।

ਜਿਹੜੇ ਵਿਸ਼ੇ ਔਖੇ ਹੁੰਦੇ ਹਨ, ਉਹੀ ਲਾਭਦਾਇਕ ਹੁੰਦੇ ਹਨ।

ਅਜੋਕੇ ਮਨੁੱਖ ਦੀਆਂ ਇਕੱਲਤਾ ਨਾਲ ਜੁੜੀਆਂ ਬਹੁਤੀਆਂ ਸਮੱਸਿਆਵਾਂ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਉਹ ਬਹੁਤ ਵੱਡੇ ਸ਼ਹਿਰਾਂ ਜਾਂ ਮਹਾਂਨਗਰਾਂ ਵਿਚ ਆਪਣੇ ਆਪ ਨੂੰ ਬ੍ਰਹਿਮੰਡ ਦਾ ਕੇਂਦਰ ਮਿਥ ਕੇ ਜਿਊਣਾ ਚਾਹੁੰਦਾ ਹੈ।

ਅਨਿਸ਼ਚਿੱਤਤਾ ਦੇ ਸਿਰਜੇ ਸਾਡੇ ਪਰਸਪਰ ਵਿਹਾਰ ਵਿਚ ਅਨੇਕਾਂ ਤਰੇੜਾਂ ਹਨ ਅਤੇ ਜ਼ਿੰਦਗੀ ਦੇ ਤਿੜਕੇ ਹੋਏ ਸ਼ੀਸ਼ੇ ਵਿਚੋਂ ਅਸੀਂ ਆਪਣੀ ਸਾਬਤੀ-ਸਬੂਤੀ ਸ਼ਕਲ ਵੇਖਣ ਦਾ ਅਸਫ਼ਲ ਯਤਨ ਕਰ ਰਹੇ ਹਾਂ।

ਅਜੋਕੇ ਯੁਗ ਵਿਚ ਅਸੀਂ ਕੇਵਲ ਆਪਣੇ ਆਪ ਨੂੰ ਪਛਾਣਦੇ ਹਾਂ।

ਜਨਮ ਤੋਂ ਹੀ ਮਨੁੱਖ ਨੂੰ ਆਪਸੀ ਮੇਲ-ਜੋਲ ਵਧਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਮਨੁੱਖ ਲੱਖ ਯਤਨ ਕਰਨ ਦੇ ਬਾਵਜੂਦ ਮੇਲ-ਜੋਲ ਦਾ ਪਰਿਵਾਰ ਨਾਲੋਂ ਵਧੇਰੇ ਹੰਢਣਸਾਰ ਢੰਗ-ਤਰੀਕਾ ਨਹੀਂ ਸਿਰਜ ਸਕਿਆ।

ਮਾਪੇ, ਦੋਸਤ-ਸਹੇਲੀਆਂ, ਸੰਗੀ-ਸਾਥੀ, ਗੁਆਂਢੀ, ਅਧਿਆਪਕ ਆਦਿ ਵੀ ਵੱਖ-ਵੱਖ ਪਰਿਵਾਰਾਂ ਦੇ ਨੁਮਾਇੰਦਿਆਂ ਵਾਂਗ ਹੀ ਸਾਨੂੰ ਮਿਲਦੇ-ਜੁਲਦੇ ਹਨ।

ਘਰ ਦੇ ਅੰਦਰ ਆਪਣੇ ਵਿਲੱਖਣ ਸਭਿਆਚਾਰ ਦੀ ਜਾਗ ਮਾਂ ਤੋਂ ਲਗਦੀ ਹੈ।

ਪਿਆਰ ਕਰਨ ਦੀ ਯੋਗਤਾ ਇਸਤਰੀ ਦੀ ਸਭ ਤੋਂ ਵੱਡੀ ਸ਼ਕਤੀ ਹੈ।

ਇਸਤਰੀ ਦਾ ਸੰਸਾਰ ਨਾਲ ਰਿਸ਼ਤਾ ਪਿਆਰ ਵਾਲਾ ਹੈ, ਜਦੋਂ ਕਿ ਸੰਸਾਰ ਨਾਲ ਪੁਰਸ਼ ਦਾ ਰਿਸ਼ਤਾ ਅਲਗਾਵ ਵਾਲਾ ਹੁੰਦਾ ਹੈ।

ਹੁਣ ਜਦੋਂ ਇਸਤਰੀ, ਪੁਰਸ਼ ਨਾਲ ਮੁਕਾਬਲੇ ਦੀ ਸਥਿਤੀ ਵਿਚ ਵਿਚਰਨ ਦੀ ਜ਼ਿੱਦ ਕਰ ਰਹੀ ਹੈ ਤਾਂ ਸੁਭਾਵਿਕ ਹੀ, ਪੁਰਸ਼ਾਂ ਵਾਲੀ ਸੋਚ-ਸਮਝ ਅਪਨਾਉਣ ਕਾਰਨ, ਉਸ ਦਾ ਸੰਸਾਰ ਨਾਲ ਰਿਸ਼ਤਾ ਪਿਆਰ ਵਾਲਾ ਨਹੀਂ ਰਹੇਗਾ।

ਕੰਮ ਉੱਤੇ ਜਾਣ ਦੀ ਮਜਬੂਰੀ ਕਾਰਨ, ਮਾਂਵਾਂ ਆਪਣੀ ਸੰਤਾਨ ਨੂੰ ਆਪਣਾ ਦੁੱਧ ਪਿਲਾਉਣ ਦੀ ਥਾਂ ਦੁੱਧ ਵਾਲੀ ਬੋਤਲ ਦਾ ਸਹਾਰਾ ਲੈਣ ਲਈ ਮਜਬੂਰ ਹਨ।

ਇਵੇਂ ਮਾਂ ਦਾ ਆਪਣੀ ਸੰਤਾਨ ਨਾਲ ਰਿਸ਼ਤਾ ਸਾਵਾਂ-ਸੁਖਾਵਾਂ ਹੋਣ ਦੀ ਥਾਂ ਮਜਬੂਰੀ ਅਤੇ ਬੇਵਸੀ ਦਾ ਸ਼ਿਕਾਰ ਹੋ ਗਿਆ ਹੈ।

ਜਿਸ ਰਿਸ਼ਤੇ ਦੀ ਬੁਨਿਆਦ ਵਿਚ ਮਜਬੂਰੀ ਅਤੇ ਬੇਵਸੀ ਹੋਵੇ, ਉਹ ਰਿਸ਼ਤਾ ਕਿਤਨਾ ਕੁ ਹੰਢਣਸਾਰ ਹੋ ਸਕਦਾ ਹੈ?

ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਜੋਕੇ ਯੁਗ ਵਿਚ ਪੁੱਤਰਾਂ ਦੇ ਹੱਥੋਂ ਮਾਂਵਾਂ ਦੀ ਬੇਇਜ਼ਤੀ ਹੋ ਰਹੀ ਹੈ।

ਕੋਈ ਵੀ ਪੁਰਸ਼ ਆਪ ਨਿਘਰਨ ਤੋਂ ਬਿਨਾਂ ਇਸਤਰੀ ਦਾ ਅਪਮਾਨ ਨਹੀਂ ਕਰ ਸਕਦਾ।

ਇਸਤਰੀ ਦਾ ਸਨਮਾਨ ਉਹੀ ਕਰ ਸਕਦਾ ਹੈ ਜਿਸ ਦੀ ਨਜ਼ਰ ਉੱਚੀ ਹੋਵੇ ਅਤੇ ਜਿਸ ਦੀ ਦ੍ਰਿਸ਼ਟੀ ਵਿਸ਼ਾਲ ਹੋਵੇ। ਉੱਚੀ ਨਜ਼ਰ ਅਤੇ ਵਿਸ਼ਾਲ ਦ੍ਰਿਸ਼ਟੀ, ਮਾਂ ਤੋਂ ਪ੍ਰਾਪਤ ਹੁੰਦੀ ਹੈ ਪਰ ਅਜੋਕੀਆਂ ਮਾਂਵਾਂ ਕੋਲ ਵਿਹਲ ਨਹੀਂ।

ਮਾਂ ਨੇ ਬੱਚੇ ਨੂੰ ਭਾਵਕ ਪੱਖੋਂ ਸੰਤੁਲਨ ਪ੍ਰਦਾਨ ਕਰਨਾ ਹੁੰਦਾ ਹੈ ਅਤੇ ਉਸ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਨੂੰ ਉਭਾਰਨਾ ਅਤੇ ਨਿਖਾਰਨਾ ਹੁੰਦਾ ਹੈ।

ਮੱਠੀ-ਮੱਠੀ ਅੱਗ ਉਤੇ ਪਕਾਉਣ ਦੀ ਥਾਂ ਹੁਣ ਅਸੀਂ ਭਾਫ਼ ਦੇ ਭਾਰੀ ਦਬਾਓ ਵਾਲੇ ਕੁੱਕਰ ਵਰਤਣ ਲਗ ਪਏ ਹਾਂ। ਚਰਿੱਤਰ ਮੱਠੀ-ਮੱਠੀ ਅੱਗ ਉੱਤੇ ਰਿਝਣ ਵਾਲੀ ਚੀਜ਼ ਹੈ ਪਰ ਮੱਠੀ ਅੱਗ ਵਾਲਾ ਸਬਰ ਨਹੀਂ ਰਿਹਾ। ਸਾਡੇ ਘਰਾਂ, ਪਰਿਵਾਰਾਂ, ਗੁਆਂਢੀਆਂ, ਅਧਿਆਪਕਾਂ ਆਦਿ ਸਭ ਦੀ ਨੁਹਾਰ ਬਦਲ ਗਈ ਹੈ, ਕੁਝ ਵੀ ਹੰਢਣਸਾਰ ਨਹੀਂ ਰਿਹਾ, ਸੋ ਹੰਢਣਸਾਰ ਮੇਲ-ਜੋਲ ਵੀ ਸੰਭਵ ਨਹੀਂ ਰਹੇ।

ਆਪਣੇ ਆਪੇ ਦੀ ਸੋਝੀ ਵਿਚੋਂ ਹੀ ਸ਼ਖ਼ਸੀਅਤ ਦਾ ਸੂਰਜ ਚੜ੍ਹਦਾ ਹੈ।

ਇਸ ਸੋਝੀ ਦੀ ਉਡਾਣ ਕਲਪਨਾ ਅਖਵਾਉਂਦੀ ਹੈ। ਸੋਝੀ ਅਤੇ ਕਲਪਨਾ ਦੇ ਸੁਮੇਲ ਨਾਲ ਅਸੀਂ ਇਕੱਲ ਨਾਲ ਟାਕਰਾ ਕਰਨ ਦੇ ਯੋਗ ਹੁੰਦੇ ਹਾਂ।

ਸਭ ਪ੍ਰਕਾਰ ਦੀ ਕਲਾ ਅਸਲ ਵਿਚ ਮਨੁੱਖ ਨੂੰ ਵਧੇਰੇ ਹੰਢਣਸਾਰ ਮੇਲ-ਜੋਲ ਦੇ ਯੋਗ ਬਣਾਉਂਦੀ ਹੈ। ਇਕ ਕਲਾਕਾਰ ਜਦੋਂ ਇਕੱਲਾ ਹੁੰਦਾ ਹੈ ਤਾਂ ਉਹ ਆਪਣੀ ਕਲਾ ਦਾ ਸਾਥ ਮਾਣਦਾ ਹੈ। ਉਸ ਨੂੰ ਮੇਲ-ਜੋਲ ਦੀ ਕਿਸੇ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਕਵੀ ਕਦੀ ਇਕੱਲਾ ਨਹੀਂ ਹੁੰਦਾ, ਉਸ ਨੂੰ ਕਲਪਨਾ ਦਾ ਸਾਥ ਪ੍ਰਾਪਤ ਹੁੰਦਾ ਹੈ। ਕੋਈ ਵਿਦਵਾਨ ਕਦੀ ਇਕੱਲਾ ਨਹੀਂ ਹੁੰਦਾ, ਕਿਉਂਕਿ ਸੋਝੀ ਉਸ ਦੇ ਅੰਗ-ਸੰਗ ਰਹਿੰਦੀ ਹੈ।

ਮੇਲ-ਜੋਲ ਦੀ ਸਮੱਸਿਆ ਉਨ੍ਹਾਂ ਲੋਕਾਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਆਪਣੀ ਇਕੱਲ ਮਾਣਨ ਦਾ ਹੁਨਰ ਨਹੀਂ ਆਉਂਦਾ।

ਇਕੱਲ ਮਾਣਨ ਦਾ ਸਲੀਕਾ ਤਾਂ ਹੀ ਆਉਂਦਾ ਹੈ ਜੇ ਕੋਈ ਸ਼ੌਕ ਹੋਵੇ ਅਤੇ ਦੂਜਿਆਂ ਨਾਲ ਬਰਾਬਰੀ ਦੇ ਆਧਾਰ 'ਤੇ ਬਰ ਮੇਚਣ ਦੀ ਜਾਚ ਹੋਵੇ।

ਕਦੀ ਪੁਰਸ਼ਾਂ ਨੂੰ ਆਪਸ ਵਿਚ ਗੱਲਬਾਤ ਕਰਦਿਆਂ ਵੇਖਣਾ, ਪ੍ਰਤੀਤ ਹੋਵੇਗਾ ਜਿਵੇਂ ਉਹ ਗਤਕਾ ਖੇਡ ਰਹੇ ਹੋਣ, ਉਨ੍ਹਾਂ ਦੀ ਗੱਲਬਾਤ ਵਿਚ ਜਿੱਤਣ ਅਤੇ ਇਕ-ਦੂਜੇ ਨੂੰ ਪਛਾੜ ਦੇਣ ਦੀ ਕਾਹਲ ਹੋਵੇਗੀ।

ਕਦੀ ਕਿਸੇ ਮਾਂ ਨੂੰ ਬੱਚੇ ਨਾਲ ਜਾਂ ਕਿਸੇ ਨੂੰ ਆਪਣੀ ਸਹੇਲੀ ਨਾਲ ਜਾਂ ਆਪਣੇ ਪ੍ਰੇਮੀ ਨਾਲ ਗੱਲਬਾਤ ਕਰਦਿਆਂ ਵੇਖਣਾ, ਪ੍ਰਤੀਤ ਹੋਵੇਗਾ ਜਿਵੇਂ ਤਾੜੀ ਵੱਜ ਰਹੀ ਹੋਵੇ, ਦੋਵੇਂ ਇਕ ਦੂਜੇ ਨੂੰ ਲੈਅ-ਤਾਲ ਦੇ ਰਹੇ ਹੋਣਗੇ।

ਮੇਲ-ਜੋਲ ਦੀ ਅਸਲ ਯੋਗਤਾ ਪਤੀ-ਪਤਨੀ ਦੇ ਆਪਸੀ ਸੁਖਾਵੇਂ ਰਿਸ਼ਤੇ ਵਿਚ ਪ੍ਰਗਟ ਹੁੰਦੀ ਹੈ ਪਰ ਕਈ ਪਤੀ-ਪਤਨੀ ਮਾਪੇ ਤਾਂ ਸੌਖਿਆਂ ਹੀ ਬਣ ਜਾਂਦੇ ਹਨ ਪਰ ਪਤੀ-ਪਤਨੀ ਵਜੋਂ ਮੇਲ-ਜੋਲ ਉਸਾਰਨ ਪਖੋਂ ਉਨ੍ਹਾਂ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਹੁਤੇ ਘਰਾਂ ਵਿਚ ਵਿਆਹ ਉਪਰੰਤ ਰਿਸ਼ਤਾ ਫੈਲਣ ਦੀ ਥਾਂ ਸੁੰਗੜ ਜਾਂਦਾ ਹੈ।

ਕਿੰਨੀਆਂ ਕੁ ਪਤਨੀਆਂ ਹਨ, ਜਿਨ੍ਹਾਂ ਨੂੰ ਵਿਆਹ ਉਪਰੰਤ, ਆਪਣੇ ਜਮਾਤੀਆਂ ਨੂੰ ਖ਼ਤ ਲਿਖਣ ਦੀ ਆਗਿਆ ਹੈ ?

ਮੇਲ-ਜੋਲ ਦੇ ਅਥਾਹ ਅਵਸਰ ਉਦੋਂ ਹੀ ਉਸਰਨਗੇ, ਜਦੋਂ ਅਸੀਂ ਆਪਣੀ ਦੁਨੀਆਂ ਵਿਚ ਹੋਰਾਂ ਨੂੰ ਦਾਖਲ ਹੋਣ ਦਿਆਂਗੇ, ਜਦੋਂ ਪਤਨੀ ਆਪਣੇ ਪਤੀ ਨੂੰ ਕਹਿ ਸਕੇਗੀ, 'ਏ ਜੀ, ਮੈਂ ਉਨ੍ਹਾਂ ਨੂੰ ਵਧਾਈ ਦਾ ਖ਼ਤ ਲਿਖ ਦਿੱਤਾ ਹੈ, ਤੁਸੀਂ ਆਪਣੇ ਹੱਥਾਂ ਨਾਲ, ਸੋਹਣੀ ਲਿਖਾਈ ਵਿਚ, ਉਨ੍ਹਾਂ ਦਾ ਸਿਰਨਾਵਾਂ ਲਿਖ ਦਿਓ।'

ਸਮਾਜ ਨੂੰ ਬਦਲਣ ਲਈ ਬੱਚਿਆਂ ਦੇ ਪਾਲਣ-ਪੋਸਣ ਦੇ ਢੰਗ ਨੂੰ, ਆਪਣੇ ਜੀਵਨ-ਦ੍ਰਿਸ਼ਟੀਕੋਣ ਨੂੰ ਅਤੇ ਆਪਣੇ ਮਨ ਵਿਚਲੇ ਸੰਸਾਰ ਅਤੇ ਬ੍ਰਹਿਮੰਡ ਦੇ ਨਕਸ਼ੇ ਨੂੰ ਬਦਲਣਾ ਪਵੇਗਾ।

ਸਮੱਸਿਆਵਾਂ ਉਦੋਂ ਹੀ ਉਪਜਦੀਆਂ ਹਨ, ਜਦੋਂ ਸਾਡੀ ਨੀਅਤ ਧੁੰਦਲੀ ਹੋਵੇ ਅਤੇ ਸਾਡੀ ਸੋਚ ਸਪਸ਼ਟ ਨਾ ਹੋਵੇ।

ਭੋਜਨ, ਸੁਰੱਖਿਆ ਅਤੇ ਪਿਆਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਹਨ।

ਜਦੋਂ ਅਸੀਂ ਭੁੱਖ ਦੀ ਗੱਲ ਕਰਦੇ ਹਾਂ ਤਾਂ ਬਾਕੀਆਂ ਦੀ ਹੋਂਦ ਜਾਂ ਅਣਹੋਂਦ ਦਾ ਜ਼ਿਕਰ ਅਚੇਤ ਹੀ ਹੋ ਜਾਂਦਾ ਹੈ।

ਜਿੱਥੇ ਰੋਟੀ ਨਹੀਂ ਪੱਕਦੀ, ਉਥੇ ਕੋਈ ਮਹਿਮਾਨ ਨਹੀਂ ਆਉਂਦਾ ਅਤੇ ਜਿੱਥੇ ਸੁਰੱਖਿਆ ਅਤੇ ਪਿਆਰ ਨਹੀਂ ਹੁੰਦਾ, ਉਥੇ ਮੇਲ-ਜੋਲ ਦੀ ਕੋਈ ਸੰਭਾਵਨਾ ਵੀ ਉਜਾਗਰ ਨਹੀਂ ਹੁੰਦੀ।

ਵੇਖਣ ਵਾਲੀ ਗੱਲ ਇਹ ਹੈ ਕਿ ਜਿਹੜੇ ਅਤੇ ਜਿਤਨੇ ਕੁ ਵਸੀਲੇ ਸਾਡੇ ਕੋਲ ਹਨ, ਕੀ ਅਸੀਂ ਉਨ੍ਹਾਂ ਦੀ ਸੁਯੋਗ ਵਰਤੋਂ ਕਰ ਰਹੇ ਹਾਂ ? ਬਹੁਤੇ ਘਰਾਂ ਵਿਚ ਵੰਡ-ਵੰਡਾਈ ਦੇ ਝਗੜੇ ਹਨ, ਆਪਸੀ ਸ਼ੱਕ ਅਤੇ ਅਵਿਸ਼ਵਾਸ ਦੀਆਂ ਸਮੱਸਿਆਵਾਂ ਹਨ।

ਜਦੋਂ ਸਾਡਾ ਆਪਸ ਵਿਚ ਹੀ ਮੇਲ-ਜੋਲ ਨਹੀਂ ਤਾਂ ਬਾਹਰਲੇ ਲੋਕਾਂ ਨਾਲ ਮੇਲ-ਜੋਲ ਦੀਆਂ ਸੰਭਾਵਨਾਵਾਂ ਕਿਵੇਂ ਉਜਾਗਰ ਹੋ ਸਕਦੀਆਂ ਹਨ ?

ਘਰ-ਪਰਿਵਾਰ ਤੋਂ ਮਗਰੋਂ ਮੇਲ-ਜੋਲ ਦੀਆਂ ਸੰਭਾਵਨਾਵਾਂ ਸਮਾਜ ਅਤੇ ਸਕੂਲ, ਕਾਲਜ ਵਿਚ ਉਪਜਦੀਆਂ ਹਨ।

ਜੇ ਬੱਚੇ ਨੂੰ ਆਪਣੀ ਪਰਿਵਾਰਕ ਮਾਨਸਿਕ ਪੱਧਰ ਅਨੁਸਾਰ ਢੁੱਕਵੇਂ ਸਕੂਲ ਵਿਚ ਦਾਖਲ ਕਰਵਾਇਆ ਜਾਵੇ ਤਾਂ ਹੀ ਉਸ ਵਿਚ ਨਿਖਾਰ ਆਉਂਦਾ ਹੈ, ਨਹੀਂ ਤਾਂ ਉਸ ਵਿਚ ਬਾਗੀ ਅਤੇ ਵਿਰੋਧੀ ਰੁਚੀਆਂ ਉਪਜਦੀਆਂ ਹਨ।

ਮਾਪੇ ਪੈਸੇ ਦੇ ਜ਼ੋਰ ਨਾਲ ਬੱਚਿਆਂ ਨੂੰ ਅਜਿਹੇ ਸਕੂਲਾਂ, ਕਾਲਜਾਂ ਵਿਚ ਦਾਖਲ ਕਰਵਾ ਰਹੇ ਹਨ, ਜਿੱਥੋਂ ਦੇ ਮੁਹਾਵਰੇ ਦੀ ਨਾ ਬੱਚਿਆਂ ਨੂੰ ਸਮਝ ਪੈਂਦੀ ਹੈ ਨਾ ਮਾਪਿਆਂ ਨੂੰ। ਸਕੂਲ ਅਤੇ ਘਰ ਦੇ ਵਾਤਾਵਰਣ ਅਤੇ ਮਾਨਸਿਕ ਪੱਧਰਾਂ ਵਿਚ ਇਤਨੀ ਵਿੱਥ ਹੁੰਦੀ ਹੈ ਕਿ ਇਹ ਦੋ ਵੱਖਰੇ ਸੰਸਾਰ ਪ੍ਰਤੀਤ ਹੁੰਦੇ ਹਨ। ਅਜਿਹੀ ਸਥਿਤੀ ਵਿਚ ਵਿਦਿਆਰਥੀ ਦਾ ਅਧਿਆਪਕਾਂ ਨਾਲ ਅਤੇ ਬੱਚੇ ਦਾ ਮਾਪਿਆਂ ਨਾਲ ਰਿਸ਼ਤਾ ਵਿਗੜਦਾ ਹੈ, ਜਿਹੜਾ ਵਿਦਰੋਹ, ਬਦਤਮੀਜ਼ੀ, ਗੁਸਤਾਖ਼ੀ ਅਤੇ ਹਿੰਸਾ ਵਿਚ ਪ੍ਰਗਟ ਹੁੰਦਾ ਹੈ। ਇਹ ਸਾਰੇ ਪੱਖ ਉਸ ਦੀ ਬੋਲੀ ਵਿਚ ਅਤੇ ਲਿਬਾਸ ਰਾਹੀਂ ਉਜਾਗਰ ਹੁੰਦੇ ਹਨ। ਇੱਥੇ ਮਾਪਿਆਂ ਦੇ ਸੁਪਨੇ ਅਤੇ ਯਥਾਰਥ ਆਪਸ ਵਿਚ ਭਿੜਦੇ ਹਨ ਅਤੇ ਇਵੇਂ ਸਾਵੇਂ-ਸੁਖਾਵੇਂ ਮੇਲ-ਜੋਲ ਦੀਆਂ ਸੰਭਾਵਨਾਵਾਂ ਸੁੰਗੜ ਜਾਂਦੀਆਂ ਹਨ। ਅਜਿਹਾ ਬੱਚਾ ਮਾਪਿਆਂ ਤੋਂ ਦੂਰ ਹੁੰਦਾ ਜਾਂਦਾ ਹੈ ਅਤੇ ਉਨ੍ਹਾਂ ਰਿਸ਼ਤਿਆਂ ਨੂੰ ਉਸਾਰਦਾ ਹੈ, ਜਿਹੜੇ ਮਾਪਿਆਂ ਲਈ ਸਿਰਦਰਦੀ ਉਪਜਾਉਂਦੇ ਹਨ।

ਉਂਜ ਤਾਂ ਗਿਆਨ ਪ੍ਰਾਪਤੀ ਦਾ ਅਮਲ ਬੜਾ ਦਿਲਚਸਪ ਅਤੇ ਦ੍ਰਿਸ਼ਟੀ ਵਿਚ ਅਮੀਰੀ ਲਿਆਉਣ ਵਾਲਾ ਹੁੰਦਾ ਹੈ ਪਰ ਜੇ ਜਗਿਆਸੂ ਅਤੇ ਗਿਆਨ ਵਿਚਕਾਰ ਮੇਲ-ਜੋਲ ਸੁਖਾਵਾਂ ਨਾ ਹੋਵੇ ਤਾਂ ਇਹ ਵਿਰੋਧਤਾ ਅਤੇ ਹਿੰਸਾ ਵਿਚ ਪ੍ਰਗਟ ਹੁੰਦਾ ਹੈ।

ਜਿਹੜਾ ਪੁੱਤਰ, ਘਰ ਵਿਚ ਆਪਣੇ ਪਿਤਾ ਨੂੰ ਨਫ਼ਰਤ ਕਰਦਾ ਹੈ, ਉਹ ਹੀ ਬਾਹਰ ਇਨਕਲਾਬ-ਜ਼ਿੰਦਾਬਾਦ ਦਾ ਨਾਹਰਾ ਲਾਉਂਦਾ ਹੈ।

ਚੜ੍ਹਦੀ ਜਵਾਨੀ ਦੀਆਂ ਸਮੱਸਿਆਵਾਂ ਸਮੇਂ ਦੇ ਬੀਤਣ ਨਾਲ ਨਵੀਆਂ ਸਮੱਸਿਆਵਾਂ ਵਿਚ ਗੁਆਚ ਜਾਂਦੀਆਂ ਹਨ ਪਰ ਲੋੜੀਂਦੀ ਸੋਝੀ ਅਤੇ ਕਲਪਨਾ ਦੇ ਵਿਕਸਿਤ ਨਾ ਹੋਣ ਕਾਰਨ ਦੂਜਿਆਂ ਨਾਲ ਸੁਖਾਵੇਂ ਮੇਲ-ਜੋਲ ਦੀ ਅਣਹੋਂਦ ਦੀ ਸਮੱਸਿਆ ਬਣੀ ਰਹਿੰਦੀ ਹੈ।

ਕਈ ਮਾਪੇ ਅਕਸਰ ਇਸ ਸਮੱਸਿਆ ਦਾ ਹੱਲ ਸੰਤਾਨ ਦੇ ਵਿਆਹ ਵਿਚ ਵੇਖਦੇ ਹਨ।

ਇਹ ਬੜੀ ਵਚਿੱਤਰ ਗੱਲ ਹੈ ਕਿ ਜਿਨ੍ਹਾਂ ਕੋਲ ਸੋਝੀ ਅਤੇ ਕਲਪਨਾ ਦੀ ਥੁੜ੍ਹ ਹੁੰਦੀ ਹੈ, ਉਹ ਪਤੀ-ਪਤਨੀ, ਮਾਪੇ ਬੜੀ ਜਲਦੀ ਬਣ ਜਾਂਦੇ ਹਨ।

ਅਣਵਿਉਂਤੇ ਬੱਚੇ ਦੇ ਆਉਣ ਨਾਲ ਮਾਪਿਆਂ ਨੂੰ ਆਪਣੇ ਆਪ ਬਾਰੇ ਨਵੀਂ ਸੋਝੀ ਅਤੇ ਨਵਾਂ ਗਿਆਨ ਪ੍ਰਾਪਤ ਹੁੰਦਾ ਹੈ।

ਜਿੱਥੇ ਬੱਚੇ ਦੇ ਦਾਦਾ-ਦਾਦੀ, ਨਾਨਾ-ਨਾਨੀ ਦੂਰ ਹੁੰਦੇ ਹਨ, ਉੱਥੇ ਮਾਪੇ ਬਣਨ ਦੇ ਮੁੱਢਲੇ ਵਰ੍ਹੇ ਬੜੀਆਂ ਮੁਸ਼ਕਿਲਾਂ ਵਾਲੇ ਹੁੰਦੇ ਹਨ, ਕਿਉਂਕਿ ਬੱਚੇ ਨੂੰ ਪਾਲਣ ਦੀ ਸਮੱਸਿਆ ਦੇ ਨਾਲ ਨਾਲ ਉਨ੍ਹਾਂ ਦੇ ਆਪਣੇ ਜੀਵਨ ਨੂੰ ਮਾਣਨ ਦੀਆਂ ਸੰਭਾਵਨਾਵਾਂ ਦੇ ਸੁੰਗੜਨ ਦੀ ਸਮੱਸਿਆ ਵੀ ਉਪਜ ਪੈਂਦੀ ਹੈ, ਕਿਉਂਕਿ ਮਾਪੇ ਬਣਨ ਤੋਂ ਪਹਿਲਾਂ ਪਤੀ-ਪਤਨੀ ਦਾ ਬੱਚੇ ਸਬੰਧੀ ਸੰਕਲਪ ਬੜਾ ਅਸਪਸ਼ਟ, ਰੋਮਾਂਟਿਕ ਅਤੇ ਸੁਪਨਈ ਹੁੰਦਾ ਹੈ ਪਰ ਯਥਾਰਥ ਬਿਲਕੁਲ ਉਲਟ ਹੁੰਦਾ ਹੈ।

ਝੱਟਪਟ ਮਾਪੇ ਬਣ ਜਾਣ ਨਾਲ ਪਤੀ-ਪਤਨੀ ਨੂੰ ਇਕ ਅਣਕਿਆਸੀ ਕਿਸਮ ਦਾ ਧੱਕਾ ਲੱਗਦਾ ਹੈ। ਥਕਾਵਟ ਵੱਧ ਜਾਂਦੀ ਹੈ ਅਤੇ ਬੱਚੇ ਵੱਲ ਯੋਗ ਧਿਆਨ ਨਾ ਦੇ ਸਕਣ ਕਾਰਨ ਆਪਣੇ ਦੋਸ਼ੀ ਹੋਣ ਦੀ ਭਾਵਨਾ ਵੱਧਦੀ ਹੈ।

ਮਾਪਿਆਂ ਦਾ ਘਰ ਤੋਂ ਬਾਹਰਾ ਮੇਲ-ਜੋਲ ਘਟਦਾ ਹੈ ਅਤੇ ਜੀਵਨ ਦੀਆਂ ਜਿਹੜੀਆਂ ਰੰਗਲੀਆਂ ਵਿਉਂਤਾਂ ਬਣਾਈਆਂ ਹੁੰਦੀਆਂ ਹਨ, ਉਹ ਮਲਬਾ ਹੋ ਜਾਂਦੀਆਂ ਹਨ।

ਮਾਪੇ ਪਿਛੋਕੜ ਵਿਚ ਚਲੇ ਜਾਂਦੇ ਹਨ ਅਤੇ ਬੱਚਾ ਨਾਇਕ ਹੋ ਨਿਬੜਦਾ ਹੈ।

ਅਜਿਹੇ ਮਾਪਿਆਂ ਨੂੰ ਇਕੋ ਝਟਕੇ ਨਾਲ ਆਪਣੇ ਸਾਰੇ ਸੁਪਨੇ ਢਹਿ-ਢੇਰੀ ਹੋ ਗਏ ਪ੍ਰਤੀਤ ਹੁੰਦੇ ਹਨ।

ਜਦੋਂ ਕਿਸੇ ਦੇ ਸੁਪਨੇ ਮਲਬਾ ਹੋ ਜਾਣ ਤਾਂ ਉਸ ਵਿਚ ਸਹਿਣਸ਼ੀਲਤਾ ਘਟਦੀ ਹੈ।

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬੱਚੇ ਦੇ ਹੋਣ ਨਾਲ ਮਾਪਿਆਂ ਦਾ ਆਪਸੀ ਮੇਲ-ਜੋਲ ਵੱਧਦਾ ਹੈ ਪਰ ਕਈ ਥਾਂਈਂ ਬੱਚੇ ਦੇ ਆਉਣ ਨਾਲ ਵਿਰੋਧ ਅਤੇ ਟਕਰਾਓ ਹੋਰ ਤਿੱਖੇ ਹੋ ਜਾਂਦੇ ਹਨ।

ਜਿਨ੍ਹਾਂ ਪਰਿਵਾਰਾਂ ਵਿਚ ਬੱਚੇ ਵਧੇਰੇ ਹੋਣ, ਉਥੇ ਨਿਰੰਤਰ ਥਕਾਵਟ ਕਾਰਨ, ਹੰਢਣਸਾਰ ਮੇਲ-ਜੋਲ ਦੀਆਂ ਸੰਭਾਵਨਾਵਾਂ ਖੁਰਨ ਲੱਗ ਪੈਂਦੀਆਂ ਹਨ।

ਕੰਮ ਵਾਲੀ ਥਾਂ ਉੱਤੇ ਮੇਲ-ਜੋਲ ਸ਼ਰੀਕੇ ਅਤੇ ਸਾੜੇ ਵਾਲਾ ਹੁੰਦਾ ਹੈ।

ਜਦੋਂ ਕੋਈ ਵਿਅਕਤੀ ਉੱਚਾ ਅਹੁਦਾ ਪ੍ਰਾਪਤ ਕਰ ਲਵੇ ਤਾਂ ਉਸ ਤੋਂ ਉਚੇਰੀ ਪੱਧਰ ਦੇ ਵਰਤਾਰੇ ਦੀ ਉਮੀਦ ਕੀਤੀ ਜਾਂਦੀ ਹੈ ਪਰ ਜਦੋਂ ਅਜਿਹਾ ਸੰਭਵ ਨਾ ਹੋਵੇ ਤਾਂ ਕੁਝ ਲੋਕ ਉਸ ਦੇ ਪੱਖ ਵਿਚ ਅਤੇ ਕੁਝ ਵਿਰੋਧ ਵਿਚ ਡੱਟ ਜਾਂਦੇ ਹਨ ਅਤੇ ਧੜੇਬੰਦੀਆਂ ਉਸਾਰ ਲੈਂਦੇ ਹਨ।

ਧੜੇਬੰਦੀਆਂ ਨਾਲ ਜਿੱਥੇ ਧੜੇ ਅੰਦਰ ਮੇਲ-ਜੋਲ ਵੱਧਦਾ ਹੈ, ਉਥੇ ਧੜੇ ਤੋਂ ਬਾਹਰ ਸਭ ਕੁਝ ਸ਼ੱਕ ਅਤੇ ਵਿਰੋਧ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

ਧੜੇਬੰਦੀ ਵਿਚ ਬਹੁਤਿਆਂ ਦੀ ਸ਼ਖ਼ਸੀਅਤ ਧਾਗੇ ਵਾਲੀ ਹੁੰਦੀ ਹੈ, ਜਿਧਰ ਸੂਈ ਜਾਂਦੀ ਹੈ, ਉਧਰ ਧਾਗਾ ਜਾਂਦਾ ਹੈ।

ਸਵੈਮਾਣ ਵਾਲੇ ਵਿਅਕਤੀ ਅਜਿਹੇ ਵਿਹਾਰ ਨੂੰ ਪਸੰਦ ਨਹੀਂ ਕਰਦੇ।

ਪਰਿਵਾਰ ਦੀਆਂ ਨਿੱਤ-ਵਧਦੀਆਂ ਭਾਵਕ ਅਤੇ ਆਰਥਿਕ ਸਮੱਸਿਆਵਾਂ, ਸੰਤਾਨ ਦੇ ਮਾਪਿਆਂ ਨਾਲ ਮੇਲ-ਜੋਲ ਨੂੰ, ਵਿਰੋਧ ਵਿਚ ਬਦਲ ਦਿੰਦੀਆਂ ਹਨ।

ਮੇਲ-ਜੋਲ ਤੋਂ ਸੱਖਣਾ ਮਨੁੱਖ, ਸੂਰਜ ਬਿਨਾਂ ਦਿਨ ਵਰਗਾ ਅਤੇ ਦੀਵੇ ਬਿਨਾਂ ਰਾਤ ਵਰਗਾ ਹੋ ਨਿੱਬੜੇਗਾ।

♥♥♥

ਪਰਿਵਾਰ

ਪਰਿਵਾਰ ਉਹ ਕਮਾਨ ਹੁੰਦੀ ਹੈ ਜਿਸ ਰਾਹੀਂ ਸੰਸਾਰ ਵਿਚ ਅਸੀਂ ਤੀਰ ਵਾਂਗ ਸੇਧੇ ਜਾਂਦੇ ਹਾਂ। ਜਿਤਨੀ ਸ਼ਕਤੀਸ਼ਾਲੀ, ਟਿਕਾਊ ਅਤੇ ਮਜ਼ਬੂਤ ਇਹ ਕਮਾਨ ਹੋਵੇਗੀ, ਉਤਨੀ ਹੀ ਦੂਰ ਤੱਕ ਸਾਡੀ ਪਰਵਾਜ਼ ਜਾਵੇਗੀ।

ਸਾਡੀ ਸ਼ਖ਼ਸੀਅਤ ਦਾ ਬਰ ਪਰਿਵਾਰ ਦੀ ਖੱਡੀ ਉਤੇ ਹੀ ਨਿਰਧਾਰਿਤ ਹੁੰਦਾ ਹੈ।

ਸਾਡੇ ਮਨ ਦੀ ਚੌਗਾਠ ਸਾਡੇ ਪਰਿਵਾਰ ਵਿਚ ਹੀ ਸਿਰਜੀ ਜਾਂਦੀ ਹੈ।

ਜਦੋਂ ਕੋਈ ਰੋਗੀ ਅਰੋਗ ਨਾ ਹੋਵੇ, ਜਦੋਂ ਕਿਸੇ ਨੂੰ ਆਪਣੇ ਅੱਧੇ-ਅਧੂਰੇ ਰਹਿ ਜਾਣ ਦਾ ਸੰਤਾਪ ਸਤਾਏ, ਜਦੋਂ ਕੋਈ ਖਿੜਨ ਤੋਂ ਪਹਿਲਾਂ ਹੀ ਮੁਰਝਾ ਜਾਵੇ, ਜਦੋਂ ਯਤਨ ਕਰਨ ਦੇ ਬਾਵਜੂਦ ਕਿਸੇ ਦੇ ਝਗੜੇ ਨਾ ਨਿਬੜਨ ਅਤੇ ਜਦੋਂ ਕਿਸੇ ਦੇ ਕੰਮਾਂ ਵਿਚ ਬਰਕਤ ਨਾ ਪਵੇ ਤਾਂ ਇਨ੍ਹਾਂ ਸਭਨਾਂ ਦਾ ਕਾਰਨ ਸਬੰਧਤ ਪਰਿਵਾਰ ਵਿਚੋਂ ਲੱਭਿਆ ਜਾ ਸਕਦਾ ਹੈ।

ਜੇ ਪਿਤਾ, ਪਿਤਾ ਵਾਂਗ ਵਿਹਾਰ ਕਰੇ; ਜੇ ਮਾਂ, ਮਾਂ ਵਾਂਗ ਵਿਚਰੇ; ਜੇ ਧੀ, ਧੀ ਵਾਂਗ ਵਿਗਸੇ ਅਤੇ ਜੇ ਪੁੱਤਰ, ਪੁੱਤਰ ਵਾਂਗ ਪ੍ਰਵਾਨ ਚੜ੍ਹਨਾ ਚਾਹੇ ਤਾਂ ਕੋਈ ਕਾਰਨ ਹੀ ਨਹੀਂ ਕਿ ਪ੍ਰਸੰਨਤਾ ਦਾ ਪ੍ਰਸ਼ਾਦ ਅਜਿਹੇ ਪਰਿਵਾਰ ਵਿਚ ਨਾ ਵਰਤੇ।

ਪਰਿਵਾਰ ਉਹ ਪਾਠਸ਼ਾਲਾ ਹੁੰਦੀ ਹੈ, ਜਿਥੇ ਅਸੀਂ ਪਿਆਰ ਕਰਨ ਅਤੇ ਦੂਜਿਆਂ ਦਾ ਧਿਆਨ ਰੱਖਣ ਦਾ ਪਹਿਲਾ ਅਤੇ ਪੱਕਾ ਸਬਕ ਸਿਖਦੇ ਹਾਂ।

ਪਰਿਵਾਰ ਵਿਚ ਹੀ ਸਾਨੂੰ ਗਿਆਨ ਅਤੇ ਧਿਆਨ ਦੀ ਜਾਗ ਲਗਦੀ ਹੈ। ਪਰਿਵਾਰ ਹੀ ਸਾਨੂੰ ਉੱਚਾ-ਉੱਚਾ ਸੋਚਣਾ ਅਤੇ ਮਿੱਠਾ-ਮਿੱਠਾ ਬੋਲਣਾ ਸਿਖਾਉਂਦਾ ਹੈ।

ਜਿਨ੍ਹਾਂ ਦੇ ਅੰਗਾਂ ਵਿਚ ਤੁਹਾਨੂੰ ਰੌਣਕ ਨਜ਼ਰ ਆਉਂਦੀ ਹੈ, ਉਨ੍ਹਾਂ ਵਿਚ ਰੌਣਕ ਨੂੰ ਸਿੰਜਣ ਦਾ ਕਾਰਜ, ਉਨ੍ਹਾਂ ਦਾ ਪਰਿਵਾਰ ਕਰ ਰਿਹਾ ਹੁੰਦਾ ਹੈ।

ਜੇ ਤੁਹਾਡੇ ਪਰਿਵਾਰ ਵਿਚ ਇਕ ਦੂਜੇ ਨੂੰ ਮੁਆਫ਼ ਕਰਨ ਦੀ ਉਦਾਰਤਾ ਨਹੀਂ, ਜੇ ਇਕ ਦੂਜੇ ਉੱਤੇ ਭਰੋਸਾ ਕਰਨ ਦਾ ਸਲੀਕਾ ਨਹੀਂ, ਜੇ ਇਕ ਦੂਜੇ ਦੀਆਂ ਸੀਮਾਵਾਂ, ਸਮੱਸਿਆਵਾਂ ਅਤੇ ਸੰਭਾਵਨਾਵਾਂ ਨੂੰ ਪਛਾਣਨ ਅਤੇ ਪ੍ਰਵਾਨ ਕਰਨ ਦੀ ਦਲੇਰੀ ਨਹੀਂ ਤਾਂ ਤੁਸੀਂ ਕਿਸੇ ਪਰਿਵਾਰ ਵਿਚ ਨਹੀਂ ਵਿਚਰ ਰਹੇ, ਕਿਸੇ ਹੋਟਲ ਵਿਚ ਲੁੱਟੇ ਜਾ ਰਹੇ ਅਤੇ ਕਿਸੇ ਹਸਪਤਾਲ ਵਿਚ ਰੋਲੇ ਜਾ ਰਹੇ ਹੋ।

ਤੁਹਾਡੀ ਅਮੀਰੀ ਇਸ ਗੱਲ ਵਿਚ ਹੈ ਕਿ ਕਿਤਨੇ ਪਰਿਵਾਰ ਤੁਹਾਡੀ ਉਡੀਕ ਕਰ ਰਹੇ ਹਨ ਅਤੇ ਕਿਤਨੇ ਵਿਅਕਤੀ ਤੁਹਾਡੇ ਪਰਿਵਾਰ ਵਿਚ ਆਉਣ ਲਈ ਤਾਂਘ ਰਹੇ ਹਨ।

ਸਦੀਵੀ ਸਬੰਧ ਪਰਿਵਾਰ ਦੇ ਰੂਪ ਵਿਚ ਹੀ ਸੰਭਵ ਹੁੰਦੇ ਹਨ, ਜਿਥੇ ਹਰ ਕਿਸੇ ਨਾਲ ਵਾਪਰਨ ਵਾਲੀ ਹਰ ਘਟਨਾ ਅਤੇ ਦੁਰਘਟਨਾ, ਖੁਸ਼ੀ ਅਤੇ ਉਦਾਸੀ, ਬਾਕੀ ਸਾਰਿਆਂ ਨੂੰ ਬੜੀ ਨੇੜਿਓਂ ਪ੍ਰਭਾਵਿਤ ਕਰਦੀ ਹੈ।

ਪਰਿਵਾਰ ਵਿਚ ਦਰਿਆ ਦੇ ਉਹ ਕਿਨਾਰੇ ਹੁੰਦੇ ਹਨ, ਜਿਨ੍ਹਾਂ ਵਿਚਕਾਰ ਅਸੀਂ ਵਹਿਣਾ ਸਿਖਦੇ ਹਾਂ। ਜੇ ਪਰਿਵਾਰ ਦੀ ਟੋਰ ਸਾਵੀਂ ਨਾ ਹੋਵੇ ਤਾਂ ਸਾਡੀ ਦ੍ਰਿਸ਼ਟੀ ਸੰਤੁਲਤ ਨਹੀਂ ਹੋ ਸਕਦੀ। ਸਾਡਾ ਪਰਿਵਾਰ ਸਾਨੂੰ ਆਪਣੇ ਆਪ ਨੂੰ ਸਮਝਣ ਦੀ ਜਾਚ ਸਿਖਾਉਂਦਾ ਹੈ ਅਤੇ ਆਪਣੇ ਆਪ ਨੂੰ ਸਮਝ ਕੇ ਹੀ ਅਸੀਂ ਆਪਣੇ ਆਲੇ-ਦੁਆਲੇ ਨੂੰ ਸਵੀਕਾਰ ਕਰਕੇ ਕੋਈ ਸੇਧ ਪ੍ਰਦਾਨ ਕਰ ਸਕਦੇ ਹਾਂ।

ਅਸੀਂ ਕਿਧਰੇ ਵੀ ਜਾਈਏ, ਸਾਡੇ ਪਰਿਵਾਰ ਦੀ ਆਭਾ, ਮਾਣ-ਸਤਿਕਾਰ, ਬੇਇਜ਼ਤੀ ਅਤੇ ਬਦਨਾਮੀ ਸਾਡੇ ਨਾਲ ਚਲਦੀ ਹੈ।

ਆਦਿ-ਜੁਗਾਦਿ ਤੋਂ ਇਵੇਂ ਚਲਿਆ ਆ ਰਿਹਾ ਹੈ ਕਿ ਸ਼ਖ਼ਸੀਅਤ ਦੀ ਡੂੰਘਾਈ ਪਰਿਵਾਰ ਦੇ ਫੀਤੇ ਨਾਲ ਹੀ ਮਾਪੀ ਜਾ ਸਕਦੀ ਹੈ।

ਅਜੋਕੇ ਯੁੱਗ ਵਿਚ ਪਰਿਵਾਰ ਦੀ ਹੋਂਦ ਨੂੰ ਖਤਰਾ ਨਿੱਤ-ਦਿਨ ਵੱਧ ਰਿਹਾ ਹੈ।

ਪਹਿਲਾਂ ਅਸੀਂ ਅਜਨਬੀ ਨੂੰ ਪੁੱਛਦੇ ਸਾਂ: ਤੁਸੀਂ ਕੌਣ ਹੋ? ਪਰ ਅੱਜ ਕੱਲ੍ਹ ਪੁੱਛਿਆ ਜਾਂਦਾ ਹੈ : ਤੁਸੀਂ ਕਰਦੇ ਕੀ ਹੋ?

ਖੇਤੀਬਾੜੀ ਵਾਲਾ ਜੀਵਨ ਹੀ ਅਜਿਹਾ ਸੀ ਕਿ ਵੱਡੇ ਪਰਿਵਾਰ ਸੰਭਵ ਹੋਏ।

ਉਨ੍ਹਾਂ ਪਰਿਵਾਰਾਂ ਵਿਚ ਨਾ ਕੋਈ ਆਤਮਘਾਤ ਕਰਦਾ ਸੀ, ਨਾ ਕੋਈ ਤਲਾਕ ਦਿੰਦਾ ਸੀ, ਨਾ ਕੋਈ ਉਦਾਸ ਹੁੰਦਾ ਸੀ, ਨਾ ਕੋਈ ਮਾਯੂਸ ਕਰਦਾ ਸੀ।

ਉਦਯੋਗਾਂ ਨੇ ਜੀਵਨ ਦੀ ਸੁਰਤਾਲ ਬਦਲ ਦਿੱਤੀ ਹੈ। ਪਿਤਾ ਬਹੁਤਾ ਚਿਰ ਘਰੋਂ ਬਾਹਰ ਰਹਿੰਦਾ ਹੈ, ਮਾਂਵਾਂ ਕੋਲ ਆਪਣੀਆਂ ਧੀਆਂ ਨੂੰ ਸਿਖਾਉਣ ਲਈ ਕੁਝ ਵੀ ਨਹੀਂ।

ਪਰਿਵਾਰ ਵਿਚ ਗੁਜ਼ਾਰਿਆ ਜਾਣ ਵਾਲਾ ਸਮਾਂ ਘਟਦਾ ਜਾ ਰਿਹਾ ਹੈ।

ਸਾਡਾ ਸਾਰਿਆਂ ਦਾ ਜੀਵਨ ਕੁਝ ਇਸ ਪ੍ਰਕਾਰ ਨਾਲ ਖਿੰਡਰ ਗਿਆ ਹੈ, ਜਿਵੇਂ ਅਸੀਂ ਸਾਰੇ ਕਿਸੇ ਨੂੰ ਲੱਭ ਰਹੇ ਹੋਈਏ।

ਖੁਸ਼ਹਾਲੀ ਆਪਣੀ ਕਿਸਮ ਦਾ ਨੁਕਸਾਨ ਕਰਦੀ ਹੈ। ਇਹ ਵਿਛੋੜਦੀ ਹੈ, ਲੋੜਾਂ ਨੂੰ ਔਖੇ-ਪਰੋਖੇ ਕਰਦੀ ਹੈ ਅਤੇ ਇੱਛਾਵਾਂ ਨੂੰ ਵਧਾਉਂਦੀ ਹੈ, ਕੁਝ ਦੇਣ ਦੀ ਦਲੇਰੀ ਘਟਦੀ ਹੈ, ਸਭ ਕੁਝ ਲੈਣ ਦਾ ਲਾਲਚ ਵੱਧਦਾ ਹੈ। ਰਿਸ਼ਤੇਦਾਰਾਂ ਨਾਲ ਸਬੰਧ ਆਪਸ਼ਨਲ ਵਿਸ਼ਾ ਬਣ ਜਾਂਦੇ ਹਨ। ਆਲੇ-ਦੁਆਲੇ ਵੱਸੋਂ ਸੰਘਣੀ ਹੁੰਦੀ ਜਾਂਦੀ ਹੈ ਪਰ ਗੁਆਂਢੀ ਗੁਆਚਦੇ ਜਾ ਰਹੇ ਹਨ। ਲੋਕ ਖਾਈ ਜਾ ਰਹੇ ਹਨ ਪਰ ਰੱਜਦੇ ਨਹੀਂ।

ਪਹਿਲਾਂ ਬੱਚੇ ਸਕੂਲ ਜਾਣ ਤੋਂ ਡਰਿਆ ਕਰਦੇ ਸਨ, ਹੁਣ ਘਰ ਵਾਪਸ ਆਉਣ ਤੋਂ ਘਬਰਾਉਂਦੇ ਹਨ।

ਹੁਣ ਮਾਪੇ ਹੋਣਾ ਮਾਣ ਵਾਲੀ ਗੱਲ ਨਹੀਂ ਰਹੀ, ਇਕ ਮੁਸੀਬਤ ਬਣ ਗਈ ਹੈ।

ਹੁਣ ਆਪਣੇ ਅੰਦਰਲੇ ਸੱਖਣੇਪਣ ਨੂੰ ਅਸੀਂ ਆਜ਼ਾਦੀ ਅਤੇ ਆਪਣੇ ਪਾਗਲਪਣ ਨੂੰ ਵਿਲੱਖਣ ਅਨੁਭਵ ਸਮਝਣ ਲੱਗ ਪਏ ਹਾਂ।

ਆਰਥਿਕ ਸਫ਼ਲਤਾ ਲਈ ਅਸੀਂ ਸੱਚਾਈ, ਈਮਾਨਦਾਰੀ, ਪਿਆਰ, ਮਿਲਵਰਤਣ, ਇਨਸਾਫ਼ ਅਤੇ ਉਦਾਰਤਾ ਨੂੰ ਦਾਓ ਉਤੇ ਲਾ ਦਿੱਤਾ ਹੈ। ਬਜ਼ੁਰਗ ਬੱਚਿਆਂ ਤੋਂ ਵਿਛੋੜ ਦਿੱਤੇ ਗਏ ਹਨ। ਵਿਆਹ ਉਪਰੰਤ ਹੁਣ ਅਸੀਂ ਸਾਹ ਘੁੱਟਣ ਦੀ ਅਤੇ ਤਲਾਕ ਉਪਰੰਤ ਇਕੱਲਤਾ ਅਤੇ ਉਕਤਾਹਟ ਦੀ ਸ਼ਿਕਾਇਤ ਕਰਦੇ ਹਾਂ।

ਹੁਣ ਅਸੀਂ ਕਿਸੇ ਦੇ ਨੇੜੇ ਹੋਣ ਤੋਂ ਵੀ ਡਰਦੇ ਹਾਂ ਅਤੇ ਵੱਖਰੇ ਹੋਣ ਤੋਂ ਵੀ। ਕੋਈ ਵੀ ਜਿੱਤ ਨਹੀਂ ਰਿਹਾ, ਸਾਰੇ ਹਾਰ ਰਹੇ ਹਾਂ। ਪਰਿਵਾਰ ਛੋਟੇ ਹੁੰਦੇ ਜਾ ਰਹੇ ਹਨ ਪਰ ਭਾਵਕ ਅਤੇ ਮਾਨਸਿਕ ਸਮੱਸਿਆਵਾਂ ਦਾ ਬੋਝ ਵੱਧ ਰਿਹਾ ਹੈ।

ਸਾਡੀ ਸਭਨਾਂ ਦੀ ਇਹ ਆਦਤ ਹੈ ਕਿ ਜੇ ਇਕ ਡਾਕਟਰ ਮਿਲ ਜਾਵੇ ਤਾਂ ਅਸੀਂ ਸਾਰੇ ਵੱਖ-ਵੱਖ ਰੋਗਾਂ ਦੇ ਮਰੀਜ਼ ਬਣ ਜਾਂਦੇ ਹਾਂ ਅਤੇ ਜੇ ਇਕ ਮਰੀਜ਼ ਮਿਲ ਜਾਵੇ ਤਾਂ ਅਸੀਂ ਸਾਰੇ ਡਾਕਟਰ ਬਣ ਕੇ ਸਲਾਹਾਂ ਦੇਣ ਲਗ ਜਾਂਦੇ ਹਾਂ।

ਅਜਿਹਾ ਹੀ ਵਰਤਾਰਾ ਸਾਡਾ ਸਮਾਜਿਕ ਸਮੱਸਿਆਵਾਂ ਪ੍ਰਤੀ ਹੈ।

ਕਈ ਅਜੋਕੀ ਪਰਿਵਾਰਕ ਸਥਿਤੀ ਦਾ ਕਾਰਨ ਆਰਥਿਕ ਕਾਣੀ-ਵੰਡ ਦੱਸਣਗੇ ਅਤੇ ਕਈ ਦੋਸ਼ਪੂਰਨ ਰਾਜਨੀਤਕ ਸਥਿਤੀ। ਸਾਡੀ ਰਾਜਨੀਤਕ ਸਥਿਤੀ ਪਰਿਵਾਰਾਂ ਨੂੰ ਨਹੀਂ ਤੋੜ ਰਹੀ, ਸਗੋਂ ਟੁੱਟੇ ਪਰਿਵਾਰ ਅਜਿਹੇ ਰਾਜਨੀਤਕ ਆਗੂ ਸਿਰਜ ਰਹੇ ਹਨ, ਜਿਨ੍ਹਾਂ ਨੂੰ ਪਾੜਨਾ ਹੀ ਆਉਂਦਾ ਹੈ, ਸਿਉਣਾ ਨਹੀਂ।

ਜਿਨ੍ਹਾਂ ਪਰਿਵਾਰਾਂ ਵਿਚ ਬਹਿਸ ਵਧੇਰੇ ਹੁੰਦੀ ਹੈ, ਉਥੇ ਮਲੂਕ ਤੱਕਣੀ ਨਾਲ ਇਕ ਦੂਜੇ ਨੂੰ ਵੇਖਣ ਦੀ ਸੰਭਾਵਨਾ ਉਜਾਗਰ ਨਹੀਂ ਹੁੰਦੀ। ਜਿਥੇ ਜਨਮ ਅਤੇ ਮਰਨ ਦੇ ਵਿਚਕਾਰ ਵਾਪਰਨ ਵਾਲੀ ਹਰ ਘਟਨਾ ਨੂੰ ਸੁਣਨ ਅਤੇ ਸੁਣਾਉਣ ਦਾ ਵਕਤ ਨਹੀਂ, ਉਥੇ ਘਰ ਜੇਲ੍ਹ ਵਰਗਾ ਜਾਂ ਪਾਗਲਖਾਨੇ ਜਿਹਾ ਹੋ ਨਿਬੜਦਾ ਹੈ।

ਜਨਮ, ਬੀਮਾਰੀ, ਵਿਆਹ ਅਤੇ ਮੌਤ, ਪਰਿਵਾਰ ਵਿਚ ਵਾਪਰਨ ਵਾਲੀਆਂ ਵੱਡੀਆਂ ਘਟਨਾਵਾਂ ਹੁੰਦੀਆਂ ਹਨ।

ਇਨ੍ਹਾਂ ਦੇ ਵਾਪਰਨ ਉੱਤੇ ਅਸੀਂ ਜਿਹੋ ਜਿਹੀ ਪ੍ਰਸੰਨਤਾ ਜਾਂ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ, ਉਸ ਤੋਂ ਸਾਡੇ ਪਰਿਵਾਰ ਦੀ ਪਹੁੰਚ ਅਤੇ ਸਮਰੱਥਾ ਦਾ ਪਤਾ ਲਗਦਾ ਹੈ।

ਕੋਈ ਵੀ ਪਰਿਵਾਰ ਇਨ੍ਹਾਂ ਘਟਨਾਵਾਂ ਤੋਂ ਮੁਕਤ ਨਹੀਂ ਹੁੰਦਾ ਪਰ ਇਨ੍ਹਾਂ ਦੇ ਸੰਦਰਭ ਵਿਚ ਹਰ ਪਰਿਵਾਰ ਦਾ ਵਰਤਾਰਾ ਵੱਖਰੀ ਭਾਂਤ ਦਾ ਹੁੰਦਾ ਹੈ।

ਜਿਸ ਪਰਿਵਾਰ ਵਿਚ ਬਜ਼ੁਰਗਾਂ ਦਾ ਸਤਿਕਾਰ ਨਹੀਂ ਹੁੰਦਾ, ਉਥੇ ਬੱਚੇ ਵੀ ਸਾਵੇਂ-ਸੰਤੁਲਿਤ ਨਹੀਂ ਹੁੰਦੇ। ਜਿਸ ਪਰਿਵਾਰ ਵਿਚ ਆਪਸੀ ਪਿਆਰ ਨਹੀਂ ਹੁੰਦਾ, ਉਥੇ ਰੰਗ ਭਾਵੇਂ ਸਾਰਿਆਂ ਦਾ ਗੋਰਾ ਹੋਵੇ ਪਰ ਸੋਹਣਾ ਕੋਈ ਨਹੀਂ ਹੋਵੇਗਾ।

ਪਰਿਵਾਰ ਹੀ ਸਾਨੂੰ ਲੜਨ ਦੀ ਜਾਚ ਅਤੇ ਸਮਝੌਤੇ ਕਰਨ ਦਾ ਸਬਕ ਸਿਖਾਉਂਦਾ ਹੈ।

ਜਿਹੜੇ ਪਰਿਵਾਰ ਤੋਂ ਵਿਛੜ ਕੇ ਜਿਊਣਾ ਚਾਹੁੰਦੇ ਹਨ, ਉਨ੍ਹਾਂ ਦੀ ਹਸਤੀ ਜੰਗਲ ਵਿਚ ਡੁੱਲ੍ਹੀ ਚੀਖ ਵਰਗੀ ਹੁੰਦੀ ਹੈ, ਉਨ੍ਹਾਂ ਦੀ ਸਥਿਤੀ ਮਾਰੂਥਲ ਵਿਚ ਗੁਆਚੇ ਕਾਫ਼ਲੇ ਵਾਂਗ

ਹੁੰਦੀ ਹੈ, ਉਨ੍ਹਾਂ ਉੱਤੇ ਭਾਵੇਂ ਮਿਹਰਾਂ ਦੇ ਮੀਂਹ ਬੜੇ ਵਰ੍ਹਦੇ ਹਨ ਪਰ ਉਨ੍ਹਾਂ ਦੇ ਮਨਾਂ ਦੇ ਬਾਗ ਪਿਆਸੇ ਹੀ ਰਹਿੰਦੇ ਹਨ।

ਪਰਿਵਾਰ ਉਹ ਵਾਤਾਵਰਣ ਦਿੰਦਾ ਹੈ, ਜਿਸ ਵਿਚ ਅਸੀਂ ਨਿਸ਼ਚਿੰਤ ਹੋ ਕੇ ਸੌਂਦੇ ਹਾਂ ਅਤੇ ਸਵੇਰੇ ਹੌਲੇ-ਫੁੱਲ ਸਰੀਰ ਨਾਲ ਉਠਦੇ ਹਾਂ ਅਤੇ ਪਿਆਰ ਦਾ ਇਕ ਹੋਰ ਦਿਨ ਮਿਲ ਜਾਣ ਲਈ ਸ਼ੁਕਰ ਮਨਾਉਂਦੇ ਹਾਂ।

ਤਰਕਾਲਾਂ ਪੈਣ ਉੱਤੇ ਅਸੀਂ ਸ਼ੁਕਰਾਨੇ ਭਰੇ ਦਿਲ ਨਾਲ ਪਰਿਵਾਰ ਵਲ ਪਰਤਦੇ ਹਾਂ, ਜਿਥੇ ਬੂਹੇ ਵਿਚ ਸਾਡੀ ਉਡੀਕ ਖਲੋਤੀ ਹੁੰਦੀ ਹੈ।

ਪਰਿਵਾਰ ਪੀਹ-ਪੀਹ ਕੇ, ਗੁੰਨ੍ਹ-ਗੁੰਨ੍ਹ ਕੇ, ਸਾਡੇ ਵਿਚ ਸੂਖਮਤਾ, ਨਿਖਾਰ, ਮੁਲਾਇਮੀ ਅਤੇ ਸਫੈਦੀ ਲਿਆਉਂਦਾ ਹੈ।

ਪਿਆਰ ਨੂੰ ਪਿਆਰ ਹੀ ਰਜਾਉਂਦਾ ਹੈ ਅਤੇ ਇਹ ਰੱਜ ਕੇਵਲ ਪਰਿਵਾਰ ਵਿਚ ਰਹਿਣ ਨਾਲ ਹੀ ਸੰਭਵ ਹੁੰਦਾ ਹੈ।

ਸੁਖੀ ਪਰਿਵਾਰਾਂ ਦੀ ਇਕ ਪਛਾਣ ਇਹ ਹੁੰਦੀ ਹੈ ਕਿ ਉਥੇ ਅਧੂਰੇ ਵਾਕਾਂ ਨਾਲ ਵੀ ਪੂਰੇ ਅਰਥ ਸਮਝ ਆ ਜਾਂਦੇ ਹਨ। ਦੁਖੀ ਪਰਿਵਾਰ ਉਹ ਹੁੰਦੇ ਹਨ, ਜਿਥੇ ਸੁਨੇਹਿਆਂ ਦਾ ਲੈਣ-ਦੇਣ ਸਿੱਧਾ, ਸੌਖਾ ਅਤੇ ਸੁਖਾਵਾਂ ਨਹੀਂ ਹੁੰਦਾ, ਜਿਥੇ ਆਪਣੀ ਗੱਲ ਕਹਿਣ ਵਿਚ ਲੋੜ ਨਾਲੋਂ ਵਧੇਰੇ ਸਮਾਂ ਲੱਗਣ ਦੇ ਬਾਵਜੂਦ ਸਮਝਣ ਵਿਚ ਭੁਲੇਖਾ ਲਗਦਾ ਹੈ ਅਤੇ ਸਹਿਮਤ ਹੋਣ ਵਿਚ ਝਿਜਕ ਹੁੰਦੀ ਹੈ।

ਸੰਕਟ ਦੀ ਸਥਿਤੀ ਵਿਚ ਹਰ ਪਰਿਵਾਰ ਵਿਚ ਇਕ-ਦੂਜੇ ਉਤੇ ਦੋਸ਼ ਲੱਗਣੇ ਸੁਭਾਵਿਕ ਹੁੰਦੇ ਹਨ ਪਰ ਦੋਸ਼ ਲੱਗਣ ਨਾਲ ਸਾਰੀਆਂ ਧਿਰਾਂ ਆਪਣੇ ਵਿਹਾਰ ਪ੍ਰਤੀ ਸੁਚੇਤ ਹੋ ਜਾਂਦੀਆਂ ਹਨ ਅਤੇ ਸੰਕਟ ਦਾ ਸੰਘਣਾਪਣ ਘੱਟ ਜਾਂਦਾ ਹੈ। ਕਿਸੇ ਪਰਿਵਾਰ ਵਿਚ ਸੁਨੇਹਿਆਂ ਦਾ ਆਦਾਨ-ਪ੍ਰਦਾਨ ਜਿਤਨਾ ਸੁਖਾਵਾਂ ਹੋਵੇਗਾ, ਉਤਨਾ ਹੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਵਾਤਾਵਰਣ ਉਤਸ਼ਾਹ ਵਾਲਾ ਹੋਵੇਗਾ।

ਦੁਖੀ ਪਰਿਵਾਰ ਆਪਣੇ ਲਈ ਹੀ ਨਹੀਂ, ਦੂਜਿਆਂ ਲਈ ਵੀ ਸਮੱਸਿਆਵਾਂ ਉਪਜਾਉਂਦੇ ਹਨ, ਜਦੋਂ ਕਿ ਸੁਖੀ ਪਰਿਵਾਰ ਆਪਣੀਆਂ ਹੀ ਨਹੀਂ, ਦੂਜਿਆਂ ਦੀਆਂ ਸਮੱਸਿਆਵਾਂ ਵੀ ਸੁਲਝਾਉਂਦੇ ਹਨ।

ਸੁਖੀ ਪਰਿਵਾਰ, ਗਲਤੀਆਂ ਦੇ ਬਾਵਜੂਦ ਵਿਕਾਸ ਕਰਦੇ ਹਨ ਪਰ ਦੁਖੀ ਪਰਿਵਾਰ, ਪ੍ਰਾਪਤੀਆਂ ਦੇ ਬਾਵਜੂਦ ਨਿਘਰਦੇ ਹਨ।

ਹਰ ਸੁਖੀ ਪਰਿਵਾਰ ਵਿਚ ਇਕ ਹੀ ਆਗੂ ਹੁੰਦਾ ਹੈ ਪਰ ਦੁਖੀ ਪਰਿਵਾਰ ਇਕ ਅਜਿਹੀ ਟੀਮ ਹੁੰਦੀ ਹੈ, ਜਿਥੇ ਹਰ ਕੋਈ ਗੋਲ-ਕੀਪਰ ਵਾਂਗ ਅੜ ਖਲੋਂਦਾ ਹੈ।

ਚੰਗੇ ਪਰਿਵਾਰ ਵਿਚ ਕੋਈ ਵੀ ਤਬਦੀਲੀ ਝੱਟਪਟ ਨਹੀਂ ਵਾਪਰਦੀ, ਕਿਉਂਕਿ ਝੱਟਪਟ ਵਾਪਰਨ ਵਾਲੀ ਕੋਈ ਵੀ ਤਬਦੀਲੀ ਹੰਢਣਸਾਰ ਨਹੀਂ ਹੁੰਦੀ।

ਚੰਗੇ ਪਰਿਵਾਰ ਵਿਚ ਯਤਨ ਕੀਤਾ ਜਾਂਦਾ ਹੈ, ਦੂਜਿਆਂ ਵਰਗੇ ਬਣਨ ਦਾ ਪਰ ਦੂਜਿਆਂ ਨੂੰ ਆਪਣੇ ਵਰਗਾ ਬਣਾਉਣ ਦੀ ਜ਼ਿੱਦ ਨਹੀਂ ਕੀਤੀ ਜਾਂਦੀ।

ਚੰਗੇ ਪਰਿਵਾਰਾਂ ਦੇ ਸਾਰੇ ਜੀਅ ਇਕੱਠੇ ਖਲੋਂਦੇ ਹਨ ਪਰ ਬਹੁਤਾ ਨਾਲ-ਨਾਲ ਵੀ ਨਹੀਂ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਦਰੱਖਤ ਇਕ ਦੂਜੇ ਦੀ ਛਾਂ ਹੇਠ ਨਹੀਂ ਵਿਗਸਦੇ।

ਚੰਗੇ ਪਰਿਵਾਰਾਂ ਦੇ ਜੀਅ ਆਪਸ ਵਿਚ ਇਤਨੀ ਕੁ ਵਿੱਥ ਰੱਖ ਲੈਂਦੇ ਹਨ ਕਿ ਖੁੱਲ੍ਹੀਆਂ ਹਵਾਵਾਂ ਉਨ੍ਹਾਂ ਦੇ ਵਿਚਕਾਰ ਨੱਚ ਸਕਣ। ਇਨ੍ਹਾਂ ਪਰਿਵਾਰਾਂ ਦੀਆਂ ਮਾਂਵਾਂ ਨਿੱਗਰ ਨੀਹਾਂ ਵਾਂਗ ਹੁੰਦੀਆਂ ਹਨ, ਜਿਹੜੀਆਂ ਆਪ ਅਹਿਲ ਰਹਿੰਦੀਆਂ ਹਨ ਤਾਂ ਕਿ ਉਨ੍ਹਾਂ ਦੀ ਸੰਤਾਨ ਜ਼ਿੰਦਗੀ ਦਾ ਜਸ਼ਨ ਮਨਾ ਸਕੇ, ਇਥੇ ਪਿਤਾ ਕਮਾਨ ਵਾਂਗ ਝੁਕ ਜਾਂਦੇ ਹਨ, ਲੱਚਕ ਨਾਲ ਮੁੜ ਜਾਂਦੇ ਹਨ ਤਾਂ ਕਿ ਉਨ੍ਹਾਂ ਦੇ ਧੀਆਂ-ਪੁੱਤਰ ਦੂਰ-ਦੁਮੇਲਾਂ ਵਲ ਸੇਧੇ ਜਾ ਸਕਣ।

ਚੰਗੇ ਪਰਿਵਾਰ ਮਿਹਨਤ ਨਾਲ ਅਮੀਰ ਅਤੇ ਖੁਸ਼ਹਾਲ ਹੁੰਦੇ ਹਨ, ਉਨ੍ਹਾਂ ਨੂੰ ਸੌਖੀਆਂ ਜਿੱਤਾਂ ਦੀ ਆਦਤ ਨਹੀਂ ਹੁੰਦੀ, ਉਨ੍ਹਾਂ ਲਈ ਵਿਹਲੇ ਰਹਿਣਾ ਬਹਾਰਾਂ ਤੋਂ ਮੁਨਕਰ ਹੋਣ ਵਾਂਗ ਹੁੰਦਾ ਹੈ, ਉਨ੍ਹਾਂ ਵਿਚ ਮਿਹਨਤ ਦੇ ਰਾਹ ਪੈ ਕੇ ਜੀਵਨ ਨੂੰ ਲੱਭਣ ਦੀ ਤਾਂਘ ਹੁੰਦੀ ਹੈ ਤਾਂ ਕਿ ਉਹ ਜੀਵਨ ਦੇ ਧੁਰ-ਅੰਦਰਲੇ ਭੇਤਾਂ ਨਾਲ ਇਕਮਿਕ ਹੋ ਸਕਣ।

ਕਿਸੇ ਪਰਿਵਾਰ ਦੀ ਅੰਦਰਲੀ ਸ਼ਕਤੀ ਇਸ ਗੱਲ ਤੋਂ ਮਾਪੀ ਜਾ ਸਕਦੀ ਹੈ ਕਿ ਉਸ ਵਿਚ ਆਪਣੇ ਕਿਸੇ ਜੀਅ ਦੀ ਜਿੱਤ ਅਤੇ ਹਾਰ ਨੂੰ ਅਤੇ ਆਪਣੇ ਕਿਸੇ ਮਿੱਤਰ-ਪਿਆਰੇ ਦੀ ਮੌਤ ਨੂੰ ਕਿਵੇਂ ਸਹਿਣ ਅਤੇ ਸਵੀਕਾਰ ਕੀਤਾ ਜਾਂਦਾ ਹੈ।

ਜਦੋਂ ਪਰਿਵਾਰ ਵਿਚ ਸਾਡਾ ਕੋਈ ਆਪਣਾ ਮਰਦਾ ਹੈ ਤਾਂ ਅਸੀਂ ਸਾਰੇ ਇਕ-ਮੁੱਠ ਹੋ ਕੇ ਜੀਵਨ ਤੋਂ ਇਕ ਵਿੱਥ ਉੱਤੇ ਵਿਚਰਨ ਲਗ ਪੈਂਦੇ ਹਾਂ, ਜਿਵੇਂ ਉਸ ਨੂੰ ਨਾ ਬਚਾ ਸਕਣ ਦਾ ਆਪਣੇ ਆਪ ਨਾਲ ਸੋਗ ਕਰ ਰਹੇ ਹੋਈਏ।

ਅਸੀਂ ਅਕਸਰ ਉਨ੍ਹਾਂ ਸਬੰਧਾਂ ਨੂੰ ਯਾਦ ਕਰ ਕੇ ਰੋਂਦੇ ਹਾਂ, ਜਿਨ੍ਹਾਂ ਨਾਲ ਅਸੀਂ ਆਪਣੇ ਆਪ ਨੂੰ ਜਿਊਂਦਿਆਂ ਵਿਚ ਗਿਣਦੇ ਸਾਂ। ਅਸੀਂ ਇਹ ਜਾਣ ਕੇ ਵਿਰਲਾਪ ਕਰਦੇ ਹਾਂ ਕਿ ਜੋ ਮੁਲਵਾਨ ਅਨੁਭਵ ਉਸ ਤੋਂ ਮਿਲਦਾ ਸੀ, ਉਹ ਕੇਵਲ ਉਸ ਤੋਂ ਹੀ ਮਿਲ ਸਕਦਾ ਸੀ, ਕਈ ਵਾਰੀ ਸਾਨੂੰ ਆਪ ਵੀ ਨਹੀਂ ਪਤਾ ਹੁੰਦਾ ਕਿ ਉਸ ਤੋਂ ਕੀ ਮਿਲਦਾ ਸੀ।

ਪਤਾ ਨਹੀਂ, ਇਉਂ ਕਿਉਂ ਵਾਪਰਦਾ ਹੈ ਕਿ ਜਦੋਂ ਸਾਡੀ ਮਾਂ ਮਰਦੀ ਹੈ ਤਾਂ ਸਾਨੂੰ ਆਪਣਾ ਬਚਪਨ ਬਹੁਤ ਯਾਦ ਆਉਂਦਾ ਹੈ, ਜਦੋਂ ਸਾਡਾ ਪਿਓ ਮਰਦਾ ਹੈ ਤਾਂ ਅਸੀਂ ਯਤੀਮਾਂ ਦੀ ਨਜ਼ਰ ਨਾਲ ਆਪਣੀ ਸੰਤਾਨ ਵਲ ਵੇਖਦੇ ਹਾਂ।

ਮਾਪਿਆਂ ਨੂੰ ਤੁਹਾਡੇ ਕਿਸੇ ਤੋਹਫ਼ੇ ਦੀ ਲੋੜ ਨਹੀਂ, ਉਨ੍ਹਾਂ ਵਲੋਂ ਦਿੱਤੇ ਜੀਵਨ ਨਾਲੋਂ ਵੱਡਾ ਤੋਹਫ਼ਾ ਕੀ ਹੋ ਸਕਦਾ ਹੈ ਪਰ ਜੇ ਤੁਸੀਂ ਕੁਝ ਦੇਣਾ ਹੀ ਚਾਹੁੰਦੇ ਹੋ ਤਾਂ ਉਨ੍ਹਾਂ ਨੂੰ ਆਪਣੇ ਪਰਿਵਾਰ ਵਿਚ ਭਰਪੂਰ ਢੰਗ ਨਾਲ ਰੱਜ ਕੇ ਜਿਊਣ ਅਤੇ ਪ੍ਰਸੰਨ-ਚਿੱਤ ਹੋ ਕੇ ਮਰਨ ਦਾ ਅਵਸਰ ਦਿਓ, ਅਜਿਹਾ ਭਰਪੂਰ ਅਵਸਰ, ਜਿਸ ਉਪਰੰਤ ਉਨ੍ਹਾਂ ਦੀ ਆਤਮਾ ਲਈ ਸ਼ਾਂਤੀ ਦੀ ਅਰਦਾਸ ਕਰਨ ਦੀ ਲੋੜ ਨਾ ਪਵੇ।

ਜਿਹੜੇ ਆਪਣੇ ਮਾਪਿਆਂ ਦਾ ਨਾਂ ਸੱਚੇ ਮਾਣ ਨਾਲ ਲੈਂਦੇ ਹਨ, ਉਹ ਭਾਵੇਂ ਦੁਨੀਆਂ ਦੀਆਂ ਨਜ਼ਰਾਂ ਵਿਚ ਗਰੀਬ ਹੋਣ, ਉਨ੍ਹਾਂ ਦਾ ਰਾਹ ਭਾਵੇਂ ਟੋਇਆਂ-ਟਿੱਬਿਆਂ ਵਾਲਾ ਹੀ ਹੋਵੇ, ਉਨ੍ਹਾਂ ਦੇ ਸਿਰ ਉੱਤੇ ਛੱਤ ਭਾਵੇਂ ਛੋਟੀ ਅਤੇ ਪਤਲੀ ਹੀ ਹੋਵੇ, ਉਹ ਦੁਨੀਆਂ ਨੂੰ ਬਹੁਤ ਕੁਝ ਦਿੰਦੇ ਹਨ ਅਤੇ ਬਦਲੇ ਵਿਚ ਕੁਝ ਲੈਣ ਦੀ ਮਜਬੂਰੀ ਤੋਂ ਬਚੇ ਰਹਿੰਦੇ ਹਨ।

ਸੰਸਾਰ ਵਿਚ ਸਾਡਾ ਵਿਹਾਰ ਅਤੇ ਚਰਿੱਤਰ ਨਿਰਧਾਰਿਤ ਕਰਨ ਵਿਚ ਪਰਿਵਾਰ ਨੂੰ ਬੜਾ ਲੰਮਾ ਅਰਸਾ ਲਗਦਾ ਹੈ।

ਵੇਖਿਆ ਗਿਆ ਹੈ ਕਿ ਹਰ ਪਰਿਵਾਰ ਵਿਚ ਕੋਈ ਨਾ ਕੋਈ ਅਜਿਹਾ ਵਿਅਕਤੀ ਹੁੰਦਾ ਹੈ, ਜਿਹੜਾ ਹਾਰਮੋਨੀਅਮ ਨੂੰ ਤਬਲੇ ਵਾਂਗ ਵਜਾਉਣ ਦੀ ਜ਼ਿੱਦ ਕਰਦਾ ਹੈ। ਅਜਿਹੇ ਵਿਅਕਤੀ ਦੂਜਿਆਂ ਨੂੰ ਗਾਲ੍ਹਾਂ ਦੇ ਕੇ ਆਪਣੇ ਸਾਊ ਹੋਣ ਦਾ ਪ੍ਰਮਾਣ ਦੇਣਾ ਚਾਹੁੰਦੇ ਹਨ ਪਰ ਗਾਲ੍ਹਾਂ ਦਾ ਉਦੇਸ਼ ਦੂਜਿਆਂ ਨੂੰ ਦੁਖੀ ਕਰ ਕੇ ਈਨ ਮੰਨਵਾਉਣਾ ਹੁੰਦਾ ਹੈ।

ਅਜਿਹੇ ਵਿਅਕਤੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਉਹ ਦੂਜਿਆਂ ਨਾਲ ਨਿਮਰਤਾ ਨਾਲ ਪੇਸ਼ ਨਹੀਂ ਆ ਸਕਦੇ ਤਾਂ ਦੂਜਿਆਂ ਤੋਂ ਜਿਸ ਸਤਿਕਾਰ ਦੀ ਉਨ੍ਹਾਂ ਨੂੰ ਤਾਂਘ ਹੈ, ਉਸ ਦੇ ਉਹ ਕਦੇ ਵੀ ਯੋਗ ਨਹੀਂ ਹੋਣਗੇ।

ਉਹ ਸ਼ਾਇਦ ਨਹੀਂ ਜਾਣਦੇ ਕਿ ਗਾਲ੍ਹਾਂ ਅਤੇ ਗੁੱਸੇ ਨਾਲ ਕਦੇ ਕੋਈ ਮਾਣ ਕਰਨਯੋਗ ਵਿਕਾਸ ਸੰਭਵ ਨਹੀਂ ਹੋਇਆ।

ਚੰਗੇ ਅਤੇ ਸ਼ਕਤੀਸ਼ਾਲੀ ਪਰਿਵਾਰਾਂ ਵਿਚ ਦੁੱਖ, ਹਾਰ, ਵਿਛੋੜਾ ਆਦਿ ਚੁਪ-ਚੁਪੀਤੇ ਸਹਿਣ ਦੀ ਆਦਤ ਹੁੰਦੀ ਹੈ।

ਇਹੀ ਕਾਰਨ ਹੈ ਕਿ ਚੰਗੇ ਪਰਿਵਾਰ ਭਾਵਕ ਪੱਖੋਂ ਵਧੇਰੇ ਟਿਕਾਓ, ਦ੍ਰਿੜ੍ਹਤਾ, ਸਿਦਕ ਅਤੇ ਸਿਰੜ ਦਾ ਪ੍ਰਮਾਣ ਦਿੰਦੇ ਹਨ। ਅਜਿਹੇ ਪਰਿਵਾਰਾਂ ਦੇ ਜੀਆਂ ਵਿਚ ਹਰ ਥਾਂ ਹਾਜ਼ਰ ਹੋਣ ਦੀ ਕਾਹਲ ਅਤੇ ਲਾਲਸਾ ਨਹੀਂ ਹੁੰਦੀ।

ਅੰਤਲੇ ਰੂਪ ਵਿਚ, ਚੰਗਾ ਪਰਿਵਾਰ ਉਹ ਹੁੰਦਾ ਹੈ, ਜਿਸ ਨਾਲ ਨਾਰਾਜ਼ ਨਾ ਹੋਇਆ ਜਾ ਸਕੇ, ਕਿਉਂਕਿ ਅਜਿਹੇ ਪਰਿਵਾਰਾਂ ਕੋਲ ਦੇਣ ਲਈ ਭਾਵੇਂ ਹੁੰਦਾ ਤਾਂ ਥੋੜ੍ਹਾ ਹੀ ਹੈ ਪਰ ਉਹ ਸਾਰਾ ਕੁਝ ਦੇ ਛੱਡਦੇ ਹਨ।

ਅਜਿਹੇ ਪਰਿਵਾਰਾਂ ਕੋਲ ਹਰ ਕਿਸੇ ਲਈ ਸ਼ੁੱਭ ਭਾਵਨਾਵਾਂ ਹੁੰਦੀਆਂ ਹਨ।

ਜਿਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਬੇਦਾਵੇ ਦਿੱਤੇ ਹੋਏ ਹਨ, ਜਿਥੇ ਮਾਂਵਾਂ ਆਪਣੀ ਸੰਤਾਨ ਤੋਂ ਦੂਰ ਰਹਿਣ ਲਈ ਮਜਬੂਰ ਕੀਤੀਆਂ ਜਾ ਰਹੀਆਂ ਹਨ, ਉਥੇ ਰਿਸ਼ਤਿਆਂ ਵਿਚ ਨਿੱਘ ਨਹੀਂ ਹੁੰਦਾ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਸਾਡੇ ਦੇਸ਼ ਵਿਚ ਬਹੁਤੇ ਪਰਿਵਾਰਕ ਆਤਮਘਾਤ ਤਿਉਹਾਰਾਂ ਦੇ ਨੇੜੇ-ਤੇੜੇ ਵਾਪਰਦੇ ਹਨ। ਜਿਹੜੇ ਮਜਬੂਰ ਹੁੰਦੇ ਹਨ ਪਰ ਆਤਮਘਾਤ ਨਹੀਂ ਕਰਦੇ, ਉਹ ਆਪਣੇ ਆਪ ਨਾਲ ਖਹਿਸਰ ਕੇ ਜਿਉਂਦੇ-ਮਰਦੇ ਰਹਿੰਦੇ ਹਨ ਅਤੇ ਜੀਵਨ ਲਈ ਥੱਕੀ ਹੋਈ ਤਾਂਘ ਨਾਲ, ਟੁੱਟਿਆ ਹੋਇਆ ਦੀਵਾ ਤਾਂ ਜਗਾ ਲੈਂਦੇ ਹਨ ਪਰ ਦੀਵਾ ਟਿਕਾਉਣ ਲਈ, ਇਨ੍ਹਾਂ ਦੀ ਸ਼ਖ਼ਸੀਅਤ ਦਾ ਨਾ ਕੋਈ ਬੂਹਾ ਹੁੰਦਾ ਹੈ, ਨਾ ਕੋਈ ਬਾਰੀ ਅਤੇ ਨਾ ਕੋਈ ਸ਼ਨੇਰਾ।

ਅਜਿਹੇ ਵਿਅਕਤੀਆਂ ਨੂੰ ਆਪਣੇ ਪ੍ਰਵਾਨ ਹੋਣ ਦਾ ਅਹਿਸਾਸ ਨਹੀਂ ਹੁੰਦਾ।

ਅਸੀਂ ਭਾਵੇਂ ਕੁਝ ਕਰੀਏ, ਕੁਝ ਕਹੀਏ, ਆਖ਼ਰ ਅਸੀਂ ਪ੍ਰਵਾਨ ਤਾਂ ਆਪਣੇ ਪਰਿਵਾਰ ਵਿਚ ਹੀ ਹੋਣਾ ਹੁੰਦਾ ਹੈ।

ਸ਼ੱਕ, ਸਾੜਾ ਅਤੇ ਸਨਕੀਪੁਣਾ

ਜਿਸ ਨੂੰ ਅਸੀਂ ਨੇੜਿਓਂ ਵੇਖਿਆ ਹੋਵੇ, ਉਸ ਨੂੰ ਮਹਾਨ ਮੰਨਣਾ ਸੰਭਵ ਨਹੀਂ ਹੁੰਦਾ ਪਰ ਸਾੜਾ ਕਰਨ ਵਾਲੇ ਵਿਅਕਤੀ ਦੀ ਤਾਂਘ ਆਪਣੇ ਆਪ ਨੂੰ ਚੰਗੇਰਾ ਹੀ ਨਹੀਂ, ਮਹਾਨ ਮੰਨਵਾਉਣ ਦੀ ਹੁੰਦੀ ਹੈ, ਇਸੇ ਲਈ ਜਿਉਂ-ਜਿਉਂ ਉਹ ਉਭਰਨ ਦਾ ਯਤਨ ਕਰਦਾ ਹੈ, ਤਿਉਂ-ਤਿਉਂ ਉਹ ਨਿਘਰਦਾ ਜਾਂਦਾ ਹੈ।

ਜਿੱਥੇ ਕਿਧਰੇ ਵੀ ਤਲਾਕ ਦੀ ਸਮੱਸਿਆ ਹੈ, ਉਥੇ ਸਾੜੇ ਦੀ ਸਮੱਸਿਆ ਵੀ ਕਿਸੇ ਨਾ ਕਿਸੇ ਰੂਪ ਵਿਚ ਕਾਰਜਸ਼ੀਲ ਹੁੰਦੀ ਹੈ।

ਆਪਣੇ ਦੋਸਤ ਦੀ ਨਿੰਦਾ ਸੁਣੀ ਜਾ ਸਕਦੀ ਹੈ ਪਰ ਆਪਣੇ ਮਿੱਥੇ ਦੁਸ਼ਮਣ ਦੀ ਪ੍ਰਸ਼ੰਸਾ ਸੁਣਨੀ ਸੰਭਵ ਨਹੀਂ ਹੁੰਦੀ।

ਚਿੜ ਜਾਣਾ, ਭੜਕ ਪੈਣਾ ਆਦਿ ਉਲਾਰ ਹੋਣ ਦੇ ਪ੍ਰਗਟਾਵੇ ਹਨ ਪਰ ਚਿੜੇ ਰਹਿਣਾ ਅਤੇ ਭੜਕੇ ਰਹਿਣਾ, ਸਨਕੀਪੁਣੇ ਦੀਆਂ ਅਲਾਮਤਾਂ ਹੁੰਦੀਆਂ ਹਨ।

ਸਨਕੀ ਵਿਅਕਤੀ ਇਹ ਜਾਣਨ ਤੋਂ ਵੀ ਅਸਮਰੱਥ ਹੁੰਦਾ ਹੈ ਕਿ ਉਹ ਆਪ ਆਪਣੇ ਹੱਥੋਂ ਹੀ ਤਬਾਹ ਹੋ ਰਿਹਾ ਹੈ। ਸਨਕੀ ਵਿਅਕਤੀ ਨੂੰ ਇਸੇ ਕਰਕੇ ਨੀਂਦਰ ਦੀ ਸਮੱਸਿਆ ਹੁੰਦੀ ਹੈ, ਕਿਉਂਕਿ ਉਹ ਆਪਣੇ ਮਨ ਅਤੇ ਸਰੀਰ ਦੀਆਂ ਵਾਗਾਂ ਨੂੰ ਢਿੱਲੀਆਂ ਨਹੀਂ ਕਰਦਾ।

ਸ਼ੱਕੀ ਅਤੇ ਸਨਕੀ ਵਿਅਕਤੀ, ਪਤੀ-ਪਤਨੀ ਦੇ ਰੂਪ ਵਿਚ ਇਕ-ਦੂਜੇ ਦੀ ਜਾਸੂਸੀ ਕਰਦੇ ਹਨ, ਉਹ ਇਕ-ਦੂਜੇ ਦੀਆਂ ਚਿੱਠੀਆਂ ਪੜ੍ਹ ਕੇ ਆਪਣੇ ਮਨਾਂ ਵਿਚਲੇ ਸ਼ੰਕਿਆਂ ਨੂੰ ਪਕਿਆਉਂਦੇ ਹਨ।

ਸਾੜੇ ਦਾ ਸ਼ਿਕਾਰ ਵਿਅਕਤੀ ਇਹ ਪ੍ਰਭਾਵ ਦੇਣ ਦਾ ਯਤਨ ਕਰੇਗਾ ਕਿ ਉਸ ਵਿਚ ਅੰਤਾਂ ਦਾ ਸਵੈ-ਵਿਸ਼ਵਾਸ ਹੈ ਅਤੇ ਉਹ, ਉਹ ਕੁਝ ਵੀ ਜਾਣਨ ਦਾ ਦਾਅਵਾ ਕਰੇਗਾ, ਜੋ ਕਦੇ ਵਾਪਰਿਆ ਹੀ ਨਹੀਂ ਹੁੰਦਾ।

ਉਹ ਇਹ ਵੀ ਭਰਮ ਉਸਾਰੇਗਾ ਕਿ ਉਸ ਨੂੰ ਕੁਝ ਵੀ ਸਮਝਣ ਵਿਚ ਕੋਈ ਭੁਲੇਖਾ ਨਹੀਂ ਲੱਗਿਆ। ਵਿਸ਼ਾ ਕੋਈ ਹੋਵੇ ਉਸ ਦਾ ਤਰਕ ਉਹੀ ਹੋਵੇਗਾ।

ਸਮਾਂ, ਪਹਿਰ ਕੋਈ ਹੋਵੇ, ਉਹ ਇਕੋ ਰਾਗ ਅਲਾਪੇਗਾ।

ਅਸੀਂ ਆਪਣੇ ਆਪ ਨੂੰ ਆਪਣੇ ਰੁਤਬੇ, ਪ੍ਰਾਪਤੀਆਂ, ਮਿੱਤਰਾਂ ਅਤੇ ਜਾਇਦਾਦਾਂ ਦੇ ਸੰਦਰਭ ਵਿਚ ਸੋਚਦੇ-ਪਰਖਦੇ ਹਾਂ। ਕੁਝ ਪ੍ਰਾਪਤ ਕਰਨ ਨੂੰ ਅਸੀਂ ਇਸ ਗੱਲ ਦਾ ਪ੍ਰਮਾਣ ਸਮਝਣ ਲੱਗ ਪੈਂਦੇ ਹਾਂ ਕਿ ਅਸੀਂ ਚੰਗੇਰੇ ਮਨੁੱਖ ਹਾਂ ਪਰ ਜੋ ਕੁਝ ਪ੍ਰਾਪਤ ਕਰਨਾ ਚਾਹੀਦਾ ਸੀ,

ਜੇ ਨਹੀਂ ਹੋਇਆ ਤਾਂ ਅਸੀਂ ਆਪਣੇ ਆਪ ਨੂੰ ਅੱਧੇ-ਅਧੂਰੇ ਸਮਝਣ ਲੱਗ ਪੈਂਦੇ ਹਾਂ ਅਤੇ ਜੋ ਕੁਝ ਸਾਡੇ ਕੋਲ ਨਹੀਂ ਹੁੰਦਾ, ਸਾਡੀ ਬਿਰਤੀ ਅਤੇ ਲਿਵ ਉਸ ਵਿਚ ਅਟਕ ਜਾਂਦੀ ਹੈ ਅਤੇ ਅਸੀਂ ਉਦਾਸ ਹੋ ਜਾਂਦੇ ਹਾਂ। ਇਸੇ ਨੂੰ ਹੀਣਤਾ ਦੀ ਭਾਵਨਾ ਕਹਿੰਦੇ ਹਨ।

ਆਪਣੇ ਆਪ ਨੂੰ ਦੋਸ਼ ਦੇਣ ਦੀ ਥਾਂ ਹੀਣ ਵਿਅਕਤੀ, ਦੂਜਿਆਂ ਦੀ ਨਿੰਦਾ ਅਤੇ ਆਪਣੀ ਪ੍ਰਸ਼ੰਸਾ ਆਪ ਕਰਨ ਲੱਗ ਪੈਂਦਾ ਹੈ।

ਅਜਿਹਾ ਵਿਅਕਤੀ ਆਪਣੇ ਘਰ ਦੇ ਜੀਆਂ ਨਾਲ ਖਿਝਿਆ ਰਹਿੰਦਾ ਹੈ, ਚੀਜ਼ਾਂ ਤੋੜਦਾ ਹੈ ਅਤੇ ਆਪਣੇ ਤਨ ਅਤੇ ਮਨ ਦੋਹਾਂ ਨੂੰ ਜ਼ਖਮੀ ਕਰਦਾ ਹੈ।

ਉਹ ਪਰਿਵਾਰ ਦਾ ਮਲਾਹ ਨਹੀਂ, ਤਾਨਾਸ਼ਾਹ ਬਣਨਾ ਚਾਹੁੰਦਾ ਹੈ।

ਹਰ ਕਿਸੇ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਕਾਰਨ ਅਜਿਹਾ ਵਿਅਕਤੀ ਆਪਣੀਆਂ ਅੱਖਾਂ, ਨੱਕ ਅਤੇ ਕੰਨਾਂ ਨੂੰ ਵਧੇਰੇ ਤੀਬਰਤਾ ਨਾਲ ਵਰਤਦਾ ਹੈ। ਅਜਿਹੇ ਵਿਅਕਤੀ ਕਿਸੇ ਦਾ ਸਾਥ ਨਹੀਂ ਬਣਦੇ ਅਤੇ ਕਿਸੇ ਦਾ ਸਾਥ ਮਾਣ ਵੀ ਨਹੀਂ ਸਕਦੇ।

ਉਹ ਜਿਸ ਚੀਜ਼ 'ਤੇ ਕਬਜ਼ਾ ਕਰਦੇ ਹਨ, ਉਸੇ ਨੂੰ ਨਿੰਦਦੇ ਹਨ।

ਸਨਕੀ ਵਿਅਕਤੀ ਇਹ ਮੰਨਣ ਲਈ ਤਿਆਰ ਨਹੀਂ ਹੁੰਦੇ ਕਿ ਇਹ ਸਨਕੀ ਬਿਰਤੀ ਉਨ੍ਹਾਂ ਦੀ ਨਿੱਜੀ ਸਮੱਸਿਆ ਹੈ। ਉਹ ਆਪਣੀ ਸਮੱਸਿਆ ਨੂੰ ਦੂਜਿਆਂ ਦੀ ਉਪਜਾਈ ਹੋਈ ਮਨਾਉਣ ਲਈ ਬਜ਼ਿੱਦ ਹੁੰਦੇ ਹਨ।

ਸਨਕੀ ਵਿਅਕਤੀ ਕੋਲ ਤਰਕ ਨਹੀਂ ਹੁੰਦਾ ਪਰ ਉਹ ਜ਼ਿੱਦ ਕਰਦਾ ਹੈ ਕਿ ਕੇਵਲ ਉਹ ਹੀ ਤਰਕ ਦੀ ਗੱਲ ਕਰਦਾ ਹੈ।

ਅਜਿਹੇ ਵਿਅਕਤੀ ਸਮੱਸਿਆ ਨੂੰ ਕਿਸੇ ਮਾਹਿਰ ਨਾਲ ਵਿਚਾਰਨ ਲਈ ਜਾਂ ਇਲਾਜ ਕਰਵਾਉਣ ਲਈ ਤਿਆਰ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਕਿਧਰੇ ਵਾਸਤਵਿਕਤਾ ਦਾ ਪਤਾ ਹੀ ਨਾ ਲਗ ਜਾਵੇ।

ਸਨਕੀ ਵਿਅਕਤੀ ਦਾ ਵਿਹਾਰ ਇਕਲੌਤੇ ਬੱਚੇ ਵਾਲਾ ਹੁੰਦਾ ਹੈ, ਜਿਸ ਨੂੰ ਲੈਣਾ ਹੀ ਆਉਂਦਾ ਹੈ, ਕੁਝ ਦੇਣ ਦੀ ਜਾਚ ਨਹੀਂ ਆਉਂਦੀ।

ਪੁਰਸ਼ ਆਰਥਿਕ ਸਫ਼ਲਤਾ ਨੂੰ ਸਭ ਤੋਂ ਉੱਚੀ ਪ੍ਰਾਪਤੀ ਮੰਨਣ ਲਗ ਪਏ ਹਨ, ਸੋ ਸਾੜੇ ਦਾ ਬਹੁਤਾ ਸ਼ਿਕਾਰ ਉਹ ਇਸਤਰੀ-ਪੁਰਸ਼ ਹੁੰਦੇ ਹਨ ਜਿਹੜੇ ਆਰਥਿਕ ਪੌੜੀ ਉੱਤੇ ਝੱਟਪਟ ਹੋਰ ਉਪਰ ਚੜ੍ਹਨਾ ਚਾਹੁੰਦੇ ਹਨ। ਅਜਿਹੇ ਕਿਸੇ ਪੁਰਸ਼ ਦੀ ਜੇ ਪਤਨੀ ਤਰੱਕੀ ਕਰ ਜਾਵੇ ਤਾਂ ਉਹ ਪੁਰਸ਼ ਆਪਣੇ ਆਪ ਨੂੰ ਪੱਛੜ ਗਿਆ ਅਨੁਭਵ ਕਰਦਾ ਹੈ।

ਹੁਣ ਇਸਤਰੀਆਂ ਵੀ ਆਰਥਿਕ ਖੇਤਰ ਵਿਚ ਦਾਖ਼ਲ ਹੋ ਰਹੀਆਂ ਹਨ, ਸੋ ਉਨ੍ਹਾਂ ਦੇ ਵਿਹਾਰ ਵਿਚ ਵੀ ਇਹ ਦੋਸ਼ ਉਪਜਣੇ ਸੁਭਾਵਿਕ ਹਨ।

ਪ੍ਰੇਮੀਆਂ ਵਿਚਕਾਰ ਸਾੜਾ ਨਵੀਂ ਗੱਲ ਨਹੀਂ ਪਰ ਪਤੀ-ਪਤਨੀ ਵਿਚਕਾਰ, ਭੈਣਾਂ-ਭਰਾਵਾਂ ਵਿਚਕਾਰ, ਗੁਵਾਂਢੀਆਂ ਵਿਚਕਾਰ, ਸਹਿਕਰਮੀਆਂ ਵਿਚਕਾਰ, ਬੀਮਾਰ ਪਿਤਾ ਅਤੇ ਤੰਦਰੁਸਤ ਪੁੱਤਰ ਵਿਚਕਾਰ, ਨਾਲਾਇਕ ਪੁੱਤਰ ਅਤੇ ਵਿਦਵਾਨ ਪਿਤਾ ਵਿਚਕਾਰ, ਮਾਂ

ਅਤੇ ਧੀ ਵਿਚਕਾਰ, ਡਿਪਟੀ ਅਤੇ ਮੁਖੀ ਵਿਚਕਾਰ, ਗੱਦੀਉਂ ਲੱਥੇ ਅਤੇ ਗੱਦੀ ਤੇ ਬੈਠੇ ਹਾਕਮਾਂ ਵਿਚਕਾਰ, ਖਲੋਤੀ ਸਵਾਰੀ ਅਤੇ ਸੁੱਤੀ ਸਵਾਰੀ ਵਿਚਕਾਰ ਵੀ ਰਿਸ਼ਤਾ ਸਾੜੇ ਵਾਲਾ ਬਣਦਾ ਜਾ ਰਿਹਾ ਹੈ।

ਇਸ ਪ੍ਰਵਿਰਤੀ ਕਾਰਨ ਸਾਡੇ ਦੇਸ਼ ਵਿਚ ਹੁਣ ਜੇਲ੍ਹਾਂ, ਹਸਪਤਾਲਾਂ ਅਤੇ ਪਾਗਲਖਾਨਿਆਂ ਦੀ ਗਿਣਤੀ ਵਧੇਗੀ, ਕਿਉਂਕਿ ਇਹ ਥਾਂਵਾਂ ਹੁਣ ਮਾਨਸਿਕ ਰੋਗੀਆਂ ਅਤੇ ਸਨਕੀਆਂ ਲਈ ਘਰ ਬਣਨਗੀਆਂ।

ਸਾੜੇ ਦਾ ਸ਼ਿਕਾਰ ਵਿਅਕਤੀ ਮਹਿੰਗੇ ਅਤੇ ਵਧੇਰੇ ਕੱਪੜੇ ਪਾਉਂਦਾ ਹੈ, ਉਹ ਚਾਰ ਉਂਗਲਾਂ ਵਿਚ ਪੰਜ ਛਾਪਾਂ ਪਾਵੇਗਾ।

ਅਜਿਹਾ ਵਿਅਕਤੀ ਤੁਹਾਡੇ ਧਿਆਨ ਦਾ ਵਧੇਰੇ ਸਮਾਂ ਪ੍ਰਾਪਤ ਕਰਨ ਲਈ ਵਿਤੋਂ ਵੱਧ ਖਰਚ ਕਰੇਗਾ। ਅਜਿਹੇ ਵਿਅਕਤੀ ਦੀ ਨਜ਼ਰ ਉਨ੍ਹਾਂ ਪੱਖਾਂ ਉੱਤੇ ਹੀ ਪਵੇਗੀ, ਜਿਨ੍ਹਾਂ ਵਿਚੋਂ ਉਹ ਨੁਕਸ ਕੱਢ ਸਕੇ।

ਸਾੜੇ ਦਾ ਸ਼ਿਕਾਰ ਵਿਅਕਤੀ ਤੁਹਾਡੇ ਘਰ ਜਦੋਂ ਵੀ ਆਵੇਗਾ, ਉਹ ਕਹੇਗਾ ਕਿ ਉਸ ਕੋਲ ਸਮਾਂ ਬਹੁਤ ਘੱਟ ਹੈ ਪਰ ਉਹ ਜਾਣਾ ਹੀ ਭੁੱਲ ਜਾਵੇਗਾ।

ਉਸ ਦੇ ਜਾਣ ਉਪਰੰਤ ਵੀ ਕਿੰਨਾ ਹੀ ਚਿਰ ਘਰ ਦੀ, ਪਰਿਵਾਰ ਦੀ ਸਮੁੱਚੀ ਸੁਰ-ਤਾਲ, ਵਿਗੜੀ ਰਹਿੰਦੀ ਹੈ।

ਹਰ ਇਕ ਵਿਅਕਤੀ ਨੇ ਸ਼ਿਕਾਇਤਾਂ ਦੀ ਇਕ ਸੂਚੀ ਚੁੱਕੀ ਹੁੰਦੀ ਹੈ।

ਸਾਡੀ ਸਰੀਰਕ, ਭਾਵਕ ਅਤੇ ਮਾਨਸਿਕ ਤੰਦਰੁਸਤੀ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਸਾਡੀ ਇਹ ਸੂਚੀ ਕਿਤਨੀ ਛੋਟੀ-ਵੱਡੀ ਹੈ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਅਸੀਂ ਕਿਸੇ ਨੂੰ ਸਿੱਧਾ ਪਿਆਰ ਨਹੀਂ ਕਰਦੇ, ਉਹ ਸਾਡੇ ਬਾਰੇ ਕੀ ਸੋਚਦਾ ਅਤੇ ਸਾਡੇ ਲਈ ਕੀ ਕਰਦਾ ਹੈ, ਅਸੀਂ ਉਸ ਅਨੁਪਾਤ ਵਿਚ ਉਸ ਨੂੰ ਪਿਆਰ ਕਰਦੇ ਹਾਂ।

ਜਿਹੜੇ ਆਪਣੇ ਆਪ ਨੂੰ ਤਾਂ ਮੁਆਫ਼ ਕਰ ਦਿੰਦੇ ਹਨ ਅਤੇ ਦੂਜਿਆਂ ਨੂੰ ਸਜ਼ਾ ਦੇਣੀ ਚਾਹੁੰਦੇ ਹਨ, ਉਹ ਹੰਢਣਸਾਰ ਰਿਸ਼ਤੇ ਨਹੀਂ ਉਸਾਰ ਸਕਦੇ।

ਕਿਸੇ ਘੁਟਣ ਨੂੰ ਲਗਾਤਾਰ ਸਹਿਣ ਨਾਲ ਅਸੀਂ ਤਨ ਅਤੇ ਮਨ ਦੋਹਾਂ ਪੱਖਾਂ ਤੋਂ ਰੋਗੀ ਹੋ ਨਿਬੜਦੇ ਹਾਂ। ਜੇ ਤੁਸੀਂ ਕੋਈ ਰਿਸ਼ਤਾ ਹੰਢਣਸਾਰ ਬਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਸਹਿਣਸ਼ੀਲ ਬਣਨਾ ਪਵੇਗਾ।

ਦੂਜੇ ਨੂੰ ਪੂਰਨ ਰੂਪ ਵਿਚ ਸਵੀਕਾਰਨਾ ਰਿਸ਼ਤੇ ਨੂੰ ਕੂਲਾ ਬਣਾਉਂਦਾ ਹੈ।

ਜਿਹੜਾ ਵਿਅਕਤੀ ਤੁਹਾਡੇ ਨਾਲ ਠੀਕ ਤਰ੍ਹਾਂ ਪੇਸ਼ ਨਹੀਂ ਆਉਂਦਾ, ਉਸ ਬਾਰੇ ਪਤਾ ਕਰੋ ਕਿ ਕੀ ਉਹ ਕਿਸੇ ਨਾਲ ਠੀਕ ਤਰ੍ਹਾਂ ਪੇਸ਼ ਆਉਂਦਾ ਹੈ ?

ਜਿਹੜਾ ਸਾਰਿਆਂ ਨਾਲ ਠੀਕ ਤਰ੍ਹਾਂ ਪੇਸ਼ ਨਹੀਂ ਆਉਂਦਾ, ਉਸ ਨਾਲ ਨਾਰਾਜ਼ ਹੋਣ ਦਾ, ਉਸ ਨੂੰ ਮਾਣ ਕਿਉਂ ਦੇਈਏ ?

ਇਹ ਜਾਣਨਾ ਵੀ ਜ਼ਰੂਰੀ ਹੈ ਕਿ ਸਾਡਾ ਜੀਵਨ ਜਾਂ ਸਾਡੀ ਖੁਸ਼ੀ ਕਿਸੇ ਇਕ ਵਿਅਕਤੀ ਉਤੇ ਨਿਰਭਰ ਨਹੀਂ ਕਰਦੀ। ਕੋਈ ਵੀ ਇਸ ਯੋਗ ਨਹੀਂ ਹੁੰਦਾ ਕਿ ਉਹ ਸਾਡਾ ਦੁਸ਼ਮਣ ਹੋਣ ਦੀ ਉੱਚੀ ਪਦਵੀ ਪ੍ਰਾਪਤ ਕਰ ਲਵੇ।

ਜਦ ਤਕ ਤੁਸੀਂ ਨਹੀਂ ਚਾਹੁੰਦੇ, ਕੋਈ ਵੀ ਤੁਹਾਡੇ ਮਨ ਦਾ ਚੈਨ ਨਹੀਂ ਖੋਹ ਸਕਦਾ। ਹਰ ਕਿਸੇ ਉਤੇ ਦੋਸ਼ ਲਗਦੇ ਹਨ, ਜੇ ਦੋਸ਼ ਸਹੀ ਨਹੀਂ ਤਾਂ ਸਪਸ਼ਟੀਕਰਣ ਦੇਣ ਦੀ ਲੋੜ ਨਹੀਂ, ਪਰਿਸਥਿਤੀਆਂ ਆਪੇ ਹੀ ਤੁਹਾਨੂੰ ਸਹੀ ਅਤੇ ਨਿਰਦੋਸ਼ ਸਿੱਧ ਕਰ ਦੇਣਗੀਆਂ।

ਜੇ ਦੋਸ਼ ਸਹੀ ਹਨ ਤਾਂ ਮੁਆਫ਼ੀ ਮੰਗਣ ਨਾਲੋਂ ਹੋਰ ਕੋਈ ਸੌਖਾ ਰਾਹ ਨਹੀਂ ਹੁੰਦਾ।

ਮੁਆਫ਼ੀ ਦੂਜੇ ਵਿਚ ਮੁਆਫ਼ ਕਰਨ ਦੀ ਯੋਗਤਾ ਨੂੰ ਵੇਖ ਕੇ ਮੰਗਣੀ ਚਾਹੀਦੀ ਹੈ।

ਗੁੱਸੇ ਅਤੇ ਨਫਰਤ ਨਾਲ ਉਬਲ ਰਹੇ ਵਿਅਕਤੀ ਨੂੰ, ਸ਼ਾਂਤ ਅਤੇ ਚੁੱਪ ਰਹਿ ਕੇ ਹੀ ਹਰਾਇਆ ਜਾ ਸਕਦਾ ਹੈ।

ਜਿਸ ਨੂੰ ਤੁਹਾਡੇ ਨਾਲ ਸਾੜਾ ਹੈ, ਉਸ ਪ੍ਰਤੀ ਮਿਹਰਬਾਨ ਹੋਣ ਵਿਚ ਦੇਰ ਨਹੀਂ ਲਾਉਣੀ ਚਾਹੀਦੀ ਕਿਉਂਕਿ ਉਹ ਤੁਹਾਡੀਆਂ ਹੀ ਨਜ਼ਰਾਂ ਵਿਚ ਪ੍ਰਵਾਨ ਹੋਣਾ ਚਾਹੁੰਦਾ ਹੈ।

ਤੁਹਾਡੇ ਵਲੋਂ ਮਾਨਤਾ ਅਤੇ ਪਛਾਣ ਮਿਲਣ 'ਤੇ ਉਹੀ ਵਿਅਕਤੀ ਤੁਹਾਡਾ ਸਹਿਯੋਗੀ ਅਤੇ ਪ੍ਰਸ਼ੰਸਕ ਹੋ ਨਿਬੜੇਗਾ।

ਜੇ ਘਰ ਵਿਚ ਆਪਸੀ ਸਬੰਧ ਸੁਖਾਵੇਂ ਹੋਣ ਤਾਂ ਬੇਵਫ਼ਾਈ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਪਰ ਜੇ ਕਿਸੇ ਦੇ ਬੁੱਲ੍ਹ, ਛੁਰੀਆਂ ਬਣ ਜਾਣ ਤਾਂ ਬਾਹਰੋਂ ਮਾਨਤਾ ਪ੍ਰਾਪਤੀ ਲਈ ਯਤਨ ਰੋਕੇ ਨਹੀਂ ਜਾ ਸਕਦੇ।

ਸ਼ੱਕੀ ਵਿਹਾਰ ਦੇ ਸ਼ਿਕਾਰ ਵਿਅਕਤੀ ਜਾਣਦੇ ਹੁੰਦੇ ਹਨ ਕਿ ਧੋਖੇ ਵਿਚ ਨਾ ਖੁਸ਼ੀ ਹੁੰਦੀ ਹੈ ਨਾ ਤਸੱਲੀ, ਸੋ ਧੋਖੇ ਵਾਲਾ ਰਿਸ਼ਤਾ ਹੰਢਣਸਾਰ ਨਹੀਂ ਹੁੰਦਾ।

ਨਾਜਾਇਜ਼ ਸਬੰਧ ਉਸਾਰਨ ਅਤੇ ਧੋਖਾ ਦੇਣ ਤੋਂ ਪਹਿਲਾਂ ਲੱਖ ਵਾਰ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਥਿਤੀ ਸਾਵੀਂ-ਸੁਖਾਵੀਂ ਹੋ ਜਾਵੇ।

ਇਹ ਭੁੱਲਣਾ ਨਹੀਂ ਚਾਹੀਦਾ ਕਿ ਵਾਅਦਾ ਕਰਕੇ ਪੂਰਾ ਨਾ ਕਰ ਸਕਣਾ ਮਾਨਵਜਾਤੀ ਦਾ ਸੁਭਾਵਿਕ ਵਰਤਾਰਾ ਹੈ।

ਦੂਜੇ ਅਕਸਰ ਸਾਡੀਆਂ ਆਸਾਂ ਉਮੀਦਾਂ ਉੱਤੇ ਪੂਰੇ ਨਹੀਂ ਉਤਰਦੇ ਪਰ ਹਰ ਕਿਸੇ ਨੂੰ ਆਪਣੇ ਢੰਗ ਨਾਲ ਵਿਹਾਰ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਇਵੇਂ ਹੀ ਹਰ ਕਿਸੇ ਨੂੰ ਮੂਰਖ, ਸੁਆਰਥੀ, ਝੂਠਾ ਅਤੇ ਬੇਈਮਾਨ ਹੋਣ ਦਾ ਵੀ ਅਧਿਕਾਰ ਹੁੰਦਾ ਹੈ, ਕਿਉਂਕਿ ਅਸੀਂ ਵੀ ਜੀਵਨ ਵਿਚ ਝੂਠ ਬੋਲਿਆ ਹੁੰਦਾ ਹੈ ਅਤੇ ਕਈ ਵਾਰ ਬੇਈਮਾਨੀ ਵੀ ਕੀਤੀ ਹੁੰਦੀ ਹੈ।

ਆਪਣੇ ਆਪ ਨੂੰ ਦੋਸ਼ ਦੇਣ ਦੀ ਥਾਂ ਆਪਣੇ ਆਪ ਨੂੰ ਸਵੀਕਾਰ ਕਰਨ ਦਾ ਅਤੇ ਦੂਜਿਆਂ ਨੂੰ ਉਨ੍ਹਾਂ ਦੀਆਂ ਘਾਟਾਂ ਦਾ ਦੋਸ਼ ਦੇਣ ਦੀ ਥਾਂ ਮੁਆਫ਼ ਕਰਨ ਦਾ ਹੁਨਰ ਜੇਕਰ ਤੁਹਾਡੇ ਵਿਚ ਹੈ ਤਾਂ ਭਾਵੇਂ ਤੁਸੀਂ ਧਨ ਦੇ ਪੱਖੋਂ ਗਰੀਬ ਹੀ ਹੋਵੋ ਪਰ ਮਨ ਦੇ ਪੱਖੋਂ ਅਮੀਰ ਕਹਾਵੋਗੇ। ਤੁਹਾਡੇ ਵਿਚ ਸਾੜਾ ਨਹੀਂ ਉਪਜੇਗਾ।

ਸਾਨੂੰ ਅਕਸਰ ਨਿਰਾਸਤਾ ਉਦੋਂ ਹੁੰਦੀ ਹੈ, ਜਦੋਂ ਸਾਡੇ ਜਾਣੂ ਸਾਡਾ ਸਤਿਕਾਰ ਨਹੀਂ ਕਰਦੇ। ਇਹ ਆਸ ਕਰਨੀ ਹੀ ਗਲਤ ਹੈ, ਕਿਉਂਕਿ ਜੇ ਜਾਣੂਆਂ ਤੋਂ ਪਿਆਰ ਮਿਲੇਗਾ ਤਾਂ ਉਹੀ ਸਤਿਕਾਰ ਵੀ ਹੋਵੇਗਾ।

ਸਤਿਕਾਰ ਦੀ ਤਲਾਸ਼ ਵਿਚ, ਨਾ ਪਿਆਰ ਮਿਲਦਾ ਹੈ ਨਾ ਸਤਿਕਾਰ।

ਸਨਕੀ ਅਤੇ ਪਾਟੇ ਹੋਏ ਵਿਅਕਤੀ ਦੀ ਦ੍ਰਿਸ਼ਟੀ ਸਤਿਕਾਰ ਪ੍ਰਾਪਤੀ ਉੱਤੇ ਹੁੰਦੀ ਹੈ ਜਦੋਂ ਕਿ ਭਰੇ ਹੋਏ ਸੋਹਣੇ-ਸੁਨੱਖੇ ਮਨੁੱਖ ਦੀ ਟੇਕ ਪਿਆਰ ਉੱਤੇ ਹੁੰਦੀ ਹੈ।

ਅਸੀਂ ਜਦੋਂ ਸ਼ੱਕ, ਸਾੜੇ ਅਤੇ ਸਨਕੀਪੁਣੇ ਦਾ ਸ਼ਿਕਾਰ ਹੁੰਦੇ ਹਾਂ ਤਾਂ ਸਾਡੇ ਦੋਸਤ-ਮਿੱਤਰ ਅਤੇ ਪਰਿਵਾਰ ਦੇ ਜੀਅ ਸਾਨੂੰ ਸਾਵਾਂ-ਸੰਤੁਲਤ ਹੋਣ ਵਿਚ ਸਹਾਈ ਹੁੰਦੇ ਹਨ ਅਤੇ ਇਵੇਂ ਰੁਕਿਆ ਹੋਇਆ ਵਿਕਾਸ, ਟੋਭੇ ਤੋਂ ਝੀਲ ਬਣ ਜਾਂਦਾ ਹੈ।

ਸ਼ੱਕੀ ਅਤੇ ਸਨਕੀ ਵਿਹਾਰ ਦੇ ਪ੍ਰਮਾਣ ਦੇਣ ਦੀ ਥਾਂ ਸਾਨੂੰ ਅੰਤਾਂ ਦੇ ਭਰੋਸੇ ਅਤੇ ਸੁੱਚੇ ਵਿਸ਼ਵਾਸ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।

ਜੇ ਤੁਹਾਨੂੰ ਆਪਣੀ ਯੋਗਤਾ ਅਤੇ ਸਮਰੱਥਾ ਨਾਲੋਂ ਵੱਧ ਕੁਝ ਪ੍ਰਾਪਤ ਕਰਨ ਦੀ ਇੱਛਾ ਨਹੀਂ ਤਾਂ ਨਾ ਤੁਸੀਂ ਕਿਸੇ ਉੱਤੇ ਸ਼ੱਕ ਕਰੋਗੇ, ਨਾ ਕਿਸੇ ਨਾਲ ਤੁਹਾਨੂੰ ਸਾੜਾ ਹੋਵੇਗਾ ਅਤੇ ਨਾ ਹੀ ਤੁਸੀਂ ਸਨਕੀ ਬਣੋਗੇ।

ਸਾੜਾ, ਸ਼ੱਕ ਅਤੇ ਸਨਕੀਪੁਣਾ ਇਕ ਹੀ ਵਿਹਾਰ ਦੇ ਤਿੰਨ ਪੱਖ ਹੁੰਦੇ ਹਨ।

ਕਿਸੇ ਉਦੇਸ਼ ਨੂੰ ਪ੍ਰਾਪਤ ਕਰਨ ਵਿਚ ਅਸਫਲਤਾ ਦਾ ਕਾਰਨ ਕਿਸੇ ਹੋਰ ਵਿਅਕਤੀ ਨੂੰ ਮਿਥ ਲੈਣ ਨਾਲ ਜਿਹੜੇ ਭਾਵ ਉਪਜਦੇ ਹਨ, ਉਨ੍ਹਾਂ ਨੂੰ ਸਾੜਾ ਕਹਿੰਦੇ ਹਨ। ਕਿਸੇ ਨਾਲ ਸਾੜਾ ਕਰਨ ਤੋਂ ਪਹਿਲਾਂ ਅਸੀਂ ਉਸ ਦੀ ਨੀਅਤ ਉੱਤੇ ਸ਼ੱਕ ਕਰਦੇ ਹਾਂ।

ਜਦੋਂ ਸ਼ੱਕ ਅਤੇ ਸਾੜਾ ਪੂਰੀ ਤਰ੍ਹਾਂ ਸਾਨੂੰ ਗ੍ਰਿਫਤਾਰ ਕਰ ਲੈਣ ਤਾਂ ਜੀਵਨ ਪ੍ਰਤੀ ਜਿਹੜਾ ਦ੍ਰਿਸ਼ਟੀਕੋਣ ਅਸੀਂ ਅਪਨਾਉਂਦੇ ਹਾਂ, ਉਸ ਨੂੰ ਸਨਕੀਪੁਣਾ ਕਹਿੰਦੇ ਹਨ।

ਇਕ ਸਨਕੀ ਜਦੋਂ ਦੋ ਵਿਅਕਤੀਆਂ ਨੂੰ ਗੱਲਾਂ ਕਰਦਿਆਂ ਵੇਖਦਾ ਹੈ ਤਾਂ ਉਸ ਨੂੰ ਸ਼ੱਕ ਹੁੰਦਾ ਹੈ ਕਿ ਉਹ, ਉਸ ਦੀਆਂ ਹੀ ਮਾੜੀਆਂ ਗੱਲਾਂ ਕਰ ਰਹੇ ਹੋਣਗੇ। ਜੇ ਉਸ ਦੀਆਂ ਗੱਲਾਂ ਨਹੀਂ ਹੋ ਰਹੀਆਂ ਹੁੰਦੀਆਂ ਤਾਂ ਉਸ ਨੂੰ ਸਾੜਾ ਹੁੰਦਾ ਹੈ ਕਿ ਉਹ ਕਿਸੇ ਹੋਰ ਦੀਆਂ ਗੱਲਾਂ ਕਿਉਂ ਕਰ ਰਹੇ ਹਨ, ਉਹ ਸਾਰੇ ਉਸ ਦੀਆਂ ਚੰਗੀਆਂ ਗੱਲਾਂ ਕਿਉਂ ਨਹੀਂ ਕਰਦੇ ?

ਅਜਿਹੀ ਸਥਿਤੀ ਨੂੰ ਆਪਣੀ ਪਕੜ ਵਿਚ ਲੈਣ ਵਾਸਤੇ ਇਹੀ ਵਿਅਕਤੀ ਬਿਨਾਂ ਕਿਸੇ ਪ੍ਰਸੰਗ ਅਤੇ ਸੰਦਰਭ ਦੇ ਕਈ ਵਾਰ ਪਹਿਲਾਂ ਦੁਹਰਾਈਆਂ ਗੱਲਾਂ ਨੂੰ ਉੱਚੀ-ਉੱਚੀ ਬੋਲਣ ਲਗ ਪਵੇਗਾ, ਜਦੋਂ ਦੂਜੇ ਉਕਤਾਹਟ ਕਾਰਨ ਚੁੱਪ ਰਹਿਣ ਨੂੰ ਹੀ ਬਿਹਤਰੀ ਸਮਝਣਗੇ ਤਾਂ ਇਹ ਸਨਕੀ ਵਿਅਕਤੀ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਵੇਗਾ ਕਿ ਸਾਰੇ ਉਸ ਦੇ ਦਿਲਚਸਪ ਗਿਆਨ ਦੀ ਦਾਦ ਦੇ ਰਹੇ ਹਨ।

ਝੱਟ ਮਗਰੋਂ ਇਹ ਮੇਲਾ ਖਿੰਡਰ ਜਾਵੇਗਾ ਅਤੇ ਸਨਕੀ, ਅਜਿਹੀ ਹੀ ਤਬਾਹੀ ਮਚਾਉਣ ਲਈ, ਕਿਸੇ ਹੋਰ ਥਾਂ ਵਲ ਚਾਲੇ ਪਾ ਦੇਵੇਗਾ।

ਜਦੋਂ ਸਾਨੂੰ ਕੋਈ ਸਨਕੀ ਮਿਲਦਾ ਹੈ ਤਾਂ ਅਸੀਂ ਉਸ ਨੂੰ ਮਿੱਟੀ-ਘੱਟੇ ਵਾਲੀ ਹਨੇਰੀ ਵਾਂਗ ਜਾਂ ਅਚਾਨਕ ਆਈ ਮੁਸੀਬਤ ਵਾਂਗ, ਦੰਦਾਂ ਹੇਠ ਆਈ ਹਰੀ ਮਿਰਚ ਵਾਂਗ, ਚੁੰਮਣ ਵੇਲੇ ਆਈ ਉਬਾਸੀ ਵਾਂਗ, ਝੂਟਦਿਆਂ ਅਚਾਨਕ ਟੁੱਟੀ ਪੀਂਘ ਵਾਂਗ ਅਤੇ ਤੇਜ਼-ਤੇਜ਼ ਚਲਦਿਆਂ ਲੱਗੇ ਠੁੱਡੇ ਵਾਂਗ ਹੀ, ਸਵੀਕਾਰ ਕਰਦੇ ਹਾਂ।

ਉਸ ਦਾ ਮਿਲਣਾ ਵਿਆਹ ਵਾਲੇ ਦਿਨ ਮੀਂਹ ਪੈਣ ਵਾਂਗ ਲਗਦਾ ਹੈ।

ਬਹੁਤੇ ਮਹਿਮਾਨ ਸਾਨੂੰ ਆ ਕੇ ਖੁਸ਼ੀ ਦਿੰਦੇ ਹਨ ਪਰ ਸਾੜੇ ਦੇ ਮਾਰੇ ਸ਼ੱਕੀ ਸੁਭਾਅ ਵਾਲੇ ਸਨਕੀ ਮਹਿਮਾਨ, ਸਾਨੂੰ ਜਾ ਕੇ ਖੁਸ਼ੀ ਦਿੰਦੇ ਹਨ।

ਇਨ੍ਹਾਂ ਨੂੰ ਮਿਲ ਕੇ ਰੱਬ ਯਾਦ ਆਉਂਦਾ ਹੈ, ਜਿਸ ਨੇ ਇਨ੍ਹਾਂ ਨੂੰ ਇਸ ਵਿਸ਼ਾਲ ਸੰਸਾਰ ਵਿਚ ਉਤਾਰਿਆ ਹੁੰਦਾ ਹੈ।

ਅਸੀਂ ਸੋਚਦੇ ਹਾਂ, ਰੱਬ ਵੀ ਪਛਤਾ ਰਿਹਾ ਹੋਵੇਗਾ।

ਸਨਕੀ ਇਕ ਮਾਨਸਿਕ ਰੋਗੀ ਹੁੰਦਾ ਹੈ ਪਰ ਉਹ ਸਦਾ ਹੀ ਲੰਮੀ ਉਮਰ ਭੋਗਦਾ ਹੈ, ਕਿਉਂਕਿ ਉਹ ਆਪਣੇ ਘਰ ਨੂੰ ਹਸਪਤਾਲ ਵਿਚ ਬਦਲ ਕੇ ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਦਵਾਈ ਵਾਂਗ ਲੈਂਦਾ ਹੈ।

ਬਹੁਤੀਆਂ ਥਾਂਵਾਂ ਉੱਤੇ ਆਪਣੀ ਭੰਡਣ-ਯੋਗਤਾ ਨਾਲ, ਅਹੁਦੇਦਾਰ ਬਣ ਕੇ, ਸਨਕੀ ਵਿਅਕਤੀ ਹਰ ਨਵੀਂ ਗੱਲ ਨੂੰ ਸ਼ੱਕ ਦੀ ਨਜ਼ਰ ਨਾਲ ਵੇਖ ਕੇ, ਉਸ ਨੂੰ ਰੱਦ ਕਰਨ ਲਈ ਨਿਰੰਤਰ ਤੱਤਪਰ ਅਤੇ ਉਦਮਸ਼ੀਲ ਰਹਿੰਦਾ ਹੈ।

ਹਰੇਕ ਸਨਕੀ ਵਿਅਕਤੀ ਨੂੰ ਇਹ ਭਰਮ ਹੁੰਦਾ ਹੈ ਕਿ ਗਿਆਨ ਉਹੀ ਹੈ ਜੋ ਕੁਝ ਉਹ ਜਾਣਦਾ ਹੈ, ਬਾਕੀ ਸਭ ਅਗਿਆਨਤਾ ਹੈ।

ਉਹ ਆਪਣਾ ਨਿਰਧਾਰਿਤ ਕੰਮ ਨਹੀਂ ਕਰਦਾ ਅਤੇ ਜਿਹੜਾ ਉਸ ਦਾ ਖੇਤਰ ਨਹੀਂ ਹੁੰਦਾ, ਉਸ ਵਿਚ ਉਹ ਆਪਣੇ ਆਪ ਨੂੰ ਮਾਹਿਰ ਸਮਝਦਾ ਹੈ।

ਸਨਕੀ ਆਮ ਕਰਕੇ ਮੁਹਾਵਰਾ ਦੋਸਤੀ ਵਾਲਾ ਵਰਤਦੇ ਹਨ ਪਰ ਗਾਲ੍ਹਾਂ ਦੁਸ਼ਮਣਾਂ ਵਾਲੀਆਂ ਕੱਢਦੇ ਹਨ।

ਸਨਕੀਆਂ ਦਾ ਆਪਣਾ ਆਪ ਤਾਂ ਹੀ ਉੱਚਾ ਹੁੰਦਾ ਹੈ ਜੇ ਬਾਕੀ ਡਿੱਗ ਪੈਣ, ਸੋ ਇਹ ਆਪਣੇ ਆਪ ਨੂੰ 'ਉਸਾਰਨ' ਲਈ ਹਰ ਕਿਸੇ ਨੂੰ ਡੇਗਣ ਵਾਸਤੇ, ਉਸ ਨੂੰ ਆਪਣਾ ਦੁਸ਼ਮਣ ਗਰਦਾਨਦੇ ਹਨ।

ਸਾੜਾ ਇਕ ਅਜਿਹੀ ਭਾਵਨਾ ਹੈ, ਜਿਸ ਤੋਂ ਕੋਈ ਵੀ ਨਹੀਂ ਬੱਚ ਸਕਦਾ।

ਆਮ ਕਰ ਕੇ ਇਹ ਭਾਵਨਾ, ਬੇਕਾਬੂ ਨਹੀਂ ਹੁੰਦੀ ਪਰ ਜਿੱਥੇ ਅਤੇ ਜਦੋਂ ਬੇਕਾਬੂ ਹੋ ਜਾਵੇ ਤਾਂ ਪਿੱਛੇ ਨਹੀਂ ਮੁੜਿਆ ਜਾ ਸਕਦਾ।

ਸਾੜੇ ਅਤੇ ਈਰਖਾ ਨਾਲ ਸੜ ਰਿਹਾ ਵਿਅਕਤੀ, ਪਿਆਰ ਅਤੇ ਮਾਨਤਾ ਲਈ ਤਰਲਾ ਕਰਦਾ ਹੈ ਪਰ ਜਿਸ ਤੋਂ ਉਹ ਪਿਆਰ ਅਤੇ ਮਾਨਤਾ ਮੰਗਦਾ ਹੈ, ਉਸੇ ਨੂੰ ਉਹ ਤਬਾਹ ਕਰਨ ਦੇ ਰਾਹ ਪੈ ਜਾਂਦਾ ਹੈ।

ਗਹਿਣੇ ਆਮ ਕਰਕੇ ਆਪਣੀ ਸੁੰਦਰਤਾ ਵਧਾਉਣ ਲਈ ਪਾਏ ਜਾਂਦੇ ਹਨ ਪਰ ਕਈ ਵਾਰ ਉਦੇਸ਼ ਦੂਜਿਆਂ ਨੂੰ ਵਿਖਾ ਕੇ ਸਾੜਾ ਉਪਜਾਉਣਾ ਵੀ ਹੁੰਦਾ ਹੈ।

ਇੱਥੇ ਸਾੜਾ ਗਹਿਣੇ ਪਾਉਣ ਵਾਲੀ ਇਸਤਰੀ ਵਿਚ ਹੁੰਦਾ ਹੈ, ਉਸ ਨੂੰ ਵੇਖਣ ਵਾਲੀ ਇਸਤਰੀ ਵਿਚ ਨਹੀਂ।

ਤੁਸੀਂ ਭਾਵੇਂ ਸਾੜੇ ਦਾ ਸ਼ਿਕਾਰ ਨਾ ਹੋਵੋ ਪਰ ਜਿਨ੍ਹਾਂ ਨੂੰ ਤੁਹਾਡੇ ਨਾਲ ਸਾੜਾ ਹੈ, ਉਨ੍ਹਾਂ ਤੋਂ ਕਿਵੇਂ ਬਚੋਗੇ ? ਇਸ ਲਈ ਜਿਹੜਾ ਵਿਅਕਤੀ ਤੁਹਾਡੇ ਸਾਹਮਣੇ ਫੜ੍ਹਾਂ ਅਤੇ ਸ਼ੇਖੀਆਂ ਮਾਰੇ, ਉਸ ਨਾਲ ਚੰਗੀ ਤਰ੍ਹਾਂ ਪੇਸ਼ ਆਵੋ, ਕਿਉਂਕਿ ਉਹ ਤੁਹਾਡੇ ਤੋਂ ਮਾਨਤਾ ਦਾ ਦਾਨ ਮੰਗ ਰਿਹਾ ਹੁੰਦਾ ਹੈ, ਜਿਵੇਂ ਗ੍ਰਹਿਣ ਲਗਣ ਉੱਤੇ ਕੁਝ ਲੋਕ ਦਾਨ-ਪੁੰਨ ਮੰਗਦੇ ਹਨ।

ਰੱਬ ਇਸ ਲਈ ਸਾੜੇ ਤੋਂ ਮੁਕਤ ਹੈ, ਕਿਉਂਕਿ ਉਹ ਇਕ ਹੈ।

ਸੰਤ ਨੂੰ ਸੰਤ ਨਾਲ ਅੰਤਾਂ ਦਾ ਸਾੜਾ ਹੁੰਦਾ ਹੈ।

ਇਵੇਂ ਹੀ ਵਿਦਵਾਨ ਨੂੰ ਵਿਦਵਾਨ ਨਾਲ, ਧਨਵਾਨ ਨੂੰ ਧਨਵਾਨ ਨਾਲ, ਅਦਾਕਾਰ ਨੂੰ ਅਦਾਕਾਰ ਨਾਲ, ਸੰਗੀਤਕਾਰ ਨੂੰ ਸੰਗੀਤਕਾਰ ਨਾਲ, ਮੰਗਤੇ ਨੂੰ ਮੰਗਤੇ ਨਾਲ ਅਰਥਾਤ ਆਪਣੇ ਹੀ ਖੇਤਰ ਦੇ ਕਿਸੇ ਵਿਅਕਤੀ ਨਾਲ ਹੀ ਸਾੜਾ ਸੰਭਵ ਹੁੰਦਾ ਹੈ।

ਜਿਨ੍ਹਾਂ ਲੋਕਾਂ ਦੀ ਜਾਣ-ਪਛਾਣ ਦਾ ਘੇਰਾ ਵਿਸ਼ਾਲ ਹੁੰਦਾ ਹੈ, ਉਨ੍ਹਾਂ ਦੀ ਮਾਨਤਾ ਦੀ ਭੁੱਖ ਸਹਿਜੇ ਹੀ ਸ਼ਾਂਤ ਹੋ ਜਾਂਦੀ ਹੈ ਅਤੇ ਉਹ ਸੰਕੀਰਣਤਾ ਤੋਂ ਮੁਕਤ ਹੋ ਜਾਂਦੇ ਹਨ ਪਰ ਫਿਰ ਵੀ ਕੁਝ ਅਜਿਹਾ ਜ਼ਰੂਰ ਹੁੰਦਾ ਹੈ, ਜਿਹੜਾ ਉਨ੍ਹਾਂ ਨੂੰ ਹੋਏ ਅਪਮਾਨ ਜਾਂ ਖੋਹੇ ਅਵਸਰ ਦੀ ਯਾਦ ਦਿਵਾਉਂਦਾ ਰਹਿੰਦਾ ਹੈ ਅਤੇ ਇਹ ਯਾਦ ਆਉਂਦਿਆਂ ਹੀ, ਉਨ੍ਹਾਂ ਦੇ ਵਿਹਾਰ ਵਿਚ ਅਚਾਨਕ ਤਬਦੀਲੀ ਆ ਜਾਂਦੀ ਹੈ ਅਤੇ ਸਾੜੇ, ਈਰਖਾ ਅਤੇ ਸਨਕੀਪਣ ਦੇ ਭਾਵ ਪ੍ਰਚੰਡ ਹੋ ਜਾਂਦੇ ਹਨ।

♥♥♥

ਮਾਪੇ ਬਣਨ ਦਾ ਅਨੁਭਵ

ਪਹਿਲੇ ਬੱਚੇ ਦੇ ਜਨਮ ਨਾਲ ਹੀ ਸਮਝ-ਸੂਝ ਵਾਲੇ ਪਤੀ-ਪਤਨੀ ਸਮਝ ਜਾਂਦੇ ਹਨ ਕਿ ਹੁਣ ਉਹ ਬੱਚੇ ਨਹੀਂ ਰਹੇ।

ਬੱਚੇ ਦੇ ਜਨਮ ਲੈਣ ਨਾਲ, ਮਾਪਿਆਂ ਨੂੰ ਆਪਣੇ ਆਪ ਦੀ ਨਵੀਂ ਅਤੇ ਨਿਵੇਕਲੀ ਪਛਾਣ ਪ੍ਰਾਪਤ ਹੁੰਦੀ ਹੈ ਅਤੇ ਉਨ੍ਹਾਂ ਨੂੰ ਆਪਣੀ ਸਮਰੱਥਾ ਅਤੇ ਸੰਭਾਵਨਾ ਨੂੰ ਮਾਪਣ-ਤੋਲਣ ਦਾ ਨਵਾਂ ਅਵਸਰ ਮਿਲਦਾ ਹੈ।

ਬੱਚਾ, ਆਸ ਅਤੇ ਵਿਕਾਸ ਦਾ ਸੁਨੇਹਾ ਹੁੰਦਾ ਹੈ।

ਬੱਚੇ ਨੂੰ ਜਨਮ ਦੇ ਕੇ ਇਸਤਰੀ, ਮਾਂ ਹੀ ਨਹੀਂ ਬਣ ਜਾਂਦੀ, ਉਹ ਮੌਤ ਵਿਰੁੱਧ ਅਤੇ ਜੀਵਨ ਦੇ ਪੱਖ ਵਿਚ ਇਕ ਨਵਾਂ ਮੋਰਚਾ ਵੀ ਉਸਾਰਦੀ ਹੈ।

ਪਹਿਲੇ ਬੱਚੇ ਦੀ ਆਸ ਨਾਲ ਹੀ ਮਾਪਿਆਂ ਦੀ ਸ਼ਖ਼ਸੀਅਤ ਦੇ ਅਨੇਕਾਂ ਉਹ ਪੱਖ ਉਜਾਗਰ ਹੋ ਜਾਂਦੇ ਹਨ, ਜਿਨ੍ਹਾਂ ਬਾਰੇ ਉਹ ਆਪ ਵੀ ਸੁਚੇਤ ਨਹੀਂ ਹੁੰਦੇ।

ਬੱਚੇ ਜੀਵਨ, ਉਮੀਦ ਅਤੇ ਭਰੋਸੇ ਦੀ ਉਹ ਰੌਸ਼ਨੀ ਹੁੰਦੇ ਹਨ, ਜਿਸ ਵਿਚ ਅੰਨ੍ਹੇ ਮਾਪੇ ਵੀ ਸੁਜਾਖੇ ਹੋ ਜਾਂਦੇ ਹਨ।

ਬੱਚੇ ਤੁਹਾਡੀ 'ਦੇਣ ਦੀ ਸਮਰੱਥਾ' ਦੇ ਨਵੇਂ ਦਿਸਹਦੇ ਉਲੀਕਦੇ ਹਨ।

ਲਗਭਗ ਸਾਰੇ ਪੁਰਸ਼-ਇਸਤਰੀਆਂ ਮਾਪੇ ਬਣਦੇ ਹਨ।

ਵੀਹਵੀਂ ਸਦੀ ਦੇ ਆਰੰਭ ਤਕ ਹਰ ਪਰਿਵਾਰ ਵਿਚ ਔਸਤ ਅੱਠ ਬੱਚੇ ਹੁੰਦੇ ਸਨ ਅਤੇ ਇਸਤਰੀ ਦੇ ਵਿਆਹੇ ਜੀਵਨ ਦਾ ਤਿੰਨ-ਚੌਥਾਈ ਸਮਾਂ ਬੱਚਿਆਂ ਨੂੰ ਪਾਲਣ-ਪੋਸਣ ਵਿਚ ਲਗ ਜਾਂਦਾ ਸੀ।

ਜਿਨ੍ਹਾਂ ਦੇ ਵਿਆਹ ਚੌਥੇ ਦਹਾਕੇ ਵਿਚ ਹੋਏ, ਉਨ੍ਹਾਂ ਦੇ ਪਰਿਵਾਰਾਂ ਵਿਚ ਬੱਚਿਆਂ ਦੀ ਔਸਤ ਗਿਣਤੀ ਚਾਰ ਰਹੀ ਹੈ ਅਤੇ ਇਸਤਰੀ ਦੇ ਵਿਆਹੇ ਜੀਵਨ ਦਾ ਲਗਭਗ ਅੱਧਾ ਸਮਾਂ ਉਨ੍ਹਾਂ ਦੀ ਸੇਵਾ ਵਿਚ ਲੰਘ ਜਾਂਦਾ ਰਿਹਾ ਹੈ।

ਜਿਨ੍ਹਾਂ ਦੇ ਵਿਆਹ ਸੱਤਵੇਂ ਦਹਾਕੇ ਵਿਚ ਹੋਏ ਹਨ, ਉਨ੍ਹਾਂ ਦੇ ਬੱਚਿਆਂ ਦੀ ਔਸਤ ਗਿਣਤੀ ਦੋ ਹੈ ਅਤੇ ਇਸਤਰੀ ਦੇ ਵਿਆਹੇ ਜੀਵਨ ਦਾ ਲਗਭਗ ਪੰਜਵਾਂ ਹਿੱਸਾ ਸਮਾਂ, ਉਨ੍ਹਾਂ ਦੇ ਲੇਖੇ ਲਗ ਜਾਂਦਾ ਹੈ।

ਸੰਸਾਰ ਭਰ ਵਿਚ ਜਿੱਥੇ ਜਿੱਥੇ ਸੰਤਾਨ-ਸੰਜਮ ਅਪਨਾਇਆ ਜਾ ਰਿਹਾ ਹੈ, ਉਥੇ ਉਥੇ ਖ਼ੁਸ਼ਹਾਲੀ ਆ ਰਹੀ ਹੈ।

ਸੰਤਾਨ-ਸੰਜਮ ਲਈ ਜ਼ਰੂਰੀ ਹੈ ਕਿ ਮਾਂਵਾਂ ਪੜ੍ਹੀਆਂ ਲਿਖੀਆਂ ਹੋਣ।

ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ, ਜਿੱਥੋਂ ਦੇ ਲੋਕ ਅਨਪੜ੍ਹ ਹੋਣ ਅਤੇ ਮੁਲਕ ਅਮੀਰ ਹੋਵੇ। ਇਵੇਂ ਹੀ ਸੰਸਾਰ ਵਿਚ ਕੋਈ ਦੇਸ਼ ਅਜਿਹਾ ਨਹੀਂ, ਜਿੱਥੋਂ ਦੇ ਲੋਕ ਪੜ੍ਹੇ-ਲਿਖੇ ਹੋਣ ਅਤੇ ਮੁਲਕ ਗਰੀਬ ਹੋਵੇ।

ਇਸਤਰੀ ਦੀ ਆਜ਼ਾਦੀ ਇਸ ਗੱਲ ਨਾਲ ਜੁੜੀ ਹੋਈ ਹੈ ਕਿ ਉਹ ਬੱਚਿਆਂ ਨੂੰ ਪਾਲਣ-ਪੋਸਣ ਤੋਂ ਕਿਤਨੀ ਜਲਦੀ ਵਿਹਲੀ ਹੁੰਦੀ ਹੈ ਅਤੇ ਉਸ ਨੂੰ ਆਪਣਾ ਮਾਨਸਿਕ ਵਿਕਾਸ ਕਰਨ ਦੇ ਅਵਸਰ ਕਿਤਨੇ ਮਿਲਦੇ ਹਨ।

ਸੰਤਾਨ-ਸੰਜਮ ਦੇ ਢੰਗਾਂ-ਤਰੀਕਿਆਂ ਨੇ ਮਨੁੱਖਾਂ ਨੂੰ ਇਸ ਯੋਗ ਬਣਾਇਆ ਹੈ ਕਿ ਉਹ ਨਿਰਣਾ ਕਰ ਸਕਣ ਕਿ ਉਨ੍ਹਾਂ ਦੇ ਕਿੰਨੇ ਬੱਚੇ ਹੋਣ, ਕਦੋਂ ਹੋਣ ਅਤੇ ਕਦੋਂ ਨਾ ਹੋਣ। ਪਰਿਵਾਰ ਦੀ ਆਕਾਰ ਦੇ ਪੱਖ ਤੋਂ ਵਿਉਂਤਬੰਦੀ ਨੇ ਮਨੁੱਖੀ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵਧਾਇਆ ਹੈ ਅਤੇ ਬੱਚਿਆਂ ਦੇ ਪਾਲਣ-ਪੋਸਣ ਦੇ ਪੱਧਰ ਨੂੰ ਉੱਚਾ ਕੀਤਾ ਹੈ।

ਅਜੋਕੇ ਯੁਗ ਵਿਚ ਮਨੁੱਖਾਂ ਵਾਂਗ, ਜਾਨਵਰਾਂ ਨੇ ਵੀ ਸੰਤਾਨ-ਸੰਜਮ ਅਪਣਾ ਲਿਆ ਪ੍ਰਤੀਤ ਹੁੰਦਾ ਹੈ।

ਨਿਰਸੰਦੇਹ-ਸੰਤਾਨ ਦੀ ਵਿਉਂਤਬੰਦੀ ਕੁਦਰਤ ਦੇ ਉਤਪਤੀ ਦੇ ਵਿਧਾਨ ਵਿਚ ਮਨੁੱਖ ਦੀ ਸਿੱਧੀ ਦਖਲ-ਅੰਦਾਜ਼ੀ ਹੈ।

ਕਈ ਪਰਿਵਾਰ ਅਜਿਹੇ ਹਨ, ਜਿਥੇ ਪਤੀ-ਪਤਨੀ ਮਾਪੇ ਬਣਨ ਦੀ, ਕੁਦਰਤ ਦੀ ਬੇਨਤੀ ਪ੍ਰਵਾਨ ਨਹੀਂ ਕਰਦੇ ਅਤੇ ਜਦੋਂ ਸਮਾਂ ਲੰਘ ਜਾਂਦਾ ਹੈ ਤਾਂ ਕੁਦਰਤ ਉਨ੍ਹਾਂ ਦੀ ਬੇਨਤੀ ਪ੍ਰਵਾਨ ਨਹੀਂ ਕਰਦੀ।

ਜਿਹੜੇ ਮਾਪੇ ਨਹੀਂ ਬਣਦੇ, ਉਨ੍ਹਾਂ ਲਈ ਸਾਰਾ ਜੀਵਨ, ਸੰਸਾਰ ਵਿਚ ਆਪਣੀ ਪਛਾਣ ਦੀ ਸਮੱਸਿਆ ਬਣੀ ਰਹਿੰਦੀ ਹੈ।

ਜਿਨ੍ਹਾਂ ਘਰਾਂ ਵਿਚ ਬੱਚੇ ਨਹੀਂ ਹੁੰਦੇ, ਉਹ ਘਰ ਖਲੋਤੀ ਗੱਡੀ ਵਾਂਗ, ਰੁਕੀ ਘੜੀ ਵਾਂਗ, ਬੁਝੇ ਚੁੱਲ੍ਹੇ ਵਾਂਗ, ਖਾਲੀ ਘੜੇ ਵਾਂਗ, ਰੁੰਡ-ਮੁੰਡ ਦਰੱਖਤ ਵਾਂਗ ਅਤੇ ਪਾਟੀ ਹੋਈ ਢੋਲਕੀ ਵਾਂਗ ਪ੍ਰਤੀਤ ਹੁੰਦੇ ਹਨ।

ਅਜਿਹੇ ਘਰਾਂ ਵਿਚ ਚੀਜ਼ਾਂ ਤੋੜਨ ਵਾਲੇ ਬੱਚੇ ਨਹੀਂ ਹੁੰਦੇ ਪਰ ਨਵੀਆਂ ਚੀਜ਼ਾਂ ਲਿਆਉਣ ਵਾਲਾ ਉਤਸ਼ਾਹ ਵੀ ਨਹੀਂ ਹੁੰਦਾ।

ਜਿਨ੍ਹਾਂ ਘਰਾਂ ਵਿਚ ਬੱਚੇ ਨਹੀਂ ਹੁੰਦੇ, ਉਥੇ ਮਾਪਿਆਂ ਨੂੰ ਭਵਿੱਖ ਦੇ ਰਾਂਗਲੇ ਅਤੇ ਪ੍ਰੇਰਨਾਮਈ ਸੁਪਨੇ ਨਹੀਂ ਆਉਂਦੇ।

ਜਦੋਂ ਪਤੀ-ਪਤਨੀ ਮਾਪੇ ਬਣਦੇ ਹਨ ਤਾਂ ਉਨ੍ਹਾਂ ਦਾ ਆਪਣੇ ਮਾਪਿਆਂ ਪ੍ਰਤੀ ਦ੍ਰਿਸ਼ਟੀਕੋਣ ਵੀ ਬਦਲ ਜਾਂਦਾ ਹੈ।

ਇਕ ਨਵੇਂ ਬਣੇ ਪਿਤਾ ਨੇ ਕਿਹਾ, "ਮੈਨੂੰ ਆਪਣੇ ਪਿਤਾ ਦਾ ਪੁੱਤਰ ਹੋਣ ਦਾ ਹੁਣ ਅਹਿਸਾਸ ਹੋਇਆ ਹੈ, ਕਿਉਂਕਿ ਪਿਤਾ ਦੀਆਂ ਕਹੀਆਂ-ਦਸੀਆਂ ਬਹੁਤੀਆਂ ਗੱਲਾਂ ਦੀ ਸਮਝ ਮੈਨੂੰ ਹੁਣ ਆਉਣ ਲੱਗੀ ਹੈ।"

ਇੱਕ ਨਵੀਂ ਬਣੀ ਮਾਂ ਨੇ ਕਿਹਾ, "ਮੈਨੂੰ ਹੁਣ ਪਤਾ ਲਗਿਆ ਹੈ ਕਿ ਇਸਤਰੀ, ਮਾਂ ਬਣਨ ਦੌਰਾਨ ਕੀ ਕੀ ਸੋਚਦੀ ਹੈ, ਆਪਣੀ ਮਾਂ ਦਾ, ਮੈਂ ਮਾਂ ਬਣ ਕੇ ਹੀ ਸੱਚੇ ਅਤੇ ਸੁਹਿਰਦ ਮਨ ਨਾਲ ਧੰਨਵਾਦ ਕਰ ਸਕਦੀ ਹਾਂ।"

ਬੱਚੇ, ਮਾਪਿਆਂ ਨੂੰ ਬੁੱਢੇ ਨਹੀਂ ਹੋਣ ਦਿੰਦੇ।

ਜਵਾਨ ਹੋ ਰਹੇ ਬੱਚਿਆਂ ਨੂੰ ਵੇਖ ਕੇ, ਮਾਪਿਆਂ ਨੂੰ ਆਪਣੇ ਆਪ ਤੋਂ ਖ਼ੁਸ਼ਬੂ ਆਉਣ ਲੱਗ ਪੈਂਦੀ ਹੈ ਅਤੇ ਉਨ੍ਹਾਂ ਨੂੰ ਆਪਣਾ ਆਪ ਚੰਗਾ ਲਗਦਾ ਹੈ।

ਮਾਪੇ, ਆਪ ਬੱਚਿਆਂ ਵਾਲੇ ਟੱਬਰ ਵਿਚੋਂ ਆਏ ਹੁੰਦੇ ਹਨ, ਸੋ ਉਨ੍ਹਾਂ ਵਿਚ ਬਚਪਨ ਦੇ ਅਨੁਭਵ ਨੂੰ ਨਵੇਂ ਸਿਰਿਓਂ ਮਾਣਨ ਦੀ ਸੁਭਾਵਿਕ ਇੱਛਾ ਹੁੰਦੀ ਹੈ।

ਇਸਤਰੀ ਦੀ ਮਾਂ ਬਣਨ ਦੀ ਤਾਂਘ ਨੂੰ ਪੁਰਸ਼ ਸਮਝ ਤਾਂ ਸਕਦਾ ਹੈ ਪਰ ਮਹਿਸੂਸ ਨਹੀਂ ਕਰ ਸਕਦਾ। ਇਹ ਇਕ ਅਜਿਹਾ ਸੁਪਨਾ ਹੁੰਦਾ ਹੈ, ਜਿਸ ਦੀ ਅਸਲੀਅਤ ਸੁਪਨੇ ਨਾਲੋਂ ਵੀ ਸੋਹਣੀ ਹੁੰਦੀ ਹੈ।

ਮਾਂ ਇਕ ਅਜਿਹਾ ਰੱਬ ਹੁੰਦੀ ਹੈ, ਜਿਸ ਦੀ ਹਸਤੀ ਪ੍ਰਤੀ ਸੰਸਾਰ ਦਾ ਕੋਈ ਵੀ ਵਿਅਕਤੀ ਨਾਸਤਿਕ ਨਹੀਂ ਹੁੰਦਾ।

ਕੋਈ ਵੀ ਵਿਅਕਤੀ ਆਪਣੀ ਮਾਂ ਸਾਹਮਣੇ ਡੀਂਗ ਨਹੀਂ ਮਾਰ ਸਕਦਾ।

ਇਸ ਸੰਸਾਰ ਵਿਚ ਬੱਚੇ ਹੀ ਉਹ ਵਿਅਕਤੀ ਹੁੰਦੇ ਹਨ, ਜਿਨ੍ਹਾਂ ਨੂੰ, ਉਨ੍ਹਾਂ ਦੇ ਜਨਮ ਤੋਂ ਲੈ ਕੇ ਆਪਣੇ ਮਰਨ ਤੱਕ, ਅਸੀਂ ਪੂਰੀ ਤਰ੍ਹਾਂ ਜਾਣਦੇ ਹੁੰਦੇ ਹਾਂ।

ਭਾਵੇਂ ਸਾਡੇ ਬੱਚਿਆਂ ਨੂੰ ਬਹੁਤ ਸਮਾਂ ਲੱਗ ਜਾਦਾ ਹੈ ਸਾਨੂੰ ਸਮਝਣ ਵਿਚ, ਪਰ ਅਸੀਂ ਚਾਹੁੰਦੇ ਹਾਂ ਕਿ ਸਭ ਤੋਂ ਵੱਧ ਸਾਨੂੰ ਉਹ ਹੀ ਸਮਝਣ।

ਇਕ ਵਿਅਕਤੀ ਨੇ ਕਿਹਾ, "ਬੇਬੇ ਮਰੀ ਤਾਂ ਹੀ ਮੈਨੂੰ ਪਤਾ ਲੱਗਾ ਕਿ ਉਹ ਪਰਿਵਾਰਕ ਜ਼ਿੰਮੇਵਾਰੀਆਂ ਦਾ ਕਿਤਨਾ ਬੋਝ ਚੁੱਕੀ ਫਿਰਦੀ ਸੀ।"

ਭਾਵੇਂ ਮਨੁੱਖ ਜਾਣਦਾ ਹਜ਼ਾਰਾਂ ਵਿਅਕਤੀਆਂ ਨੂੰ ਹੁੰਦਾ ਹੈ ਪਰ ਮਰਨ ਸਮੇਂ ਉਸ ਦੀ ਇਹੀ ਇੱਛਾ ਹੁੰਦੀ ਹੈ ਕਿ ਕੇਵਲ ਉਸ ਦੇ ਬੱਚੇ ਉਸ ਕੋਲ ਹੋਣ।

ਬੱਚਾ ਆਪਣੀ ਮੁਸਕਰਾਹਟ ਨਾਲ ਮਾਪਿਆਂ ਦੇ ਮਨ ਦੀਆਂ ਗਲੀਆਂ ਵਿਚ ਹੋਕਾ ਦਿੰਦਾ ਹੈ, 'ਪਿਆਰ ਲੈ ਲੋ, ਪਿਆਰ।'

ਸੇਵਾ ਦਾ ਸੰਕਲਪ ਮਾਂ ਵੱਲੋਂ ਬੱਚੇ ਦੀ ਪਰਵਰਿਸ਼ ਅਤੇ ਬੱਚੇ ਵਲੋਂ ਬੁੱਢੀ ਮਾਂ ਦੀ ਦੇਖ-ਭਾਲ ਉੱਤੇ ਟਿਕਿਆ ਹੋਇਆ ਹੈ।

ਮਾਂ, ਸਦੀਆਂ ਤੋਂ ਉਡੀਕੇ ਜਾ ਰਹੇ, ਆਏ ਇਨਕਲਾਬ ਨੂੰ ਟਾਲ ਸਕਦੀ ਹੈ ਪਰ ਬੱਚੇ ਨੂੰ ਦੁੱਧ ਪਿਲਾਉਣਾ ਨਹੀਂ ਟਾਲਦੀ।

ਬੱਚੇ ਲਈ ਉਸ ਦੀ ਮਾਂ ਹੀ ਉਸਦਾ ਬ੍ਰਹਿਮੰਡ ਹੁੰਦੀ ਹੈ, ਮਾਂ ਲਈ ਉਸ ਦਾ ਬੱਚਾ ਹੀ ਉਸ ਦੀ ਦੁਨੀਆਂ ਦਾ ਸੂਰਜ ਹੁੰਦਾ ਹੈ।

ਇਵੇਂ ਪ੍ਰਸੰਨਤਾ ਵਿਚੋਂ ਪਿਆਰ ਅਤੇ ਪਿਆਰ ਵਿਚੋਂ ਪ੍ਰਸੰਨਤਾ ਉਪਜਦੀ ਹੈ।

ਹਰ ਘਰ ਅਤੇ ਪਰਿਵਾਰ ਵਿਚ ਬੱਚਿਆਂ ਲਈ ਥਾਂ ਹੁੰਦੀ ਹੈ।

ਨਿਰਸੰਦੇਹ ਪਰਿਵਾਰ ਮਨੁੱਖ ਦੀਆਂ ਮਹਾਨ ਕਾਢਾਂ ਵਿਚੋਂ ਇੱਕ ਵੱਡਮੁਲੀ ਕਾਢ ਹੈ।

ਪਰਿਵਾਰ ਬਣਦਾ ਹੀ ਬੱਚਿਆਂ ਨਾਲ ਹੈ।

ਅਨੁਭਵ ਦਸਦਾ ਹੈ ਕਿ ਬੱਚਿਆਂ ਨੂੰ ਮਾਪਿਆਂ ਦੀ ਉਤਨੀ ਲੋੜ ਨਹੀਂ ਹੁੰਦੀ, ਜਿੰਨੀ ਮਾਪਿਆਂ ਨੂੰ ਬੱਚਿਆਂ ਦੀ ਹੁੰਦੀ ਹੈ।

ਮਾਪਿਆਂ ਦੇ ਆਪਣੇ ਵਿਕਾਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਬੱਚੇ ਹੋਣ।

ਜਿਸ ਘਰ ਵਿਚ ਤਿੰਨ ਪੀੜ੍ਹੀਆਂ ਨਾਲ-ਨਾਲ ਵਸਦੀਆਂ ਹਨ, ਉਥੇ ਸਾਰਿਆਂ ਨੂੰ ਸਾਹ ਸੌਖਾ-ਸੌਖਾ ਆਉਂਦਾ ਹੈ, ਕਿਉਂਕਿ ਅਜਿਹੇ ਘਰਾਂ ਵਿਚ ਅਤੀਤ-ਵਰਤਮਾਨ-ਭਵਿੱਖ ਅਰਥਾਤ ਪਰੰਪਰਾ-ਪਰਿਵਰਤਨ-ਵਿਕਾਸ ਨਾਲ ਨਾਲ ਵਿਚਰਦੇ ਹਨ।

ਅਜਿਹੇ ਘਰਾਂ ਵਿਚ ਸਭ ਕੁਝ ਸਹਿਜ ਨਾਲ ਵਾਪਰਦਾ ਹੈ।

ਹੁਣ ਇਹ ਨਿਰਣਾ ਕਰਨਾ ਮਨੁੱਖ ਦੇ ਅਧਿਕਾਰ ਵਿਚ ਹੈ ਕਿ ਉਸ ਦੇ ਘਰ ਵਿਚ ਬੱਚੇ ਹੋਣ ਕਿ ਨਾ ਹੋਣ।

ਆਰਥਿਕ ਮਜਬੂਰੀਆਂ ਨੇ ਵਿਆਹ ਮੁਲਤਵੀ ਕੀਤੇ ਹਨ ਅਤੇ ਜੀਵਨ ਦੇ ਰੁਝੇਵਿਆਂ ਕਾਰਨ ਬੱਚਿਆਂ ਦੀ ਆਮਦ ਅੱਗੇ ਹੀ ਅੱਗੇ ਪੈਂਦੀ ਜਾ ਰਹੀ ਹੈ।

ਬਹੁਤੇ ਘਰਾਂ ਵਿਚ ਹੁਣ ਪਤੀ-ਪਤਨੀ ਮਾਪੇ ਉਦੋਂ ਬਣਦੇ ਹਨ, ਅੱਜ ਤੋਂ ਪੰਜਾਹ ਵਰ੍ਹੇ ਪਹਿਲਾਂ, ਜਦੋਂ ਉਹ ਦਾਦਾ-ਦਾਦੀ, ਨਾਨਾ-ਨਾਨੀ ਬਣ ਜਾਂਦੇ ਸਨ।

ਬੱਚਿਆਂ ਦੀ ਆਮਦ ਸੰਬੰਧੀ ਤਿੰਨ ਕਿਸਮ ਦੇ ਦ੍ਰਿਸ਼ਟੀਕੋਣ ਹਨ।

ਪਹਿਲੇ ਦ੍ਰਿਸ਼ਟੀਕੋਣ ਅਨੁਸਾਰ ਪਤੀ-ਪਤਨੀ, ਵਿਆਹ ਉਪਰੰਤ, ਕਿਸੇ ਵੇਲੇ ਵੀ ਮਾਪੇ ਬਣਨ ਦੇ ਸੁਪਨੇ ਵੇਖਣ ਲੱਗ ਪੈਂਦੇ ਹਨ।

ਦੂਜੀ ਪ੍ਰਕਾਰ ਦੇ ਉਹ ਪਤੀ-ਪਤਨੀ ਹੁੰਦੇ ਹਨ, ਜਿਹੜੇ ਕਿਸੇ ਲੰਮੇ ਸੰਗਰਾਮ ਵਿਚ, ਰਾਜਸੀ ਖੇਤਰ ਵਿਚ ਜਾਂ ਖੋਜ ਦੇ ਕਿਸੇ ਪਹਿਲਾਂ ਹੀ ਆਰੰਭੇ ਹੋਏ ਪ੍ਰੋਗਰਾਮ ਵਿਚ ਰੁੱਝੇ ਹੁੰਦੇ ਹਨ ਅਤੇ ਉਨ੍ਹਾਂ ਲਈ ਆਪਣੇ ਪਰਿਵਾਰ ਨਾਲੋਂ, ਆਪਣਾ ਕੰਮ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਤੀਜੀ ਵੰਨਗੀ ਦੇ ਪਤੀ-ਪਤਨੀਆਂ ਵਿਚ ਉਹ ਪੁਰਸ਼-ਇਸਤਰੀਆਂ ਆ ਜਾਂਦੇ ਹਨ, ਜਿਹੜੇ ਇਕ ਦੂਜੇ ਨੂੰ ਮਿਲਦੇ ਹੀ ਬਹੁਤ ਪੱਛੜ ਕੇ ਹਨ ਅਤੇ ਇਕ-ਦੂਜੇ ਨੂੰ ਲੱਭਦੇ ਲੱਭਦੇ ਹੀ ਉਹ ਆਪਣੀ ਜਵਾਨੀ ਲੰਘਾ ਦਿੰਦੇ ਹਨ।

ਪਹਿਲੀ ਪ੍ਰਕਾਰ ਦੇ ਉਹ ਪਤੀ-ਪਤਨੀ ਹੁੰਦੇ ਹਨ, ਜਿਹੜੇ ਆਪਣੇ ਵਿਆਹ ਦੀ ਪਹਿਲੀ ਵਰ੍ਹੇ-ਗੰਢ ਤੋਂ ਵੀ ਪਹਿਲਾਂ ਮਾਪੇ ਬਣ ਜਾਂਦੇ ਹਨ। ਪਹਿਲਾ ਬੱਚਾ ਸਭ ਲਈ ਹੈਰਾਨੀ ਭਰੀ ਖ਼ੁਸ਼ੀ ਲਿਆਉਂਦਾ ਹੈ ਪਰ ਬੱਚੇ ਦੇ ਇਤਨੀ ਜਲਦੀ ਆ ਜਾਣ ਨਾਲ, ਅਚਾਨਕ ਹੜ੍ਹ ਆਉਣ ਵਾਲੀ ਸਥਿਤੀ ਹੋ ਨਿਬੜਦੀ ਹੈ।

ਭਾਵੇਂ ਕਿਤਨੀ ਵੀ ਤਿਆਰੀ ਕੀਤੀ ਹੋਵੇ, ਬੱਚੇ ਦੇ ਆਉਣ ਨਾਲ ਉੱਥਲ-ਪੁੱਥਲ ਮੱਚਣੀ ਸੁਭਾਵਿਕ ਹੈ। ਬੱਚੇ ਦੇ ਆਉਣ ਨਾਲ ਜ਼ਿੰਦਗੀ ਦੇ ਸਾਰੇ ਪ੍ਰੋਗਰਾਮ ਮੁਲਤਵੀ ਹੋ ਜਾਂਦੇ ਹਨ। ਸਥਿਤੀ ਉਵੇਂ ਹੀ ਹੁੰਦੀ ਹੈ, ਜਿਵੇਂ ਸਵਾਗਤ ਕਰਨ ਵਾਲੇ ਅਜੇ ਤਿਆਰ ਨਾ ਹੋਣ ਅਤੇ ਬਰਾਤ ਆ ਜਾਵੇ।

ਵੇਖਿਆ ਗਿਆ ਹੈ ਕਿ ਜਿਨ੍ਹਾਂ ਦੀ ਸੋਚ ਸਪਸ਼ਟ ਨਾ ਹੋਵੇ ਜਾਂ ਜਿਨ੍ਹਾਂ ਦੀ ਸਮਝ ਵਿਸ਼ਾਲ ਨਾ ਹੋਵੇ, ਉਹ ਮਾਪੇ ਬੜੀ ਜਲਦੀ ਬਣ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਹੁਤਾ ਕੁਝ ਉਨ੍ਹਾਂ ਦਾ ਅਣਵਿਉਂਤਿਆ ਬੱਚਾ ਹੀ ਸਿਖਾਉਂਦਾ ਹੈ।

ਝੱਟਪਟ ਬਣੇ ਮਾਪਿਆਂ ਨੂੰ, ਜੀਵਨ ਦੇ ਤਜਰਬੇ ਦੀਆਂ ਜਮਾਤਾਂ ਝੱਟਪਟ ਪਾਸ ਕਰਨੀਆਂ ਪੈਂਦੀਆਂ ਹਨ। ਅਜਿਹੇ ਮਾਪਿਆਂ ਨੂੰ ਆਪਣੇ ਹਮ-ਉਮਰਾਂ ਤੋਂ ਅੱਗੇ ਲੰਘ ਜਾਣ ਦੀ ਥਾਂ, ਪਿੱਛੇ ਰਹਿ ਜਾਣ ਦਾ ਅਹਿਸਾਸ ਹੁੰਦਾ ਹੈ।

ਜੇ ਪਰਿਵਾਰ ਵਿਚ ਵੱਡੀ ਪੀੜ੍ਹੀ ਦਾ ਸਹਾਰਾ ਨਾ ਮਿਲੇ ਤਾਂ ਜਵਾਨ ਮਾਂਵਾਂ ਬੱਚੇ ਦੇ ਕੰਮਾਂ ਦੇ ਬੋਝ ਥੱਲੇ ਲੜਖੜਾ ਜਾਂਦੀਆਂ ਹਨ।

ਕਈ ਘਰਾਂ ਵਿਚ ਧੀਆਂ ਦੀ ਸਹੁਰੇ ਘਰ ਜੜ੍ਹ ਪੱਕੀ ਕਰਨ ਲਈ, ਮਾਂਵਾਂ ਉਨ੍ਹਾਂ ਨੂੰ ਝੱਟਪਟ ਗੋਦ ਭਰਨ ਦੀ ਸਲਾਹ ਦਿੰਦੀਆਂ ਹਨ ਪਰ ਜੇ ਧੀ ਨੂੰ ਸਹੁਰੇ ਘਰ ਪ੍ਰਵਾਨਗੀ ਦੀ ਕਿਸੇ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ ਤਾਂ ਬੱਚੇ ਦੀ ਆਮਦ ਨਾਲ ਸਥਿਤੀ ਆਮ ਕਰ ਕੇ ਹੋਰ ਵਿਗੜ ਜਾਂਦੀ ਹੈ।

ਕਈ ਘਰਾਂ ਵਿਚ ਆਸ ਪੁੱਤਰ ਦੀ ਕੀਤੀ ਜਾਂਦੀ ਹੈ ਪਰ ਹੋ ਧੀ ਜਾਂਦੀ ਹੈ।

ਜੇ ਧੀਆਂ ਦਾ ਸਿਲਸਿਲਾ ਲੰਮਾ ਹੋਵੇ ਤਾਂ ਨਿਰਾਸਤਾ ਉਪਜਦੀ ਹੈ।

ਭਾਵੇਂ ਇਹ ਸਥਿਤੀ ਬਦਲ ਰਹੀ ਹੈ ਪਰ ਇਸ ਨੂੰ ਸੁਧਾਰਨ ਅਤੇ ਸੁਧਰਨ ਵਿਚ ਇਸ ਕਰਕੇ ਬੜੀ ਦੇਰ ਲੱਗੇਗੀ, ਕਿਉਂਕਿ ਇਸ ਨਾਲ ਅਨੇਕਾਂ ਆਰਥਿਕ ਪੱਖ ਜੁੜੇ ਹੋਏ ਹਨ।

ਜਿੱਥੇ ਪਤੀ-ਪਤਨੀ ਦੇ ਵਿਚਾਰ ਵਧੇਰੇ ਸਪੱਸ਼ਟ ਹੋਣ, ਉਥੇ ਆਤਮ-ਵਿਸ਼ਵਾਸ ਵਧੇਰੇ ਹੁੰਦਾ ਹੈ। ਅਜਿਹੇ ਘਰਾਂ ਵਿਚ ਸੋਚ ਸਮਝ ਕੇ ਇਹ ਨਿਰਣਾ ਕੀਤਾ ਜਾਂਦਾ ਹੈ ਕਿ ਘਰ ਵਿਚ ਬੱਚੇ ਨੇ ਕਦੋਂ ਦਾਖਲ ਹੋਣਾ ਹੈ।

ਜਿੱਥੇ ਪਤੀ-ਪਤਨੀ ਦੋਵੇਂ ਨੌਕਰੀ ਕਰਦੇ ਹਨ, ਉਥੇ ਅਜਿਹੀ ਸੋਚ ਦੀ ਸੰਭਾਵਨਾ ਬਣੀ ਰਹਿੰਦੀ ਹੈ। ਅਜਿਹੇ ਪਤੀ-ਪਤਨੀ ਪੂਰੀ ਤਿਆਰੀ ਕਰ ਕੇ ਜੀਵਨ ਦੇ ਲੰਮੇ ਸਫਰ 'ਤੇ ਨਿਕਲਦੇ ਹਨ, ਸੋ ਉਨ੍ਹਾਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਦਾ ਉਨ੍ਹਾਂ ਨੂੰ ਅਗਾਊਂ ਹੀ ਪਤਾ ਹੁੰਦਾ ਹੈ।

ਤੀਜੀ ਪ੍ਰਕਾਰ ਦੇ ਪਤੀ-ਪਤਨੀ ਵਿਆਹ ਦੇਰ ਨਾਲ ਹੋਣ ਜਾਂ ਕਰਵਾਉਣ ਕਰ ਕੇ, ਮਾਪੇ ਵੀ ਦੇਰ ਨਾਲ ਬਣਦੇ ਹਨ। ਅਜਿਹੇ ਮਾਪੇ ਜਦੋਂ ਆਪਣੇ ਬੱਚੇ ਨਾਲ ਕਿਧਰੇ ਜਾਂਦੇ ਹਨ ਤਾਂ ਅਕਸਰ ਸੁਣਦੇ ਹਨ, 'ਤੁਹਾਡਾ ਪੋਤਾ ਬੜਾ ਸਾਊ ਹੈ।'

ਪੱਛੜ ਕੇ ਪ੍ਰਾਪਤ ਕੀਤੀ ਸੰਤਾਨ ਅਕਸਰ ਸੰਤ-ਸੁਭਾ ਹੁੰਦੀ ਹੈ ਅਤੇ ਬਹੁਤੀ ਵਾਰੀ ਸਰੀਰਕ ਅਤੇ ਮਾਨਸਿਕ ਪੱਖੋਂ ਘੱਟ ਚੁਸਤ ਹੁੰਦੀ ਹੈ।

ਅਜਿਹੇ ਬੱਚੇ, ਮਾਪਿਆਂ ਨਾਲੋਂ ਵੀ ਵਧੇਰੇ ਗਹਿਰ-ਗੰਭੀਰ ਹੋ ਜਾਂਦੇ ਹਨ।

ਪੱਛੜ ਕੇ ਜਨਮੇ ਅਜਿਹੇ ਬੱਚਿਆਂ ਨੂੰ ਇਹ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਨਾਲ ਕਦੀ ਖੇਡੇ ਨਹੀਂ।

ਅਜਿਹੇ ਮਾਪੇ ਇਕ ਬੱਚੇ ਨਾਲ ਹੀ ਥੱਕ ਜਾਂਦੇ ਹਨ ਅਤੇ ਅਜਿਹਾ ਬੱਚਾ ਝੱਟਪਟ ਜਵਾਨੀ ਲੰਘ ਕੇ ਆਪਣੇ ਯਤੀਮ ਬਣਨ ਦੀ ਤਿਆਰੀ ਵਿਚ ਰੁਝ ਜਾਂਦਾ ਹੈ।

ਅਜਿਹੇ ਬੱਚੇ ਨੂੰ ਆਪਣੇ ਭੈਣਾਂ-ਭਰਾਵਾਂ ਨਾਲ ਖੇਡਣ ਦਾ ਅਵਸਰ ਨਹੀਂ ਮਿਲਿਆ ਹੁੰਦਾ, ਸੋ ਉਸ ਦਾ ਪਾਲਣ-ਪੋਸ਼ਣ ਇੰਜ ਹੁੰਦਾ ਹੈ, ਜਿਵੇਂ ਉਹ ਘਰ ਵਿਚ, ਸਾਊ ਅਤੇ ਸਿਆਣਾ ਬਾਬਾ ਬਣਾਉਣ ਦੀ ਸਿਖਲਾਈ ਲਈ ਭਰਤੀ ਕੀਤਾ ਗਿਆ ਹੋਵੇ।

ਕਈ ਪਤੀ-ਪਤਨੀ ਮਾਪੇ ਬਣਨ ਦੀ ਅਵਸਥਾ ਨੂੰ ਨਿਰੰਤਰ ਅੱਗੇ ਪਾਉਂਦੇ ਰਹਿੰਦੇ ਹਨ ਅਤੇ ਜਦੋਂ ਉਹ ਮਾਪੇ ਬਣਨ ਦੀਆਂ ਜ਼ਿੰਮੇਵਾਰੀਆਂ ਦੇ ਦਰਿਆ ਵਿਚ ਛਾਲ ਮਾਰਨ ਲਈ ਤਿਆਰ ਹੁੰਦੇ ਹਨ ਤਾਂ ਦਰਿਆ ਸੁੱਕ ਚੁੱਕਾ ਹੁੰਦਾ ਹੈ।

ਪਛਤਾਵਾ ਅਤੇ ਠੀਕ ਸਮੇਂ 'ਤੇ ਅਵਸਰ ਤੋਂ ਲਾਭ ਨਾ ਉਠਾਉਣ ਦਾ ਦੋਸ਼, ਅਜਿਹੇ ਵਿਅਕਤੀਆਂ ਨੂੰ ਬੜਾ ਨਿਰਾਸ਼ ਕਰਦਾ ਹੈ।

ਮਾਂ ਬਣਨ ਨਾਲ ਇਸਤਰੀ ਵਿਚ ਜੋ ਤਬਦੀਲੀ ਵਾਪਰਦੀ ਹੈ, ਉਸ ਬਾਰੇ ਬਹੁਤ ਕੁਝ ਲਿਖਿਆ-ਪੜ੍ਹਿਆ ਜਾ ਚੁੱਕਾ ਹੈ ਪਰ ਪੁਰਸ਼ ਵਿਚ ਵਾਪਰਨ ਵਾਲੀ ਤਬਦੀਲੀ ਵਲ ਅਜੇ ਧਿਆਨ ਨਹੀਂ ਗਿਆ। ਜਦੋਂ ਕੋਈ ਇਸਤਰੀ ਮਾਂ ਬਣਦੀ ਹੈ ਤਾਂ ਉਸ ਦੀ ਦੁਨੀਆਂ ਦੇ ਬਾਕੀ ਸਾਰੇ ਕੰਮਾਂ ਵਿਚ ਦਿਲਚਸਪੀ ਘਟ ਜਾਂਦੀ ਹੈ ਪਰ ਪੁਰਸ਼ ਵਿਚ ਵਧੇਰੇ ਕਮਾਉਣ ਅਤੇ ਬੱਚੇ ਨੂੰ ਆਪਣੀਆਂ ਆਸਾਂ-ਉਮੰਗਾਂ ਅਨੁਸਾਰ ਪਾਲਣ ਦੀ ਤੀਬਰ ਇੱਛਾ ਜਾਗਦੀ ਹੈ।

ਪੁਰਸ਼ ਨੂੰ ਪਿਤਾ ਬਣ ਕੇ ਆਪਣੇ ਪਿਤਾ ਬਾਰੇ ਮੁੜ ਕੇ ਸੋਚਣ ਦੀ ਆਦਤ ਪੈਂਦੀ ਹੈ। ਕਈਆਂ ਵਾਸਤੇ ਪੁਰਸ਼ ਤੋਂ ਪਿਤਾ ਬਣਨਾ ਸਹਿਲ ਨਹੀਂ ਹੁੰਦਾ।

ਅਜਿਹੇ ਪੁਰਸ਼ ਅਕਸਰ ਕੁਝ ਵਧੇਰੇ ਹੀ ਚੁੱਪ ਰਹਿਣ ਲੱਗ ਪੈਂਦੇ ਹਨ।

ਬੱਚੇ, ਮਾਪਿਆਂ ਦੇ ਜੀਵਨ ਨੂੰ ਟਿਕਾਓ ਦਿੰਦੇ ਹਨ, ਫੈਸਲੇ ਕਰਨ ਦੀ ਮੌਜ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਜੀਵਨ ਦੇ ਨਵੇਂ ਅਰਥ ਦੇ ਕੇ ਉਨ੍ਹਾਂ ਨੂੰ ਆਸ਼ਾਵਾਦੀ ਅਤੇ ਭਵਿੱਖਵਾਦੀ ਬਣਾਉਂਦੇ ਹਨ।

ਮਾਪੇ ਬਣ ਕੇ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਔਖਾ ਨਹੀਂ ਲਗਦਾ ਪਰ ਕਈ ਵਾਰੀ ਥਕਾਵਟ ਬਰਦਾਸ਼ਤ ਕਰਨੀ ਔਖੀ ਲਗਦੀ ਹੈ।

ਬੱਚੇ, ਸਮਾਜ ਵਿਚ ਸਾਡੀ ਪਛਾਣ ਅਤੇ ਸੰਸਾਰ ਵਿਚ ਸਾਡੇ ਸਥਾਨ ਅਤੇ ਯੋਗਦਾਨ ਦੇ ਨਵੇਂ ਆਧਾਰ ਬਣਦੇ ਹਨ।

ਦੂਜੇ ਬੱਚੇ ਦੀ ਤਾਂਘ ਵੱਖਰੀ ਭਾਂਤ ਦਾ ਅਨੁਭਵ ਹੁੰਦੀ ਹੈ।

ਦੂਜੇ ਬੱਚੇ ਦੀ ਉਡੀਕ ਪਤੀ-ਪਤਨੀ ਨਹੀਂ, ਪਰਿਵਾਰ ਕਰਦਾ ਹੈ, ਸੋ ਦੂਜੇ ਬੱਚੇ ਦੀ ਆਮਦ ਤੋਂ ਪਹਿਲਾਂ ਪੂਰੀ ਤਿਆਰੀ ਕੀਤੀ ਜਾਂਦੀ ਹੈ।

ਪਹਿਲੇ ਬੱਚੇ ਦੇ ਅਨੁਭਵ ਨਾਲ ਮਾਪਿਆਂ ਵਿਚ ਆਤਮ-ਵਿਸ਼ਵਾਸ ਵੱਧ ਚੁੱਕਾ ਹੁੰਦਾ ਹੈ, ਸੋ ਉਹ ਵਧੇਰੇ ਵਿਸ਼ਵਾਸ ਨਾਲ ਵਿਚਰਦੇ ਹਨ।

ਇਕਲੌਤੇ ਬੱਚੇ ਦਾ ਸੰਕਲਪ ਉਸਾਰੂ ਨਹੀਂ, ਕਿਉਂਕਿ ਇਕਲੌਤੇ ਬੱਚੇ ਨਾਲ ਮਾਤਾ, ਪਿਤਾ ਅਤੇ ਬੱਚੇ ਤਿੰਨਾਂ ਦਾ ਮਾਨਸਿਕ ਸੰਤੁਲਨ ਸੁਖਾਵਾਂ ਨਹੀਂ ਰਹਿੰਦਾ, ਸੋ ਭੈਣ ਨੂੰ ਭਰਾ

ਅਤੇ ਭਰਾ ਨੂੰ ਭੈਣ ਦਾ ਤੋਹਫ਼ਾ ਦੇਣ ਦੀ, ਮਾਪਿਆਂ ਦੀ ਇੱਛਾ ਨੂੰ, ਜਦੋਂ ਫਲ ਲਗਦਾ ਹੈ ਤਾਂ ਪਰਿਵਾਰ ਦੇ ਸੰਪੂਰਨ ਹੋਣ ਦਾ ਅਹਿਸਾਸ ਹੁੰਦਾ ਹੈ।

ਕਈਆਂ ਨੂੰ ਦੂਜੇ ਬੱਚੇ ਤੋਂ ਮਗਰੋਂ, ਤੀਜੇ ਬੱਚੇ ਲਈ ਵੀ ਯਤਨ ਕਰਨਾ ਪੈਂਦਾ ਹੈ ਅਤੇ ਕਈ ਯਤਨ ਕਰਦੇ-ਕਰਦੇ ਗਿਣਤੀ ਹੀ ਭੁੱਲ ਜਾਂਦੇ ਹਨ।

ਦੂਜੇ ਬੱਚੇ ਨਾਲ ਮਾਪਿਆਂ ਨੂੰ ਘਰ ਅੰਦਰ ਬਰਾਬਰੀ ਅਤੇ ਇਨਸਾਫ਼ ਜਿਹੇ ਸੰਕਲਪਾਂ ਨੂੰ ਅਮਲ ਵਿਚ ਲਿਆਉਣ ਦਾ ਅਵਸਰ ਮਿਲਦਾ ਹੈ।

ਜਦੋਂ ਬੱਚੇ ਆਪਸ ਵਿਚ ਖੇਡਦੇ ਹਨ ਤਾਂ ਘਰ ਸਵਰਗ ਪ੍ਰਤੀਤ ਹੁੰਦਾ ਹੈ।

ਹਰ ਥਾਂ ਛੋਟੇ ਬੱਚੇ ਲਈ, ਵੱਡੇ ਬੱਚੇ, ਨਿੱਕੇ ਮਾਪੇ ਬਣ ਜਾਂਦੇ ਹਨ।

ਕਈ ਟੱਬਰਾਂ ਵਿਚ ਅੰਤਲਾ ਬੱਚਾ ਅਜਿਹਾ ਹੁੰਦਾ ਹੈ, ਜਿਹੜਾ ਸਭ ਰੋਕਵੇਂ ਪ੍ਰਬੰਧਾਂ ਦੇ ਬਾਵਜੂਦ ਨਹੀਂ ਰੁਕਦਾ।

ਇਹ ਬੱਚਾ ਗੱਡੀ ਦੇ ਅੰਤ ਉਤੇ ਗਾਰਡ ਦੇ ਡੱਬੇ ਵਾਂਗ ਹੁੰਦਾ ਹੈ।

ਮਾਪੇ ਅਕਸਰ ਆਪਣੇ ਇਸ ਛੋਟੇ ਪੁੱਤਰ ਕੋਲ ਆਪਣਾ ਬੁਢਾਪਾ ਗੁਜ਼ਾਰਨ ਦੇ ਵਿਚਾਰ ਪਾਲਦੇ ਹਨ। ਇਹ ਬੱਚਾ, ਪ੍ਰੀਤੀ-ਭੋਜ ਦੇ ਅਖੀਰਲੇ ਵਾਧੂ ਸੁਆਦ-ਵਸ ਖਾਧੇ ਫੁਲਕੇ ਜਾਂ ਮਿੱਠੀ ਚੀਜ਼ ਵਾਂਗ ਹੁੰਦਾ ਹੈ।

ਸਾਡੇ ਬੱਚਿਆਂ ਦਾ ਬਚਪਨ ਅਤੇ ਭਵਿੱਖ, ਸਾਡੇ ਬਚਪਨ ਅਤੇ ਵਰਤਮਾਨ ਨਾਲੋਂ ਵੱਖਰੀ ਭਾਂਤ ਦਾ ਹੋਣਾ ਸੁਭਾਵਿਕ ਹੈ।

ਹੁਣ ਬੱਚੇ ਆਪਣੇ-ਆਪਣੇ ਦੇਸ਼ ਜਾ ਕੇ ਵਸ ਜਾਂਦੇ ਹਨ ਅਤੇ ਸਭ ਦਾ ਸਾਂਝਾ ਆਲ੍ਹਣਾ ਖਾਲੀ ਹੋ ਜਾਂਦਾ ਹੈ ਅਤੇ ਮਾਪੇ ਇਕੱਲੇ ਰਹਿ ਜਾਂਦੇ ਹਨ।

ਅਸੀਂ ਬੱਚਿਆਂ ਨੂੰ ਉਡਣ ਵਾਸਤੇ ਤਾਂਘ ਨਾਲ ਤਿਆਰ ਕਰਦੇ ਹਾਂ ਪਰ ਜਦੋਂ ਉਹ ਉਡ ਜਾਂਦੇ ਹਨ ਤਾਂ ਅਸੀਂ ਉਦਾਸ ਹੋ ਜਾਂਦੇ ਹਾਂ।

ਬੱਚਿਆਂ ਦੇ ਜਾਣ ਨਾਲ, ਰੌਣਕ ਦੇ ਦਿਨਾਂ ਤੋਂ ਮਗਰੋਂ, ਇਕ ਉਦਾਸੀ ਪਸਰ ਜਾਂਦੀ ਹੈ, ਖਾਲੀ ਆਲ੍ਹਣੇ ਵਾਲੀ ਉਦਾਸੀ।

ਦਾਦਾ-ਦਾਦੀ, ਨਾਨਾ-ਨਾਨੀ ਬਣਨਾ, ਸਾਡੇ ਅਧਿਕਾਰ ਵਿਚ ਨਹੀਂ ਹੁੰਦਾ, ਅਸੀਂ ਤਾਂ ਉਡੀਕ ਹੀ ਸਕਦੇ ਹਾਂ।

ਜਦੋਂ ਬੱਚੇ ਦੂਰ ਚਲੇ ਜਾਣ ਤਾਂ ਬਾਕੀ ਉਡੀਕ ਹੀ ਰਹਿ ਜਾਂਦੀ ਹੈ, ਲੰਮੀ ਉਡੀਕ, ਉਮਰ ਨਾਲੋਂ ਵੀ ਲੰਮੀ ਉਡੀਕ, ਧੁੰਦਲੀਆਂ ਅੱਖਾਂ ਵਾਲੀ ਉਡੀਕ, ਮਾਪਿਆਂ ਵਲੋਂ ਆਪਣੀ ਸੰਤਾਨ ਦੇ ਮੁੜ ਆਉਣ ਦੀ ਉਡੀਕ।

♥♥♥

ਧੋਖਾ

ਧੋਖੇਬਾਜ਼ ਦਾ ਪਛਤਾਵਾ ਵੀ ਧੋਖਾ ਹੁੰਦਾ ਹੈ।

ਜਦੋਂ ਧੋਖਾ ਦਿੱਤਾ ਜਾ ਸਕਦਾ ਹੋਵੇ ਤਾਂ ਚੋਰੀ ਕਰਨ ਦੀ ਕੀ ਲੋੜ ਹੈ ?

ਕਹਿੰਦੇ ਹਨ ਘੋੜਾ ਧੋਖੇ ਨਾਲ ਹੀ ਖਰੀਦਿਆ-ਵੇਚਿਆ ਜਾ ਸਕਦਾ ਹੈ।

ਕਈ ਕੰਮ ਅਜਿਹੇ ਹੁੰਦੇ ਹਨ, ਜਿਹੜੇ ਈਮਾਨਦਾਰੀ ਨਾਲ ਵਿਗੜ ਜਾਂਦੇ ਹਨ, ਸੋ ਅਜਿਹੇ ਕੰਮਾਂ ਨੂੰ ਰਾਸ ਕਰਨ ਲਈ ਅਸੀਂ ਆਪਣੇ ਤੋਂ ਕਿਸੇ ਵੱਡੇ ਧੋਖੇਬਾਜ਼ ਨੂੰ ਲੱਭਦੇ ਹਾਂ।

ਅਸੀਂ ਦੁਕਾਨਦਾਰ ਨੂੰ ਬੜੇ ਭੋਲੇ ਬਣ ਕੇ ਆਖਦੇ ਹਾਂ, 'ਕੀਮਤ ਵਿਚ ਤਾਂ ਤੁਸੀਂ ਧੋਖਾ ਕਰ ਹੀ ਰਹੇ ਹੋ ਪਰ ਵਸਤ ਵਿਚ ਨਾ ਕਰਨਾ।' ਅੱਗੋਂ ਦੁਕਾਨਦਾਰ ਝਟਕਈ ਵਾਲੀ ਮੁਸਕਰਾਹਟ ਨਾਲ ਸੰਤਰਿਆਂ ਦਾ ਟੋਕਰਾ ਤੁਹਾਡੇ ਅੱਗੇ ਰੱਖ ਕੇ ਕਹਿੰਦਾ ਹੈ, 'ਖਾਓਗੇ ਤਾਂ ਯਾਦ ਕਰੋਗੇ!'

ਯਾਦ ਤਾਂ ਤੁਸੀਂ ਕਰੋਗੇ ਹੀ, ਕਿਉਂਕਿ ਜਦੋਂ ਉਪਰਲੇ ਭਲਵਾਨਾਂ ਵਰਗੇ ਸੰਤਰੇ ਹਟਾਓਗੇ ਤਾਂ ਥੱਲੋਂ ਬੌਣਿਆਂ ਵਰਗੇ ਸੰਤਰੇ ਨਿਕਲਣਗੇ। ਤੁਹਾਨੂੰ ਇਵੇਂ ਮਹਿਸੂਸ ਹੋਵੇਗਾ ਜਿਵੇਂ ਤੁਹਾਡੀ ਕਿਸਮਤ ਦੇ ਰੱਥ ਨੂੰ ਘੋੜਿਆਂ ਦੀ ਥਾਂ ਕੁੱਤੇ ਖਿੱਚ ਰਹੇ ਹੋਣ ਪਰ ਕੁੱਤੇ ਵਿਚ ਇਹ ਗੁਣ ਹੈ ਕਿ ਉਹ ਬੰਦੇ ਨਾਲ ਧੋਖਾ ਨਹੀਂ ਕਰਦਾ। ਕਿਉਂਕਿ ਉਹ ਕੁੱਤਾ ਹੋਣ ਵਿਚ ਹੀ ਸੰਤੁਸ਼ਟ ਹੈ, ਇਸ ਲਈ ਉਹ ਲੰਮੇ ਅਰਸੇ ਤੱਕ, ਬੰਦੇ ਲਈ ਵਫ਼ਾਦਾਰੀ ਦਾ ਆਦਰਸ਼ ਬਣਿਆ ਰਹੇਗਾ।

ਇਕ ਕੁੱਤਾ ਜਦੋਂ ਆਪਣੇ ਸਾਥੀਆਂ ਨਾਲੋਂ ਪਿੱਛੇ ਰਹਿ ਗਿਆ ਤਾਂ ਇਕ ਦਰਦੀ ਕੁੱਤੇ ਨੇ ਉਸ ਨੂੰ ਆਵਾਜ਼ ਮਾਰ ਕੇ ਕਿਹਾ, 'ਆ ਜਾ, ਜਲਦੀ ਕਰ, ਸਾਡੇ ਨਾਲ ਰਲ ਜਾਹ, ਨਹੀਂ ਤਾਂ ਬੰਦੇ ਦੀ ਮੌਤ ਮਰ ਜਾਵੇਂਗਾ।'

ਧੋਖਾ, ਅਯੋਗਤਾ ਦਾ ਹਥਿਆਰ ਹੁੰਦਾ ਹੈ।

ਜਿਥੇ ਯੋਗਤਾ, ਅਕਲ ਅਤੇ ਤਾਕਤ ਸਫਲ ਨਹੀਂ ਹੁੰਦੀ, ਉੱਥੇ ਧੋਖੇ ਤੋਂ ਕੰਮ ਲੈਣਾ ਬੜਾ ਸੁਭਾਵਿਕ ਵਰਤਾਰਾ ਹੁੰਦਾ ਹੈ।

ਜਿਹੜੇ ਹਿੰਮਤ ਵਿਖਾਉਣ ਸਮੇਂ ਸੁੰਗੜ ਜਾਂਦੇ ਹਨ, ਉਹ ਧੋਖਾ ਦੇਣ ਵਿਚ ਬੜੇ ਚੁਸਤ, ਹਿੰਮਤੀ ਅਤੇ ਬਹਾਦਰ ਹੁੰਦੇ ਹਨ

ਝੋਲੀ-ਚੁੱਕ ਅਤੇ ਚੁਗ਼ਲਖੋਰ, ਦੰਭੀ ਅਤੇ ਪਖੰਡੀ, ਚਲਾਕ ਅਤੇ ਮੱਕਾਰ, ਝੂਠੇ ਅਤੇ ਬਹਾਨੇਬਾਜ਼, ਢੌਂਗੀ ਅਤੇ ਫਰੇਬੀ ਆਦਿ ਧੋਖਾ ਦੇਣ ਦੀ ਬਿਰਤੀ ਨੂੰ ਆਪਣੀ ਯੋਗਤਾ ਸਮਝਦੇ ਹਨ। ਹਰ ਕੋਈ ਸਿਆਣਾ ਪ੍ਰਤੀਤ ਹੋਣਾ ਚਾਹੁੰਦਾ ਹੈ ਪਰ ਜਿਹੜਾ ਸਫਲ ਨਹੀਂ ਹੁੰਦਾ, ਉਹ ਧੋਖੇਬਾਜ਼ ਬਣ ਜਾਂਦਾ ਹੈ।

ਆਲੇ-ਦੁਆਲੇ ਵਿਚ ਕਈ ਲੂੰਬੜ ਤੁਹਾਨੂੰ ਦਰਵੇਸ਼ ਬਣੇ ਪ੍ਰਤੀਤ ਹੋਣਗੇ।

ਆਧੁਨਿਕ ਯੁੱਗ ਧੋਖੇ ਦਾ ਯੁੱਗ ਹੈ।

ਧੋਖੇਬਾਜ਼ ਦਾ ਸਭ ਤੋਂ ਵੱਧ ਯਤਨ ਇਸ ਗੱਲ ਉਤੇ ਲੱਗਿਆ ਹੁੰਦਾ ਹੈ ਕਿ ਉਹ ਭੋਲਾ ਪ੍ਰਤੀਤ ਹੋਵੇ। ਕਲਫ਼ ਲਾ ਕੇ ਉਹ ਆਪਣੇ ਆਪ ਨੂੰ ਧੋਖਾ ਦੇਵੇਗਾ।

ਇਹ ਪ੍ਰੇਰਨਾ ਅਕਸਰ ਉਸ ਨੂੰ ਆਪਣੀ ਪਤਨੀ ਤੋਂ ਮਿਲਦੀ ਹੈ। ਇਵੇਂ ਦੋਵੇਂ ਚੋਰਾਂ ਵਾਂਗ ਆਪਣੀਆਂ ਪੈੜਾਂ ਪੂੰਝਦੇ ਹਨ।

ਅਜਿਹੇ ਵਿਅਕਤੀਆਂ ਦੀ ਸ਼ਖ਼ਸੀਅਤ, ਸੁੱਕੇ ਦਰਿਆ ਦੇ ਖਸਤਾ-ਹਾਲ ਪਰ ਫੁੰਮਣਾਂ ਨਾਲ ਸਜੇ ਪੁਲ ਵਰਗੀ ਹੁੰਦੀ ਹੈ।

ਲਗਭਗ ਹਰ ਵਿਅਕਤੀ ਜੋ ਕੁਝ ਉਹ ਹੁੰਦਾ ਹੈ, ਉਸ ਤੋਂ ਵੱਖਰਾ ਅਤੇ ਵੱਡਾ ਪ੍ਰਤੀਤ ਹੋਣ ਦੇ ਯਤਨ ਵਿਚ ਆਪਣੇ ਆਲੇ-ਦੁਆਲੇ ਧੋਖੇ ਦਾ ਇਕ ਵਾਤਾਵਰਣ ਉਸਾਰ ਲੈਂਦਾ ਹੈ। ਇੰਜ ਲਗਦਾ ਹੈ ਕਿ ਜਿਵੇਂ ਛੋਟੇ ਦੀਵੇ, ਵੱਡੀਆਂ ਲਾਟਾਂ ਲਈ ਤਾਂਘ ਰਹੇ ਹੋਣ।

ਅਜਿਹੇ ਵਿਅਕਤੀਆਂ ਦੇ ਦਿਲਾਂ ਦੀਆਂ ਜੇਬਾਂ ਵਿਚ ਕੁਝ ਨਹੀਂ ਹੁੰਦਾ। ਅਜਿਹੇ ਵਿਅਕਤੀਆਂ ਨੂੰ ਮਿਲ ਕੇ ਫਟੇ ਹੋਏ ਦੁੱਧ ਦੀ ਚਾਹ ਪੀਣ ਵਾਲਾ ਅਨੁਭਵ ਹੁੰਦਾ ਹੈ।

ਇਨ੍ਹਾਂ ਨੂੰ ਵੇਖ ਕੇ ਇੰਜ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਸ਼ਰਾਬੀ ਆਪਣੀ ਹੀ ਲਾਹੀ ਜੁੱਤੀ ਨੂੰ ਲੱਭ ਰਿਹਾ ਹੋਵੇ।

ਅਜੋਕੇ ਯੁੱਗ ਦੀ ਸੋਚ ਅਤੇ ਵਿਹਾਰ ਵਿਚ ਧੋਖੇ ਦਾ ਰੰਗ ਗੂੜ੍ਹਾ ਹੈ।

ਜਿਵੇਂ ਪਿੱਤਲ ਦੀ ਮੁੰਦਰੀ ਨਾ ਕਿਸੇ ਪਿਆਰ ਦੀ ਨਿਸ਼ਾਨੀ ਬਣਦੀ ਹੈ, ਨਾ ਹੀ ਔਖੇ ਵੇਲੇ ਰਕਮ ਬਣਦੀ ਹੈ, ਉਵੇਂ ਹੀ ਧੋਖੇ ਨਾਲ, ਕਿਸੇ ਨਾਲ ਨਾ ਕੋਈ ਡੂੰਘਾ ਰਿਸ਼ਤਾ ਉਸਾਰਿਆ ਜਾ ਸਕਦਾ ਹੈ ਅਤੇ ਨਾ ਹੀ ਕਿਸੇ ਰਿਸ਼ਤੇ ਦਾ ਨਿੱਘ ਮਾਣਿਆ ਜਾ ਸਕਦਾ ਹੈ।

ਧੋਖਾ, ਆਮ ਤੌਰ 'ਤੇ ਉਹ ਵਿਅਕਤੀ ਕਰਦੇ ਹਨ, ਜਿਨ੍ਹਾਂ ਦੀ ਦ੍ਰਿਸ਼ਟੀ ਵਿਸ਼ਾਲ ਨਹੀਂ ਹੁੰਦੀ, ਜਿਨ੍ਹਾਂ ਦਾ ਅਨੁਭਵ ਡੂੰਘਾ ਨਹੀਂ ਹੁੰਦਾ, ਜਿਨ੍ਹਾਂ ਦੀ ਸੋਚ ਵਿਚ ਰੌਣਕ ਨਹੀਂ ਹੁੰਦੀ, ਜਿਨ੍ਹਾਂ ਦੇ ਦਿਲ ਪਵਿੱਤਰ ਬੀੜ ਵਾਂਗ ਨਹੀਂ ਖੁੱਲ੍ਹਦੇ।

ਪਿੰਡਾਂ ਵਿਚ ਲੋਕ ਆਹਮੋ-ਸਾਹਮਣੇ ਵੱਸਦੇ ਹਨ। ਉਹ ਇਕ-ਦੂਜੇ ਨੂੰ ਕਈ ਪੁਸ਼ਤਾਂ ਤੋਂ ਜਾਣਦੇ ਹੁੰਦੇ ਹਨ, ਸੋ ਉਨ੍ਹਾਂ ਵਿਚ ਸ਼ਹਿਰੀਆਂ ਵਾਲੀ ਧੋਖੇ ਦੀ ਬਿਰਤੀ ਨਹੀਂ ਹੁੰਦੀ।

ਸ਼ਹਿਰੀ ਲੋਕ ਬਹੁਤੇ ਨੌਕਰੀ ਪੇਸ਼ਾ ਅਤੇ ਦੁਕਾਨਦਾਰ ਹੁੰਦੇ ਹਨ, ਸੋ ਦਿਖਾਵੇ ਦੀ ਬਿਰਤੀ ਕਾਰਨ ਕਮੀਨਾਪਣ ਇਨ੍ਹਾਂ ਦੇ ਵਿਹਾਰ ਦਾ ਇਕ ਬੁਨਿਆਦੀ ਅੰਗ ਬਣ ਜਾਂਦਾ ਹੈ।

ਇਨ੍ਹਾਂ ਸ਼ਹਿਰੀਆਂ ਦੀਆਂ ਸਮੱਸਿਆਵਾਂ ਛੋਟੀਆਂ, ਲੜਾਈਆਂ ਮੱਧਰੀਆਂ ਅਤੇ ਸਮਝੌਤੇ ਲੰਗੜੇ ਹੁੰਦੇ ਹਨ।

ਪਿੰਡਾਂ ਦੇ ਲੋਕਾਂ ਵਿਚ ਅਜੇ ਵੀ ਖੁਲਾਸਾਪਣ ਹੈ ਪਰ ਪਟਵਾਰੀਆਂ, ਥਾਣਿਆਂ, ਅਦਾਲਤਾਂ, ਵਕੀਲਾਂ, ਮੁਨਸ਼ੀਆਂ ਆਦਿ ਨੇ ਇਨ੍ਹਾਂ ਲੋਕਾਂ ਦੀ ਨਿਰਮਲ ਤੱਕਣੀ ਨੂੰ ਵੀ ਮੈਲਾ ਕਰ ਦਿੱਤਾ ਹੈ, ਸੋ ਹੁਣ ਇਨ੍ਹਾਂ ਨੂੰ ਵੀ ਖੁੱਲ੍ਹੇ ਬੂਹਿਆਂ ਤੋਂ ਡਰ ਲੱਗਣ ਲੱਗ ਪਿਆ ਹੈ।

ਹੁਣ ਇਨ੍ਹਾਂ ਨੂੰ ਵੀ ਆੜ੍ਹਤੀ ਦੀ ਕਸਮ, ਪਟਵਾਰੀ ਦੇ ਈਮਾਨ ਅਤੇ ਥਾਣੇਦਾਰ ਦੀ ਵਫ਼ਾਦਾਰੀ 'ਤੇ ਵਿਸ਼ਵਾਸ ਨਹੀਂ ਰਿਹਾ ਅਤੇ ਇਨ੍ਹਾਂ ਨੂੰ ਵੀ ਹੁਣ ਸ਼ੱਕ ਅਤੇ ਸਾੜੇ ਦੀ ਭੀੜੀ ਗਲੀ ਵਿਚੋਂ ਲੰਘਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਇਵੇਂ ਪੇਂਡੂ ਜੀਵਨ ਵਿਚ ਵੀ ਧੋਖੇ ਦੀ ਬਿਰਤੀ ਬਲਵਾਨ ਹੋ ਰਹੀ ਹੈ।

ਧੋਖਾ, ਮਨੁੱਖੀ ਵਿਹਾਰ ਦਾ ਇਕ ਸਦੀਵੀ ਲੱਛਣ ਹੈ।

ਸ਼ਿਕਾਰ ਯੁੱਗ ਵਿਚ, ਸ਼ਿਕਾਰ ਕਰਨ ਦੀ ਮਜਬੂਰੀ ਨੇ ਮਨੁੱਖ ਨੂੰ, ਧੋਖੇ ਨੂੰ ਇੱਕ ਹਥਿਆਰ ਵਜੋਂ, ਵਰਤਣ ਦੀ ਜਾਚ ਸਿਖਾਈ ਸੀ।

ਧਿਆਨ ਨਾਲ ਵੇਖਿਆ ਜਾਵੇ ਤਾਂ ਜੀਵ-ਜੰਤੂ ਜਗਤ ਵਿਚ ਜਿਊਂਦੇ ਰਹਿਣ ਲਈ ਧੋਖਾ ਇਕ ਕਾਰਗਰ ਵਿਧੀ ਹੈ।

ਈਮਾਨਦਾਰ ਹੋ ਕੇ ਸ਼ਿਕਾਰ ਨਹੀਂ ਕੀਤਾ ਜਾ ਸਕਦਾ, ਸੋ ਹਰ ਇਕ ਜਾਨਵਰ ਜਾਂ ਪੰਛੀ ਨੇ ਕਿਸੇ ਹੋਰ ਨੂੰ ਮਾਰ ਕੇ ਆਪਣਾ ਪੇਟ ਭਰਨ ਲਈ ਜਿਹੜਾ ਢੰਗ-ਤਰੀਕਾ ਅਪਣਾਇਆ ਹੈ, ਉਸ ਵਿਚ ਧੋਖੇ ਅਤੇ ਚਲਾਕੀ ਦਾ ਅੰਸ਼ ਸਦਾ ਹੀ ਪ੍ਰਮੁੱਖ ਰਿਹਾ ਹੈ।

ਇਸ ਧੋਖੇ ਅਤੇ ਚਲਾਕੀ ਨੂੰ ਯੋਗਤਾ ਕਿਹਾ ਗਿਆ ਹੈ।

ਕੁਦਰਤ ਨੇ ਹਰ ਇਕ ਨਸਲ ਜਾਂ ਜੀਵ ਨੂੰ ਕਿਸੇ ਵਿਸ਼ੇਸ਼ ਯੋਗਤਾ ਦਾ ਵਰਦਾਨ ਦਿੱਤਾ ਹੈ। ਕਿਸੇ ਪੰਛੀ ਦੀ ਨਜ਼ਰ ਤਿੱਖੀ ਹੈ ਤਾਂ ਕਿ ਉਹ ਦੂਰੋਂ ਹੀ ਆਪਣੇ ਸ਼ਿਕਾਰ ਉੱਤੇ ਝਪਟ ਸਕੇ। ਕਿਸੇ ਜਾਨਵਰ ਦੀਆਂ ਲੱਤਾਂ ਸ਼ਕਤੀਸ਼ਾਲੀ ਹਨ, ਕਿਸੇ ਦੇ ਪੰਜੇ ਬਲਵਾਨ ਹਨ, ਕਿਸੇ ਦੀ ਜੀਭ ਝਾੜੂ ਵਾਂਗ ਆਲੇ-ਦੁਆਲੇ ਨੂੰ ਹੂੰਝ ਕੇ ਅੰਦਰ ਸੁੱਟ ਲੈਂਦੀ ਹੈ ਅਤੇ ਕਿਸੇ ਦੇ ਦੰਦ ਜਮੂਰਾਂ ਵਰਗੇ ਹਨ, ਜਦੋਂ ਕਿ ਕਿਸੇ ਦੇ ਨਹੁੰ ਨਸ਼ਤਰਾਂ ਦਾ ਕੰਮ ਕਰਦੇ ਹਨ।

ਕਈ ਜਾਨਵਰ ਦਿੱਸਣ ਵਿਚ ਬੀਮਾਰ ਜਿਹੇ ਅਤੇ ਲਾਚਾਰ ਜਿਹੇ ਪ੍ਰਤੀਤ ਹੁੰਦੇ ਹਨ ਪਰ ਸ਼ਿਕਾਰ ਸਾਹਮਣੇ ਆਉਣ 'ਤੇ ਉਹ ਬਦਕਾਰ ਜਿਹੇ, ਸਰਕਾਰ ਜਿਹੇ, ਧੋਖੇ ਭਰੇ ਵਿਹਾਰ ਦਾ ਪ੍ਰਮਾਣ ਦਿੰਦੇ ਹਨ।

ਕਈ ਪੰਛੀ, ਵੇਖਣ ਨੂੰ ਸੰਤ-ਮਹਾਤਮਾ ਲਗਦੇ ਹਨ ਪਰ ਜਦੋਂ ਉਨ੍ਹਾ ਨੂੰ ਭੁੱਖ ਲਗਦੀ ਹੈ ਤਾਂ ਕੋਈ ਲੂੰਬੜ ਵੀ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ।

ਖੇਤੀਬਾੜੀ ਦੇ ਯੁੱਗ ਵਿਚ ਮਾਸ ਦੀ ਥਾਂ ਜਦੋਂ ਅਨਾਜ ਮਨੁੱਖ ਦਾ ਮੁੱਖ ਆਹਾਰ ਬਣਿਆ ਤਾਂ ਵੀ ਸ਼ਿਕਾਰ ਕਰਨ ਦੀ ਬਿਰਤੀ ਜਿਉਂ ਦੀ ਤਿਉਂ ਬਣੀ ਰਹੀ। ਹੁਣ ਸ਼ਿਕਾਰ ਕੇਵਲ ਜਾਨਵਰਾਂ ਦਾ ਨਹੀਂ, ਬੰਦਾ, ਬੰਦਿਆਂ ਦਾ ਵੀ ਕਰਨ ਲੱਗ ਪਿਆ ਹੈ।

ਕਤਲ, ਖੇਤੀਬਾੜੀ ਯੁੱਗ ਦਾ ਮੁਖ ਵਰਤਾਰਾ ਹੈ। ਇਹ ਬਿਰਤੀ ਵਿਸ਼ਾਲ ਪੱਧਰ 'ਤੇ ਜੰਗ ਦਾ ਰੂਪ ਧਾਰਦੀ ਰਹੀ ਹੈ।

ਧੋਖਾ, ਜੰਗ ਦਾ ਪ੍ਰਮੁੱਖ ਹਥਿਆਰ ਰਿਹਾ ਹੈ।

ਹਰ ਇਕ ਹਾਕਮ ਆਪਣੇ ਸੱਚੇ ਅਤੇ ਪਰਉਪਕਾਰੀ ਹੋਣ ਦਾ ਪ੍ਰਭਾਵ ਦੇਣਾ ਚਾਹੁੰਦਾ ਹੈ। ਉਹ ਗੱਲਾਂ ਅਮਨ ਦੀਆਂ ਕਰਦਾ ਹੈ ਪਰ ਵਿਹਾਰ ਜੰਗ ਵਾਲਾ ਕਰਦਾ ਹੈ। ਅਜਿਹੇ ਵਿਹਾਰ ਨੂੰ ਰਾਜਨੀਤੀ ਕਹਿੰਦੇ ਹਨ।

ਧੋਖੇ ਬਿਨਾਂ ਰਾਜਨੀਤੀ ਇਜ ਹੀ ਹੈ, ਜਿਵੇਂ ਪਾਣੀ ਤੋਂ ਬਿਨਾਂ ਦਰਿਆ।

ਯੁੱਧ, ਰਾਜਨੀਤੀ ਦਾ ਹੀ ਹਥਿਆਰਬੰਦ ਪ੍ਰਗਟਾਵਾ ਹੁੰਦਾ ਹੈ। ਰੌਲਾ ਦੱਖਣ ਵਿਚ ਪਾਇਆ ਜਾਂਦਾ ਹੈ, ਹਮਲਾ ਉੱਤਰ ਵਿਚ ਕੀਤਾ ਜਾਂਦਾ ਹੈ। ਜ਼ਮੀਨ 'ਤੇ ਗੱਤੇ ਦੇ ਜਹਾਜ਼ ਟਿਕਾ ਕੇ, ਦੁਸ਼ਮਣ ਦੇ ਜਹਾਜ਼ਾਂ ਨੂੰ ਬੰਬ ਸੁੱਟਣ ਲਈ ਪ੍ਰੇਰਿਆ ਜਾਂਦਾ ਹੈ।

ਕਈ ਵਾਰੀ ਧੋਖਾ ਦੇਣ ਲਈ ਸੱਚ ਵੀ ਬੋਲਿਆ ਜਾਂਦਾ ਹੈ ਤਾਂ ਕਿ ਦੁਸ਼ਮਣ ਉਸ ਉੱਤੇ ਵਿਸ਼ਵਾਸ ਨਾ ਕਰੇ। ਸੂਹ ਲੈਣ ਲਈ ਅਫਵਾਹਾਂ ਫੈਲਾਈਆਂ ਜਾਂਦੀਆਂ ਹਨ। ਦੁਸ਼ਮਣ ਨੂੰ ਗਲਤ ਸੂਚਨਾ ਇਵੇਂ ਪਹੁੰਚਾਈ ਜਾਂਦੀ ਹੈ ਕਿ ਦੁਸ਼ਮਣ ਨੂੰ ਜਿਵੇਂ ਅਚਾਨਕ ਦੂਜੀ ਧਿਰ ਦੀ ਵਿਉਂਤ ਪਤਾ ਲੱਗਣ ਦਾ ਪ੍ਰਭਾਵ ਪਵੇ। ਮੁਰਦੇ ਫੌਜੀ ਨਾਲ, ਝੂਠੇ ਕਾਗਜ਼ਾਂ ਵਾਲਾ ਸੂਟਕੇਸ ਇਸ ਢੰਗ ਨਾਲ ਰੱਖਿਆ ਜਾਂਦਾ ਹੈ ਕਿ ਦੁਸ਼ਮਣ ਉਨ੍ਹਾਂ ਕਾਗਜ਼ਾਂ ਨੂੰ ਸੱਚ ਮੰਨ ਲਵੇ।

ਧੋਖੇ ਦੀ ਇਹੀ ਬਿਰਤੀ, ਰੂਪ ਅਤੇ ਰੰਗ ਬਦਲ ਕੇ, ਅਜੋਕੇ ਵਪਾਰ ਵਿਚ ਵਿਆਪਕ ਪੱਧਰ 'ਤੇ ਪ੍ਰਗਟ ਹੋ ਰਹੀ ਹੈ।

ਅਜੋਕੇ ਯੁੱਗ ਵਿਚ ਉਤਪਾਦਨ ਅਤੇ ਵੰਡ-ਵੰਡਾਰੇ ਦਾ ਢੰਗ ਪੂੰਜੀਵਾਦੀ ਹੈ। ਪੂੰਜੀਵਾਦ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੁੰਦਾ ਹੈ, ਸੋ ਦੇਸ਼ਾਂ ਦੇ ਹੱਦਾਂ-ਬੰਨੇ ਖੁਰ ਗਏ ਹਨ ਅਤੇ ਸਾਰਾ ਸੰਸਾਰ ਇਕ ਵੱਡੀ ਮੰਡੀ ਬਣ ਗਿਆ ਹੈ।

ਤੁਹਾਡੀ ਜੇਬ ਵਿਚ ਪੈਸਾ ਹੋਣਾ ਚਾਹੀਦਾ ਹੈ, ਕੱਢਣ ਦਾ ਤਰੀਕਾ ਪੂੰਜੀਵਾਦ ਜਾਂ ਵਪਾਰੀ ਵਰਗ ਆਪੇ ਸਿਰਜ ਲਵੇਗਾ।

ਇਕ ਪੱਖੋਂ ਇਹ ਯੁੱਗ ਗੁਲਾਮਾਂ ਅਤੇ ਦਾਸਾਂ ਦੇ ਯੁੱਗ ਨਾਲੋਂ ਵੀ ਵਧੇਰੇ ਨਿਰਦਈ ਹੈ। ਗੁਲਾਮਾਂ ਦੇ ਯੁੱਗ ਵਿਚ ਮਾਲਕ, ਗੁਲਾਮ ਅਤੇ ਉਸ ਦੇ ਟੱਬਰ ਦੇ ਭੋਜਨ ਅਤੇ ਵਸੇਬੇ ਦੀ ਵੀ ਜ਼ਿੰਮੇਵਾਰੀ ਲੈਂਦਾ ਸੀ ਪਰ ਪੂੰਜੀਵਾਦ ਨੇ ਇਹ ਜ਼ਿੰਮੇਵਾਰੀਆਂ ਤਿਆਗ ਦਿੱਤੀਆਂ ਹਨ ਅਤੇ ਕਾਰਖਾਨਿਆਂ ਦੇ ਰੂਪ ਵਿਚ ਵੱਡੇ-ਵੱਡੇ ਵੇਲਣੇ ਲਾ ਦਿੱਤੇ ਹਨ, ਜਿਥੇ ਕਾਮਿਆਂ, ਮਜ਼ਦੂਰਾਂ ਨੂੰ ਨਿਚੋੜਿਆ ਅਤੇ ਨਪੀੜਿਆ ਜਾਂਦਾ ਹੈ ਅਤੇ ਨਿਚੋੜ ਕੇ ਰੁਲਣ ਲਈ ਸੁੱਟ ਦਿੱਤਾ ਜਾਂਦਾ ਹੈ।

ਪੂੰਜੀਵਾਦ ਆਪਣੇ ਆਪ ਵਿਚ ਇਕ ਧੋਖਾ ਹੈ ਅਤੇ ਪੂੰਜੀਵਾਦ ਦੇ ਭਾਈਵਾਲ ਲੂੰਬੜ ਬਣ ਗਏ ਹਨ, ਜਿਨ੍ਹਾਂ ਨੇ ਭੇਡਾਂ ਦੀ ਰਾਖੀ ਸਾਂਭ ਲਈ ਹੈ । ਧੋਖੇ ਭਰੀ ਸ਼ਿਕਾਰ ਦੀ ਜਿਹੜੀ ਬਿਰਤੀ, ਘੇਰ ਕੇ, ਘਾਤ ਲਾ ਕੇ ਕਤਲ ਕਰਨ ਵਿਚ ਅਤੇ ਜੰਗ ਦੇ ਰੂਪ ਵਿਚ ਨਰਸੰਘਾਰ ਕਰਨ ਵਿਚ ਪ੍ਰਗਟ ਹੋਈ ਸੀ, ਉਹੀ ਬਿਰਤੀ ਹੁਣ ਵਪਾਰ ਵਿਚ ਪ੍ਰਗਟ ਹੋ ਰਹੀ ਹੈ।

ਧੋਖੇ ਦਾ ਨਾਂ ਬਦਲ ਲਿਆ ਗਿਆ ਹੈ ਪਰ ਬਿਰਤੀ ਬਰਕਰਾਰ ਹੈ।

ਰਾਜਨੀਤੀ ਵਿਚ ਧੋਖੇ ਨੂੰ ਲੋਕ-ਸੇਵਾ ਕਿਹਾ ਜਾਂਦਾ ਹੈ।

ਹੁਣ ਧੋਖਾ ਫਰਜ਼ ਸਮਝ ਕੇ ਕੀਤਾ ਜਾਂਦਾ ਹੈ ਅਤੇ ਇਸ ਫਰਜ਼ ਨੂੰ ਪਵਿੱਤਰ ਬਣਾਉਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ।

ਕੋਈ ਵੀ ਧਰਮ, ਧੋਖਾ ਦੇਣ ਦੀ ਪ੍ਰੇਰਨਾ ਨਹੀਂ ਦਿੰਦਾ ਪਰ ਧਰਮ ਦੇ ਨਾਂ 'ਤੇ ਮਨੁੱਖ ਵਲੋਂ ਜਿਤਨਾ ਧੋਖਾ ਮਨੁੱਖ ਨਾਲ ਹੋਇਆ ਹੈ, ਉਸ ਦੀ ਮਿਸਾਲ ਮਨੁੱਖ ਨੂੰ ਨਿਰੰਤਰ ਸ਼ਰਮਿੰਦਾ ਕਰਦੀ ਹੈ ਪਰ ਮਨੁੱਖ ਹੀ ਹੈ ਜਿਹੜਾ ਸਭ ਤੋਂ ਵੱਧ ਗਿਆਨਵਾਨ ਹੋਣ ਦੇ ਬਾਵਜੂਦ, ਮੂਰਖਤਾ ਦੇ ਨਿੱਤ ਨਵੇਂ ਪ੍ਰਮਾਣ ਦੇ ਰਿਹਾ ਹੈ।

ਜਦੋਂ ਕੋਈ ਸੰਤ ਬੀਮਾਰ ਪੈਂਦਾ ਹੈ ਤਾਂ ਉਸ ਨੂੰ ਬੜੀ ਪ੍ਰੇਸ਼ਾਨੀ ਭਰੀ ਮੁਸ਼ਕਿਲ ਹੁੰਦੀ ਹੈ, ਕਿਉਂਕਿ ਉਸ ਦੀ ਰੂਹਾਨੀ ਕਮਾਈ, ਉਸ ਦੇ ਸਰਧਾਲੂਆਂ ਨੂੰ ਧੋਖਾ ਪ੍ਰਤੀਤ ਹੁੰਦੀ ਹੈ ਅਤੇ ਉਸ ਦੀ ਮਾਨਤਾ ਘਟਦੀ ਹੈ।

ਅਜੋਕੇ ਯੁੱਗ ਵਿਚ ਪਿਆਰ ਜਿਹਾ ਅਨੁਭਵ ਵੀ ਧੋਖੇ ਦੀ ਮਾਰ ਤੋਂ ਮੁਕਤ ਨਹੀਂ ਰਿਹਾ।

ਅੱਜ ਦੇ ਪ੍ਰੇਮੀ ਹਰ ਮੌਕੇ ਲਈ ਆਪਣੇ ਚਿਹਰੇ ਦਾ ਚੌਖਟਾ ਅਤੇ ਮੁਸਕਰਾਹਟ ਦਾ ਰੰਗ ਬਦਲ ਲੈਂਦੇ ਹਨ। ਅਜੋਕੇ ਪ੍ਰੇਮੀ ਨੂੰ ਪ੍ਰੇਮਿਕਾ ਦਾ ਸਾਥ ਪ੍ਰਾਪਤ ਕਰਨ ਲਈ, ਹੁਣ ਵਧੇਰੇ ਝੂਠੇ ਵਾਅਦੇ ਕਰਨੇ ਪੈਂਦੇ ਹਨ।

ਪ੍ਰੇਮੀ ਨੂੰ, ਪ੍ਰੇਮਿਕਾ ਲਾਵਾਂ-ਫੇਰਿਆਂ ਵੱਲ ਖਿੱਚਦੀ ਹੈ, ਜਦੋਂ ਕਿ ਪ੍ਰੇਮਿਕਾ ਨੂੰ, ਪ੍ਰੇਮੀ ਬਿਸਤਰੇ ਵੱਲ ਧਕੇਲਦਾ ਹੈ। ਕੁੰਡੀ ਲਾ ਕੇ ਮੱਛੀ ਫੜਨ ਵਾਲੀ ਜਾਂ ਮਕੜੀ ਵਾਲੀ ਇਹ ਬਿਰਤੀ ਸਮੁੱਚੇ ਇਸਤਰੀ-ਪੁਰਸ਼ ਸਬੰਧਾਂ ਵਿਚ ਪਸਰਦੀ ਜਾ ਰਹੀ ਹੈ।

ਹੁਣ ਪਿਆਰ ਵਿਚ ਵੀ ਸ਼ਿਕਾਰ, ਵਪਾਰ ਅਤੇ ਸਰਕਾਰ ਵਾਲੇ, ਧੋਖੇ ਭਰੇ ਢੰਗ-ਤਰੀਕੇ ਵਰਤੇ ਜਾਂਦੇ ਹਨ।

ਹੱਥ ਜੋੜਨੇ, ਮੱਥਾ ਟੇਕਣਾ, ਪੈਰੀਂ ਹੱਥ ਲਾਉਣਾ ਆਦਿ ਪ੍ਰਗਟਾਵਿਆਂ ਦਾ ਪਿਛੋਕੜ ਇਹ ਹੈ ਕਿ ਦੂਜੀ ਧਿਰ ਨੂੰ ਵਿਸ਼ਵਾਸ ਦਿਵਾਇਆ ਜਾਵੇ ਕਿ ਧੋਖੇ ਦੀ ਕੋਈ ਸੰਭਾਵਨਾ ਨਹੀਂ।

ਅਜੋਕੇ ਯੁੱਗ ਨੇ ਹਰ ਖੇਤਰ ਵਿਚ ਵੰਨ-ਸੁਵੰਨਤਾ ਲਿਆਂਦੀ ਹੈ ਅਤੇ ਇਹ ਵੰਨ-ਸੁਵੰਨਤਾ ਧੋਖੇ ਦੇ ਖੇਤਰ ਵਿਚ ਵੀ ਪ੍ਰਗਟ ਹੋ ਰਹੀ ਹੈ।

ਕਿਸੇ ਨੇ ਕਿਹਾ ਹੈ ਕਿ ਜੇ ਸ਼ਰੀਕ ਵੱਸ ਵਿਚ ਨਾ ਆਉਣ ਤਾਂ ਉਨ੍ਹਾਂ ਦਾ ਹਮਦਰਦ ਬਣ ਕੇ ਕਿਧਰੋਂ ਮੱਧਰੀ ਕੁੜੀ ਦਾ ਸਾਕ ਲਿਆ ਦਿਓ, ਮੱਧਰੇ ਬੱਚੇ ਜੰਮਣਗੇ, ਜਿਨ੍ਹਾਂ ਨੂੰ ਜਿਥੇ ਚਾਹੋ, ਜਦੋਂ ਮਰਜ਼ੀ ਕੁੱਟ ਲਵੋ।

ਇਵੇਂ ਹੀ ਜੇ ਕਿਸੇ ਨੂੰ ਸਾਰੀ ਉਮਰ ਦਾ ਜੰਜਾਲ ਪਾਉਣਾ ਚਾਹੁੰਦੇ ਹੋ ਤਾਂ ਉਸ ਦੀ ਧੀ ਨੂੰ ਦਰਵਾਜ਼ੇ ਨਾਲੋਂ ਵੀ ਬਹੁਤ ਵੱਡੀ ਪੇਟੀ ਦਾਜ ਵਿਚ ਤੋਹਫ਼ੇ ਵਜੋਂ ਦਿਓ, ਸਾਂਭਦੀ-ਸਾਂਭਦੀ ਉਹ ਚਲ ਵਸੇਗੀ।

ਕਿਸੇ ਤੋਂ ਬਦਲਾ ਲੈਣਾ ਹੋਵੇ ਤਾਂ ਉਸ ਦੀ ਔਲਾਦ ਨੂੰ ਆਪਣੇ ਪੱਲਿਓਂ ਖੁਆਓ-ਪਿਆਓ।

ਜਦੋਂ ਬਾਹਰ ਖਾਣ-ਪੀਣ ਦੀ ਆਦਤ ਪੱਕ ਜਾਵੇ ਤਾਂ ਛੱਡ ਦਿਓ। ਉਹ ਸਾਰੇ ਮਹਿਲ-ਮੁਹੱਲੇ ਉਜਾੜ ਦੇਵੇਗੀ।

ਅਜੋਕੇ ਯੁੱਗ ਵਿਚ ਸਫਲ ਧੋਖੇ ਨੂੰ ਨਿਪੁੰਨਤਾ ਅਤੇ ਕਾਰਗਰ ਜੁਗਤ ਅਤੇ ਜੁਗਾੜ ਦੇ ਸਤਿਕਾਰ ਭਰੇ ਰੂਪ ਵਿਚ ਪੇਸ਼ ਕੀਤਾ ਅਤੇ ਸਵੀਕਾਰਿਆ ਜਾਂਦਾ ਹੈ।

ਧੋਖੇ ਦੀ ਵਿਆਪਕ ਬਿਰਤੀ ਦਾ ਇਕ ਕਾਰਨ ਇਹ ਹੈ ਕਿ ਅਜੋ ... ਣਨ ਵਿਚ ਸ਼ੱਕ, ਸਾੜਾ ਅਤੇ ਨਫ਼ਰਤ ਵੱਧ ਗਏ ਹਨ।

ਆਮ ਕਰਕੇ ਧੋਖਾ ਉਸੇ ਨੂੰ ਦਿੱਤਾ ਜਾਂਦਾ ਹੈ, ਜਿਸ ਪ੍ਰਤੀ ਨਫ਼ਰਤ ਹੋਵੇ।

ਧੋਖਾ ਇਸ ਡਰ ਨਾਲ ਵੀ ਦਿੱਤਾ ਜਾਂਦਾ ਹੈ ਕਿ ਕਿਧਰੇ ਦੂਜਾ ਹੀ ਪਹਿਲ ਕਰਕੇ, ਸਾਨੂੰ ਹੀ ਧੋਖਾ ਨਾ ਦੇ ਜਾਵੇ।

ਨਿੱਤ ਬਦਲਦੀਆਂ ਵਫ਼ਾਦਾਰੀਆਂ ਦੇ ਯੁੱਗ ਵਿਚ ਕੁਝ ਵੀ ਸਥਾਈ ਨਹੀਂ ਰਿਹਾ। ਹਰ ਕੋਈ ਆਪਣੇ ਆਪ ਨੂੰ ਇਕੱਲਾ ਅਤੇ ਤਿਲ੍ਹਕ ਰਿਹਾ ਮਹਿਸੂਸ ਕਰਦਾ ਹੈ। ਧੋਖੇ ਦੀ ਵਿਆਪਕ ਬਿਰਤੀ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮਨਪਰਚਾਵੇ ਲਈ ਖੇਡੀਆਂ ਜਾਣ ਵਾਲੀਆਂ ਖੇਡਾਂ ਵੀ ਇਸ ਦੇ ਪ੍ਰਭਾਵ ਅਤੇ ਪ੍ਰਛਾਵੇਂ ਤੋਂ ਮੁਕਤ ਨਹੀਂ ਹਨ।

ਉਸ ਨਾਲ ਧੋਖਾ ਨਹੀਂ ਹੋ ਰਿਹਾ ਹੁੰਦਾ, ਜਿਸ ਨੂੰ ਪਤਾ ਹੈ ਕਿ ਉਸ ਨਾਲ ਧੋਖਾ ਹੋ ਰਿਹਾ ਹੈ। ਧੋਖਾ ਹੋਣ ਦੀ ਸੂਰਤ ਵਿਚ ਘੱਟ ਅਕਲ ਵਾਲਾ ਵਿਅਕਤੀ ਰੌਲਾ-ਰੱਪਾ ਪਾਉਂਦਾ ਹੈ, ਮੂਰਖ ਬਦਲਾ ਲੈਣ ਦੀ ਧਮਕੀ ਦਿੰਦਾ ਹੈ, ਸਿਆਣਾ ਚੁੱਪ ਕਰ ਕੇ ਸਹਿ ਜਾਂਦਾ ਹੈ।

ਜੇ ਤੁਹਾਨੂੰ ਕੋਈ ਸਤਿਕਾਰਯੋਗ ਵਿਅਕਤੀ ਧੋਖਾ ਦੇ ਰਿਹਾ ਹੋਵੇ ਤਾਂ ਖਿੜੇ-ਮੱਥੇ ਧੋਖਾ ਖਾਓ ਅਤੇ ਆਪਣੇ ਆਪ 'ਤੇ ਮਾਣ ਕਰੋ।

ਤੁਸੀਂ ਕਿਹੜੇ-ਕਿਹੜੇ ਧੋਖੇ ਦਾ ਰੋਸ ਅਤੇ ਵਿਰੋਧ ਕਰੋਗੇ ?

ਇਹ ਨਾ ਸਮਝਣਾ ਕਿ ਤੁਸੀਂ ਈਮਾਨਦਾਰ ਹੋ ਅਤੇ ਧੋਖਾ ਦੇਣ ਦਾ ਦੋਸ਼ ਦੂਜਿਆਂ ਉਤੇ ਹੀ ਲੱਗ ਰਿਹਾ ਹੈ।

ਅਸੀਂ ਸਾਰੇ ਧੋਖੇਬਾਜ਼ ਹਾਂ।

ਧੋਖੇ ਦੀ ਆਪਣੀ ਪੱਧਰ ਨੂੰ ਅਸੀਂ ਈਮਾਨਦਾਰੀ ਦੇ ਗੁਆਂਢ ਵਿਚ ਰੱਖਦੇ ਹਾਂ ਅਤੇ ਵੱਖਰੀ ਕਿਸਮ ਦੇ ਜਾਂ ਵਡੇਰੀ ਪੱਧਰ ਦੀ ਬੇਈਮਾਨੀ ਤੋਂ ਪ੍ਰੇਰਿਤ ਵਿਹਾਰ ਨੂੰ ਧੋਖਾ ਕਹਿ ਕੇ, ਅਸੀਂ ਆਪਣੇ ਸੱਚੇ-ਸੁੱਚੇ ਹੋਣ ਦਾ ਭਰਮ ਪਾਲਦੇ ਹਾਂ।

ਇਹ ਭਰਮ ਵੀ ਧੋਖਾ ਹੈ।

ਸਭ ਪ੍ਰਕਾਰ ਦੀ ਕਲਾ ਵੀ ਇਕ ਭਰਮ ਹੈ ਅਤੇ ਭਰਮ ਧੋਖੇ ਦਾ ਬੁਨਿਆਦੀ ਲੱਛਣ ਹੈ। ਸਾਹਿਤਕਾਰ ਹੋਰ ਹੋਰ ਨਾਂ ਵਰਤ ਕੇ ਆਪਣੇ ਮਨ ਦੀਆਂ ਅਤ੍ਰਿਪਤੀਆਂ ਨੂੰ ਪ੍ਰਗਟਾਉਂਦੇ ਹਨ ਅਤੇ ਇਵੇਂ ਵਾਸਤਵਿਕ ਜੀਵਨ ਵਿਚਲੀ ਆਪਣੀ ਅਸਫ਼ਲਤਾ ਜਾਂ ਅਯੋਗਤਾ ਨੂੰ ਆਪਣੀ ਕਲਪਨਾ ਦੇ ਸੰਸਾਰ ਵਿਚ ਸਫ਼ਲਤਾ ਅਤੇ ਯੋਗਤਾ ਵਜੋਂ ਪੇਸ਼ ਕਰਦੇ ਹਨ।

ਜਿਹੜੇ ਅਜਿਹਾ ਭਰਮ ਸਫ਼ਲਤਾ ਸਹਿਤ ਉਪਜਾ ਲੈਂਦੇ ਹਨ, ਉਹ ਕਲਾਕਾਰ ਅਤੇ ਸਾਹਿਤਕਾਰ ਅਖਵਾਉਂਦੇ ਹਨ।

ਅਸੀਂ ਅਕਸਰ ਧੋਖੇ ਦੇ ਵਿਰੁੱਧ ਨਹੀਂ ਹੁੰਦੇ, ਮੂਰਖਤਾ ਭਰੇ ਢੰਗ ਨਾਲ ਕੀਤੇ ਅਸਫ਼ਲ ਅਤੇ ਮਹਿੰਗੇ ਧੋਖੇ ਦੇ ਵਿਰੁੱਧ ਹੁੰਦੇ ਹਾਂ।

ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੇ ਨਾਲ ਭਾਵੇਂ ਧੋਖਾ ਹੋਵੇ ਪਰ ਧੋਖਾ ਖ਼ੂਬਸੂਰਤ ਹੋਣਾ ਚਾਹੀਦਾ ਹੈ, ਜਾਦੂਗਰ ਦੇ ਜਾਦੂ ਵਰਗਾ।

ਅਸੀਂ ਕਤਲ ਹੋਣ ਤੋਂ ਵੀ ਨਹੀਂ ਡਰਦੇ ਪਰ ਚਾਹੁੰਦੇ ਹਾਂ ਕਿ ਕਾਤਲ ਬਹੁਤ ਸੁੰਦਰ ਹੋਵੇ। ਅਸੀਂ ਕੋਹੇ ਜਾਣ ਤੋਂ ਵੀ ਨਹੀਂ ਘਬਰਾਉਂਦੇ ਪਰ ਚਾਹੁੰਦੇ ਹਾਂ ਕਿ ਕੋਈ ਆਪਣੀ ਮੁਸਕਰਾਹਟ

ਨਾਲ ਜਾਂ ਪਿਆਰ-ਤੱਕਣੀ ਨਾਲ ਕੋਹੇ। ਅਸੀਂ ਲੁੱਟੇ ਜਾਣ ਤੋਂ ਵੀ ਨਹੀਂ ਝਿਜਕਦੇ ਪਰ ਸਾਡੀ ਸਾਰਿਆਂ ਦੀ ਇੱਛਾ ਇਹ ਹੁੰਦੀ ਹੈ ਕਿ ਕੋਈ ਆਪਣਾ ਪਿਆਰਾ ਬਣਾ ਕੇ ਲੁੱਟੇ।

ਨਿਰਸੰਦੇਹ ਜੇ ਸਾਰੇ ਧੋਖੇਬਾਜ਼ਾਂ ਨੂੰ ਸੰਸਾਰ ਵਿਚੋਂ ਕੱਢ ਦੇਈਏ ਤਾਂ ਬਾਕੀ ਕੋਈ ਨਹੀਂ ਬਚੇਗਾ। ਜੇ ਸੰਸਾਰ ਦੇ ਸਾਰੇ ਲੋਕ ਸੰਤ ਹੋ ਜਾਣ ਤਾਂ ਜੀਵਨ ਨੀਰਸ ਹੋ ਜਾਵੇਗਾ ਅਤੇ ਜੇ ਸਾਰੇ ਚੋਰ ਬਣ ਜਾਣ ਤਾਂ ਚੋਰੀ ਕਰਨ ਯੋਗ ਕੁਝ ਨਹੀਂ ਬਚੇਗਾ।

ਹਰ ਕੋਈ ਆਪਣੇ ਚੰਗੇ-ਮਾੜੇ ਯਤਨਾਂ ਨਾਲ ਸੰਸਾਰ ਦੀ ਰੌਣਕ ਵਧਾਉਂਦਾ ਹੈ।

ਸਾਡੇ ਦੁਸ਼ਮਣ ਵੀ ਸਾਡੇ ਜੀਵਨ ਨੂੰ ਦਿਲਚਸਪ ਬਣਾਉਂਦੇ ਹਨ।

ਦੁਨੀਆਂ ਦਾ ਇਹ ਮੇਲਾ ਇਸੇ ਲਈ ਦਿਲਚਸਪ ਹੈ, ਕਿਉਂਕਿ ਇਥੇ ਸਾਧ ਅਤੇ ਚੋਰ ਦੋਵੇਂ ਵੱਸਦੇ ਹਨ। ਅਸੀਂ ਸਾਰੇ ਇਕ ਵਿਸ਼ਾਲ ਨਾਟਕ ਦੇ ਪਾਤਰ ਹਾਂ, ਕਦੀ ਅਸੀਂ ਧੋਖਾ ਦੇਣ ਦਾ ਰੋਲ ਨਿਭਾਉਂਦੇ ਹਾਂ, ਕਦੀ ਧੋਖਾ ਖਾਣ ਦਾ, ਕਦੀ ਪੁੱਤਰ ਦਾ ਰੋਲ ਨਿਭਾਉਂਦੇ ਹਾਂ, ਕਦੀ ਪਿਓ ਦਾ, ਕਦੀ ਮਾਂ ਬਣਦੇ ਹਾਂ ਕਦੀ ਪ੍ਰੇਮਿਕਾ।

ਜਿਹੋ ਜਿਹੀ ਸਥਿਤੀ ਹੁੰਦੀ ਹੈ, ਉਹੋ ਜਿਹੇ ਅਸੀਂ ਬਣ ਜਾਂਦੇ ਹਾਂ।

ਨਿਰਸੰਦੇਹ ਮਨੁੱਖ ਆਰਥਿਕ ਪੱਖੋਂ ਖੁਸ਼ਹਾਲ ਹੋ ਰਿਹਾ ਹੈ ਪਰ ਉਸ ਦੀ ਮਾਨਸਿਕ ਖੁਸ਼ਹਾਲੀ ਨੂੰ ਪ੍ਰਗਟ ਹੋਣ ਲਈ ਅਜੇ ਬਹੁਤ ਅਰਸਾ ਲੱਗੇਗਾ।

ਮਨ ਦੇ ਪੱਖੋਂ ਅਮੀਰ ਨਾ ਹੋਣ ਕਾਰਨ, ਸਾਡੇ ਵਿਹਾਰ ਵਿਚ ਵਿਸ਼ਾਲਤਾ ਨਹੀਂ ਆਈ। ਇਹੀ ਕਾਰਨ ਹੈ ਕਿ ਸਾਡੇ ਘਰਾਂ ਵਿਚ ਰੌਸ਼ਨੀਆਂ ਵੱਧ ਰਹੀਆਂ ਹਨ ਪਰ ਸਾਡੇ ਦਿਲਾਂ ਵਿਚ ਹਨੇਰੇ ਹੋਰ ਸੰਘਣੇ ਹੋ ਗਏ ਹਨ।

ਹੁਣ ਅਸੀਂ ਧੋਖਾ ਲੋੜਵਸ ਨਹੀਂ, ਆਦਤਵਸ ਦਿੰਦੇ ਹਾਂ।

ਜਿਵੇਂ ਚੂਚੇ ਤਿਉਹਾਰਾਂ ਦੀ ਨਜ਼ਰ ਚੜ੍ਹਾ ਦਿੱਤੇ ਜਾਂਦੇ ਹਨ, ਉਵੇਂ ਹੀ ਅਸੀਂ ਡੋਰ ਵਿਚ ਛੱਡੀ ਮਕਾਰ-ਢਿੱਲ ਵਾਂਗ, ਉਨ੍ਹਾਂ ਨੂੰ ਵੀ ਨਹੀਂ ਬਖਸ਼ਦੇ, ਜਿਨ੍ਹਾਂ ਨੇ ਆਪਣੀ ਰਾਖੀ, ਸਾਨੂੰ ਸੰਭਾਲੀ ਹੋਈ ਹੈ।

ਸੰਤਾਨ, ਮਾਪਿਆਂ ਨੂੰ ਧੋਖਾ ਦੇ ਰਹੀ ਹੈ ਅਤੇ ਇਵੇਂ ਧੋਖੇ ਦੇ ਸੰਸਾਰ-ਵਿਆਪੀ ਯੱਗ ਵਿਚ ਹਰ ਕਿਸੇ ਵਲੋਂ ਆਪਣੇ ਆਪਣੇ ਹਿੱਸੇ ਦੀ ਸਮੱਗਰੀ ਅਤੇ ਯੋਗਦਾਨ ਪਾਉਣ ਦਾ ਕਾਰਜ ਕੀਤਾ ਜਾ ਰਿਹਾ ਹੈ।

ਜਿਵੇਂ ਕਿਸੇ ਚੰਗੇ-ਭਲੇ ਬੰਦੇ ਨੂੰ ਗੰਜਾ ਕਰ ਕੇ ਤੁਹਾਡੇ ਸਾਹਮਣੇ ਖੜ੍ਹਾ ਕਰ ਦਿੱਤਾ ਜਾਵੇ ਤਾਂ ਉਹ ਕੋਈ ਹੋਰ ਬੰਦਾ ਪ੍ਰਤੀਤ ਹੋਵੇਗਾ, ਲਗਭਗ ਇਹੋ ਜਿਹਾ ਹੀ ਸਾਡਾ ਸਭਨਾਂ ਦਾ ਹਾਲ ਹੈ। ਅਸੀਂ ਆਪਣੇ ਘਰਾਂ ਵਿਚ ਪਰਾਏ ਹਾਂ ਅਤੇ ਆਪਣੇ ਦੇਸ਼ ਵਿਚ ਵਿਦੇਸ਼ੀ।

ਦੁਨੀਆਂ ਵਿਚ ਜੋ ਵੀ, ਜਿਥੇ ਵੀ, ਜੈਸਾ ਹੈ, ਜਾਂ ਉਹ ਸ਼ਿਕਾਰੀ ਬਣਿਆ ਹੋਇਆ ਹੈ ਜਾਂ ਉਹ ਝਾੜੀਆਂ ਵਿਚ ਰੁਲਦਾ-ਛਿੱਪਦਾ ਖਰਗੋਸ਼ ਹੈ।

ਹੁਣ ਥਾਣਿਆਂ ਦੇ ਬਾਹਰ ਲਿਖਿਆ ਜਾਂਦਾ ਹੈ 'ਜੀ ਆਇਆਂ ਨੂੰ' ਅਤੇ ਜੇਲ੍ਹਾਂ ਦੇ ਬਾਹਰ ਤੁਸੀਂ ਪੜ੍ਹੋਗੇ 'ਸਾਨੂੰ ਸੇਵਾ ਦਾ ਮੌਕਾ ਦਿਓ'।

ਸਾਡਾ ਜੀਵਨ ਕਿਸੇ ਦੀ ਭਾਲ ਵਿਚ ਭਟਕਣ ਵਾਂਗ ਗੁਜ਼ਰ ਰਿਹਾ ਹੈ।

ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਆਰਥਿਕ ਅਤੇ ਵਿਦਿਅਕ ਪੱਖੋਂ ਉਨ੍ਹਾਂ ਤੋਂ ਅੱਗੇ ਲੰਘ ਜਾਣ ਪਰ ਜਦੋਂ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਅਜਿਹਾ ਸੰਭਵ ਹੋ ਜਾਂਦਾ ਹੈ ਤਾਂ ਨਵੇਂ ਤਾਣੇ-ਪੇਟੇ ਵਿਚ ਮਾਪਿਆਂ ਲਈ ਕੋਈ ਥਾਂ ਨਹੀਂ ਹੁੰਦੀ। ਉਹ ਹਸਰਤ ਭਰੀਆਂ ਨਜ਼ਰਾਂ ਨਾਲ ਸਭ ਕੁਝ ਵੇਖਦੇ ਹਨ, ਜਿਵੇਂ ਗੱਡੀ ਦੇ ਲੰਘ ਜਾਣ ਮਗਰੋਂ ਰਹਿ ਗਈਆਂ ਸਵਾਰੀਆਂ ਗੱਡੀ ਨੂੰ ਵੇਖਦੀਆਂ ਹਨ।

ਅਜੋਕੇ ਜੀਵਨ ਦਾ ਦੁਖਾਂਤ ਇਹ ਹੈ ਕਿ ਕੋਈ ਨਹੀਂ ਮੰਨਦਾ ਕਿ ਉਹ ਧੋਖੇਬਾਜ਼ ਹੈ ਪਰ ਹਰ ਕਿਸੇ ਨੂੰ ਆਪਣੇ ਨਾਲ ਧੋਖਾ ਹੋ ਰਿਹਾ ਪ੍ਰਤੀਤ ਹੁੰਦਾ ਹੈ।

ਧੋਖੇਬਾਜ਼ਾਂ ਨੂੰ ਤਾਂ ਉਹ ਵੀ ਨਫ਼ਰਤ ਕਰਦੇ ਹਨ, ਜਿਨ੍ਹਾਂ ਲਈ, ਉਨ੍ਹਾਂ ਨੇ ਦੂਜਿਆਂ ਨੂੰ ਧੋਖਾ ਦਿੱਤਾ ਹੁੰਦਾ ਹੈ।

ਆਪਸੀ ਸਬੰਧਾਂ ਵਿਚ ਧੋਖਾ ਦੇਣ ਦੀ ਉਦੋਂ ਲੋੜ ਉਪਜਦੀ ਹੈ ਜਦੋਂ ਲਾਲਚ ਅਤੇ ਨਫ਼ਰਤ ਨੂੰ ਕਾਬੂ ਕਰਨਾ ਸੰਭਵ ਨਾ ਹੋਵੇ।

ਜਦੋਂ ਈਮਾਨਦਾਰੀ ਮਾਰੂਥਲ ਵਿਚ ਕੀਤੇ ਪੈਂਡੇ ਵਾਂਗ ਅਤੇ ਰੇਗਿਸਤਾਨ ਵਿਚ ਗੁਆਚੇ ਮੀਂਹ ਵਾਂਗ ਹੋ ਜਾਵੇ ਤਾਂ ਦੂਜਿਆਂ ਦੇ ਰਾਹਾਂ ਵਿਚ ਜਗਣ ਦੀ ਇੱਛਾ ਮਾਂਦ ਪੈ ਜਾਂਦੀ ਹੈ।

ਆਪਣੇ ਨਾਲ ਹੁਣ ਧੋਖਾ ਹੋਣ ਦਾ ਡਰ ਇਤਨਾ ਬਲਵਾਨ ਹੋ ਗਿਆ ਹੈ ਕਿ ਹੁਣ ਅਸੀਂ ਕੋਈ ਵੀ ਕੰਮ ਸੱਚੀ ਦਿਲਚਸਪੀ ਨਾਲ ਨਹੀਂ ਕਰਦੇ।

ਹੁਣ ਤਾਂ ਸਾਨੂੰ ਹਰ ਵੇਲੇ, ਹਰ ਥਾਂ ਇਹ ਵੀ ਡਰ ਲੱਗਾ ਰਹਿੰਦਾ ਹੈ ਕਿ ਕੋਈ ਸਾਡੇ ਵੰਡੇ ਦੇ ਪਾਣੀ ਨਾਲ, ਨਹਾ ਜਾਵੇਗਾ।

ਅਸੀਂ ਜਾਣਦੇ ਹਾਂ ਕਿ ਜੋਸ਼, ਜਨੂੰਨ ਅਤੇ ਦਿਲਚਸਪੀ ਬਿਨਾਂ, ਕੋਈ ਜਿੱਤ ਪੱਕੇ ਰੰਗਾਂ ਵਾਲੀ ਨਹੀਂ ਹੁੰਦੀ ਪਰ ਫਿਰ ਵੀ ਧੋਖਾ ਦੇਣ ਅਤੇ ਧੋਖਾ ਖਾਣ ਲਈ ਅਸੀਂ ਬਹੁਤ ਮਜਬੂਰ ਹਾਂ।

ਇਹੀ ਕਾਰਨ ਹੈ ਕਿ ਧੋਖੇ ਦੀ ਸਰਬ-ਵਿਆਪਕ ਬਿਰਤੀ ਕਾਰਨ ਹੁਣ ਕੋਈ ਵੀ ਪ੍ਰਾਪਤੀ ਸਾਨੂੰ ਲੰਮਾ ਅਰਸਾ ਸੰਤੁਸ਼ਟ ਨਹੀਂ ਕਰਦੀ।

♥♥♥

ਉਦਾਸੀ ਅਤੇ ਦਿਲਗੀਰੀ

ਜੇ ਮੇਰਾ ਦੂਰ ਕਿਸੇ ਹੋਰ ਧਰਤੀ ਦੇ ਲੋਕਾਂ ਨਾਲ ਸੰਪਰਕ ਜੁੜ ਜਾਵੇ ਤਾਂ ਸਭ ਤੋਂ ਪਹਿਲਾਂ ਮੈਂ ਉਨ੍ਹਾਂ ਨੂੰ ਪੁੱਛਾਂਗਾ, 'ਕੀ ਤੁਸੀਂ ਵੀ ਸਾਡੇ ਵਾਂਗ ਉਦਾਸ ਅਤੇ ਦਿਲਗੀਰ ਹੁੰਦੇ ਹੋ?' ਹੋ ਸਕਦਾ ਹੈ ਉਹ ਸਾਡੇ ਨਾਲੋਂ ਵੀ ਵੱਧ ਖੁਸ਼ਹਾਲ ਹੋਣ ਅਤੇ ਇਸੇ ਕਰਕੇ ਸਾਡੇ ਨਾਲੋਂ ਵੀ ਵੱਧ ਦਿਲਗੀਰ ਅਤੇ ਉਦਾਸ ਹੋਣ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਮਨ ਅਜੇ ਸਬੂਤੇ ਹੋਣ ਅਤੇ ਉਨ੍ਹਾਂ ਨੂੰ ਦਿਲਗੀਰੀ ਦਾ ਉੱਕਾ ਹੀ ਕੋਈ ਅਨੁਭਵ ਨਾ ਹੋਵੇ।

ਮੈਂ ਉਨ੍ਹਾਂ ਨੂੰ ਇਹ ਦੱਸਾਂਗਾ ਕਿ ਹੁਣ ਅਸੀਂ ਸਭ ਕੁਝ ਬਣਾ ਸਕਦੇ ਹਾਂ ਅਤੇ ਸਾਡੇ ਕੋਲ ਸਭ ਕੁਝ ਹੈ ਪਰ ਸਾਡੇ ਮਨਾਂ ਦੀਆਂ ਗਲੀਆਂ ਵਿਚ ਹੁਣ ਕੋਈ ਬੁਲਬੁਲ ਨਹੀਂ ਬੋਲਦੀ, ਸਾਡੀਆਂ ਕਬਰਾਂ ਵਿਚ ਹੁਣ ਸਾਡੇ ਘਰਾਂ ਨਾਲੋਂ ਵਧੇਰੇ ਰੌਣਕ ਹੈ, ਹੁਣ ਸਾਨੂੰ ਨਾ ਧੀਆਂ ਦੀ ਉਡੀਕ ਹੈ ਨਾ ਤੀਆਂ ਦੀ, ਨਾ ਸਾਡੇ ਕੋਲ ਚਸ਼ਮਿਆਂ ਵਾਲੇ ਚਾਅ ਹਨ ਨਾ ਦਰਿਆਵਾਂ ਜਿਹੇ ਦਿਲ, ਅਸੀਂ ਜਿੱਥੇ ਜਾ ਕੇ ਬਹਿਣਾ ਸੀ, ਉਹ ਟਾਹਣ ਹੀ ਟੁੱਟ ਗਏ ਹਨ।

ਮੈਂ ਇਹ ਵੀ ਦੱਸਾਂਗਾ ਕਿ ਹੁਣ ਸਾਡੇ ਘਰਾਂ ਵਿਚ ਹਲਦੀ ਰੰਗੇ ਖਤ ਨਹੀਂ ਆਉਂਦੇ, ਹੁਣ ਸਾਵਣ ਦੇ ਮਹੀਨੇ ਸਾਡੀ ਪੈਲੀ ਵਿਚ ਮੋਰ ਨਹੀਂ ਨੱਚਦੇ, ਹੁਣ ਸਾਡੇ ਸੁਪਨੇ ਸਾਡੇ ਵਾਂਗ ਹੀ ਯਤੀਮ ਅਤੇ ਸਤੀ ਹੋ ਰਹੇ ਹਨ।

ਜੇ ਅਸੀਂ ਅੰਬਾਂ ਨੂੰ ਵੱਢ ਕੇ ਅੱਕਾਂ ਦੀ ਵਾੜ ਕਰ ਲਈ ਹੈ ਤਾਂ ਪੀਂਘਾਂ ਨੇ ਪਿਪਲਾਂ ਨੂੰ ਡੰਗਣਾ ਹੀ ਹੈ, ਮਾਂਵਾਂ ਨੇ ਢਲਦੀਆਂ ਛਾਂਵਾਂ ਬਣਨਾ ਹੀ ਹੈ, ਕਾਂਵਾਂ ਨੇ ਘੁੱਗੀਆਂ ਦੇ ਆਲ੍ਹਣੇ ਉਜਾੜਨੇ ਹੀ ਹਨ, ਪੱਗਾਂ ਲੀਰੋ-ਲੀਰ ਹੋਣੀਆਂ ਹੀ ਹਨ, ਚੁੰਨੀਆਂ ਨੇ ਪਾਟਣਾ ਹੀ ਹੈ, ਵੰਗਾਂ ਨੇ ਵੈਣ ਪਾਉਣੇ ਹੀ ਹਨ, ਹੁਣ ਰੁੱਸ ਗਿਆਂ ਨੇ ਮੁੜ ਕੇ ਨਹੀਂ ਆਉਣਾ, ਹੁਣ ਮਰ ਗਿਆਂ ਨੇ ਨਹੀਂ ਲੱਭਣਾ, ਸਾਡੀ ਰੂਹ ਨੇ ਬਿਰੰਗ ਚਿੱਠੀ ਵਾਂਗ ਰੁਲਣਾ ਹੀ ਹੈ।

ਭਾਵੇਂ ਮਨ ਦੇ ਵਿਹੜੇ ਵਿਚ ਚੰਦਨ ਅਤੇ ਚਮੇਲੀ ਦੇ ਕਿਤਨੇ ਹੀ ਬੂਟੇ ਲਾ ਦੇਈਏ ਅਤੇ ਬਚਾਓ ਦੇ ਕਿਤਨੇ ਹੀ ਢੰਗ-ਤਰੀਕੇ ਵਰਤ ਲਈਏ, ਦਿਲ ਅਤੇ ਮਨ ਦੇ ਇਹ ਵਿਹੜੇ ਕਦੇ ਨਾ ਕਦੇ ਸੁੰਨੇ ਹੋ ਹੀ ਜਾਣੇ ਹਨ।

ਮਨ ਦੇ ਕਈ ਮੌਸਮ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਸਾਹਵਾਂ ਨਾਲੋਂ ਹੌਕੇ ਲੰਮੇ ਹੋ ਜਾਂਦੇ ਹਨ। ਜਦੋਂ ਅਣਕਿਆਸੀਆਂ ਘਟਨਾਵਾਂ ਮਨੁੱਖ ਨੂੰ ਘੇਰ ਲੈਂਦੀਆਂ ਹਨ ਤਾਂ ਇਨ੍ਹਾਂ ਦੇ ਬੋਝ ਥੱਲੇ ਮਨੁੱਖ ਦੱਬ ਜਾਂਦਾ ਹੈ। ਜਦੋਂ ਸਾਡੇ ਸਾਰੇ ਧਿਆਨ ਦੇ ਬਾਵਜੂਦ ਕੁਝ ਸਿੱਧਾ, ਪੂਰੀ ਤਰ੍ਹਾਂ ਉਲਟ ਜਾਂਦਾ ਹੈ ਤਾਂ ਕੁਝ ਅਰਸੇ ਲਈ ਸਾਡਾ ਆਲੇ-ਦੁਆਲੇ ਦੇ ਜਗਤ ਨਾਲੋਂ ਨਾਤਾ ਟੁੱਟ ਜਾਂਦਾ ਹੈ ਅਤੇ ਅਸੀਂ ਮਨ ਦੀਆਂ ਧੁਰ ਅੰਦਰਲੀਆਂ ਗਲੀਆਂ ਵਿਚ ਦਿਲਗੀਰੀ ਦੀ ਬੁੱਕਲ ਵਿਚ ਜਾ ਬਹਿੰਦੇ ਹਾਂ।

ਅਜਿਹੀ ਸਥਿਤੀ ਵਿਚ ਅਸੀਂ ਜੀਵਨ ਦੇ ਉੱਚੇ ਆਦਰਸ਼ਾਂ ਬਾਰੇ ਨਹੀਂ ਸੋਚਦੇ, ਅਸੀਂ ਆਪਣੀ ਹੋਂਦ ਬਣਾਈ ਰੱਖਣ ਦੀ ਜਦੋਜਹਿਦ ਵਿਚ ਗੁਆਚ ਜਾਂਦੇ ਹਾਂ। ਜਦੋਂ ਦਬਾਓ ਅਤੇ ਬੋਝ ਸਹਿਣਾ ਸੰਭਵ ਨਾ ਹੋਵੇ ਤਾਂ ਜੀਵਨ ਡਰਾਉਣਾ ਅਤੇ ਮੌਤ, ਮਾਂ ਵਾਂਗ ਨਿੱਘੀ ਲੱਗਣ ਲੱਗ ਪੈਂਦੀ ਹੈ। ਅਸੀਂ ਆਪਣੇ ਜੀਵਨ ਵਿਚ ਮੌਤ ਨਾਲ ਲੁੱਕਣ-ਮੀਚੀ ਖੇਡ ਰਹੇ ਹਾਂ।

ਹਰ ਮਨੁੱਖ ਦੀ ਸਮੁੱਚੀ ਮਾਨਵ-ਜਾਤੀ ਨਾਲ ਇਸ ਆਧਾਰ ਉੱਤੇ ਸਾਂਝ ਹੈ ਕਿ ਅਸੀਂ ਸਾਰੇ ਜੀਵਨ ਵਿਚ ਅਨੇਕਾਂ ਵਾਰ ਦਿਲਗੀਰ ਹੁੰਦੇ ਹਾਂ।

ਅਸੀਂ ਜੀਵਨ ਨੂੰ ਸਥਿਰ ਕਰਨਾ ਲੋਚਦੇ ਹਾਂ ਪਰ ਜੀਵਨ ਨਵੀਆਂ-ਨਵੀਆਂ ਪਰਿਸਥਿਤੀਆਂ ਨਾਲ ਸਾਨੂੰ ਅਸਥਿਰ ਕਰਦਾ ਰਹਿੰਦਾ ਹੈ।

ਦੂਜੇ ਮਨੁੱਖ, ਸਾਡੇ ਸਾਕ-ਸਬੰਧੀ, ਜਾਣੂ ਅਤੇ ਸਹਿਕਰਮੀ ਆਦਿ ਸਾਡੀਆਂ ਸਮੱਸਿਆਵਾਂ ਸੁਲਝਾਉਣ ਵਿਚ ਮਦਦ ਕਰਦੇ ਹਨ ਪਰ ਸਾਡੀਆਂ ਬਹੁਤੀਆਂ ਸਮੱਸਿਆਵਾਂ ਵੀ ਇਹੀ ਪੈਦਾ ਕਰਦੇ ਹਨ।

ਆਪਣੀ ਹਰ ਸਮੱਸਿਆ ਦੇ ਕੇਂਦਰ ਵਿਚ ਅਸੀਂ ਆਪ ਹੁੰਦੇ ਹਾਂ।

ਸਾਡੀਆਂ ਸਮੱਸਿਆਵਾਂ ਸਾਡੀਆਂ ਆਪਣੀਆਂ ਹੀ ਸਿਰਜੀਆਂ ਹੁੰਦੀਆਂ ਹਨ ਪਰ ਜਦੋਂ ਉਨ੍ਹਾਂ ਦੇ ਨਤੀਜੇ ਸਾਹਮਣੇ ਆਉਂਦੇ ਹਨ ਤਾਂ ਮਨੁੱਖੀ ਆਦਤ ਵਸ ਅਸੀਂ ਮੁਕਰਨ ਦਾ ਯਤਨ ਕਰਦੇ ਤਾਂ ਹਾਂ ਪਰ ਜ਼ਿੰਦਗੀ ਸਾਨੂੰ ਘੇਰ ਕੇ ਜਦੋਂ ਖਲੋ ਜਾਂਦੀ ਹੈ ਤਾਂ ਅਸੀਂ ਸੰਤਾਪ ਹੰਢਾਉਂਦੇ ਅਤੇ ਵਿਰਲਾਪ ਕਰਦੇ ਹਾਂ।

ਜਿਸ ਸਮੇਂ ਜੀਵਨ ਵਿਚ ਸੋਚ ਸਮਝ ਕੇ ਫੈਸਲਾ ਕਰਨ ਦੀ ਲੋੜ ਹੁੰਦੀ ਹੈ ਤਾਂ ਭਾਵਕ ਹੋ ਕੇ ਉਸ ਸਮੇਂ, ਅਸੀਂ ਗਲਤ ਫੈਸਲਾ ਕਰਕੇ ਆਪਣੇ ਸੁਤੰਤਰ ਹੋਣ ਦਾ ਭਰਮ ਪਾਲਦੇ ਹਾਂ ਪਰ ਜਦੋਂ ਉਦਾਸੀ ਅਤੇ ਦਿਲਗੀਰੀ ਕਿਸੇ ਵੀ ਰੂਪ ਵਿਚ ਤੇਜ਼ ਚਾਲ ਚੱਲ ਕੇ, ਸਾਡੇ ਬਰਾਬਰ ਆ ਜਾਂਦੀ ਹੈ ਤਾਂ ਅਸੀਂ ਲੜਖੜਾ ਜਾਂਦੇ ਹਾਂ।

ਜ਼ਿੰਦਗੀ ਗਲਤੀਆਂ ਕਰਨ ਦੀ ਖੁੱਲ੍ਹ ਤਾਂ ਦਿੰਦੀ ਹੈ ਪਰ ਉਨ੍ਹਾਂ ਦੇ ਸਿੱਟੇ ਅਤੇ ਨਤੀਜੇ ਭੁਗਤਣ ਵਿਚ ਸਾਡੀ ਕੋਈ ਰਿਆਇਤ ਨਹੀਂ ਕਰਦੀ ਅਤੇ ਸਾਡਾ ਇਕ ਪਰ ਕੱਟ ਕੇ ਕਹਿੰਦੀ ਹੈ, 'ਹੁਣ ਉਡ ਕੇ ਵਿਖਾਓ!'

ਸਾਡਾ ਦੁਖਾਂਤ ਇਹ ਹੈ ਕਿ ਅਸੀਂ ਧਰਤੀ ਨੂੰ ਛੱਡ ਕੇ, ਆਪਣੀਆਂ ਸਮੱਸਿਆਵਾਂ ਤੋਂ ਭੱਜ ਕੇ, ਕਿੱਧਰੇ ਹੋਰ ਵੱਸ ਨਹੀਂ ਸਕਦੇ। ਇਹ ਬੇਵਸੀ ਸਾਨੂੰ ਦਿਲਗੀਰ ਬਣਾਉਂਦੀ ਹੈ। ਇਹ ਮਜਬੂਰੀ ਸਾਨੂੰ ਉਦਾਸ ਕਰਦੀ ਹੈ।

ਜੋ ਕੁਝ ਸਾਨੂੰ ਲੋੜ ਹੁੰਦਾ ਹੈ, ਜੋ ਕੁਝ ਅਸੀਂ ਚਾਹੁੰਦੇ ਹਾਂ ਅਤੇ ਜੋ ਕੁਝ ਸਾਨੂੰ ਮਿਲਦਾ ਹੈ, ਇਹ ਤਿੰਨ ਵੱਖ-ਵੱਖ ਵਰਤਾਰੇ ਹੁੰਦੇ ਹਨ। ਇਹ ਕਦੀ ਵੀ ਇਕਸੁਰ ਨਹੀਂ ਹੁੰਦੇ।

ਜੋ ਕੁਝ ਸਾਨੂੰ ਲੋੜ ਹੁੰਦਾ ਹੈ, ਉਹ ਅਸੀਂ ਲੈਣ ਲਈ ਤਿਆਰ ਨਹੀਂ ਹੁੰਦੇ; ਜੋ ਕੁਝ ਅਸੀਂ ਚਾਹੁੰਦੇ ਹਾਂ ਉਸ ਦੇ ਅਸੀਂ ਯੋਗ ਨਹੀਂ ਹੁੰਦੇ ਅਤੇ ਜੋ ਕੁਝ ਸਾਨੂੰ ਮਿਲਦਾ ਹੈ, ਉਹ ਅਸੀਂ ਕਦੀ ਚਾਹਿਆ ਨਹੀਂ ਹੁੰਦਾ।

ਅਜਿਹੀ ਸਥਿਤੀ ਵਿਚ ਕਦੀ ਅਸੀਂ ਆਪਣੇ ਭਾਗਾਂ ਨੂੰ ਕੋਸਦੇ ਹਾਂ ਅਤੇ ਕਦੀ ਸਮਾਜ ਨੂੰ ਦੋਸ਼ ਦਿੰਦੇ ਹਾਂ। ਇਵੇਂ ਅਸੀਂ ਸ਼ਕਤੀਸ਼ਾਲੀ ਬਣਨ ਦੀ ਇੱਛਾ ਵਿਚ ਨਿਰਬਲ ਹੋ ਜਾਂਦੇ ਹਾਂ। ਇਸ ਸਥਿਤੀ ਵਿਚ ਆਲੇ-ਦੁਆਲੇ ਨਾਲ ਸਾਡਾ ਰਿਸ਼ਤਾ ਵਿਰੋਧ ਵਾਲਾ ਹੋ ਨਿਬੜਦਾ ਹੈ।

ਜੋ ਅਸੀਂ ਬਦਲਣਾ ਚਾਹੁੰਦੇ ਹਾਂ ਉਹ ਬਦਲਿਆ ਨਹੀਂ ਜਾ ਸਕਦਾ ਪਰ ਜੋ ਬਦਲਿਆ ਜਾ ਸਕਦਾ ਹੁੰਦਾ ਹੈ, ਉਹ ਅਸੀਂ ਬਦਲਣਾ ਨਹੀਂ ਚਾਹੁੰਦੇ।

ਅਜਿਹੀ ਬੰਦ ਗਲੀ ਵਿਚ ਜਦੋਂ ਕੋਈ ਰਾਹ ਨਹੀਂ ਵਿਖਾਈ ਦਿੰਦਾ ਤਾਂ ਅਸੀਂ ਆਪਣੇ ਆਪ ਨੂੰ ਨਿਰਾਸ਼ ਅਤੇ ਨਿਤਾਣਾ ਮਹਿਸੂਸ ਕਰਦੇ ਹਾਂ।

ਨਿਆਸਰਾਪਣ ਅਤੇ ਨਿਤਾਣਾਪਣ ਦਿਲਗਿਰੀ ਵੱਲ ਜਾਂਦੇ ਰਾਹ ਹਨ।

ਇਸ ਪੱਖ ਤੋਂ ਅਸੀਂ ਸਾਰੇ ਹੀ ਰੋਗੀ ਹਾਂ, ਕੋਈ ਘੱਟ ਕੋਈ ਵੱਧ।

ਸਾਡਾ ਵੱਖਰੇਵਾਂ ਇਸ ਗੱਲ ਵਿਚ ਹੈ ਕਿ ਸਾਨੂੰ ਵੱਖ-ਵੱਖ ਸਮਿਆਂ 'ਤੇ ਦਿਲਗਿਰੀ ਦੀ ਸਥਿਤੀ ਵਿਚ ਵਿਚਰਨਾ ਪੈਂਦਾ ਹੈ।

ਚੰਗੀ ਨਰੋਈ ਅਰੋਗ ਸਿਹਤ ਸੁਪਨਾ ਹੈ, ਵਾਸਤਵਿਕਤਾ ਨਹੀਂ।

ਦੂਜਿਆਂ ਨਾਲ ਸਦੀਵੀ ਸੁਖਾਵੇਂ ਸਬੰਧ ਵੀ ਇਕ ਸੁਪਨਾ ਹਨ। ਜੀਵਨ ਦੇ ਭਵਜਲ ਇਤਨੇ ਹਨ ਕਿ ਕਿਸੇ ਪੱਤਣ 'ਤੇ ਪਹੁੰਚਣਾ ਵੀ ਇਕ ਸੁਪਨਾ ਹੀ ਹੁੰਦਾ ਹੈ।

ਵਾਸਤਵਿਕਤਾ ਇਹ ਹੈ ਕਿ ਅਸੀਂ ਸਾਰਿਆਂ ਨੇ ਅੰਤ ਨੂੰ ਉਖੜੇ ਹੋਏ ਬੂਹਿਆਂ ਵਾਂਗ, ਮਲਬਾ ਹੋਏ ਮਕਾਨਾਂ ਵਾਂਗ, ਫਟੀ ਹੋਈ ਪੁਰਾਣੀ ਚਾਦਰ ਵਾਂਗ ਅਤੇ ਬਿਨਾਂ ਤੱਲੇ ਦੇ ਬਾਲਟੀ ਵਾਂਗ ਹੋ ਨਿਬੜਨਾ ਹੈ।

ਇਹ ਵੀ ਵਾਸਤਵਿਕਤਾ ਹੈ ਕਿ ਸਾਡੇ ਸਾਰੇ ਰਾਂਗਲੇ ਸੁਪਨੇ ਇਕ-ਇਕ ਕਰਕੇ ਟੁੱਟਦੇ ਹਨ, ਸਾਰੇ ਗੂੜ੍ਹੇ ਰੰਗ ਅੰਤ ਨੂੰ ਫਿਕੇ ਪੈ ਜਾਂਦੇ ਹਨ। ਜਦੋਂ ਇਹ ਵਾਸਤਵਿਕਤਾ ਵਾਪਰਨੀ ਹੈ, ਉਸ ਸਮੇਂ ਅਸੀਂ ਉਦਾਸ ਹੋਣਾ ਹੀ ਹੈ। ਅਜਿਹੇ ਅਨੁਭਵ ਤੋਂ ਬਚਿਆ ਨਹੀਂ ਜਾ ਸਕਦਾ, ਸੋ ਦਿਲਗਿਰੀ ਜੀਵਨ ਦੀ ਵਾਸਤਵਿਕਤਾ ਹੈ ਅਤੇ ਖੁਸ਼ੀ ਇਕ ਸੁਪਨਾ ਹੈ। ਅਸੀਂ ਵਾਸਤਵਿਕਤਾ ਤੋਂ ਸੁਪਨੇ ਵੱਲ ਜਿਉਂ-ਜਿਉਂ ਸਫ਼ਰ ਕਰਦੇ ਹਾਂ, ਤਿਉਂ-ਤਿਉਂ ਪੰਧ ਲੰਮੇਰਾ ਅਤੇ ਕਠਿਨ ਹੁੰਦਾ ਜਾਂਦਾ ਹੈ। ਇਸੇ ਕਰਕੇ ਸਾਨੂੰ ਅਨੇਕਾਂ ਭਰਮ ਪਾਲਣ ਦੀ ਲੋੜ ਹੁੰਦੀ ਹੈ।

ਜਿਹੜੇ ਖੁਸ਼ ਪ੍ਰਤੀਤ ਹੋ ਰਹੇ ਹਨ, ਉਹ ਅਸਲ ਵਿਚ ਅਜੇ ਵੀ ਭਰਮ ਪਾਲ ਰਹੇ ਹਨ ਅਤੇ ਜਿਹੜੇ ਨਿਰਾਸ਼ ਪ੍ਰਤੀਤ ਹੋ ਰਹੇ ਹਨ, ਉਨ੍ਹਾਂ ਤੋਂ ਉਨ੍ਹਾਂ ਦੇ ਭਰਮ ਗੁਆਚ ਗਏ ਹਨ, ਉਨ੍ਹਾਂ ਦੇ ਸੁਪਨੇ ਟੁੱਟ ਗਏ ਹਨ।

ਜਦੋਂ ਸਾਡੇ ਸੁਪਨੇ ਟੁੱਟਦੇ ਹਨ ਤਾਂ ਅਸੀਂ ਦਿਲਗੀਰ ਹੁੰਦੇ ਹਾਂ।

ਇਸ ਸਥਿਤੀ ਵਿਚ ਕਈ ਸਾਨੂੰ ਬੀਮਾਰ ਸਮਝਦੇ ਹਨ ਅਤੇ ਕਈ ਪਾਗਲ।

ਬੀਤੇ ਹੋਏ ਸਮਿਆਂ ਵਿਚ ਦਿਲਗੀਰ ਹੋਣਾ ਪਾਪ ਸਮਝਿਆ ਜਾਂਦਾ ਸੀ।

ਉਦੋਂ ਧਰਮ, ਜਿਹੜਾ ਸੁਪਨਾ ਉਸਾਰਦਾ ਸੀ ਜਾਂ ਜਿਹੜਾ ਭਰਮ ਸਿਰਜਦਾ ਸੀ, ਉਹ ਬੜਾ ਹੰਢਣਸਾਰ ਹੋਇਆ ਕਰਦਾ ਸੀ।

ਅਜੋਕੇ ਮਨੁੱਖ ਦੀ ਦਿਲਗੀਰੀ ਦਾ ਕਾਰਨ ਇਹ ਹੈ ਕਿ ਉਸ ਦੇ ਸਾਹਮਣੇ ਨਾ ਕੋਈ ਸਦੀਵੀ ਸੁਪਨਾ ਹੈ, ਨਾ ਕੋਈ ਚਿਰਜੀਵੀ ਭਰਮ। ਉਹ ਟੁੱਟੇ ਭਰਮਾਂ ਦੇ ਮਾਰੂਥਲ ਵਿਚ ਭਟਕੇ ਯਾਤਰੂ ਵਾਂਗ ਹੈ।

ਅਜੋਕੇ ਯੁੱਗ ਵਿਚ ਇਹ ਵਰਤਾਰਾ ਲਗਭਗ ਹਰ ਕਿਸੇ ਨਾਲ ਵਾਪਰ ਰਿਹਾ ਹੈ। ਭਰਮ ਅਤੇ ਸੁਪਨੇ ਉਸਾਰਨ ਦੇ ਯਤਨ ਬੜੇ ਕੀਤੇ ਜਾ ਰਹੇ ਹਨ ਪਰ ਸਫਲਤਾ ਨਹੀਂ ਮਿਲ ਰਹੀ।

ਗਿਆਨ ਨੇ ਮਨੁੱਖ ਨੂੰ ਬੇਚੈਨ ਕੀਤਾ ਹੈ ਅਤੇ ਭੋਲੇਪਣ ਦੇ ਯੁੱਗ ਵੱਲ ਮੁੜਨ ਦੇ ਮਨੁੱਖ ਦੇ ਸਾਰੇ ਯਤਨ ਨਿਸਫਲ ਹੋ ਰਹੇ ਹਨ।

ਮਨ ਦੇ ਪੱਖੋਂ ਹੁਣ ਹਰ ਕੋਈ ਉਦਾਸ ਅਤੇ ਪ੍ਰਦੇਸੀ ਹੈ।

ਸਾਵੇਂ-ਸੰਤੁਲਤ ਸਬੰਧਾਂ ਵਿਚ ਸਬੂਤੇ ਵਿਚਰਨ ਦੀ ਸਮਰੱਥਾ ਦੇ ਘਟ ਜਾਣ ਨਾਲ, ਨਾ ਅੱਗੇ ਜਾਣ ਨੂੰ ਮਨ ਕਰਦਾ ਹੈ, ਨਾ ਪਿੱਛੇ ਮੁੜਿਆ ਜਾ ਸਕਦਾ ਹੈ।

ਜਦੋਂ ਘਰ ਦੇ ਵਾਤਾਵਰਣ ਵਿਚ ਦਿਲਗੀਰੀ ਹੋਵੇ ਤਾਂ ਇਸ ਦਾ ਬੱਚਿਆਂ ਉੱਤੇ ਪ੍ਰਭਾਵ ਪੈਣਾ ਸੁਭਾਵਿਕ ਹੁੰਦਾ ਹੈ ਅਤੇ ਅਜਿਹੇ ਬੱਚੇ ਵੀ ਜੀਵਨ ਪ੍ਰਤੀ, ਮਾਪਿਆਂ ਵਾਲਾ ਦ੍ਰਿਸ਼ਟੀਕੋਣ ਅਪਣਾਉਂਦੇ ਹਨ ਅਤੇ ਅਕਸਰ ਉਨ੍ਹਾਂ ਵਸਤਾਂ ਅਤੇ ਵਰਤਾਰਿਆਂ ਵਿਚੋਂ ਤਸੱਲੀ ਲੱਭਦੇ ਹਨ, ਜਿਹੜੇ ਮਾਪਿਆਂ ਨੂੰ ਪ੍ਰਵਾਨ ਨਹੀਂ ਹੁੰਦੇ।

ਜਦੋਂ ਮਾਪਿਆਂ ਕੋਲ ਜੀਵਨ ਦੀ ਕੋਈ ਸੇਧ ਨਹੀਂ ਹੁੰਦੀ ਤਾਂ ਬੱਚਿਆਂ ਦਾ ਕੁਰਾਹੇ ਪੈਣਾ ਰੋਕਿਆ ਨਹੀਂ ਜਾ ਸਕਦਾ। ਜਦੋਂ ਲਾਡ ਨਾਲ ਪਾਲੇ ਬੱਚਿਆਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਚੋਰੀ ਕਰਨ ਲਈ ਮਜਬੂਰ ਹੁੰਦੇ ਹਨ।

ਉਨ੍ਹਾਂ ਦੀਆਂ ਅਜਿਹੀਆਂ ਆਦਤਾਂ ਮਾਪਿਆਂ ਨੂੰ ਪਰੇਸ਼ਾਨ ਕਰਦੀਆਂ ਹਨ ਪਰ ਮਾਪੇ ਭੁੱਲ ਜਾਂਦੇ ਹਨ ਕਿ ਅਜਿਹੀਆਂ ਆਦਤਾਂ ਪਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੈ।

ਜਦੋਂ ਅਸੀਂ ਆਪਣੇ ਬੱਚਿਆਂ ਨੂੰ ਹੀ ਆਪਣੀ ਸਮੁੱਚੀ ਦੁਨੀਆਂ ਮਿੱਥ ਲੈਂਦੇ ਹਾਂ ਤਾਂ ਅਸੀਂ ਆਪਣੀ ਦੁਨੀਆਂ ਨੂੰ ਬਹੁਤ ਛੋਟਾ ਕਰ ਲੈਂਦੇ ਹਾਂ।

ਛੋਟੀ ਦੁਨੀਆਂ ਵਿਚ ਉਦਾਰ ਸੋਚਣੀ ਸੰਭਵ ਨਹੀਂ ਹੁੰਦੀ।

ਚਿੰਤਾ ਨਾਲ ਅਸੀਂ ਸਮੱਸਿਆਵਾਂ ਉਪਜਾਉਂਦੇ ਹਾਂ ਅਤੇ ਸਮੱਸਿਆਵਾਂ ਨਾਲ ਆਪਣੀ ਚਿੰਤਾ ਵਧਾਉਂਦੇ ਹਾਂ।

ਇਸ ਸਥਿਤੀ ਵਿਚ ਅਵਸਰ ਵੀ ਸਮੱਸਿਆਵਾਂ ਬਣ ਜਾਂਦੇ ਹਨ।

ਸੱਚ ਤਾਂ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਮਝਣ ਤੋਂ ਇਨਕਾਰੀ ਹੁੰਦੇ ਹਾਂ ਅਤੇ ਆਪਣੇ ਆਪ ਤੋਂ ਬਹੁਤ ਦੂਰ ਰਹਿ ਕੇ ਜਿਉਣਾ ਚਾਹੁੰਦੇ ਹਾਂ।

ਸਾਡੀਆਂ ਬੀਮਾਰੀਆਂ ਅਤੇ ਸਮੱਸਿਆਵਾਂ ਦਾ ਇਲਾਜ ਉਦੋਂ ਤੱਕ ਸੰਭਵ ਨਹੀਂ ਹੁੰਦਾ, ਜਦੋਂ ਤੱਕ ਅਸੀਂ ਆਪਣੇ ਆਪ ਨੂੰ ਨਹੀਂ ਸਮਝਦੇ।

ਅਸੀਂ ਆਪਣੀ ਵਾਸਤਵਿਕਤਾ ਜਾਣਨ ਤੋਂ ਇਸ ਲਈ ਡਰਦੇ ਹਾਂ, ਕਿਉਂਕਿ ਅਜਿਹਾ ਹੋਣ ਦੀ ਸੂਰਤ ਵਿਚ, ਅਸੀਂ ਆਪਣੀਆਂ ਨਜ਼ਰਾਂ ਵਿਚ ਆਪ ਹੀ ਡਿੱਗ ਪਵਾਂਗੇ।

ਸਾਨੂੰ ਆਪਣੀ ਵਾਸਤਵਿਕਤਾ ਜਾਣਨ ਲਈ ਆਪਣੇ ਸਾਜ਼ਸ਼ੀ ਵਿਹਾਰਾਂ, ਆਪਣੀਆਂ ਲੂੰਬੜਚਾਲਾਂ, ਕਮੀਨੀਆਂ ਹਰਕਤਾਂ, ਜਾਣਬੁਝ ਕੇ ਬੋਲੇ ਝੂਠਾਂ, ਮਾੜੀਆਂ ਨੀਅਤਾਂ ਅਤੇ ਬੇਸ਼ਰਮ ਹਰਕਤਾਂ ਦੇ ਸਨਮੁੱਖ ਖਲੋਣਾ ਪਵੇਗਾ। ਅਜਿਹੀ ਹਿੰਮਤ ਕਿਸੇ ਵਿਚ ਨਹੀਂ ਹੁੰਦੀ। ਅਜਿਹੀ ਹਿੰਮਤ ਦੀ ਅਣਹੋਂਦ ਕਾਰਨ ਹੀ ਅਸੀਂ ਆਪਣੀਆਂ ਸ਼ਕਤੀਆਂ, ਸਮਰੱਥਾਵਾਂ ਅਤੇ ਗੁਣਾਂ ਦੇ ਖੂਹ ਨਹੀਂ ਗੇੜ ਸਕਦੇ।

ਸਾਨੂੰ ਆਪਣੀਆਂ ਸਮੱਸਿਆਵਾਂ, ਉਦਾਸੀਆਂ ਅਤੇ ਦਿਲਗੀਰੀਆਂ ਦੇ ਅਸਲ ਕਾਰਨਾਂ ਦਾ ਪਤਾ ਹੁੰਦਾ ਹੈ ਪਰ ਦੂਜਿਆਂ ਨੂੰ ਦੱਸਣਾ ਤਾਂ ਇਕ ਪਾਸੇ ਰਿਹਾ ਅਸੀਂ ਆਪ ਵੀ ਇਨ੍ਹਾਂ ਦੇ ਕਾਰਨਾਂ ਨੂੰ ਨਹੀਂ ਜਾਣਨਾ ਚਾਹੁੰਦੇ, ਸੋ ਹੈਰਾਨੀ ਦੀ ਗੱਲ ਨਹੀਂ ਕਿ ਸਾਡੀ ਦਿਲਗੀਰੀ ਨਹੀਂ ਮੁੱਕਦੀ, ਸਾਡੇ ਰੋਗ ਨਹੀਂ ਕਟਦੇ।

ਅਕਸਰ ਬਾਂਝ ਇਸਤਰੀ ਬੜੀ ਉਦਾਸ ਹੁੰਦੀ ਹੈ ਪਰ ਕਈ ਇਸਤਰੀਆਂ ਵਿਚ ਮਾਂ ਬਣਨ ਦੀ ਇੱਛਾ ਤਾਂ ਹੁੰਦੀ ਹੈ ਪਰ ਇਹ ਇੱਛਾ ਸਮਾਜਿਕ ਪ੍ਰਭਾਵਾਂ ਅਧੀਨ ਹੀ ਹੁੰਦੀ ਹੈ, ਉਨ੍ਹਾਂ ਦੇ ਅੰਦਰੋਂ ਨਹੀਂ ਜਾਗਦੀ।

ਕਈ ਇਸਤਰੀਆਂ ਬੱਚਿਆਂ ਨੂੰ ਨਫ਼ਰਤ ਕਰਦੀਆਂ ਹਨ ਪਰ ਮਮਤਾ ਦਾ ਪਖੰਡ ਕਰਨ ਲਈ ਮਜਬੂਰ ਹੁੰਦੀਆਂ ਹਨ। ਜੇ ਕੋਈ ਇਸਤਰੀ ਸੱਚ ਬੋਲੇ ਤਾਂ ਸਾਰਾ ਸਮਾਜ ਉਸ ਦੇ ਵਿਰੁੱਧ ਹੋ ਜਾਵੇਗਾ ਪਰ ਅਜਿਹੀ ਇਸਤਰੀ ਜਦੋਂ ਮਜਬੂਰੀ ਵਸ ਮਾਂ ਬਣ ਜਾਂਦੀ ਹੈ ਤਾਂ ਉਹ ਖੁਸ਼ ਘੱਟ ਅਤੇ ਉਦਾਸ ਵਧੇਰੇ ਹੁੰਦੀ ਹੈ। ਉਹ ਭਾਵਕ ਪੱਖੋਂ ਇਤਨੀ ਡਾਵਾਂਡੋਲ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ ਆਪ ਉਤੇ ਵਿਸ਼ਵਾਸ ਨਹੀਂ ਰਹਿੰਦਾ।

ਇਸ ਅਵਸਥਾ ਵਿਚ ਉਹ ਸ਼ੀਸ਼ੇ ਵਿਚ ਆਪਣੇ ਆਪ ਨੂੰ ਦੂਰੋਂ ਹੀ ਵੇਖਦੀ ਹੈ, ਨੇੜੇ ਹੋ ਕੇ ਆਪਣੇ ਆਪ ਨੂੰ ਵੇਖਣ ਦੀ ਉਸ ਵਿਚ ਹਿੰਮਤ ਨਹੀਂ ਰਹਿੰਦੀ।

ਇਸਤਰੀ ਉਦਾਸ ਹੁੰਦੀ ਹੈ ਅਤੇ ਪੁਰਸ਼ ਦਿਲਗੀਰ। ਇਸਤਰੀ ਲਈ ਅਣਜੋੜ ਵਿਆਹ ਅਤੇ ਪੁਰਸ਼ ਲਈ ਕੱਚੀ ਨੌਕਰੀ ਇਕੋ ਜਿਹਾ ਸੰਤਾਪ ਹੁੰਦੇ ਹਨ।

ਦੁਚਿੱਤੀ ਦੀ ਅਵਸਥਾ, ਦਿਲਗੀਰੀ ਦਾ ਇਕ ਵੱਡਾ ਕਾਰਨ ਹੁੰਦੀ ਹੈ।

ਦੁਚਿੱਤੀ ਦਾ ਸੰਤਾਪ ਕੇਵਲ ਮਨੁੱਖ ਨੂੰ ਹੰਢਾਉਣਾ ਪੈਂਦਾ ਹੈ। ਜਦੋਂ ਬਦਲੀ ਅਤੇ ਤਰੱਕੀ, ਦੋ ਇਕੋ ਜਿਹੀਆਂ ਚੰਗੀਆਂ ਜਾਂ ਮਾੜੀਆਂ ਸਥਿਤੀਆਂ ਵਿਚੋਂ ਚੋਣ ਕਰਨੀ ਪਵੇ ਤਾਂ ਅਸੀਂ ਅੰਦਰੋਂ-ਬਾਹਰੋਂ ਇਕੱਲੇ ਹੋ ਜਾਂਦੇ ਹਾਂ।

ਜਦੋਂ ਅਸੀਂ ਦੋ ਬਰਾਬਰ ਸਥਿਤੀਆਂ ਵਿਚੋਂ ਕੋਈ ਚੋਣ ਕਰਦੇ ਹਾਂ ਤਾਂ ਅੰਤਾਂ ਦੇ ਦੁਖੀ ਹੋ ਕੇ ਕਰਦੇ ਹਾਂ ਅਤੇ ਇਕ ਪਛਤਾਵਾ ਸਾਡੇ ਧੁਰ ਅੰਦਰ ਬਹਿ ਜਾਂਦਾ ਹੈ।

ਇਹ ਅਵਸਥਾ ਜਿਨ੍ਹਾਂ ਨੂੰ ਹੰਢਾਉਣੀ ਪਈ ਹੈ ਜਾਂ ਪੈ ਰਹੀ ਹੈ, ਇਸ ਦਾ ਡੂੰਘਾ ਅਤੇ ਵਿਸ਼ਾਲ ਦਰਦ ਉਹੀ ਜਾਣਦੇ ਹਨ।

ਪਰਿਵਾਰਕ ਅਣਬਣ ਹੰਢਾ ਰਹੇ ਜਿਹੜੇ ਉਪਰੋਂ ਖੁਸ਼-ਰਹਿਣੇ ਪ੍ਰਤੀਤ ਹੁੰਦੇ ਹਨ, ਉਹ ਅਕਸਰ ਅੰਦਰੋਂ ਦਿਲਗੀਰ ਹੁੰਦੇ ਹਨ। ਲੋਕਾਂ ਦਾ ਸਾਥ ਮਾਣਨ ਲਈ, ਉਹ ਉਨ੍ਹਾਂ ਨੂੰ ਖੁਸ਼ ਕਰਨ ਦਾ ਯਤਨ ਕਰਦੇ ਹਨ ਪਰ ਕਿਉਂਕਿ ਅਸਲੀਅਤ ਬਹੁਤਾ ਚਿਰ ਛੁਪਾਈ ਨਹੀਂ ਜਾ ਸਕਦੀ, ਸੋ ਉਹ ਇਕੱਲੇ ਰਹਿ ਜਾਂਦੇ ਹਨ।

ਅੰਦਰੋਂ ਉਹ ਪਹਿਲਾਂ ਵੀ ਇਕੱਲੇ ਹੀ ਹੁੰਦੇ ਹਨ ਪਰ ਜਦੋਂ ਬਾਹਰੋਂ ਵੀ ਉਹ ਇਕੱਲੇ ਹੋ ਜਾਣ ਤਾਂ, ਜਾਂ ਉਹ ਬੀਮਾਰ ਰਹਿਣ ਲੱਗ ਪੈਂਦੇ ਹਨ ਜਾਂ ਆਪਣੇ ਆਪ ਨੂੰ ਬਰਬਾਦ ਕਰਨ ਦੇ ਰਾਹ ਪੈ ਜਾਂਦੇ ਹਨ।

ਜਦੋਂ ਉਮਰ ਦੇ ਪੱਖੋਂ ਅਸੀਂ ਜਵਾਨੀ ਤੋਂ ਬੁਢਾਪੇ ਵੱਲ ਵਧਦੇ ਹਾਂ ਤਾਂ ਬਦਲੀ ਹੋਈ ਸਥਿਤੀ ਨਾਲ ਇਕਸੁਰ ਹੋਣ ਦੀ ਥਾਂ ਅਸੀਂ ਜਵਾਨ ਬਣੇ ਰਹਿਣ ਦੀ ਜ਼ਿੱਦ ਕਰਦੇ ਹਾਂ ਅਤੇ ਆਪਣੀ ਸ਼ਕਲ-ਸੂਰਤ ਅਤੇ ਸਮੁੱਚੇ ਵਿਹਾਰ ਨੂੰ ਬਨਾਵਟੀ ਬਣਾ ਲੈਂਦੇ ਹਾਂ। ਅਜਿਹੀ ਸਥਿਤੀ ਪੁਰਸ਼ਾਂ ਅਤੇ ਇਸਤਰੀਆਂ ਦੋਹਾਂ ਲਈ ਦਿਲਗੀਰੀ ਦਾ ਕਾਰਨ ਬਣਦੀ ਹੈ ਪਰ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਇਸ ਸਥਿਤੀ ਤੋਂ ਵਧੇਰੇ ਪ੍ਰਭਾਵਿਤ ਹੁੰਦੀਆਂ ਹਨ, ਸੋ ਉਨ੍ਹਾਂ ਅੰਦਰਲੀ ਉਦਾਸੀ ਅਤੇ ਮਾਯੂਸੀ, ਉਨ੍ਹਾਂ ਦੇ ਵਰਤਾਰੇ ਵਿਚ ਚਿੜਚਿੜੇਪਣ ਰਾਹੀਂ ਪ੍ਰਗਟ ਹੁੰਦੀ ਹੈ।

ਇਸ ਉਮਰ ਦੀ ਉਦਾਸੀ ਨੂੰ ਟਾਲਣ ਲਈ, ਇਕ ਵਾਰੀ ਫਿਰ ਗਹਿਣੇ ਅਤੇ ਕੱਪੜੇ ਬਣਵਾਉਣ ਦੀ ਪ੍ਰਵਿਰਤੀ ਉਛਾਲਾ ਮਾਰਦੀ ਹੈ। ਜਵਾਨ ਹੋ ਰਹੇ ਬੱਚੇ ਵੇਖ ਕੇ ਪ੍ਰਸੰਨਤਾ ਹੁੰਦੀ ਹੈ ਪਰ ਨਾਲ ਹੀ ਉਦਾਸੀ ਵੀ ਹੁੰਦੀ ਹੈ, ਕਿਉਂਕਿ ਬੱਚਿਆਂ ਦੀ ਉਮਰ ਮਾਂਵਾਂ ਦੀ ਆਪਣੀ ਉਮੱਰ ਦਾ ਭੇਤ ਪ੍ਰਗਟਾਉਂਦੀ ਹੈ।

ਵਧਦੀ ਉਮਰ ਕਾਰਨ, ਦੂਜਿਆਂ ਦਾ ਸਾਡੇ ਵੱਲ ਧਿਆਨ ਅਤੇ ਸਾਡੇ ਵਿਚ ਦਿਲਚਸਪੀ ਘੱਟਦੀ ਹੈ। ਹੈ ਤਾਂ ਇਹ ਸਭ ਕੁਝ ਸੁਭਾਵਿਕ ਪਰ ਸੁਭਾਵਿਕ ਨੂੰ ਸਵੀਕਾਰ ਕਰਨਾ ਹੀ ਤਾਂ ਸਭ ਤੋਂ ਵੱਧ ਮੁਸ਼ਕਿਲ ਹੁੰਦਾ ਹੈ।

ਜਿਨ੍ਹਾਂ ਵਿਚ ਵਧੇਰੇ ਹਰਮਨ ਪਿਆਰਾ ਹੋਣ ਦੀ ਤਾਂਘ ਹੁੰਦੀ ਹੈ, ਉਹ ਆਪਣੀ ਤਾਂਘ ਦੇ ਅਧੂਰੇ ਰਹਿ ਜਾਣ ਕਰਕੇ ਆਪਣੇ ਹੀ ਢੰਗ ਨਾਲ ਉਦਾਸ ਹੁੰਦੇ ਹਨ।

ਜਦੋਂ ਕੋਈ ਵਿਅਕਤੀ ਉਦਾਸ ਹੋਵੇ ਤਾਂ ਉਸ ਦੀ ਕਾਰਜ-ਕੁਸ਼ਲਤਾ ਤਾਂ ਘਟਦੀ ਹੀ ਹੈ, ਉਸ ਦਾ ਆਪਣੇ ਆਪ ਵਿਚ ਵਿਸ਼ਵਾਸ ਵੀ ਪਤਲਾ ਹੋ ਜਾਂਦਾ ਹੈ ਅਤੇ ਆਪਣੀਆਂ ਨਜ਼ਰਾਂ ਵਿਚ ਵੀ ਉਸ ਦਾ ਮਹੱਤਵ ਅਤੇ ਮੁੱਲ ਘਟਣ ਕਾਰਨ ਆਪਣੇ ਅਧੂਰੇ ਹੋਣ ਅਤੇ ਅਪ੍ਰਵਾਨ ਹੋਣ ਦੀ ਦੋਸ਼-ਭਾਵਨਾ ਪ੍ਰਬਲ ਹੋ ਜਾਂਦੀ ਹੈ ਅਤੇ ਉਹ ਦਿਲਗੀਰ ਹੋ ਜਾਂਦਾ ਹੈ।

ਇਸਤਰੀਆਂ ਦੇ ਮਾਸਿਕ ਸਰੀਰਕ ਗੇੜ ਵਾਂਗ ਪੁਰਸ਼ਾਂ ਨੂੰ ਵੀ ਉਦਾਸੀ ਦੇ ਗੇੜ ਵਿਚੋਂ ਲੰਘਣਾ ਪੈਂਦਾ ਹੈ ਪਰ ਬਹੁਤੇ ਵਿਅਕਤੀ ਰੁਝੇਵਿਆਂ ਕਾਰਨ ਅਜਿਹੀ ਸਥਿਤੀ ਪ੍ਰਤੀ ਸੁਚੇਤ ਨਹੀਂ ਹੁੰਦੇ। ਇਹ ਉਦਾਸੀ ਜਦੋਂ ਸੰਘਣਾ ਰੂਪ ਧਾਰ ਲਵੇ ਤਾਂ ਇਹ ਕਿਸੇ ਗੰਭੀਰ ਬੀਮਾਰੀ ਜਾਂ ਕਿਸੇ ਹੋਰ ਅਲਾਮਤ ਰਾਹੀਂ ਪ੍ਰਗਟ ਹੋ ਜਾਂਦੀ ਹੈ।

ਇਸ ਪੱਖ ਤੋਂ ਕੰਮ ਅਤੇ ਆਰਾਮ ਦੇ ਅਨੁਪਾਤ ਨੂੰ ਸਾਵਾਂ ਬਣਾ ਕੇ ਉਦਾਸੀ ਤੋਂ ਕਿਸੇ ਹੱਦ ਤੱਕ ਬਚਿਆ ਜਾ ਸਕਦਾ ਹੈ ਪਰ ਵਧੇਰੇ ਚੰਗਾ ਇਹ ਹੀ ਹੋਵੇਗਾ ਕਿ ਉਦਾਸੀ ਤੋਂ ਬਚਣ ਦੀ ਥਾਂ ਇਸ ਨੂੰ ਹੰਢਾਇਆ ਜਾਵੇ।

ਇਸਤਰੀਆਂ ਵਿਚ ਅਕਸਰ ਅਜਿਹੀ ਯੋਗਤਾ ਵਧੇਰੇ ਹੁੰਦੀ ਹੈ, ਸੋ ਉਹ ਜੀਵਨ ਨਾਲ, ਪੁਰਸ਼ਾਂ ਦੇ ਮੁਕਾਬਲੇ, ਵਧੇਰੇ ਇਕਸੁਰ ਹੁੰਦੀਆਂ ਹਨ।

ਪਿੰਡਾਂ ਤੋਂ ਸ਼ਹਿਰਾਂ ਵੱਲ ਵਸੋਂ ਦਾ ਰੁਝਾਨ, ਲੋਕਾਂ ਨੂੰ ਪ੍ਰਕ੍ਰਿਤਿਕ ਆਲੇ-ਦੁਆਲੇ ਨਾਲੋਂ ਤੋੜ ਕੇ ਬਨਾਵਟੀ ਆਲੇ-ਦੁਆਲੇ ਵੱਲ ਧਕੇਲ ਰਿਹਾ ਹੈ। ਸ਼ਹਿਰਾਂ ਵਿਚ ਜੀਵਨ ਦੀ ਰਫ਼ਤਾਰ, ਖਾਧ-ਖ਼ੁਰਾਕ, ਆਰਾਮ ਅਤੇ ਮਾਨਸਿਕ-ਵਿਕਾਸ ਸਹਿਜ ਗਤੀ ਵਾਲਾ ਨਹੀਂ ਹੁੰਦਾ, ਸੋ ਸ਼ਹਿਰਾਂ ਵਿਚ ਅਤੇ ਵਿਸ਼ੇਸ਼ ਕਰਕੇ ਵੱਡੇ ਸ਼ਹਿਰਾਂ ਵਿਚ ਮਾਨਸਿਕ ਸਮੱਸਿਆਵਾਂ ਵਧੇਰੇ ਹਨ ਅਤੇ ਉਨ੍ਹਾਂ ਦੇ ਵਧੇਰੇ ਅਤੇ ਜਟਿਲ ਹੋਣ ਕਾਰਨ, ਦਿਲਗੀਰੀ ਦੀ ਭਾਵਨਾ ਵੀ ਵਧੇਰੇ ਹੈ।

ਪਹਿਲਾਂ ਮਨੁੱਖ ਜਿਹੜਾ ਕੰਮ ਕਰਦੇ ਸਨ ਉਹ ਆਰੰਭ ਤੋਂ ਅੰਤ ਤਕ ਕਰਦੇ ਸਨ ਪਰ ਹੁਣ ਅਸੀਂ ਸਾਰਾ ਕੰਮ ਨਹੀਂ ਕਰਦੇ, ਵੱਡੇ ਕੰਮ ਦਾ ਇਕ ਛੋਟਾ ਜਿਹਾ ਭਾਗ ਹੀ ਕਰਦੇ ਹਾਂ।

ਕਾਰਖਾਨੇ ਵਿਚ ਅਜੋਕਾ ਮਜ਼ਦੂਰ ਵੱਡੀ ਮਸ਼ੀਨ ਦੇ ਕੇਵਲ ਇਕ ਜਾਂ ਦੋ ਪੁਰਜ਼ੇ ਬਣਾਉਂਦਾ ਜਾਂ ਜੋੜਦਾ ਹੈ।

ਇਸ ਪ੍ਰਵਿਰਤੀ ਨੇ ਸਾਡੇ ਕੋਲੋਂ ਸਮੁੱਚਤਾ ਦਾ ਸੰਕਲਪ ਅਤੇ ਅਨੁਭਵ ਖੋਹ ਲਏ ਹਨ ਅਤੇ ਨਤੀਜਾ ਇਹ ਹੋਇਆ ਹੈ ਕਿ ਅਸੀਂ ਆਪਣੇ ਆਪ ਨੂੰ ਟੁੱਟਿਆ ਹੋਇਆ, ਨਿਗੁਣਾ ਜਿਹਾ, ਬਦਲਿਆ ਜਾ ਸਕਣ ਵਾਲਾ ਭਾਗ ਜਾਂ ਵਿਅਕਤੀ, ਸਮਝਣ ਲੱਗ ਪਏ ਹਾਂ।

ਬੁਢਾਪਾ ਜੀਵਨ ਦੀ ਇਕ ਅਜਿਹੀ ਅਵਸਥਾ ਹੁੰਦੀ ਹੈ ਜਿਸ ਦਾ ਭਵਿੱਖ ਨਹੀਂ ਹੁੰਦਾ।

ਕਈ ਬੁਢਾਪੇ ਨੂੰ ਦੂਜਾ ਬਚਪਨ ਇਸ ਲਈ ਕਹਿੰਦੇ ਹਨ, ਕਿਉਂਕਿ ਬੁੱਢੇ ਆਪਣੇ ਬਚਪਨ ਦੀਆਂ ਅਧੂਰੀਆ ਰਹਿ ਗਈਆਂ ਖ਼ਾਹਿਸ਼ਾਂ ਪੂਰੀਆਂ ਕਰਨ ਲਈ ਵਧੇਰੇ ਤੱਤਪਰ ਹੋ ਜਾਂਦੇ ਹਨ।

ਜਿਉਂ-ਜਿਉਂ ਵਿਅਕਤੀ ਬੁੱਢਾ ਹੁੰਦਾ ਜਾਂਦਾ ਹੈ, ਉਸ ਦੇ ਚੇਤੇ ਵਿਚ ਆਪਣਾ ਬਚਪਨ ਵਧੇਰੇ ਸਪੱਸ਼ਟ ਵਿਖਾਈ ਦੇਣ ਲੱਗ ਪੈਂਦਾ ਹੈ ਅਤੇ ਬੁੱਢੇ, ਬੱਚਿਆਂ ਵਾਂਗ ਹੀ ਲਾਲਚੀ ਅਤੇ ਜ਼ਿੱਦੀ ਹੋ ਨਿਬੜਦੇ ਹਨ।

ਦੱਬੀਆਂ ਅਤ੍ਰਿਪਤ ਖ਼ਾਹਿਸ਼ਾਂ ਪੂਰਤੀ ਲਈ ਤਾਂਘਦੀਆਂ ਹਨ, ਇਸੇ ਕਰਕੇ ਕਈ ਬੁੱਢੇ, ਬੱਚਿਆਂ ਵਾਂਗ ਕੁਝ ਖਾਣ ਜਾਂ ਕੁਝ ਪ੍ਰਾਪਤ ਕਰਨ ਦੀ ਵਧੇਰੇ ਰੁਚੀ ਵਿਖਾਉਂਦੇ ਹਨ।

ਉਨ੍ਹਾਂ ਦੀਆਂ ਅਜਿਹੀਆਂ ਆਦਤਾਂ ਨਾਲ ਘਰ ਦੇ ਬਾਕੀ ਜੀਆਂ ਵਿਚ ਦਿਲਗੀਰੀ ਵੱਧਦੀ ਹੈ। ਅਜਿਹੇ ਘਰਾਂ ਵਿਚ ਰਹਿ ਰਹੇ ਵਿਅਕਤੀ ਆਪਣੇ ਬਜ਼ੁਰਗਾਂ ਦੀ ਮੌਤ ਉਡੀਕਣ ਲੱਗ ਪੈਂਦੇ ਹਨ ਪਰ ਬੁੱਢਿਆਂ ਉੱਤੇ ਸਮਾਜਿਕ ਦਬਾਓ ਘਟਣ ਕਰਕੇ ਅਤੇ ਚਿੰਤਾ-ਮੁਕਤ ਹੋਣ ਕਾਰਨ, ਉਨ੍ਹਾਂ ਲਈ ਜਿਉਂਦੇ ਰਹਿਣਾ ਸੌਖਾ ਹੋ ਜਾਂਦਾ ਹੈ।

ਅਜਿਹੇ ਬੁੱਢਿਆਂ ਦੀ ਹੋਂਦ ਨਾਲ ਦਿਲਗੀਰੀ ਦੇ ਨਾਲ ਅਕੇਵਾਂ ਵੀ ਵੱਧਦਾ ਹੈ।

ਕਿਸੇ ਉਦੇਸ਼ ਵਿਚ ਸਫ਼ਲਤਾ ਨਾਲ ਵੀ ਅਸੀਂ ਅਕਸਰ ਉਦਾਸ ਹੋ ਜਾਂਦੇ ਹਾਂ, ਕਿਉਂਕਿ ਸਫ਼ਲ ਹੋਣ ਉਪਰੰਤ ਰੁਝੇ ਰਹਿਣ ਦਾ ਕੋਈ ਆਧਾਰ ਨਹੀਂ ਰਹਿੰਦਾ ਅਤੇ ਨਤੀਜਾ ਇਹ ਹੁੰਦਾ ਹੈ ਕਿ ਨਿਸ਼ਾਨਾ ਲੋਪ ਹੋ ਜਾਣ ਨਾਲ, ਜੀਵਨ ਉਦੇਸ਼ਹੀਣ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਕਿਸੇ ਅੰਤਲੇ ਇਮਤਿਹਾਨ ਵਿਚ ਪਾਸ ਹੋਣ ਉਪਰੰਤ ਅਤੇ ਕਈ ਹਾਲਤਾਂ ਵਿਚ ਵਿਆਹ ਕਰਵਾਉਣ ਉਪਰੰਤ ਵੀ ਕੁਝ ਚਿਰ ਲਈ ਅਸੀਂ ਉਦਾਸ ਹੋ ਜਾਂਦੇ ਹਾਂ। ਇਸ ਹਾਲਤ ਦਾ ਕਾਰਨ ਇਹ ਹੁੰਦਾ ਹੈ ਕਿ ਸਫ਼ਲਤਾ ਦੇ ਸਬੰਧ ਵਿਚ ਅਸੀਂ ਜੋ ਸੋਚਿਆ ਅਤੇ ਕਿਆਸਿਆ

ਹੁੰਦਾ ਹੈ, ਉਹੋ ਜਿਹਾ ਕੁਝ ਪ੍ਰਾਪਤ ਨਹੀਂ ਹੁੰਦਾ ਅਤੇ ਅਗਲੇਰੇ ਯਤਨ ਨਿਰਰਥਕ ਪ੍ਰਤੀਤ ਹੁੰਦੇ ਹਨ ਅਤੇ ਆਪਣੇ ਆਪ ਬਾਰੇ ਸਾਡੀ ਰਾਇ ਨੀਵੀਂ ਹੋ ਜਾਂਦੀ ਹੈ।

ਕਈ ਵਾਰੀ ਅਸੀਂ ਵੱਡੇ ਨੁਕਸਾਨ ਸਹਿਜੇ ਹੀ ਬਰਦਾਸ਼ਤ ਕਰ ਲੈਂਦੇ ਹਾਂ ਪਰ ਮਗਰੋਂ ਵਾਪਰੀ ਕੋਈ ਨਿੱਕੀ ਜਿਹੀ ਘਟਨਾ ਸਾਨੂੰ ਬੜਾ ਉਦਾਸ ਕਰ ਦਿੰਦੀ ਹੈ।

ਇਸ ਦਾ ਕਾਰਨ ਇਹ ਹੁੰਦਾ ਹੈ ਕਿ ਵੱਡੇ ਨੁਕਸਾਨ ਵੇਲੇ ਅਸੀਂ ਉਦਾਸੀ ਨੂੰ ਮੁਲਤਵੀ ਕਰ ਦਿੱਤਾ ਹੁੰਦਾ ਹੈ, ਕਿਉਂਕਿ ਉਸ ਸਮੇਂ ਵਧੇਰੇ ਲੋਕ ਸਾਡੇ ਵਿਹਾਰ ਨੂੰ ਵੇਖ ਰਹੇ ਹੁੰਦੇ ਹਨ। ਜਦੋਂ ਵੀ ਸਾਨੂੰ ਇਕੱਲੇ ਹੋਣ ਦਾ ਅਵਸਰ ਮਿਲਦਾ ਹੈ ਤਾਂ ਕੋਈ ਨਿੱਕੀ ਜਿਹੀ ਗੱਲ, ਉਸ ਸੁੱਤੀ ਹੋਈ ਉਦਾਸੀ ਨੂੰ ਜਗਾ ਦਿੰਦੀ ਹੈ।

ਕਿਸੇ ਦੇ ਮਰਨ ਜਾਂ ਦੂਰ ਚਲੇ ਜਾਣ ਜਾਂ ਵਿਛੋੜੇ ਦਾ ਉਦਾਸ ਕਰਨ ਵਾਲਾ ਅਨੁਭਵ ਵਿਸ਼ਵ-ਵਿਆਪੀ ਹੈ।

ਮਾਪੇ ਮਰ ਜਾਂਦੇ ਹਨ, ਦੋਸਤ-ਮਿੱਤਰ ਦੂਰ ਚਲੇ ਜਾਂਦੇ ਹਨ, ਪਾਲਤੂ ਜਾਨਵਰ ਸਾਡੀ ਅਣਗਹਿਲੀ ਕਾਰਨ ਸਾਡੇ ਹੱਥੋਂ ਜਾਂਦੇ ਰਹਿੰਦੇ ਹਨ, ਬੱਚੇ ਆਪਣੇ ਆਲ੍ਹਣੇ ਦੂਰ ਕਿਸੇ ਥਾਂ ਪਾ ਲੈਂਦੇ ਹਨ ਅਤੇ ਪਿੱਛੇ ਮਾਪੇ ਇਕੱਲੇ ਰਹਿ ਜਾਂਦੇ ਹਨ।

ਇਹੋ ਜਿਹੇ ਸਮੇਂ ਜੀਵਨ ਦੀਆਂ ਸਾਰੀਆਂ ਦੁੱਖਦਾਈ ਘਟਨਾਵਾਂ ਕਲਪਨਾ ਵਿਚ ਪਰਕਰਮਾ ਕਰਦੀਆਂ ਹਨ।

ਭੁੱਖ ਘੱਟ ਲਗਦੀ ਹੈ, ਨੀਂਦਰ ਘਟ ਜਾਂਦੀ ਹੈ, ਰੁਝੇਵੇਂ ਅਰਥਪੂਰਨ ਨਹੀਂ ਲਗਦੇ, ਸੋ ਇਸ ਅਵਸਥਾ ਵਿਚ ਉਦਾਸ ਹੋਣਾ ਸੁਭਾਵਿਕ ਹੁੰਦਾ ਹੈ।

ਉਦਾਸੀ ਜਾਂ ਦਿਲਗੀਰੀ ਬਹੁਤਾ ਉਨ੍ਹਾਂ ਨੂੰ ਹੀ ਦੁਖੀ ਕਰਦੀ ਹੈ, ਜਿਹੜੇ ਇਸ ਨੂੰ ਜੀਵਨ ਦਾ ਅਨਿੱਖੜ ਅਨੁਭਵ ਮੰਨਣ ਤੋਂ ਇਨਕਾਰੀ ਹੁੰਦੇ ਹਨ। ਅਜਿਹੇ ਵਿਅਕਤੀ ਦੁੱਖਾਂ ਤੋਂ ਬਚਦੇ-ਬਚਦੇ ਸੁੱਖ ਮਾਣਨ ਤੋਂ ਵੀ ਵਿਰਵੇ ਰਹਿ ਜਾਂਦੇ ਹਨ।

ਜਿਹੜੇ ਵਿਅਕਤੀਆਂ ਨੇ ਬਚਪਨ ਅਤੇ ਜਵਾਨੀ ਵਿਚ ਔਖੇ ਦਿਨ ਵੇਖੇ ਹੋਣ, ਉਨ੍ਹਾਂ ਵਿਚ ਉਦਾਸੀ ਨੂੰ ਸਹਿਣ ਦੀ ਸਮਰੱਥਾ ਵਧੇਰੇ ਹੁੰਦੀ ਹੈ।

ਜਿਨ੍ਹਾਂ ਨੂੰ ਸੌਖੀਆਂ ਜਿੱਤਾਂ ਦੀ ਆਦਤ ਹੁੰਦੀ ਹੈ, ਉਨ੍ਹਾਂ ਦੇ ਪੈਰ ਜੀਵਨ ਦੀ ਧਰਤੀ ਉਤੋਂ ਜਲਦੀ ਉਖੜਦੇ ਹਨ।

ਜਿਹੜੇ ਪ੍ਰਕ੍ਰਿਤੀ ਦੇ ਨੇੜੇ ਵੱਸਦੇ ਹਨ, ਉਹ ਉਦਾਸੀ ਨੂੰ ਬਹੁਤ ਹੀ ਸਹਿਜ ਨਾਲ ਸਵੀਕਾਰ ਕਰਦੇ ਹਨ ਪਰ ਜਿਹੜੇ ਪ੍ਰਕ੍ਰਿਤੀ ਤੋਂ ਦੂਰ ਹੁੰਦੇ ਹਨ, ਉਹ ਆਪਣੇ ਆਪ ਨੂੰ ਗੁੰਦ ਦੇ ਦਰਿਆ ਵਿਚ ਡਿਗਿਆ ਅਨੁਭਵ ਕਰਦੇ ਹਨ, ਜਿੱਥੇ ਉਹ ਨਾ ਤੈਰ ਸਕਦੇ ਹਨ ਅਤੇ ਨਾ ਹੀ ਉਹ ਡੁੱਬਦੇ ਹਨ।

♥♥♥

ਉਧਾਰ ਅਤੇ ਕਰਜ਼ਾ

ਮਨੁੱਖ ਤੋਂ ਸਿਵਾਇ ਸਾਰੇ ਜੀਵ-ਜੰਤੂ ਅਚੇਤ ਹੀ ਜਾਣਦੇ ਹਨ ਕਿ ਜੀਵਨ ਦਾ ਉਦੇਸ਼ ਆਨੰਦ ਮਾਣਨਾ ਹੈ, ਇਸੇ ਲਈ ਨਾ ਉਹ ਉਧਾਰ ਦਿੰਦੇ ਹਨ, ਨਾ ਲੈਂਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਉਧਾਰ ਲੈਣ-ਦੇਣ ਦੀ ਲੋੜ ਪੈਂਦੀ ਹੈ।

ਜਦੋਂ ਤੱਕ ਮਨੁੱਖ ਆਪਣੇ ਆਪ ਨੂੰ ਦੁੱਖ ਨਾ ਦੇਵੇ, ਉਹ ਪ੍ਰਸੰਨ ਨਹੀਂ ਹੁੰਦਾ।

ਪ੍ਰਸੰਨ ਕਰਜ਼ਈ ਭੂਤ ਵਾਂਗ ਹੁੰਦਾ ਹੈ, ਭੂਤ ਦੀਆਂ ਗੱਲਾਂ ਸਾਰੇ ਕਰਦੇ ਹਨ ਪਰ ਵੇਖਿਆ ਕਿਸੇ ਨੇ ਨਹੀਂ ਹੁੰਦਾ।

ਅਜੇ ਤੱਕ ਕਿਸੇ ਨੇ ਪ੍ਰਸੰਨ ਹੋ ਕੇ ਉਧਾਰ ਨਹੀਂ ਚੁਕਾਇਆ।

ਜਿਸ ਨੇ ਸਾਨੂੰ ਉਧਾਰ ਦਿੱਤਾ ਹੁੰਦਾ ਹੈ, ਉਸ ਤੋਂ ਡਰਨ ਦੀ ਲੋੜ ਨਹੀਂ, ਕਿਉਂਕਿ ਉਹ ਆਪਣੀ ਇੱਜ਼ਤ ਦਾ ਖਿਆਲ ਕਰਦਿਆਂ, ਧਮਕੀਆਂ ਭਾਵੇਂ ਦੇਵੇ ਪਰ ਕੋਈ ਕਾਰਵਾਈ ਨਹੀਂ ਕਰੇਗਾ। ਜਦੋਂ ਲੋਕਾਂ ਨੂੰ ਇਹ ਪਤਾ ਲੱਗੇਗਾ ਕਿ ਉਸ ਨੇ ਸਾਨੂੰ ਉਧਾਰ ਦਿੱਤਾ ਹੈ ਤਾਂ ਲੋਕ ਉਸੇ ਨੂੰ ਕਮੀਨਾ ਸਿੱਧ ਕਰਨਗੇ ਅਤੇ ਅੱਗੋਂ ਅਜਿਹੀ ਮੂਰਖਤਾ ਕਰਨ ਤੋਂ ਰੋਕਣਗੇ।

ਉਤਨਾ ਹੀ ਉਧਾਰ ਦਿਓ, ਜਿਤਨਾ ਗੁਆਉਣ ਦੀ ਹਿੰਮਤ ਹੋਵੇ।

ਉਤਨਿਆਂ ਨੂੰ ਹੀ ਉਧਾਰ ਦਿਓ, ਜਿਤਨਿਆਂ ਦੇ ਨਾਂ ਜ਼ਬਾਨੀ ਯਾਦ ਰੱਖਣ ਦੀ ਸਮਰੱਥਾ ਹੋਵੇ, ਕਿਉਂਕਿ ਗਾਲ੍ਹਾਂ ਕੱਢਣ ਸਮੇਂ, ਵਹੀ ਫਰੋਲਣ ਦੀ ਵਿਹਲ ਨਹੀਂ ਹੁੰਦੀ।

ਕਿਸੇ ਬਾਰੇ ਨਿਰਪੱਖ ਹੋ ਕੇ ਤੁਸੀਂ ਤਾਂ ਹੀ ਸੋਚ ਸਕਦੇ ਹੋ, ਜੇ ਤੁਸੀਂ ਉਸ ਤੋਂ ਕੁਝ ਲੈਣਾ-ਦੇਣਾ ਨਾ ਹੋਵੇ।

ਅਸੀਂ ਆਪਣੇ ਗੁਆਂਢੀਆਂ ਨੂੰ ਮਾੜੇ ਕਹਿੰਦੇ ਹਾਂ ਪਰ ਅਸੀਂ ਭੁੱਲ ਜਾਂਦੇ ਹਾਂ ਕਿ ਉਹ ਵੀ ਤਾਂ ਸਾਨੂੰ ਝੱਲਦੇ ਹਨ।

ਬਹੁਤੇ ਲੋਕ ਚਾਹ ਦੀ ਪੱਤੀ ਵਾਂਗ ਹੁੰਦੇ ਹਨ, ਉਨ੍ਹਾਂ ਦਾ ਅਸਲੀ ਰੰਗ ਉਦੋਂ ਤੱਕ ਨਹੀਂ ਉਘੜਦਾ, ਜਦੋਂ ਤੱਕ ਉਨ੍ਹਾਂ ਨੂੰ ਉਬਲਦੇ ਪਾਣੀ ਵਿਚ ਨਾ ਪਾਇਆ ਜਾਵੇ।

ਅਸੀਂ ਕਿਤਨੇ ਵੀ ਸਿਆਣੇ ਹੋਈਏ, ਉਧਾਰ ਲੈਣ ਵਾਲਿਆਂ ਦੇ ਅਸਲ ਰੰਗ ਨੂੰ ਅਸੀਂ ਉਧਾਰ ਦੇਣ ਤੋਂ ਪਹਿਲਾਂ ਨਹੀਂ ਪਛਾਣ ਸਕਦੇ।

ਕਿਹਾ ਜਾਂਦਾ ਹੈ ਕਿ ਉਧਾਰ ਲੈਣ ਵਾਲੇ ਤਰਬੂਜ਼ ਵਾਂਗ ਹੁੰਦੇ ਹਨ, ਕੁਝ ਫਿੱਕੇ ਅਤੇ ਕੁਝ ਬਹੁਤ ਫਿੱਕੇ।

ਉਧਾਰ ਦੇਣ ਵਾਲੇ ਕੇਵਲ ਉਨ੍ਹਾਂ ਨੂੰ ਯਾਦ ਰੱਖਦੇ ਹਨ, ਜਿਹੜੇ ਉਧਾਰ ਮੋੜਦੇ ਨਹੀਂ। ਉਧਾਰ ਦੇਣ ਵਾਲੇ ਉਧਾਰ ਦੇ ਨਾ ਮੁੜਨ 'ਤੇ ਦੁਖੀ ਨਹੀਂ ਹੁੰਦੇ, ਸਗੋਂ ਉਧਾਰ ਲੈਣ ਵਾਲੇ ਦੇ ਨਾ ਆਉਣ ਕਰਕੇ ਦੁਖੀ ਹੁੰਦੇ ਹਨ। ਉਹ ਉਨ੍ਹਾਂ ਦੇ ਜਿਉਂਦੇ ਹੋਣ ਦਾ ਭਰੋਸਾ ਚਾਹੁੰਦੇ ਹਨ।

ਉਧਾਰ ਲੈਣ ਵਾਲੇ ਸਾਰੇ ਇਕੋ ਜਿਹੇ ਨਹੀਂ ਹੁੰਦੇ, ਉਨ੍ਹਾਂ ਵਿਚ ਡੁੱਬਣ ਦੀ ਵੱਖਰੀ-ਵੱਖਰੀ ਸਮਰੱਥਾ ਅਤੇ ਰਫ਼ਤਾਰ ਹੁੰਦੀ ਹੈ।

ਉਧਾਰ ਲੈਣ-ਦੇਣ ਵਾਲੇ ਆਪਸ ਵਿਚ ਲੁਕਣ-ਮੀਚੀ ਖੇਡਦੇ ਹਨ।

ਇਸ ਸੰਸਾਰ ਵਿਚ, ਵਪਾਰਕ ਖੇਤਰ ਵਿਚ, ਹਰੇਕ ਸਫ਼ਲ ਵਿਅਕਤੀ ਪਿੱਛੇ ਕਈ ਉਧਾਰ ਦੇਣ ਵਾਲੇ ਖਲੋਤੇ ਹੁੰਦੇ ਹਨ।

ਮਹਾਨ ਉਹ ਹੈ, ਜਿਹੜਾ ਉਧਾਰ ਦੇਣ-ਲੈਣ ਉਪਰੰਤ ਵੀ ਮਹਾਨ ਲੱਗੇ।

ਉਧਾਰ ਲੈਣ ਦੀ ਲੋੜ ਸਾਰਿਆਂ ਨੂੰ ਪੈਂਦੀ ਹੈ ਪਰ ਕੋਈ ਵਿਰਲਾ ਹੀ ਹੁੰਦਾ ਹੈ, ਜਿਹੜਾ ਇਸ ਇੱਛਾ ਉਤੇ ਕਾਬੂ ਪਾ ਲਵੇ। ਉਧਾਰ ਲੈਣਾ ਖਾਜ ਕਰਨ ਵਾਂਗੂ ਹੁੰਦਾ ਹੈ, ਆਨੰਦ ਤਾਂ ਆਵੇਗਾ ਪਰ ਇੱਜ਼ਤ ਛਿੱਲੀ ਜਾਵੇਗੀ।

ਖਰਚੀਲੀਆਂ ਪਤਨੀਆਂ ਦੀ ਖੁਸ਼ੀ ਲਈ, ਲੋੜ ਵਧੇਰੇ ਕਮਾਈ ਕਰਨ ਦੀ ਹੁੰਦੀ ਹੈ ਪਰ ਉਨ੍ਹਾਂ ਦੇ ਪਤੀ ਅਕਸਰ ਉਧਾਰ ਲੈਣ ਬਾਰੇ ਸੋਚਦੇ ਹਨ।

ਅਜਿਹੇ ਘਰਾਂ ਵਿਚ ਜੇ ਇਕ ਵਾਰੀ ਉਧਾਰ ਵੜ ਆਵੇ ਤਾਂ ਉਹ ਹਿਲਦੇ ਦੰਦ ਵਾਂਗ, ਨਾ ਰੱਖਿਆ ਜਾ ਸਕਦਾ ਹੈ ਨਾ ਕੱਢਿਆ ਜਾ ਸਕਦਾ ਹੈ।

ਕਰਜ਼ੇ ਵਿਚ ਡੁੱਬੇ ਵਿਅਕਤੀ ਦੀ ਪਤਨੀ, ਵਿਧਵਾ ਹੁੰਦੀ ਹੈ।

ਜਿਹੜੇ ਜਵਾਨੀ ਵਿਚ ਉਧਾਰ ਲੈਣ ਲਗ ਪੈਣ, ਉਨ੍ਹਾਂ ਨੂੰ ਆਪਣਾ ਭਵਿੱਖ ਗਿਰਵੀ ਰੱਖਣਾ ਪੈਂਦਾ ਹੈ।

ਜਿਹੜੇ ਕਰਜ਼ਾ ਲੈ ਕੇ ਪੁੱਤਰ ਦਾ ਵਿਆਹ ਕਰਦੇ ਹਨ, ਉਨ੍ਹਾਂ ਦੀ ਗਲਤੀ ਦੀ ਸਜ਼ਾ ਨੂੰਹ ਨੂੰ ਭੁਗਤਣੀ ਪੈਂਦੀ ਹੈ।

ਕਰਜ਼ਾ ਆਮ ਕਰਕੇ ਰੁਪਏ-ਪੈਸੇ ਦਾ ਹੁੰਦਾ ਹੈ ਪਰ ਉਧਾਰ ਕਈ ਚੀਜ਼ਾਂ ਦਾ ਹੋ ਸਕਦਾ ਹੈ, ਪੁਸਤਕ ਦਾ, ਕਾਰ ਦਾ, ਹਥਿਆਰ ਦਾ, ਰਸੋਈ ਦੀਆਂ ਵਸਤਾਂ ਦਾ, ਬਿਸਤਰਿਆਂ ਦਾ, ਆਣ-ਜਾਣ ਲਈ ਵਰਤੀਆਂ ਜਾਂਦੀਆਂ ਚੀਜ਼ਾਂ ਦਾ।

ਸ਼ੌਕ ਲਈ, ਉਧਾਰ ਵੀ ਵਧੇਰੇ ਕਰ ਕੇ ਰੁਪਏ-ਪੈਸੇ ਦਾ ਹੋਣ ਲੱਗ ਪਿਆ ਹੈ।

ਜਦੋਂ ਸਮਾਜ ਛੋਟਾ ਸੀ ਅਤੇ ਜੀਵਨ ਦੀ ਚਾਲ ਮੱਠੀ ਸੀ ਤਾਂ ਲੈਣ-ਦੇਣ ਵਾਲੇ ਦਾ ਆਪਸੀ ਰਿਸ਼ਤਾ ਅਪਣੱਤ ਅਤੇ ਸਦਭਾਵਨਾ ਵਾਲਾ ਸੀ। ਉਹ ਲੋਕ ਇਕ-ਦੂਜੇ ਨੂੰ ਪੀੜ੍ਹੀਆਂ ਤੋਂ ਜਾਣਦੇ ਹੁੰਦੇ ਸਨ ਅਤੇ ਦੋਹਾਂ ਧਿਰਾਂ ਦਾ ਸਭ ਕੁਝ ਪ੍ਰਤੱਖ ਸੀ।

ਹੁਣ ਜਦੋਂ ਮਨੁੱਖ ਵੱਡੀਆਂ ਆਬਾਦੀਆਂ ਵਿਚ ਰਹਿੰਦਾ ਹੈ, ਉਹ ਆਪਣੀ ਅਸਲੀਅਤ ਨੂੰ ਛੁਪਾਉਣ ਵਿਚ ਵਧੇਰੇ ਨਿਪੁੰਨ ਹੋ ਗਿਆ ਹੈ।

ਅਜੋਕਾ ਮਨੁੱਖ ਚਾਦਰ ਵੇਖ ਕੇ ਵਧੇਰੇ ਪੈਰ ਹੀ ਨਹੀਂ ਪਸਾਰਦਾ, ਸਗੋਂ ਚਾਹੁੰਦਾ ਹੈ ਕਿ ਚਾਦਰ ਵੀ ਉਧਾਰੀ ਹੋਵੇ।

ਜੋ ਹਾਲ ਅਸੀਂ ਧਰਮਸਾਲਾ ਦੇ ਭਾਂਡਿਆਂ ਅਤੇ ਬਿਸਤਰਿਆਂ ਦਾ ਕਰਦੇ ਹਾਂ, ਉਹੋ ਹਾਲ ਹੀ ਅਸੀਂ ਦੂਜਿਆਂ ਦੀ ਕਮਾਈ ਨਾਲ ਕਰਨਾ ਚਾਹੁੰਦੇ ਹਾਂ।

ਉਧਾਰ ਲੈਣਾ, ਉਤਨਾ ਲੋੜ ਅਧੀਨ ਨਹੀਂ ਹੁੰਦਾ, ਜਿਤਨਾ ਆਦਤ ਵਸ ਹੁੰਦਾ ਹੈ।

ਇਹ ਇਕ ਭੈੜੀ ਆਦਤ ਹੈ ਅਤੇ ਕਿਸੇ ਵੀ ਭੈੜੀ ਆਦਤ ਵਾਂਗ, ਇਸ ਤੋਂ ਛੁਟਕਾਰਾ ਪਾਉਣਾ ਸੌਖਾ ਨਹੀਂ ਹੁੰਦਾ।

ਕਈਆਂ ਨੂੰ ਇਹ ਭਰਮ ਹੁੰਦਾ ਹੈ ਕਿ ਪੈਸੇ ਕੇਵਲ ਉਨ੍ਹਾਂ ਨੂੰ ਹੀ ਖਰਚਣੇ ਆਉਂਦੇ ਹਨ।

ਅਜਿਹੇ ਵਿਅਕਤੀ ਇਸ ਭਰਮ ਦਾ ਵੀ ਸ਼ਿਕਾਰ ਹੁੰਦੇ ਹਨ ਕਿ ਦੂਜਿਆਂ ਕੋਲ ਲੋੜ ਨਾਲੋਂ ਪੈਸੇ ਵੱਧ ਹਨ।

ਕਰਜ਼ੇ ਅਤੇ ਉਧਾਰ ਵਿਚ ਅੰਤਰ ਇਹ ਹੈ ਕਿ ਕਰਜ਼ੇ ਦਾ ਸੂਦ ਦੇਣਾ ਪੈਂਦਾ ਹੈ, ਜਦੋਂ ਕਿ ਉਧਾਰ ਜਾਣ-ਪਛਾਣ ਅਤੇ ਰਿਸ਼ਤੇਦਾਰੀ ਦੇ ਆਧਾਰ 'ਤੇ ਲਿਆ ਜਾਂਦਾ ਹੈ ਅਤੇ ਇਸ ਦਾ ਵਿਆਜ ਨਹੀਂ ਦੇਣਾ ਹੁੰਦਾ।

ਅਸੀਂ ਕਰਜ਼ਾ ਮੋੜਨ ਨੂੰ ਆਪਣਾ ਫਰਜ਼ ਸਮਝਦੇ ਹਾਂ ਪਰ ਉਧਾਰ ਮੋੜਨ ਨੂੰ ਆਪਣੀ ਮਰਜ਼ੀ ਸਮਝਦੇ ਹਾਂ। ਆਮ ਕਰਕੇ ਕਰਜ਼ਾ ਕਿਸੇ ਵੱਡੇ ਕੰਮ ਵਾਸਤੇ ਅਤੇ ਉਧਾਰ ਅਚਾਨਕ ਆਣ ਪਏ ਖਰਚੇ ਨੂੰ ਪੂਰਨ ਵਾਸਤੇ ਲਿਆ ਜਾਂਦਾ ਹੈ।

ਅਕਸਰ ਵੇਖਿਆ ਗਿਆ ਹੈ ਕਿ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਾਡੇ ਕੋਲ ਧਨ ਹੁੰਦਾ ਹੈ ਪਰ ਇੱਛਾਵਾਂ ਦੀ ਪੂਰਤੀ ਲਈ ਅਸੀਂ ਉਧਾਰ ਲੈਂਦੇ ਹਾਂ।

ਹਰ ਮਨੁੱਖ ਵਿਚ ਅਸਲੀਅਤ ਨਾਲੋਂ ਵੱਡਾ ਪ੍ਰਤੀਤ ਹੋਣ ਦੀ ਸੁਭਾਵਕ ਤਾਂਘ ਹੁੰਦੀ ਹੈ, ਇਸ ਤਾਂਘ ਦੀ ਪੂਰਤੀ ਲਈ ਅਸੀਂ ਉਧਾਰ ਲੈਂਦੇ ਹਾਂ।

ਜਿਤਨਾ ਮਕਾਨ ਸਾਨੂੰ ਆਪਣੀਆਂ ਲੋੜਾਂ ਲਈ ਚਾਹੀਦਾ ਹੁੰਦਾ ਹੈ, ਉਸ ਨਾਲੋਂ ਵੱਡਾ ਮਕਾਨ ਪਾਉਣ ਦੀ ਇੱਛਾ ਅਧੀਨ, ਬਨਾਵਟੀ ਮਜਬੂਰੀ ਉਪਜਾ ਕੇ ਅਸੀਂ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਆਰੰਭੇ ਯੱਗ ਵਿਚ ਤਿਲ-ਫੁਲ ਪਾਉਣ ਲਈ ਕਹਿੰਦੇ ਹਾਂ।

ਮਕਾਨ ਪਾਉਣ ਦਾ ਅਮਲ ਬਿਨਾਂ ਰੀਹਰਸਲ ਦੇ ਨਾਟਕ ਕਰਨ ਵਾਂਗ ਹੁੰਦਾ ਹੈ, ਸੋ ਨਾ ਕੇਵਲ ਉਧਾਰ ਚੁੱਕਣ ਲਈ ਭੱਜ-ਦੌੜ ਵਧੇਰੇ ਕਰਨੀ ਪੈਂਦੀ ਹੈ, ਕਈ ਵਾਰੀ ਰਾਮ ਦੀ ਥਾਂ ਰਾਵਣ ਦੀ ਵੀ ਪੂਜਾ ਕਰਨੀ ਪੈਂਦੀ ਹੈ।

ਜਿਨ੍ਹਾਂ ਨਾਲ ਸਾਡਾ ਦਰਦ ਦਾ ਰਿਸ਼ਤਾ ਹੁੰਦਾ ਹੈ, ਉਨ੍ਹਾਂ ਤੋਂ ਉਧਾਰ ਲੈ ਕੇ ਅਸੀਂ ਉਨ੍ਹਾਂ ਦੇ ਦਰਦ ਵਿਚ ਵਾਧਾ ਕਰਦੇ ਹਾਂ। ਮਕਾਨ ਪਾਉਣ ਜਾਂ ਵਿਆਹ ਜਿਹੇ ਕੰਮ ਪੂਰੀ ਤਰ੍ਹਾਂ ਵਿਉਂਤ ਕੇ ਨਹੀਂ ਕੀਤੇ ਜਾਂਦੇ, ਸੋ ਇਨ੍ਹਾਂ ਦੇ ਖਰਚੇ ਅਨੁਮਾਨ ਨਾਲੋਂ ਸਦਾ ਵੱਧ ਹੁੰਦੇ ਹਨ। ਇਸ ਖੱਪੇ ਨੂੰ ਪੂਰਨ ਲਈ ਅਸੀਂ ਦੂਜਿਆਂ ਨੂੰ ਪਰਖਣ ਲਈ ਨਿਕਲ ਪੈਂਦੇ ਹਾਂ। ਕਰਜ਼ੇ ਦਾ ਵਿਆਜ ਛੜੱਪੇ ਮਾਰਦਾ ਹੈ, ਸੋ ਸਾਡਾ ਪਹਿਲਾ ਯਤਨ ਵਿਆਜ-ਰਹਿਤ ਉਧਾਰ ਲੈਣ ਦਾ ਹੁੰਦਾ ਹੈ।

ਉਧਾਰ ਲੈਣ ਲਈ ਝੂਠ ਬੋਲਣਾ ਪੈਂਦਾ ਹੈ।

ਝੂਠ ਬੋਲਣਾ ਕੇਵਲ ਬੱਚਿਆਂ ਲਈ ਪਾਪ ਹੁੰਦਾ ਹੈ।

ਪ੍ਰੇਮੀਆਂ ਲਈ ਝੂਠ ਬੋਲਣਾ ਇਕ ਕਲਾ ਹੈ, ਛੜੇ ਲਈ ਝੂਠ ਬੋਲਣਾ ਮਜਬੂਰੀ ਹੈ ਅਤੇ ਉਧਾਰ ਲੈਣ ਵਾਲੇ ਲਈ, ਝੂਠ ਬੋਲਣਾ ਹੀ ਸੱਚ ਬੋਲਣਾ ਹੁੰਦਾ ਹੈ।

ਸੱਚ ਬੋਲ ਕੇ ਉਧਾਰ ਨਹੀਂ ਮਿਲਦਾ।

ਉਧਾਰ ਵਿਚ ਚਿੰਤਾ ਛੁਪੀ ਹੋਈ ਹੁੰਦੀ ਹੈ। ਲੈਣ-ਦੇਣ ਤੋਂ ਮਗਰੋਂ ਹੀ ਪਤਾ ਲਗਦਾ ਹੈ ਕਿ ਕਿਹੜੀ ਧਿਰ ਨੇ ਚਿੰਤਾ ਕਰਨੀ ਹੈ।

ਉਧਾਰ ਲਏ ਪੈਸੇ ਜਲਦੀ ਖਰਚ ਹੋ ਜਾਂਦੇ ਹਨ, ਇਸੇ ਕਰਕੇ ਇਨ੍ਹਾਂ ਨੂੰ ਮੋੜਨ ਵਿਚ ਦੇਰ, ਅਤੇ ਅਕਸਰ ਬਹੁਤ ਦੇਰ ਲਗਦੀ ਹੈ।

ਕਹਿੰਦੇ ਹਨ ਕਲਮ, ਪੋਥੀ, ਘੋੜੀ ਅਤੇ ਤਲਵਾਰ ਉਧਾਰ ਨਹੀਂ ਦੇਣੀਆਂ ਚਾਹੀਦੀਆਂ, ਕਿਉਂਕਿ ਇਹ ਮੁੜਦੀਆਂ ਨਹੀਂ। ਜੇ ਅਰਦਾਸ ਕਰਨ ਨਾਲ ਅਤੇ ਮਿੰਨਤ ਨਾਲ ਮੁੜ ਵੀ ਪੈਣ ਤਾਂ ਇਹ ਸਬੂਤੀਆਂ ਨਹੀਂ ਮੁੜਦੀਆਂ।

ਉਧਾਰ ਦੇਣ ਨਾਲ ਕੋਈ ਦੁਸ਼ਮਣ ਤਾਂ ਨਹੀਂ ਬਣਦਾ ਪਰ ਦੋਸਤ, ਦੋਸਤ ਨਹੀਂ ਰਹਿੰਦੇ। ਆਪਣੇ ਕਿਸੇ ਦੋਸਤ ਨੂੰ ਉਧਾਰ ਦੇ ਕੇ ਵੇਖੋ, ਨਾ ਉਧਾਰ ਮੁੜੇਗਾ ਨਾ ਦੋਸਤ, ਦੋਸਤ ਰਹੇਗਾ।

ਕਹਿੰਦੇ ਹਨ ਦੋਸਤ ਨਾਲ ਬਹਿਸ ਨਹੀਂ ਕਰਨੀ ਚਾਹੀਦੀ, ਦੋਸਤ ਨੂੰ ਉਧਾਰ ਨਹੀਂ ਦੇਣਾ ਚਾਹੀਦਾ, ਦੋਸਤ ਦੀ ਬੀਵੀ ਨਾਲ ਇਕੱਲਿਆਂ ਗੱਲ ਨਹੀਂ ਕਰਨੀ ਚਾਹੀਦੀ।

ਇਹ ਸਾਰੇ ਵਰਤਾਰੇ ਵਿਗਾੜ ਅਤੇ ਸ਼ੱਕ ਉਪਜਾਉਂਦੇ ਹਨ।

ਘੱਟ ਕਮਾਉਣ ਵਾਲੇ ਪੁੱਤਰ ਟੱਬਰ ਨੂੰ ਤਬਾਹ ਨਹੀਂ ਕਰਦੇ, ਉਧਾਰ ਲੈਣ ਵਾਲੇ ਕਰਦੇ ਹਨ, ਕਿਉਂਕਿ ਇਹ ਉਧਾਰ ਅਕਸਰ ਪਿਤਾ ਨੂੰ ਲਾਹੁਣੇ ਪੈਂਦੇ ਹਨ।

ਜਿਹੜਾ ਉਧਾਰ ਸੱਤ ਸਾਲ ਤੱਕ ਵਾਪਸ ਨਾ ਮੁੜੇ, ਉਸ ਦੇ ਮੁੜਨ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਸ਼ਾਇਦ ਇਸੇ ਕਰਕੇ ਕਾਨੂੰਨ ਵੱਲੋਂ, ਜਿਹੜਾ ਗੁਆਚਿਆ ਪਤੀ ਸੱਤ ਵਰ੍ਹੇ ਤਕ ਵਾਪਸ ਨਾ ਮੁੜੇ, ਉਸ ਨੂੰ ਮਰ ਗਿਆ ਸਮਝਿਆ ਜਾਂਦਾ ਹੈ।

ਨਸ਼ੀਲੇ ਪਦਾਰਥ ਉਧਾਰ ਨਹੀਂ ਮਿਲਦੇ, ਕਿਉਂਕਿ ਅਜਿਹੇ ਪਦਾਰਥ ਖਰੀਦਣ ਵਾਲੇ ਵਿਅਕਤੀ ਕੇਵਲ ਭਵਿੱਖ ਬਾਰੇ ਸੋਚਦੇ ਹਨ, ਅਤੀਤ ਬਾਰੇ ਨਹੀਂ ਅਤੇ ਉਹ ਅਤੀਤ ਵਿਚ ਲਿਆ ਉਧਾਰ ਲਾਹੁਣਾ ਭੁੱਲ ਜਾਂਦੇ ਹਨ।

ਉਧਾਰ ਲੈਣ ਵਾਲਾ, ਉਧਾਰ ਦੇਣ ਵਾਲੇ ਨਾਲੋਂ ਭਾਵੇਂ ਇੱਜ਼ਤ ਦੇ ਪੱਖੋਂ ਨੀਵਾਂ ਹੁੰਦਾ ਹੈ ਪਰ ਉਹ ਆਸ਼ਾਵਾਦੀ ਵਧੇਰੇ ਹੁੰਦਾ ਹੈ, ਕਿਉਂਕਿ ਉਸ ਨੂੰ ਆਸ ਹੁੰਦੀ ਹੈ ਕਿ ਉਹ ਉਧਾਰ ਚੁਕਾਉਣ ਲਈ ਜਿਉਂਦਾ ਰਹੇਗਾ।

ਅਜਿਹਾ ਵਿਅਕਤੀ ਜਾਣਦਾ ਹੁੰਦਾ ਹੈ ਕਿ ਸ਼ਾਹੂਕਾਰ ਦੀ ਖੁਸ਼ੀ ਵਿਆਜ ਵਿਚ ਹੁੰਦੀ ਹੈ, ਮੂਲ ਵਿਚ ਨਹੀਂ। ਮੂਲ ਦੇ ਮੁਕਾਬਲੇ ਵਿਆਜ ਬੜਾ ਥੋੜ੍ਹਾ ਹੁੰਦਾ ਹੈ, ਸੋ ਉਧਾਰ ਲੈਣ ਵਾਲੇ ਨੂੰ ਪ੍ਰਤੀਤ ਹੁੰਦਾ ਹੈ ਕਿ ਵਿਆਜ ਸੌਖਿਆਂ ਹੀ ਦਿੱਤਾ ਜਾ ਸਕੇਗਾ।

ਜਿਨ੍ਹਾਂ ਨੇ ਕਰਜ਼ੇ ਲਏ ਹਨ, ਉਹ ਜਾਣਦੇ ਹਨ ਕਿ ਮੂਲ ਵਾਪਸ ਕਰਨਾ ਸੌਖਾ ਹੁੰਦਾ ਹੈ ਪਰ ਵਿਆਜ ਦੇਣਾ ਔਖਾ ਹੁੰਦਾ ਹੈ।

ਉਧਾਰ ਦੇਣ ਵਾਲੇ ਅਦਾਰੇ ਸਭ ਤੋਂ ਪਹਿਲਾਂ ਇਹ ਵੇਖਦੇ ਹਨ ਕਿ ਉਧਾਰ ਮੰਗਣ ਵਾਲੇ ਕੋਲ ਆਪਣੀ ਪੂੰਜੀ ਕਿਤਨੀ ਹੈ।

ਜੇ ਉਸ ਕੋਲ ਪੂੰਜੀ ਦੀ ਥਾਂ ਕੇਵਲ ਵਿਉਂਤਾਂ ਅਤੇ ਸੁਪਨੇ ਹਨ ਤਾਂ ਉਸ ਦੇ ਖੇਤ ਵਿਚ ਫਸਲ ਦੀ ਥਾਂ ਨਦੀਨ ਵਧੇਰੇ ਹੋਣਗੇ।

ਜੇ ਤੁਸੀਂ ਕਿਸੇ ਨੂੰ ਉਸ ਦੀ ਆਪਣੀ ਪੂੰਜੀ ਨਾਲੋਂ ਵਧੇਰੇ ਕਰਜ਼ਾ ਜਾਂ ਉਧਾਰ ਦੇਵੋਗੇ ਤਾ ਤੁਸੀਂ ਨਿਰਸੰਦੇਹ ਆਪਣੀ ਤਲਵਾਰ ਉਸ ਨੂੰ ਸੌਂਪ ਕੇ ਕੇਵਲ ਮਿਆਨ ਅਤੇ ਢਾਲ ਆਪਣੇ ਕੋਲ ਰੱਖ ਰਹੇ ਹੋਵੋਗੇ।

ਨਿੱਕੇ-ਨਿੱਕੇ ਉਧਾਰਾਂ ਨਾਲ ਰਿਸ਼ਤਾ ਨਿੱਘਾ ਹੁੰਦਾ ਹੈ ਪਰ ਵੱਡੇ ਕਰਜ਼ਿਆਂ ਅਤੇ ਉਧਾਰਾਂ ਨਾਲ ਇਹ ਅਕਸਰ ਵਿਗੜਦਾ ਹੈ।

ਉਧਾਰ ਲੈਣ ਵਾਲੇ ਸਦਾ ਕਾਹਲੀ ਵਿਚ ਹੁੰਦੇ ਹਨ ਅਤੇ ਕਾਹਲੀ ਚਿੰਤਾ ਦਾ ਸਿਰਨਾਵਾਂ ਹੁੰਦੀ ਹੈ। ਉਧਾਰ ਲਿਆ ਪੈਸਾ ਕਾਹਲੀ ਨਾਲ ਖਰਚਿਆ ਜਾਂਦਾ ਹੈ, ਸੋ ਇਹ ਬੜੀ ਜਲਦੀ ਮੁੱਕ ਜਾਂਦਾ ਹੈ ਅਤੇ ਹੋਰ ਉਧਾਰ ਲੈਣ ਦੀ ਲੋੜ ਪੈਂਦੀ ਹੈ।

ਜੇ ਕੋਈ ਵਿਅਕਤੀ ਅਚਾਨਕ ਤੁਹਾਡੀ ਪ੍ਰਸ਼ੰਸਾ ਕਰਨ ਲਗ ਪਵੇ ਅਤੇ ਉਸ ਨੂੰ ਅਚਾਨਕ ਤੁਹਾਡੇ ਛੁਪੇ ਗੁਣ ਵਿਖਾਈ ਦੇਣ ਲੱਗ ਪੈਣ ਤਾਂ ਸੁਚੇਤ ਹੋਣ ਦੀ ਲੋੜ ਹੈ, ਕਿਉਂਕਿ ਹੋ ਸਕਦਾ ਹੈ ਕਿ ਉਸ ਨੇ ਤੁਹਾਡੀ ਜੇਬ ਦੀ ਡੂੰਘਾਈ ਅਤੇ ਵਿਸ਼ਾਲਤਾ ਮਾਪ ਲਈ ਹੋਵੇ।

ਜਿਹੜੇ ਮਾਪੇ ਆਪਣੇ ਬੱਚਿਆਂ ਨੂੰ ਲੋੜ ਨਾਲੋਂ ਵਧੇਰੇ ਪੈਸੇ ਦਿੰਦੇ ਹਨ, ਉਹ ਬੱਚਿਆਂ ਵਿਚ ਲਾਲਚ ਅਤੇ ਲਾਪ੍ਰਵਾਹੀ ਨੂੰ ਵਧਾਉਂਦੇ ਹਨ ਅਤੇ ਉਨ੍ਹਾਂ ਵਿਚ ਆਮਦਨ ਤੋਂ ਵੱਧ ਖਰਚਣ ਦੀ ਭੈੜੀ ਆਦਤ ਪਾਉਂਦੇ ਹਨ।

ਜਿਹੜਾ ਤੁਹਾਡਾ ਉਧਾਰ ਵਾਪਸ ਨਹੀਂ ਕਰਦਾ, ਉਸ ਨਾਲ ਗੁੱਸੇ ਜਾਂ ਨਾਰਾਜ਼ ਨਾ ਹੋਵੋ। ਦਸ ਵਰ੍ਹੇ ਮਗਰੋਂ ਵੇਖਣਾ, ਉਸ ਦਾ ਕੀ ਹਾਲ ਹੋਵੇਗਾ?

ਤੁਹਾਨੂੰ ਉਧਾਰ ਵਾਪਸ ਨਾ ਮੁੜਨ ਦੇ ਬਾਵਜੂਦ ਬੜੀ ਤਸੱਲੀ ਮਿਲੇਗੀ।

ਜਿਹੜਾ ਵਿਅਕਤੀ ਜਿਤਨਾ ਵਧੇਰੇ ਉਧਾਰ ਚੁੱਕਦਾ ਹੈ, ਉਤਨੀ ਹੀ ਉਸ ਦੀ ਦੁਨੀਆਂ ਸੌੜੀ ਹੁੰਦੀ ਜਾਂਦੀ ਹੈ

ਚੰਗਾ ਤਾਂ ਇਹੀ ਹੈ ਕਿ ਕਿਸੇ ਨੂੰ ਵੀ ਇਤਨੀ ਖੁੱਲ੍ਹ ਨਾ ਦਿਓ ਕਿ ਉਹ ਤੁਹਾਡੇ ਮੂੰਹ ਉਤੇ ਤੁਹਾਡੀ ਪ੍ਰਸ਼ੰਸਾ ਕਰ ਸਕੇ, ਕਿਉਂਕਿ ਅਜਿਹਾ ਵਿਅਕਤੀ ਪ੍ਰਸ਼ੰਸਾ, ਉਧਾਰ ਮੰਗਣ ਦੀ ਭੂਮਿਕਾ ਵਜੋਂ ਹੀ ਕਰ ਰਿਹਾ ਹੁੰਦਾ ਹੈ।

ਸੁਆਰਥ ਤੋਂ ਬਿਨਾਂ ਸਤਿਕਾਰ ਤਾਂ ਕੀਤਾ ਜਾ ਸਕਦਾ ਹੈ ਪਰ ਕਿਸੇ ਦੀ ਪ੍ਰਸ਼ੰਸਾ ਨਹੀਂ ਕੀਤੀ ਜਾ ਸਕਦੀ।

ਜਿਹੜੇ ਬੁਢਾਪੇ ਵਿਚ ਕਿਸੇ ਨੂੰ ਉਧਾਰ ਦਿੰਦੇ ਹਨ, ਉਹ ਆਪਣੇ ਮਨ ਦਾ ਚੈਨ ਗੁਆਉਂਦੇ ਹਨ। ਬੁੱਢਿਆਂ ਵਿਚ ਪਛਤਾਵੇ ਦੀ ਭਾਵਨਾ ਕਾਰਨ, ਉਨ੍ਹਾਂ ਦੇ ਗੋਡੇ ਹੀ ਨਹੀਂ, ਉਨ੍ਹਾਂ ਦਾ ਮਨ ਵੀ ਬਹਿ ਜਾਂਦਾ ਹੈ।

ਉਧਾਰ ਲੈਣ ਵਾਲੇ, ਸ਼ਾਹੂਕਾਰ ਕੋਲ, ਮੁਰਗੀ ਦੇ ਅੰਡਿਆਂ ਵਾਂਗ ਇਕ ਇਕ ਕਰ ਕੇ ਪ੍ਰਗਟ ਹੁੰਦੇ ਹਨ। ਉਹ ਸ਼ਾਹੂਕਾਰ ਨੂੰ ਬੰਨ੍ਹਣ ਲਈ ਰੇਸ਼ਮ ਦੀ ਰੱਸੀ ਵਰਤਦੇ ਹਨ ਪਰ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਗੰਢਾਂ ਸ਼ਾਹੂਕਾਰ ਨੇ ਮਾਰਨੀਆਂ ਹੁੰਦੀਆਂ ਹਨ।

ਜੇ ਤੁਸੀਂ ਆਪਣਾ ਸਤਿਕਾਰ ਆਪ ਕਰਦੇ ਹੋ ਤਾਂ ਤੁਸੀਂ ਉਧਾਰ ਨਹੀਂ ਲਵੋਗੇ, ਕਿਉਂਕਿ ਕਿਸੇ ਨੂੰ ਵੀ ਆਪਣੀ ਇੱਜ਼ਤ ਗੁਆਉਣ ਅਤੇ ਨਿਰਲੱਜ ਹੋਏ ਬਿਨਾਂ ਉਧਾਰ ਲੈਣ ਦਾ ਖਿਆਲ ਹੀ ਨਹੀਂ ਆਉਂਦਾ।

ਜਿਹੜੇ ਕਿਸ਼ਤਾਂ ਵਿਚ ਉਧਾਰ ਲਾਹੁੰਦੇ ਹਨ, ਉਨ੍ਹਾਂ ਨੂੰ ਉਧਾਰ ਮੋੜਨ ਦੀ ਤਸੱਲੀ ਹੁੰਦੀ ਹੈ ਪਰ ਪ੍ਰਾਪਤ ਕਰਨ ਵਾਲੇ ਨੂੰ ਰਕਮ ਮੁੜਨ ਦੀ ਤਸੱਲੀ ਨਹੀਂ ਹੁੰਦੀ।

ਜੇ ਕੋਈ ਵਿਅਕਤੀ ਵਾਅਦੇ ਅਨੁਸਾਰ ਉਧਾਰ ਵਾਪਸ ਕਰ ਦੇਵੇ ਤਾਂ ਅਗਲੀ ਵਾਰੀ ਉਹ ਵਧੇਰੇ ਮੰਗੇਗਾ। ਜਦੋਂ ਉਸ ਨੂੰ ਤੁਹਾਡੀ ਸਰਹੱਦ ਦਾ ਪਤਾ ਲੱਗ ਜਾਵੇਗਾ ਤਾਂ ਉਹ ਅੰਤਲਾ ਉਧਾਰ ਵਾਪਸ ਨਹੀਂ ਕਰੇਗਾ।

ਜੇ ਹਰ ਉਧਾਰ ਵਾਪਸ ਹੀ ਕਰਨਾ ਹੈ ਤਾਂ ਲੈਣ ਦਾ ਕੀ ਅਰਥ!

ਉਧਾਰ ਲੈਣ ਵਾਲਿਆਂ ਦੇ ਅਸੂਲ ਨਹੀਂ ਹੁੰਦੇ, ਕਿਉਂਕਿ ਕਿਸੇ ਅਸੂਲ ਅਨੁਸਾਰ ਝੂਠ ਨਹੀਂ ਬੋਲਿਆ ਜਾ ਸਕਦਾ ਅਤੇ ਝੂਠ ਬੋਲੇ ਬਿਨਾਂ ਉਧਾਰ ਨਹੀਂ ਲਿਆ ਜਾ ਸਕਦਾ।

ਹਰ ਇਕ ਵਿਅਕਤੀ ਆਪਣੇ ਆਪ ਨੂੰ ਸ਼ਰੀਫ ਅਤੇ ਈਮਾਨਦਾਰ ਸਮਝਦਾ ਹੈ ਪਰ ਜੇ ਤੁਸੀਂ ਉਧਾਰ ਲੈਣ ਨਿਕਲ ਹੀ ਪਏ ਹੋ ਤਾਂ ਤੁਹਾਡੀ ਹਾਲਤ ਨਿਰਲੱਜ ਮੰਗਤੇ ਨਾਲੋਂ ਵੱਖਰੀ ਨਹੀਂ ਹੋਵੇਗੀ ਅਤੇ ਤੁਹਾਨੂੰ ਬੜਾ ਕੁਝ ਅਣਸੁਖਾਵਾਂ ਸੁਣਨਾ ਪਏਗਾ।

ਉਧਾਰ ਦੇਣ ਵਾਲਾ ਉਧਾਰ ਨਾ ਮੁੜਨ 'ਤੇ, ਰੋ ਵੀ ਨਹੀਂ ਸਕਦਾ ਅਤੇ ਲੈਣ ਵਾਲੇ ਨੂੰ ਤਾਂ ਰੋਣ ਦੀ ਲੋੜ ਹੀ ਨਹੀਂ ਪੈਂਦੀ।

ਖਰਚੇ ਅਕਸਰ ਆਮਦਨ ਤੋਂ ਅੱਗੇ ਲੰਘ ਜਾਂਦੇ ਹਨ ਪਰ ਅਸੀਂ ਭੁੱਲ ਜਾਂਦੇ ਹਾਂ ਕਿ ਇਹ ਗੱਲ ਸਾਰਿਆਂ ਨਾਲ ਵਾਪਰਦੀ ਹੈ।

ਜੇ ਪੈਸੇ ਦੀ ਕੀਮਤ ਜਾਣਨੀ ਚਾਹੁੰਦੇ ਹੋ ਤਾਂ ਉਧਾਰ ਮੰਗ ਕੇ ਵੇਖੋ।

ਹੁਣ ਉਧਾਰ ਲੈਣ-ਦੇਣ ਦਾ ਯੁੱਗ ਲੰਘ ਗਿਆ ਹੈ, ਜੇ ਲੈਣਾ ਹੀ ਪਵੇ ਤਾਂ ਕਰਜ਼ਾ ਲੈਣਾ ਚਾਹੀਦਾ ਹੈ, ਕਿਉਂਕਿ ਸਾਡੇ ਵਿਚ ਕਰਜ਼ਾ ਲਾਹੁਣ ਦੀ ਹਿੰਮਤ ਹੁੰਦੀ ਹੈ, ਉਧਾਰ ਲਾਹੁਣ ਦੀ ਯੋਗਤਾ ਨਹੀਂ ਹੁੰਦੀ।

ਧਨ ਨਾਲ ਸਮੱਸਿਆਵਾਂ ਸੁਲਝਦੀਆਂ ਹਨ ਪਰ ਬਹੁਤੇ ਧਨ ਨਾਲ ਉਪਜਦੀਆਂ ਹਨ ਅਤੇ ਉਧਾਰ ਨਾਲ ਸਮੱਸਿਆਵਾਂ ਗੁੰਝਲਦਾਰ ਹੋ ਜਾਂਦੀਆਂ ਹਨ।

ਜਿਹੜੇ ਸਮੇਂ ਦੇ ਪਾਬੰਦ ਹੁੰਦੇ ਹਨ, ਉਹ ਉਧਾਰ ਨਹੀਂ ਲੈਂਦੇ, ਕਿਉਂਕਿ ਜਿਸ ਵਿਚ ਸਮੇਂ ਦਾ ਸੰਜਮ ਹੈ, ਉਸ ਵਿਚ ਬਾਕੀ ਸਾਰੇ ਸੰਜਮ ਵੀ ਹੋਣਗੇ।

ਜਿਨ੍ਹਾਂ ਨੂੰ ਵਰਤ ਰੱਖਣ ਦੀ ਆਦਤ ਹੁੰਦੀ ਹੈ, ਉਹ ਵੀ ਉਧਾਰ ਨਹੀਂ ਲੈਂਦੇ।

ਜਿਹੜੇ ਸੈਰ ਜਾਂ ਕਸਰਤ ਕਰਦੇ ਹਨ, ਉਹ ਵੀ ਉਧਾਰ ਨਹੀਂ ਲੈਂਦੇ।

ਜਿਹੜੇ ਦੇਰ ਨਾਲ ਉਠਦੇ ਹਨ, ਉਹ ਉਧਾਰ ਲੈਂਦੇ ਹਨ, ਇਹੀ ਹਨ ਜਿਹੜੇ ਝੂਠ ਬੋਲਦੇ ਹਨ, ਬਹਾਨੇ ਲਾਉਂਦੇ ਹਨ।

ਤੇਜ਼ ਉਹੀ ਟੁਰਦੇ ਹਨ, ਜਿਨ੍ਹਾਂ ਨੂੰ ਦੇਰ ਹੋ ਗਈ ਹੋਵੇ।

ਉਧਾਰ ਉਹੀ ਲੈਂਦੇ ਹਨ, ਜਿਨ੍ਹਾਂ ਦੀ ਚਾਦਰ ਛੋਟੀ ਹੁੰਦੀ ਹੈ ਪਰ ਪੈਰ ਵੱਡੇ ਹੁੰਦੇ ਹਨ।

ਕੰਬਲ ਦੀ ਬੁੱਕਲ ਮਾਰੀ ਜਾ ਸਕਦੀ ਹੈ, ਇਸ ਦਾ ਕੋਟ ਨਹੀਂ ਸਿਵਾਇਆ ਜਾ ਸਕਦਾ। ਉਧਾਰੇ ਕੋਟ ਨਾਲੋਂ, ਆਪਣਾ ਕੰਬਲ ਚੰਗਾ ਹੁੰਦਾ ਹੈ।

ਉਧਾਰ ਲਈ ਹੋਈ ਰਕਮ ਅਕਸਰ ਫਜ਼ੂਲ ਕੰਮਾਂ 'ਤੇ ਖਰਚ ਹੁੰਦੀ ਹੈ।

ਤੁਹਾਡੀ ਸਹਿਣਸ਼ੀਲਤਾ ਉਦੋਂ ਪਰਖੀ ਜਾਵੇਗੀ, ਜਦੋਂ ਉਧਾਰ ਵਾਪਸ ਨਾ ਮੁੜਨ ਉਤੇ ਵੀ ਤੁਸੀਂ ਧੀਰਜ ਨਾਲ ਪੇਸ਼ ਆਵੋਗੇ।

ਜੇ ਤੁਹਾਡਾ ਨਵਾਂ-ਨਵਾਂ ਵਿਆਹ ਹੋਇਆ ਹੈ ਅਤੇ ਉਧਾਰ ਦੇਣ ਵਾਲਾ ਵਿਅਕਤੀ ਜਵਾਨ ਹੈ, ਤਾਂ ਉਧਾਰ ਨਾ ਲਵੋ।

ਕਹਿੰਦੇ ਹਨ ਉਧਾਰ ਲੈਣ ਵਿਚ ਸੁੱਸਤੀ ਵਿਖਾਓ ਪਰ ਲਾਹੁਣ ਵਿਚ ਚੁਸਤੀ। ਇਹ ਵੀ ਕਹਿੰਦੇ ਹਨ ਕਿ ਰੁੱਝੇ ਹੋਏ ਬੰਦੇ ਨੂੰ ਵਿਹਲੜ ਮਿਲਣ ਨਹੀਂ ਆਉਂਦੇ, ਅੱਗ ਉਤੇ ਪਏ ਪਤੀਲੇ ਨੇੜੇ ਮੱਖੀਆਂ ਨਹੀਂ ਆਉਂਦੀਆਂ, ਸੰਜਮੀ ਵਿਅਕਤੀ ਕੋਲ ਥੁੜ੍ਹ ਦਾ ਰੋਗ ਨਹੀਂ ਪਹੁੰਚਦਾ।

ਜਿੱਥੇ ਲੈਣ-ਦੇਣ ਦਾ ਝਗੜਾ ਲੰਮਾ ਹੋ ਜਾਵੇ, ਸਮਝੋ ਉਥੇ ਦੋਵੇਂ ਧਿਰਾਂ ਗਲਤ ਹਨ ਅਤੇ ਉਨ੍ਹਾਂ ਦੇ ਸਮਝੌਤੇ ਵਿਚੋਂ ਵੀ ਲੜਾਈ ਉਪਜੇਗੀ।

ਜਿਹੜਾ ਥੁੜਾਂ ਦੀਆਂ ਵਧੇਰੇ ਸ਼ਿਕਾਇਤਾਂ ਕਰੇ, ਸਮਝੋ ਉਸ ਕੋਲ ਆਪਣੀ ਸਮਰੱਥਾ ਅਤੇ ਲੋੜ ਨਾਲੋਂ ਪਹਿਲਾਂ ਹੀ ਵਧੇਰੇ ਹੈ।

ਜਿਸ ਨੇ ਕਿਸੇ ਦਾ ਉਧਾਰ ਨਹੀਂ ਦੇਣਾ, ਉਹ ਨੰਗਾ ਵੀ ਅਮੀਰ ਲਗਦਾ ਹੈ।

ਕਈ ਵਿਅਕਤੀਆਂ ਨੂੰ ਭਰਮ ਹੁੰਦਾ ਹੈ ਕਿ ਉਨ੍ਹਾਂ ਦੀ ਯਾਦਸ਼ਕਤੀ ਕਮਜ਼ੋਰ ਹੋ ਗਈ ਹੈ ਪਰ ਜੇ ਉਨ੍ਹਾਂ ਨੂੰ ਕਿਸੇ ਵਲ ਦਿੱਤਾ ਹੋਇਆ ਉਧਾਰ ਯਾਦ ਹੋਵੇ ਤਾਂ ਇਹ ਸਬੂਤ ਹੈ ਕਿ ਉਨ੍ਹਾਂ ਦੀ ਯਾਦਸ਼ਕਤੀ ਠੀਕ ਹੈ।

ਕਿਸੇ ਤੋਂ ਖਹਿੜਾ ਛੁਡਾਉਣ ਦਾ ਇਕ ਸੌਖਾ ਤਰੀਕਾ ਹੈ, ਉਸ ਦੀ ਛੋਟੀ ਜਿਹੀ ਕਿਸੇ ਘਾਟ ਨੂੰ ਪਛਾਣੋ ਅਤੇ ਪੂਰੀ ਕਰਨ ਲਈ ਉਧਾਰ ਦਿਓ।

ਕਹਿੰਦੇ ਹਨ ਸੰਸਾਰ ਵਿਚ ਕੇਵਲ ਦੋ ਨਸਲਾਂ ਹਨ: ਉਧਾਰ ਲੈਣ ਵਾਲੇ ਅਤੇ ਉਧਾਰ ਦੇਣ ਵਾਲੇ। ਲੈਣ ਵਾਲੇ, ਦੇਣ ਵਾਲਿਆਂ ਨਾਲੋਂ ਉਚੇਰੀ ਨਸਲ ਵਾਲੇ ਹੁੰਦੇ ਹਨ।

ਦੇਣ ਵਾਲੇ ਜੋੜਦੇ ਹਨ, ਲੈਣ ਵਾਲੇ ਖਰਚਦੇ ਹਨ।

ਉਧਾਰ ਦੇਣ ਵਾਲੇ, ਲੈਣ ਵਾਲਿਆਂ ਨਾਲੋਂ ਵਧੇਰੇ ਲਾਲਚੀ ਹੁੰਦੇ ਹਨ।

ਕਿਤਾਬਾਂ ਉਧਾਰੀਆਂ ਲੈਣ ਵਾਲੇ, ਗਿਆਨ ਦੇ ਖੇਤਰ ਵਿਚ, ਮਹਿਮੂਦ ਗਜ਼ਨੀ ਹੁੰਦੇ ਹਨ, ਜਿਹੜੇ ਦੂਜਿਆਂ ਦੀਆਂ ਲਾਇਬਰੇਰੀਆਂ ਤਬਾਹ ਕਰ ਦਿੰਦੇ ਹਨ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਨਾ ਕੇਵਲ ਘੱਟ ਉਧਾਰ ਲੈਂਦੀਆਂ ਹਨ ਸਗੋਂ ਉਧਾਰ ਲਾਹੁਣ ਦੇ ਪੱਖੋਂ ਵਧੇਰੇ ਸੁਚੇਤ ਅਤੇ ਈਮਾਨਦਾਰ ਵੀ ਹੁੰਦੀਆਂ ਹਨ।

ਇਸਤਰੀਆਂ ਉਧਾਰ ਲੈਣ ਨੂੰ ਆਪਣੀ ਬੇਇੱਜ਼ਤੀ ਸਮਝਦੀਆ ਹਨ। ਉਨ੍ਹਾਂ ਵਿਚ ਕੱਪੜੇ ਅਤੇ ਗਹਿਣੇ ਆਦਿ ਉਧਾਰ ਲੈਣ ਦੀ ਬਿਰਤੀ ਹੁੰਦੀ ਹੈ ਪਰ ਉਹ ਪਹਿਲੀ ਵਿਹਲ ਵਿਚ ਹੀ ਉਧਾਰ ਲਾਹੁੰਦੀਆਂ ਹਨ।

ਉਧਾਰ ਦੋ ਢੰਗਾਂ ਨਾਲ ਹੀ ਲਾਹਿਆ ਜਾ ਸਕਦਾ ਹੈ, ਆਪਣੀ ਆਮਦਨ ਵਧਾਉਣ ਨਾਲ ਅਤੇ ਆਪਣੇ ਖਰਚੇ ਘਟਾਉਣ ਨਾਲ। ਨਹੀਂ ਤਾਂ ਉਧਾਰ, ਤੁਹਾਡੀ ਥਾਲੀ ਵਿਚੋਂ ਅੱਧਾ ਭੋਜਨ ਖਾ ਜਾਵੇਗਾ।

ਦੋਸਤ ਉਧਾਰ ਦਿੰਦਾ ਹੈ, ਦੁਸ਼ਮਣ ਵਾਪਸ ਮੰਗਦਾ ਹੈ।

ਕਰਜ਼ੇ ਪੁਰਾਣੇ ਹੋਣ ਵਿਚ ਦੇਰ ਨਹੀਂ ਲਗਦੀ।

ਪੁਰਾਣੇ ਕਰਜ਼ੇ ਨਿੱਤ ਨਵੇਂ ਝਗੜੇ ਸਿਰਜਦੇ ਹਨ।

ਜਿਹੜਾ ਵਿਅਕਤੀ ਉਧਾਰ ਚੁੱਕ ਕੇ ਮਕਾਨ ਪਾਉਂਦਾ ਹੈ, ਉਸ ਨੂੰ ਮਕਾਨ ਵੇਚ ਕੇ ਹੀ ਉਧਾਰ ਲਾਹੁਣਾ ਪੈਂਦਾ ਹੈ।

ਅਜਿਹਾ ਵਿਅਕਤੀ ਬੂਟ ਪਾ ਕੇ ਤੈਰਨ ਦਾ ਯਤਨ ਕਰਦਾ ਹੈ।

ਜਿਵੇਂ ਨਿੱਕੇ ਬੱਚੇ ਵਧੇਰੇ ਰੋਂਦੇ ਹਨ, ਉਵੇਂ ਹੀ ਨਿੱਕੇ ਉਧਾਰ ਦੇਣ ਵਾਲੇ, ਵਾਪਸ ਲੈਣ ਲਈ, ਵਧੇਰੇ ਰੌਲਾ ਪਾਉਂਦੇ ਹਨ।

ਕਿਸੇ ਕੰਜੂਸ ਤੋਂ ਕਦੇ ਵੀ ਉਧਾਰ ਨਾ ਲਵੋ, ਨਹੀਂ ਤਾਂ ਉਧਾਰ ਲੈ ਕੇ ਘਰ ਵਿਚ ਚੋਰ ਵਾੜਨ ਵਾਲੀ ਗੱਲ ਹੋਵੇਗੀ।

ਉਧਾਰ ਕੇਵਲ ਸੰਕਟ ਵਿੱਚ ਲੈਣਾ ਚਾਹੀਦਾ ਹੈ, ਹਰੇਕ ਮੌਕੇ ਲਈ ਉਧਾਰ ਲੈਣਾ ਭੈੜੀ ਅਤੇ ਮਹਿੰਗੀ ਆਦਤ ਹੈ।

ਕੋਈ ਵੀ ਇਤਨਾ ਗਿਆ-ਗੁਜ਼ਰਿਆ ਨਹੀਂ ਹੁੰਦਾ ਕਿ ਉਸ ਤੋਂ ਕੋਈ ਉਧਾਰ, ਮੰਗਣ ਨਾ ਆਇਆ ਹੋਵੇ ਅਤੇ ਕੋਈ ਵੀ ਅਜਿਹਾ ਨਹੀਂ ਹੁੰਦਾ, ਜਿਸ ਦਾ ਸਾਰਾ ਉਧਾਰ, ਉਸ ਦੀ ਤਸੱਲੀ ਅਨੁਸਾਰ ਵਾਪਸ ਮੁੜ ਆਇਆ ਹੋਵੇ।

♥♥♥

ਸੁਆਰਥ ਅਤੇ ਪਰਉਪਕਾਰ

ਮਨੁੱਖ ਨੇ ਆਪਣੇ ਵਿਕਾਸ ਦੇ ਲੰਮੇ ਇਤਿਹਾਸ ਵਿਚ ਜਿਹੜੀਆਂ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਵਿਚੋਂ ਸੁਆਰਥ ਤੋਂ ਪਰਉਪਕਾਰ ਵਲ ਦਾ ਸਫ਼ਰ ਮਨੁੱਖੀ ਜੀਵਨ ਨੂੰ ਵਿਸਤਾਰਨ ਅਤੇ ਵਿਸਥਾਰਨ ਵਿਚ ਵਿਸ਼ੇਸ਼ ਤੌਰ 'ਤੇ ਸਹਾਈ ਹੋਇਆ ਹੈ।

ਪਰਉਪਕਾਰ ਦੀ ਬਿਰਤੀ ਨਾਲ ਮਨੁੱਖ ਦੇ ਸ਼ੌਕ ਵੱਡੇ ਹੋਏ ਹਨ ਅਤੇ ਉਸ ਦੇ ਜੀਵਨ ਵਿਚ ਅਮੀਰੀ ਆਈ ਹੈ।

ਸਭਿਅਤਾ ਅਤੇ ਸਭਿਆਚਾਰ ਮਨੁੱਖ ਦੇ ਨਿਰੰਤਰ ਯਤਨਾਂ ਦੀ ਦੇਣ ਹਨ।

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਮਨੁੱਖਤਾ ਦਾ ਵਿਕਾਸ, ਵਿਅਕਤੀ ਦੇ ਵਿਕਾਸ ਦਾ ਹੀ ਇਤਿਹਾਸ ਹੈ।

ਘੋੜਿਆਂ ਵਿਚ ਦੇਸ਼ ਭਗਤੀ ਸੰਭਵ ਨਹੀਂ, ਮੱਝਾਂ ਦੇ ਧਾਰਮਿਕ ਜਜ਼ਬੇ ਦੇ ਕੋਈ ਅਰਥ ਨਹੀਂ, ਬੱਕਰੀਆਂ ਦੀ ਤਿਆਗ ਭਾਵਨਾ ਦਾ ਕੋਈ ਸੰਕਲਪ ਨਹੀਂ, ਪੰਛੀਆਂ ਵਿਚ ਪਰਉਪਕਾਰ ਦੀ ਕੋਈ ਭਾਵਨਾ ਨਹੀਂ ਹੁੰਦੀ।

ਰੱਬ ਨੇ ਕੁਦਰਤ ਸਿਰਜੀ ਹੈ, ਮਨੁੱਖ ਨੇ ਸਮਾਜ ਸਿਰਜਿਆ ਹੈ।

ਲਗਾਤਾਰ ਯਤਨਾਂ ਨਾਲ ਮਨੁੱਖ ਨੇ ਰੱਬ ਦਾ ਡਰ ਦੂਰ ਕਰ ਕੇ, ਰੱਬ ਨੂੰ ਆਪਣਾ ਸਹਿਯੋਗੀ ਬਣਾ ਲਿਆ ਹੈ ਅਤੇ ਹੁਣ ਮਨੁੱਖ ਆਪ ਰੱਬ ਬਣਨ ਦੇ ਯਤਨਾਂ ਵਿਚ ਹੈ।

ਮਨੁੱਖ ਦੀਆਂ ਮਹਾਨ ਪ੍ਰਾਪਤੀਆਂ ਵਿਚੋਂ ਵਟਾਂਦਰੇ ਦਾ ਸੰਕਲਪ ਸਾਡਾ ਉਚੇਚਾ ਧਿਆਨ ਮੰਗਦਾ ਹੈ। ਆਪਣੇ ਲੰਮੇ ਇਤਿਹਾਸ ਵਿਚ ਮਨੁੱਖ ਨੇ ਤਿੰਨ ਮਹਾਨ ਵਟਾਂਦਰੇ ਸੰਭਵ ਬਣਾਏ ਹਨ: ਇਸਤਰੀਆਂ ਦਾ ਵਟਾਂਦਰਾ, ਵਸਤਾਂ ਦਾ ਵਟਾਂਦਰਾ ਅਤੇ ਸੁਨੇਹਿਆਂ ਦਾ ਵਟਾਂਦਰਾ।

ਇਸਤਰੀਆਂ ਦਾ ਵਟਾਂਦਰਾ ਮਨੁੱਖੀ ਸਮਾਜ, ਸਮਾਜ ਦੇ ਸਮੁੱਚੇ ਨਾਤੇਦਾਰੀ, ਸਾਕੇਦਾਰੀ ਜਾਂ ਰਿਸ਼ਤੇਦਾਰੀ ਪ੍ਰਬੰਧ ਨੂੰ ਉਸਾਰਨ ਅਤੇ ਨਿਖਾਰਨ ਵਿਚ ਸਹਾਈ ਹੋਇਆ ਹੈ। ਹਰ ਸਮਾਜ ਨੇ ਇਸ ਵਟਾਂਦਰੇ ਨੂੰ ਸਵੀਕਾਰ ਕੀਤਾ ਹੈ ਅਤੇ ਅਪਣਾਇਆ ਹੈ। ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਇਹ ਵਟਾਂਦਰਾ ਸਾਡੇ ਜੀਵਨ ਦਾ ਇਤਨਾ ਮਹੱਤਵਪੂਰਨ ਪੱਖ ਹੈ ਕਿ ਇਸ ਦੀ ਗੰਭੀਰਤਾ ਨੂੰ ਗ੍ਰਹਿਣ ਕਰਨ ਦੀ ਅਜੇ ਵੀ ਸਾਡੇ ਵਿਚ ਸੋਝੀ ਨਹੀਂ ਆਈ।

ਸ਼ਿਕਾਰ ਯੁੱਗ ਵਿਚ ਵਿਚਰਦਿਆਂ, ਪੁਰਸ਼ਾਂ ਵਿਚ ਘਰ ਅੰਦਰਲੀ ਜਵਾਨ ਇਸਤਰੀ ਦਾ ਸਾਥ ਪ੍ਰਾਪਤ ਕਰਨ ਲਈ, ਮਰਨ-ਮਾਰਨ ਦਾ ਸੰਘਰਸ਼ ਹੁੰਦਾ ਸੀ।

ਅਜਿਹੇ ਸੰਘਰਸ਼ ਵਿਚ ਲਗਣ ਵਾਲੀ ਸ਼ਕਤੀ, ਉਸਾਰੂ ਪਾਸੇ ਲਾਉਣ ਲਈ, ਜਵਾਨ ਇਸਤਰੀ ਨੂੰ ਕਿਸੇ ਦੂਜੇ ਘਰ ਦੀ ਜਵਾਨ ਇਸਤਰੀ ਨਾਲ ਵਟਾਉਣ ਦੀ ਪ੍ਰਥਾ, ਜਿਸ ਕਿਸੇ ਨੇ ਵੀ ਚਲਾਈ ਹੋਵੇਗੀ, ਉਹ ਸਾਡੇ ਸਤਿਕਾਰ ਦਾ ਹੀ ਨਹੀਂ, ਸਾਡੀ ਪੂਜਾ ਦਾ ਵੀ ਹੱਕਦਾਰ ਹੈ।

ਇਹ ਵਟਾਂਦਰਾ ਦੋ ਪਰਿਵਾਰਾਂ ਤੱਕ ਹੀ ਸੀਮਤ ਨਹੀਂ, ਸਮੁੱਚਾ ਵਿਸ਼ਵ ਇਸ ਦੇ ਘੇਰੇ ਵਿਚ ਆਉਂਦਾ ਹੈ। ਜੇ ਕਿਸੇ ਪਰਿਵਾਰ ਵਿਚ ਕੇਵਲ ਧੀਆਂ ਹੀ ਹਨ, ਉਹ ਸਾਰੀਆਂ ਦੇ ਦਿੱਤੀਆਂ ਜਾਣਗੀਆਂ ਪਰ ਅਗਲੀ ਜਾਂ ਉਸ ਤੋਂ ਅਗਲੀ ਪੀੜ੍ਹੀ ਵਿਚ ਜਦੋਂ ਵੀ ਪੁੱਤਰ ਜਨਮ ਲੈਣਗੇ, ਉਨ੍ਹਾਂ ਨੂੰ ਕਿਸੇ ਨਾ ਕਿਸੇ ਦੀਆਂ ਧੀਆਂ, ਪਤਨੀਆਂ ਵਜੋਂ ਪ੍ਰਾਪਤ ਹੋ ਜਾਣਗੀਆਂ। ਸਮੇਂ ਦੇ ਬੀਤਣ ਨਾਲ ਇਸ ਵਟਾਂਦਰੇ ਦਾ ਖੇਤਰ ਫੈਲ ਕੇ ਸਾਰੀ ਲੋਕਾਈ ਤਕ ਪਸਰ ਗਿਆ ਹੈ।

ਵਸਤਾਂ ਦੇ ਵਟਾਂਦਰੇ ਉਪਰ ਸਾਰੇ ਸੰਸਾਰ ਦਾ ਆਰਥਿਕ ਪ੍ਰਬੰਧ ਉਸਰਿਆ ਹੋਇਆ ਹੈ।

ਹਰ ਇਕ ਵਿਅਕਤੀ ਅਜਿਹੇ ਵਟਾਂਦਰੇ ਦੇ ਘੇਰੇ ਵਿਚ ਆਉਂਦਾ ਹੈ।

ਹਰ ਕਿਸੇ ਨੂੰ ਕੁਝ ਨਾ ਕੁਝ ਖਰੀਦਣ ਦੀ ਲੋੜ ਪੈਂਦੀ ਹੈ ਅਤੇ ਹਰ ਕਿਸੇ ਕੋਲ ਕੁਝ ਨਾ ਕੁਝ ਵੇਚਣ ਲਈ ਹੁੰਦਾ ਹੈ ਅਤੇ ਇਵੇਂ ਦੁਨੀਆਂ ਦਾ ਕਾਰੋਬਾਰ ਚਲ ਰਿਹਾ ਹੈ।

ਇਸ ਵਟਾਂਦਰੇ ਨੇ ਮਨੁੱਖੀ ਵਿਹਾਰ ਨੂੰ ਨੇਮਬੱਧ ਕੀਤਾ ਹੈ।

ਆਲੇ-ਦੁਆਲੇ ਝਾਤ ਮਾਰ ਕੇ ਵੇਖੋ, ਹਰ ਵਿਅਕਤੀ, ਹਰ ਵੇਲੇ ਵਸਤਾਂ ਦੇ ਵਿਭਿੰਨ ਵਟਾਂਦਰਿਆਂ ਵਿਚ ਰੁਝਿਆ ਹੋਇਆ ਹੈ। ਕੋਈ ਆਪਣੀ ਉਪਜ ਵੇਚ ਰਿਹਾ ਹੈ, ਕੋਈ ਆਪਣਾ ਗਿਆਨ ਅਤੇ ਕੋਈ ਆਪਣੀ ਸਰੀਰਕ ਸ਼ਕਤੀ।

ਜਦੋਂ ਮਨੁੱਖ ਬਹੁਤ ਛੋਟੇ ਘੇਰੇ ਵਿਚ ਰਹਿੰਦਾ ਸੀ ਤਾਂ ਉਸ ਕੋਲ ਵਟਾਂਦਰੇ ਲਈ ਵਸਤਾਂ ਸੀਮਤ ਸਨ। ਜਦੋਂ ਵਸਤਾਂ ਵਿਚ ਕੁਝ ਵੰਨ-ਸੁਵੰਨਤਾ ਆਈ ਤਾਂ ਵਸਤਾਂ ਦੇ ਬਦਲੇ ਵਸਤਾਂ ਦਾ ਵਿਸ਼ਾਲ ਪੱਧਰ 'ਤੇ ਵਟਾਂਦਰਾ ਸੰਭਵ ਹੋਇਆ।

ਜਦੋਂ ਆਬਾਦੀਆਂ ਵੱਡੀਆਂ ਹੋ ਗਈਆਂ ਅਤੇ ਵਸਤਾਂ ਭਾਂਤ-ਭਾਂਤ ਦੀਆਂ ਹੋ ਗਈਆਂ ਤਾਂ ਵਸਤਾਂ ਦਾ ਰੁਪਏ-ਪੈਸੇ ਨਾਲ ਅਤੇ ਰੁਪਏ-ਪੈਸੇ ਦਾ ਵਸਤਾਂ ਨਾਲ ਵਟਾਂਦਰਾ ਸੰਭਵ ਹੋਇਆ ਅਤੇ ਅਜਿਹੇ ਵਟਾਂਦਰਿਆਂ ਵਿਚ ਨਾ ਕੇਵਲ ਤੇਜ਼ੀ ਆਈ ਸਗੋਂ ਦੂਰ-ਦੁਰਾਡੀਆਂ ਥਾਂਵਾਂ ਨਾਲ ਵਟਾਂਦਰਾ ਕਰਨ ਦੀਆਂ ਸੰਭਾਵਨਾਵਾਂ ਵੀ ਉਪਜੀਆਂ। ਹੁਣ ਵੱਖ-ਵੱਖ ਦੇਸ਼, ਵੱਖ-ਵੱਖ ਨਾਂਵਾਂ ਵਾਲੀਆਂ ਮੰਡੀਆਂ ਹਨ, ਜਿੱਥੇ ਭਾਂਤ-ਸੁਭਾਂਤੇ ਵਟਾਂਦਰੇ ਹੋ ਰਹੇ ਹਨ।

ਸੁਨੇਹਿਆਂ ਦਾ ਵਟਾਂਦਰਾ ਸੰਕੇਤਾਂ ਅਤੇ ਭਾਸ਼ਾ ਉਤੇ ਉਸਰਿਆ ਹੋਇਆ ਹੈ।

ਸੁਨੇਹਿਆਂ ਦੇ ਵਟਾਂਦਰੇ ਨਾਲ ਸਮਾਜ ਉਸਰੇ ਹਨ, ਲੈਣ-ਦੇਣ ਸੰਭਵ ਹੋਇਆ ਹੈ, ਆਦਾਨ-ਪ੍ਰਦਾਨ ਦੀਆਂ ਸੰਭਾਵਨਾਵਾਂ ਉਜਾਗਰ ਹੋਈਆਂ ਹਨ, ਕਲਾ ਅਤੇ ਸਾਹਿਤ ਦਾ ਨਿਰਮਾਣ ਹੋਇਆ ਹੈ।

ਸੁਨੇਹਿਆਂ ਦੇ ਵਟਾਂਦਰੇ ਵਿਚ ਉਹ ਸਾਰੇ ਵਰਤਾਰੇ ਆ ਜਾਂਦੇ ਹਨ, ਜਿਨ੍ਹਾਂ ਰਾਹੀਂ ਮਨੁੱਖ ਆਪਣੇ ਦਿਲ, ਮਨ ਅਤੇ ਬੁੱਧੀ ਦੇ ਭਾਵ, ਸੂਝ ਅਤੇ ਤਰਕ ਦਾ ਲੈਣ-ਦੇਣ ਕਰਦਾ ਹੈ।

ਜੇ ਮਨੁੱਖਾਂ ਵਿਚਕਾਰ ਸੁਨੇਹਿਆਂ ਦਾ ਵਟਾਂਦਰਾ ਸੰਭਵ ਨਾ ਹੁੰਦਾ ਤਾਂ ਮਨੁੱਖਾਂ ਨੇ ਨਿਰੰਤਰ ਲੜਦੇ-ਝਗੜਦੇ ਰਹਿਣਾ ਸੀ। ਸਭ ਪ੍ਰਕਾਰ ਦਾ ਸੰਚਾਰ, ਸੁਨੇਹਿਆਂ ਦੇ ਵਟਾਂਦਰੇ ਦੀ ਵਿਊਂਤ ਉੱਤੇ ਉਸਰਿਆ ਹੋਇਆ ਹੈ।

ਪਰਉਪਕਾਰ ਦੀ ਬਿਰਤੀ ਵੀ ਇਕ ਪ੍ਰਕਾਰ ਦਾ ਵਟਾਂਦਰਾ ਹੈ, ਜਿਹੜਾ ਉਪਰੋਕਤ ਵਟਾਂਦਰਿਆਂ ਦੇ ਸੰਦਰਭ ਵਿਚ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਪਰਉਪਕਾਰ ਅਜਿਹਾ ਕਾਰਜ ਹੁੰਦਾ ਹੈ, ਜਿਹੜਾ ਕੋਈ ਵਿਅਕਤੀ ਆਪ ਮੁਸ਼ਕਿਲ ਝੱਲ ਕੇ ਜਾਂ ਨੁਕਸਾਨ ਉਠਾ ਕੇ, ਜਾਂ ਕਸ਼ਟ ਸਹਿ ਕੇ ਕਿਸੇ ਦੂਜੇ ਲਈ ਕਰਦਾ ਹੈ। ਅਜਿਹਾ ਕਾਰਜ ਕਰਨਾ ਉਸ ਦੀ ਕੋਈ ਮਜਬੂਰੀ ਨਹੀਂ ਹੁੰਦੀ। ਅਜਿਹਾ ਕਾਰਜ ਨਾ ਕੀਤਿਆਂ ਉਸ ਨੂੰ ਕੋਈ ਦੋਸ਼ ਨਹੀਂ ਦਿੱਤਾ ਜਾ ਸਕਦਾ। ਅਜਿਹਾ ਕਾਰਜ ਕਰਨ ਦੇ ਕੋਈ ਕਾਰਨ ਵੀ ਸਪਸ਼ਟ ਨਹੀਂ ਹੁੰਦੇ ਪਰ ਅਸੀਂ ਜਾਣਦੇ ਹਾਂ ਕਿ ਕੁਝ ਕਾਰਜਾਂ ਨੂੰ ਅਸੀਂ ਪਰਉਪਕਾਰ ਕਹਿੰਦੇ ਹਾਂ ਅਤੇ ਕੁਝ ਕਾਰਜਾਂ ਨੂੰ ਪਰਉਪਕਾਰ ਨਾਲੋਂ ਨਿਖੇੜਨ ਲਈ ਅਸੀਂ ਉਨ੍ਹਾਂ ਨੂੰ ਸੁਆਰਥ ਕਹਿੰਦੇ ਹਾਂ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਮਨੁੱਖ ਦੀ ਬੁਨਿਆਦੀ ਬਿਰਤੀ ਸੁਆਰਥੀ ਹੈ। ਦੂਜੇ ਜੀਵ-ਜੰਤੂਆਂ ਵਾਂਗ ਸੁਆਰਥ ਮਨੁੱਖ ਲਈ ਵੀ ਜਿਊਂਦੇ ਰਹਿਣ ਦੀ ਇਕ ਵਿਧੀ ਹੈ। ਹਰ ਵੇਲੇ ਕੇਵਲ ਪਰਉਪਕਾਰ ਹੀ ਕਰੀ ਜਾਣਾ ਸੰਭਵ ਨਹੀਂ ਹੁੰਦਾ।

ਜਿਹੜਾ ਵਿਅਕਤੀ ਜਾਂ ਜੀਵ-ਜੰਤੂਆਂ ਦੀ ਜਿਹੜੀ ਨਸਲ ਪੂਰਨ-ਭਾਂਤ ਨਿਰਸੁਆਰਥ ਹੋ ਕੇ ਵਿਚਰੇਗੀ, ਉਹ ਲੋਪ ਹੋ ਜਾਵੇਗੀ।

ਜੇ ਕੋਈ ਵਿਅਕਤੀ ਆਪਣੇ ਆਪ ਨੂੰ ਨਿਰੰਤਰ ਨੁਕਸਾਨ ਪਹੁੰਚਾ ਕੇ ਕਿਸੇ ਦੂਜੇ ਦਾ ਭਲਾ ਕਰਦਾ ਜਾਵੇਗਾ ਤਾਂ ਉਹ ਆਪਣੇ ਆਪ ਨੂੰ ਕਮਜ਼ੋਰ ਅਤੇ ਦੂਜੇ ਨੂੰ ਸ਼ਕਤੀਸ਼ਾਲੀ ਕਰਦਾ ਜਾਵੇਗਾ।

ਨਿਰਸੰਦੇਹ ਕਈ ਧਾਰਮਿਕ ਬਿਰਤੀ ਜਾਂ ਪਰੰਪਰਾਗਤ ਸੋਚ ਵਾਲੇ ਵਿਅਕਤੀ ਇਸ ਸੰਕਲਪ ਦੀ ਸੂਖਮਤਾ ਨੂੰ ਨਾ ਸਮਝ ਸਕਣ ਕਾਰਨ, ਇਸ ਤਰਕ ਨਾਲ ਸਹਿਮਤ ਨਹੀਂ ਹੋਣਗੇ। ਕੁਝ ਦੇਣ ਲਈ ਪਹਿਲਾਂ ਕੁਝ ਪ੍ਰਾਪਤ ਕਰਨਾ ਪਵੇਗਾ ਅਤੇ ਕੁਝ ਪ੍ਰਾਪਤ ਕਰਨ ਲਈ ਸੁਆਰਥੀ ਹੋਣਾ ਪਵੇਗਾ, ਸੋ ਪਰਉਪਕਾਰ, ਉਸਾਰੂ ਸੁਆਰਥ ਤੋਂ ਮਗਰੋਂ ਹੀ ਸੰਭਵ ਹੁੰਦਾ ਹੈ। ਕਿਸੇ ਹੋਰ ਦੇ ਸੁਆਰਥੀ ਯਤਨਾਂ ਨਾਲ ਇਕੱਠੀ ਕੀਤੀ ਸਮੱਗਰੀ ਦੇ ਆਧਾਰ ਉੱਤੇ ਪਰਉਪਕਾਰੀ ਹੋਣਾ ਪਰਉਪਕਾਰ ਨਹੀਂ, ਉਸ ਨੂੰ ਲੁੱਟਣਾ ਅਤੇ ਆਪਣੇ-ਆਪ ਨੂੰ ਧੋਖਾ ਦੇਣਾ ਹੁੰਦਾ ਹੈ।

ਸਾਧ-ਸੰਤ-ਮਹੰਤ ਆਪਣੇ ਪਰਉਪਕਾਰ ਨੂੰ ਆਮ ਕਰਕੇ ਦੂਜਿਆਂ ਦੀ ਕਮਾਈ ਉੱਤੇ ਉਸਾਰਦੇ ਹਨ।

ਸੁਆਰਥ ਦੇ ਅਰਥ ਵੀ ਸਪਸ਼ਟ ਕਰਨ ਦੀ ਲੋੜ ਹੈ। ਸੁਆਰਥ ਲਾਲਚ ਨਾਲੋਂ ਵੱਖਰਾ ਵਰਤਾਰਾ ਹੈ। ਸਾਡਾ ਸਾਰਾ ਗਿਆਨ-ਧਿਆਨ ਆਪਣੇ ਮਨ ਨਾਲ ਨਿਰਧਾਰਿਤ ਕੀਤੀ ਮੰਜ਼ਿਲ ਵਲ ਵਧਣ ਅਤੇ ਆਪਣੇ ਉਦੇਸ਼ ਵਿਚ ਸਫ਼ਲ ਹੋਣ ਵਿਚ ਲਗਦਾ ਹੈ।

ਆਪਣੇ ਹਿੱਤਾਂ ਪ੍ਰਤੀ ਸੁਚੇਤ ਹੋਣਾ ਸੁਆਰਥ ਹੈ। ਸੁਆਰਥ ਇਕ ਉਸਾਰੂ ਬਿਰਤੀ ਹੈ ਜਦੋਂ ਕਿ ਲਾਲਚ ਵਿਚ ਮੰਦ-ਭਾਵਨਾ ਹੁੰਦੀ ਹੈ।

ਗਿਆਨ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਸੁਆਰਥੀ ਹੋਣਾ ਪਵੇਗਾ, ਘਾਟੇ ਤੋਂ ਬਚਣ ਲਈ ਦੁਕਾਨਦਾਰ ਨੂੰ ਸੁਆਰਥੀ ਬਣਨਾ ਪੈਂਦਾ ਹੈ, ਗੁਜ਼ਾਰਾ ਕਰਨ ਲਈ ਕਿਸਾਨ ਨੂੰ ਸੁਆਰਥ-ਹਿਤ ਆਪਣੇ ਖੇਤਾਂ ਵਿਚੋਂ ਪੰਛੀ ਉਡਾਉਣੇ ਪੈਣਗੇ।

ਸੁਆਰਥ, ਤਿਆਗ ਦਾ ਪੁੱਠਾ ਪਾਸਾ ਨਹੀਂ, ਸਗੋਂ ਤਿਆਗ ਦੀ ਭਾਵਨਾ, ਸੁਆਰਥ ਦੀ ਪੂਰਤੀ ਉਪਰੰਤ ਹੀ ਸੰਭਵ ਹੁੰਦੀ ਹੈ।

ਆਪਣੀ ਲੋੜ ਜੋਗਾ ਰੱਖ ਕੇ, ਬਾਕੀ ਦਾ ਤਿਆਗ ਕਰਨਾ, ਪਰਉਪਕਾਰ ਹੈ ਪਰ ਪਰਉਪਕਾਰ ਤਾਂ ਹੀ ਸੰਭਵ ਹੁੰਦਾ ਹੈ ਜੇ ਕਿਸੇ ਦੂਜੇ ਨੂੰ ਤੁਹਾਡੇ ਵਲੋਂ ਤਿਆਗੀ ਜਾਣ ਵਾਲੀ ਵਸਤੂ ਦੀ ਲੋੜ ਹੋਵੇ। ਜੇ ਤੁਹਾਡਾ ਤਿਆਗ ਕਿਸੇ ਦੀ ਲੋੜ ਪੂਰੀ ਨਹੀਂ ਕਰਦਾ ਤਾਂ ਤੁਹਾਡੇ ਤਿਆਗ ਦੇ ਕੋਈ ਅਰਥ ਨਹੀਂ ਹੋਣਗੇ।

ਸੁਆਰਥ ਦੇ ਸੰਕਲਪ ਨੂੰ ਉਦੇਸ਼-ਪੂਰਤੀ ਦੇ ਅਰਥਾਂ ਵਿਚ ਸਮਝਣ ਦੀ ਲੋੜ ਹੈ।

ਜਦੋਂ ਕੋਈ ਮਨੁੱਖ ਕਿਸੇ ਪ੍ਰਕਾਰ ਦਾ ਪਰਉਪਕਾਰ ਕਰ ਰਿਹਾ ਹੁੰਦਾ ਹੈ ਤਾਂ ਵੀ ਉਹ ਕਿਸੇ ਸੁਆਰਥ ਜਾਂ ਉਦੇਸ਼ ਦੀ ਪੂਰਤੀ ਕਰ ਰਿਹਾ ਹੁੰਦਾ ਹੈ।

ਜਿਹੜਾ ਵਿਅਕਤੀ ਕਿਸੇ ਉਦੇਸ਼ ਲਈ ਆਪਣੀ ਜਾਨ ਨੂੰ ਕੁਰਬਾਨ ਕਰਦਾ ਹੈ, ਉਹ ਵੀ ਪੂਰਨਭਾਂਤ ਨਿਰਸੁਆਰਥ ਨਹੀਂ ਹੁੰਦਾ।

ਮਨੁੱਖੀ ਇਤਿਹਾਸ ਵਿਚ ਕਈ ਅਜਿਹੀਆਂ ਸੁੰਦਰ ਅਤੇ ਮਾਣ ਕਰਨ ਯੋਗ ਉਦਾਹਰਣਾਂ ਮਿਲਦੀਆਂ ਹਨ, ਜਦੋਂ ਬਿਨਾਂ ਕਿਸੇ ਸੁਆਰਥ ਦੇ ਮਹਾਨ ਕੁਰਬਾਨੀਆਂ ਕੀਤੀਆਂ ਗਈਆਂ ਸਨ ਪਰ ਬਹੁਤੀਆਂ ਹਾਲਤਾਂ ਵਿਚ ਇਹ ਹਾਦਸੇ ਸਨ ਅਤੇ ਅਜਿਹੀਆਂ ਨਿਰਸੁਆਰਥ ਕੁਰਬਾਨੀਆਂ ਦੀਆਂ ਉਦਾਹਰਣਾਂ ਕੇਵਲ ਮਨੁੱਖੀ ਨਸਲ ਵਿਚ ਹੀ ਨਹੀਂ, ਸਗੋਂ ਜੀਵ-ਜੰਤੂਆਂ ਦੀਆਂ ਅਨੇਕਾਂ ਨਸਲਾਂ ਵਿਚ ਵੀ, ਵੱਡੀ ਗਿਣਤੀ ਵਿਚ ਮਿਲਦੀਆਂ ਹਨ।

ਸ਼ਹੀਦ ਵੀ ਕਿਸੇ ਉਦੇਸ਼ ਨੂੰ ਮਿੱਥ ਕੇ ਸ਼ਹੀਦ ਹੁੰਦਾ ਹੈ, ਸੋ ਸ਼ਹੀਦ ਦੇ ਸੁਆਰਥ ਨੂੰ ਅਸੀਂ ਸੁਆਰਥ ਨਹੀਂ, ਉਦੇਸ਼ ਕਹਿੰਦੇ ਹਾਂ।

ਸ਼ਹੀਦ ਦਾ ਉਦੇਸ਼ ਉੱਚਾ ਹੁੰਦਾ ਹੈ ਅਤੇ ਜਦੋਂ ਉਹ ਇਸ ਦੀ ਪੂਰਤੀ ਲਈ ਆਪਣੀ ਜਾਨ ਤਕ ਵਾਰਨ ਦੀ ਉੱਚਤਮ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦਾ ਹੈ ਤਾਂ ਅਸੀਂ ਉਸ ਦੇ ਸੁਆਰਥ ਨੂੰ ਭੁੱਲ ਜਾਂਦੇ ਹਾਂ ਅਤੇ ਉਸ ਦੀ ਮਰਨ ਦੀ ਦਲੇਰੀ ਨੂੰ ਵਡਿਆਉਂਦੇ ਹਾਂ।

ਸ਼ਹੀਦ ਹੋਣ ਵਾਲਾ ਵਿਅਕਤੀ ਸ਼ਹੀਦ ਹੋਣ ਤੋਂ ਪਹਿਲਾਂ, ਪ੍ਰਸਿੱਧ ਹੋਣ ਦੇ ਸੁਆਰਥ ਜਾਂ ਆਪਣੇ ਉਦੇਸ਼ ਨੂੰ ਇਸ ਪੱਧਰ ਤੱਕ ਉੱਚਾ ਲੈ ਜਾਂਦਾ ਹੈ ਕਿ ਉਸ ਲਈ ਮਰਨਾ ਲਾਹੇਵੰਦਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਸੁਕਰਾਤ ਅਤੇ ਮਨਸੂਰ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ।

ਸ਼ਹੀਦ ਆਪਣੇ ਉਦੇਸ਼ ਨਾਲ, ਆਪਣੀ ਜਾਨ ਦਾ ਵਟਾਂਦਰਾ ਕਰਦਾ ਹੈ।

ਇਹ ਪੜ੍ਹਨਾ ਭਾਵੇਂ ਚੰਗਾ ਨਾ ਲਗੇ ਪਰ ਸੱਚ ਇਹ ਹੈ ਕਿ ਸ਼ਹੀਦ ਕੋਲ ਜੀਵਨ ਜਿਊਣ ਦਾ ਕੋਈ ਨਿਸ਼ਾਨਾ ਨਹੀਂ ਹੁੰਦਾ, ਸੋ ਉਹ ਕੋਈ ਅਜਿਹਾ ਨਿਸ਼ਾਨਾ ਲੱਭਦਾ ਹੈ, ਜਿਸ ਲਈ ਮਰਿਆ ਜਾ ਸਕੇ।

ਇਵੇਂ ਹੀ ਪਹਾੜਾਂ ਦੀਆਂ ਚੋਟੀਆਂ ਨੂੰ ਸਰ ਕਰਨ ਵਾਲੇ ਜਾਂ ਸਾਗਰਾਂ ਨੂੰ ਤੈਰ ਕੇ ਪਾਰ ਕਰਨ ਵਾਲੇ ਜਾਂ ਖਤਰਿਆਂ ਵਾਲੇ ਕੰਮ ਕਰਨ ਵਾਲੇ, ਵਧੇਰੇ ਤੋਂ ਵਧੇਰੇ ਲੋਕਾਂ ਦਾ ਧਿਆਨ ਖਿੱਚਣ ਲਈ ਆਪਣੀ ਜਾਨ ਨੂੰ ਖਤਰੇ ਵਿਚ ਪਾਉਂਦੇ ਹਨ।

ਅਸੀਂ ਹੀਰ-ਰਾਂਝੇ ਜਾਂ ਸੱਸੀ-ਪੁਨੂੰ ਜਾਂ ਮਿਰਜ਼ਾ-ਸਾਹਿਬਾਂ ਦੇ ਕਿੱਸੇ ਮਾਣਦੇ ਹਾਂ ਅਤੇ ਆਸ਼ਿਕਾਂ ਦੀ ਪ੍ਰਸ਼ੰਸਾ ਕਰਦੇ ਹਾਂ ਪਰ ਜੇ ਧਿਆਨ ਨਾਲ ਵੇਖਿਆ-ਪੁਛਿਆ ਜਾਵੇ ਤਾਂ ਅਸੀਂ ਨਹੀਂ ਦੱਸ ਸਕਾਂਗੇ ਕਿ ਅਸੀਂ ਕੀ ਮਾਣਦੇ ਹਾਂ?

ਵਾਰਿਸ ਸ਼ਾਹ ਵਾਸਤਵ ਵਿਚ ਸੁਆਰਥ ਵਸ ਹੀ, ਪਰੰਤੂ ਪਰਉਪਕਾਰ ਦੀ ਭਾਵਨਾ ਨਾਲ, ਭਾਗਭਰੀ ਨਾਲ ਆਪਣੇ ਪਿਆਰ ਦੀ ਅਸਫਲਤਾ ਦੀ ਪੀੜ ਨੂੰ, ਹੀਰ-ਰਾਂਝੇ ਦੇ ਦੁਖਾਂਤ ਰਾਹੀਂ ਸਹਿਣਯੋਗ ਬਣਾਉਂਦਾ ਹੈ।

ਜੇ ਕਾਨੂੰਨ ਰਾਹੀਂ ਪੁਸਤਕਾਂ ਉਤੇ ਲੇਖਕਾਂ ਦਾ ਨਾਂ ਛਾਪਣ ਦੀ ਪਾਬੰਦੀ ਲਗ ਜਾਵੇ ਤਾਂ ਸਾਹਿਤ ਦੀ ਸੇਵਾ ਦਾ ਸੰਕਲਪ ਲੋਪ ਹੋ ਜਾਵੇਗਾ।

ਪ੍ਰਸ਼ੰਸਾ, ਪ੍ਰਸਿੱਧੀ, ਮਾਣ, ਸਤਿਕਾਰ, ਇਨਾਮ, ਸਨਮਾਨ ਆਦਿ ਸੁਆਰਥ ਦੇ ਹੀ ਵੱਖ-ਵੱਖ ਸਨਮਾਨਿਤ ਰੂਪ ਹਨ।

ਕਿਸੇ ਇਕ ਸੰਤ ਸਾਹਮਣੇ ਕਿਸੇ ਹੋਰ ਸੰਤ ਦੀ, ਕਿਸੇ ਇਕ ਕਲਾਕਾਰ ਸਾਹਮਣੇ ਕਿਸੇ ਦੂਜੇ ਕਲਾਕਾਰ ਦੀ, ਪ੍ਰਸ਼ੰਸਾ ਕਰ ਵੇਖੋ ਤਾਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਇਹ ਲੋਕ ਕਿਤਨੇ ਕੁ ਵਿਸ਼ਾਲ ਹਿਰਦੇ ਦੇ ਮਾਲਕ ਹੁੰਦੇ ਹਨ, ਜਦੋਂ ਕਿ ਪਰਉਪਕਾਰ ਦੀਆਂ ਸਭ ਤੋਂ ਵੱਧ ਗੱਲਾਂ ਇਹੀ ਲੋਕ ਕਰਦੇ ਹਨ।

ਆਮ ਸਾਧਾਰਣ ਲੋਕ ਨਿੱਕੇ-ਨਿੱਕੇ ਸੁਆਰਥਾਂ ਵਿਚ ਗੁਸੇ ਹੋਏ ਹੁੰਦੇ ਹਨ, ਸੋ ਇਹ ਵੀ ਉਨ੍ਹਾਂ ਦਾ ਸੁਆਰਥ ਹੁੰਦਾ ਹੈ ਕਿ ਵੱਡੇ ਲੋਕਾਂ ਦੀਆਂ ਅਤੇ ਆਪਣੇ ਅਮੀਰ ਰਿਸ਼ਤੇਦਾਰਾਂ ਦੀਆਂ ਗੱਲਾਂ ਕਰ ਕੇ, ਉਹ ਆਪ ਵੱਡੇ ਹੋਣ ਦਾ ਭਰਮ ਪਾਲਣ।

ਕਿਸੇ ਅੱਗ ਲੱਗੀ ਇਮਾਰਤ ਵਿਚੋਂ, ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ, ਆਪਣੇ ਜਾਂ ਕਿਸੇ ਦੇ ਬੱਚੇ ਨੂੰ, ਆਪਣੇ ਮਿੱਤਰ ਜਾਂ ਕਿਸੇ ਅਜਨਬੀ ਨੂੰ, ਕੱਢ ਲਿਆਉਣਾ ਬੜੀ ਬਹਾਦਰੀ ਜਾਂ ਪਰਉਪਕਾਰ ਵਾਲਾ ਕਾਰਜ ਪ੍ਰਤੀਤ ਹੋਵੇਗਾ। ਇਹ ਸੋਚਣ ਵਾਲੀ ਗੱਲ ਹੈ ਕਿ ਇਹ ਕਾਰਜ ਸਾਰੇ ਕਿਉਂ ਨਹੀਂ ਕਰਦੇ? ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਸਾਡੇ ਬੱਚੇ ਸਾਡੇ ਤੋਂ ਵੱਖਰੇ ਨਹੀਂ ਹੁੰਦੇ। ਅਸੀਂ ਆਪ ਆਪਣੇ ਬੱਚਿਆਂ ਵਿਚ ਹਾਜ਼ਰ ਹੁੰਦੇ ਹਾਂ ਅਤੇ ਅਸੀਂ ਅਗਲੇਰੀ ਸੰਤਾਨ ਰਾਹੀਂ, ਆਪਣੇ-ਆਪ ਨੂੰ ਵਧੇਰੇ ਚਿਰ ਜਿਉਂਦਿਆਂ ਰੱਖਦੇ ਹਾਂ, ਸੋ ਅਸੀਂ ਆਪਣੇ ਬੱਚੇ ਨੂੰ ਨਹੀਂ, ਆਪਣੇ-ਆਪ ਨੂੰ ਬਚਾ ਰਹੇ ਹੁੰਦੇ ਹਾਂ।

ਇਵੇਂ ਹੀ ਪਹਿਲਾਂ ਮਨੁੱਖ ਕਬੀਲਿਆਂ ਵਿਚ ਰਹਿੰਦੇ ਸਨ। ਹਰ ਵਿਅਕਤੀ ਹਰ ਕਿਸੇ ਨੂੰ ਜਾਣਦਾ ਸੀ, ਇਹ ਕਬੀਲੇ ਹੀ ਕੌਮਾਂ ਬਣ ਗਏ ਹਨ।

ਸੋ ਜਦੋਂ ਅਸੀਂ ਆਪਣੇ ਮਿੱਤਰ ਜਾਂ ਕਿਸੇ ਅਜਨਬੀ ਨੂੰ ਖਤਰੇ ਵਿਚੋਂ ਬਾਹਰ ਕੱਢ ਲਿਆਉਂਦੇ ਹਾਂ ਤਾਂ ਵਾਸਤਵ ਵਿਚ ਅਸੀਂ ਕਬੀਲੇ ਦੀ ਰਾਖੀ ਕਰਨ ਦੀ ਭਾਵਨਾ ਅਧੀਨ, ਆਪਣੇ-ਆਪ ਨੂੰ ਹੀ ਸੁਰੱਖਿਅਤ ਕਰ ਰਹੇ ਹੁੰਦੇ ਹਾਂ।

ਅਸੀਂ ਕਿਸੇ ਡੁਬਦੇ ਬੱਚੇ ਨੂੰ ਇਸ ਲਈ ਬਚਾਉਂਦੇ ਹਾਂ ਤਾਂ ਕਿ ਜਦੋਂ ਕਦੇ ਸਾਡੇ ਬੱਚਿਆਂ ਨਾਲ ਅਜਿਹਾ ਦੁਖਾਂਤ ਵਾਪਰੇ ਤਾਂ ਕੋਈ ਉਨ੍ਹਾਂ ਨੂੰ ਵੀ ਬਚਾ ਲਵੇ।

ਮੰਗਤੇ ਨੂੰ ਵੀ ਦਾਨ ਇਸ ਭਾਵਨਾ ਅਧੀਨ ਦਿੱਤਾ ਜਾਂਦਾ ਹੈ ਕਿ ਜੇ ਮੇਰੀ ਅਜਿਹੀ ਹਾਲਤ ਹੋ ਜਾਵੇ ਤਾਂ ਮੈਨੂੰ ਵੀ ਦਾਨ ਮਿਲਦਾ ਰਹੇ। ਕਿਸੇ ਵੀ ਬੀਮਾਰ ਦਾ ਹਾਲ-ਚਾਲ ਪੁੱਛਣਾ ਵੀ ਇਸੇ ਪ੍ਰਕਾਰ ਦਾ ਵਰਤਾਰਾ ਹੁੰਦਾ ਹੈ। ਅਸੀਂ ਸੋਚਦੇ ਹਾਂ ਕਿ ਜੇ ਕਦੀ ਅਸੀਂ ਬੀਮਾਰ ਪੈ ਜਾਈਏ ਤਾਂ ਸਾਡਾ ਵੀ ਹਾਲ ਪੁੱਛਿਆ ਜਾਵੇ।

ਅਸੀਂ ਸਮਾਜ ਵਿਚ ਅਨੇਕਾਂ ਕੰਮ ਪਰਉਪਕਾਰ ਜਾਂ ਸਨੇਹ ਦੀ ਭਾਵਨਾ ਅਧੀਨ ਨਹੀਂ ਸਗੋਂ ਰਿਸ਼ਤੇਦਾਰੀ ਦੀ ਮਜਬੂਰੀ ਅਧੀਨ ਕਰਦੇ ਹਾਂ।

ਅਜਿਹਾ ਕਾਰਜ ਕਰਨ ਦੀ ਸਾਡੀ ਕੋਈ ਸੁਤੰਤਰ ਰੁਚੀ ਨਹੀਂ ਹੁੰਦੀ।

ਕਿਸੇ ਦੀ ਅਰਥੀ ਨਾਲ ਜਾਂ ਕਿਸੇ ਦੇ ਭੋਗ ਉਤੇ ਵੀ, ਬਹੁਤੀਆਂ ਹਾਲਤਾਂ ਵਿਚ, ਅਸੀਂ ਮਜਬੂਰੀ ਅਧੀਨ ਜਾਂ ਵਾਰੀ ਲਾਹੁਣ ਜਾਂ ਵਾਰੀ ਚੜ੍ਹਾਉਣ ਲਈ ਜਾਂਦੇ ਹਾਂ।

ਸ਼ਗਨ ਦੇਣ ਪਿਛੇ ਵੀ ਭਾਵਨਾ ਇਹੀ ਹੁੰਦੀ ਹੈ।

ਪਤੀ-ਪਤਨੀ ਦਾ ਰਿਸ਼ਤਾ ਵੀ ਇਸੇ ਆਧਾਰ ਉੱਤੇ ਉਸਰਿਆ ਹੁੰਦਾ ਹੈ।

ਪਤੀ, ਪਤਨੀ ਨੂੰ ਮਾਇਕ ਸੁਰੱਖਿਆ ਦਿੰਦਾ ਹੈ, ਉਸ ਦੇ ਸਰੀਰ ਦਾ ਸਾਥ ਮਾਣਨ ਲਈ। ਪਤਨੀ, ਪਤੀ ਨੂੰ ਸਰੀਰਕ ਸਾਥ ਦਿੰਦੀ ਹੈ, ਸੁਰੱਖਿਆ ਮਾਣਨ ਲਈ।

ਰਿਸ਼ਤੇ ਸਮੇਂ, ਪ੍ਰਸ਼ੰਸਾ ਪ੍ਰਾਪਤੀ ਦੇ ਸੁਆਰਥ ਅਧੀਨ, ਕਈ ਲੋਕ ਫੜ੍ਹ ਮਾਰਦੇ ਹਨ ਕਿ ਅਸੀਂ ਆਪਣੀ ਨੂੰਹ ਨੂੰ ਧੀ ਬਣਾ ਕੇ ਰੱਖਾਂਗੇ।

ਮੇਰੀ ਉਨ੍ਹਾਂ ਨੂੰ ਬੇਨਤੀ ਹੈ ਕਿ ਜੇ ਉਹ ਨੂੰਹ ਨੂੰ ਨੂੰਹ ਵਾਲਾ ਸਤਿਕਾਰ ਹੀ ਦਿੰਦੇ ਰਹਿਣ ਤਾਂ ਵੀ ਉਨ੍ਹਾਂ ਦੀ ਮਿਹਰਬਾਨੀ ਹੋਵੇਗੀ।

ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਉਪਰੰਤ ਮਨੁੱਖ ਪ੍ਰਸ਼ੰਸਾ ਪ੍ਰਾਪਤੀ ਦੇ ਲੰਮੇ ਸਫ਼ਰ 'ਤੇ ਨਿਕਲਦਾ ਹੈ। ਉਹ ਮਿਹਨਤ ਕਰਦਾ ਹੈ ਪਰ ਮਿਹਨਤ ਦਾ ਫਲ ਨਾਲੋ-ਨਾਲ ਲੈਣ ਦੇ ਬਾਵਜੂਦ, ਉਹ ਪ੍ਰਸ਼ੰਸਾ ਦਾ ਮੋਹ ਨਹੀਂ ਤਿਆਗਦਾ। ਇਹ ਇਕ ਅਜਿਹਾ ਸੁਆਰਥ ਹੈ, ਜਿਸ ਦੀ ਕੋਈ ਸੀਮਾ ਨਹੀਂ।

ਪੂਜਾ-ਪਾਠ ਵੀ ਸੁਆਰਥ ਤੋਂ ਮੁਕਤ ਨਹੀਂ ਹੁੰਦਾ। ਪੂਜਾ-ਪਾਠ ਤਾਂ ਸੁਆਰਥ ਤੋਂ ਬਿਨਾਂ ਸੰਭਵ ਹੀ ਨਹੀਂ, ਕਿਉਂਕਿ ਪੂਜਾ-ਪਾਠ ਤੋਂ ਝੱਟ ਮਗਰੋਂ ਅਸੀਂ ਦੇਵੀ-ਦੇਵਤੇ ਅੱਗੇ ਆਪਣੀਆਂ ਮੰਗਾਂ ਦੀ ਸੂਚੀ ਪੜ੍ਹਨ ਲੱਗ ਪੈਂਦੇ ਹਾਂ।

ਕਈ ਮੁਕਤੀ ਪ੍ਰਾਪਤੀ ਲਈ, ਸਵਰਗ ਜਾਣ ਲਈ ਜਾਂ ਇਸ ਨਾਸ਼ਮਾਨ ਸੰਸਾਰ ਤੋਂ ਚਲੇ ਜਾਣ ਉਪਰੰਤ, ਯਾਦ ਰੱਖੇ ਜਾਣ ਲਈ, ਸਾਰਾ ਜੀਵਨ ਦਾਅ 'ਤੇ ਲਾ ਦਿੰਦੇ ਹਨ।

ਸੱਚ ਤਾਂ ਇਹ ਹੈ ਕਿ ਮਹਾਨ ਉਹ ਹੈ, ਜਿਸ ਦੇ ਦੂਰੋਂ ਦਰਸ਼ਨ ਕੀਤੇ ਜਾਂਦੇ ਹਨ।

ਨੇੜੇ ਜਾਣ ਉਤੇ ਹਰ ਅਜੋਕਾ ਮਹਾਂ-ਪੁਰਸ਼, ਨਿਰਾਸ਼ ਕਰਦਾ ਹੈ।

ਅਜੋਕੇ ਮਹਾਂ-ਪੁਰਸ਼ਾਂ ਦੀ ਲਾਲਸਾ, ਸੁਆਰਥ ਅਤੇ ਈਰਖਾ ਵੇਖ ਕੇ ਸਾਧਾਰਣ ਵਿਅਕਤੀ ਦੰਗ ਹੀ ਨਹੀਂ ਰਹਿ ਜਾਂਦਾ, ਪ੍ਰੇਸ਼ਾਨ ਵੀ ਹੋ ਜਾਂਦਾ ਹੈ।

ਪਿਆਰ ਦੇ ਅਨੁਭਵ ਵਿਚ ਸਾਨੂੰ ਭੁਲੇਖਾ ਹੁੰਦਾ ਹੈ ਕਿ ਅਸੀਂ ਕਿਸੇ ਨੂੰ ਪਿਆਰ ਕਰਦੇ ਹਾਂ। ਵਾਸਤਵ ਵਿਚ ਅਸੀਂ ਆਪਣੇ-ਆਪ ਨੂੰ ਹੀ ਪਿਆਰ ਕਰਦੇ ਹਾਂ।

ਅਸੀਂ ਆਪਣੇ-ਆਪ ਨੂੰ ਹੀ ਪਛਾਣਦੇ ਹਾਂ, ਨਿਹਾਰਦੇ ਹਾਂ, ਮਾਣਦੇ ਹਾਂ।

ਕਾਮ-ਸੰਭੋਗ ਵਿਚ ਸਾਨੂੰ ਦੂਜੀ ਧਿਰ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ, ਸਭ ਕੁਝ ਸਾਡੇ ਅੰਦਰ ਹੀ ਵਾਪਰਦਾ ਹੈ। ਦੂਜੀ ਧਿਰ ਸ਼ੀਸ਼ੇ ਦਾ ਰੋਲ ਨਿਭਾਉਂਦੀ ਹੈ, ਉਸ ਵਿਚੋਂ ਅਸੀਂ ਆਪਣੇ-ਆਪ ਨੂੰ ਪਛਾਣਦੇ ਹਾਂ।

ਪ੍ਰੇਮੀਆਂ ਵਿਚ ਈਰਖਾ ਜਾਂ ਸੁਆਰਥ ਜਾਂ ਸਾੜੇ ਦੀ ਭਾਵਨਾ ਦਾ ਉਲੇਖ ਕਰਨ ਦੀ ਲੋੜ ਨਹੀਂ। ਸੁਆਰਥ ਦੇ ਇਸੇ ਆਧਾਰ ਉੱਤੇ ਅਸੀਂ ਆਪਣੇ ਧਰਮ, ਦੇਸ਼ ਜਾਂ ਬੋਲੀ ਨੂੰ ਪਿਆਰ ਕਰਦੇ ਹਾਂ। ਇਹ ਸਾਡੀ ਹੋਂਦ ਅਤੇ ਪਛਾਣ ਦੇ ਆਧਾਰ ਹੁੰਦੇ ਹਨ। ਇਨ੍ਹਾਂ ਲਈ ਅਸੀਂ ਤਾਂ ਹੀ ਲੜਦੇ ਹਾਂ, ਕਿਉਂਕਿ ਇਨ੍ਹਾਂ ਦੇ ਖੋਹੇ ਜਾਣ ਉੱਤੇ ਸਾਡੀ ਪਛਾਣ ਮੁੱਕ ਜਾਵੇਗੀ।

ਜੰਗ ਵਿਚ, ਫੌਜੀ, ਬਹਾਦਰੀ ਅਧੀਨ ਦੁਸ਼ਮਣ ਨੂੰ ਨਹੀਂ ਮਾਰਦਾ, ਸਗੋਂ ਆਪ ਮਾਰੇ ਜਾਣ ਦੇ ਡਰ ਅਧੀਨ, ਦੁਸ਼ਮਣ ਨੂੰ ਮਾਰਦਾ ਹੈ।

ਸੱਪ ਨੂੰ ਵੇਖ ਕੇ ਅਸੀਂ ਆਪਣੀ ਜਾਨ ਨੂੰ ਬਣਿਆ ਖਤਰਾ ਟਾਲਣ ਲਈ, ਇਕ-ਦੂਜੇ ਦਾ, ਸੱਪ ਨੂੰ ਮਾਰਨ ਲਈ ਸਾਥ ਦਿੰਦੇ ਹਾਂ।

ਇਹ ਸਾਥ ਦੂਜੇ ਸਾਥਾਂ ਵਾਂਗ ਹੀ ਸੁਆਰਥ ਅਧੀਨ ਹੁੰਦਾ ਹੈ।

ਜਦੋਂ ਦੋ ਵਿਅਕਤੀ ਇਕੱਠੇ ਜਾ ਰਹੇ ਹੋਣ ਤਾਂ ਅਚੇਤ ਹੀ, ਅਣਬੋਲੇ ਸਮਝੌਤੇ ਅਧੀਨ, ਇਕ ਵਿਅਕਤੀ ਦੂਜੇ ਦਾ ਅੰਗ-ਰੱਖਿਅਕ ਬਣ ਜਾਂਦਾ ਹੈ।

ਕਈ ਵਾਰੀ ਆਪਣੇ ਪਾਲਤੂ ਜਾਨਵਰ ਨੂੰ ਬਚਾਉਣ ਵਾਸਤੇ ਵੀ ਆਪਣੀ ਜਾਨ ਨੂੰ ਖਤਰੇ ਵਿਚ ਪਾਇਆ ਜਾਂਦਾ ਹੈ।

ਅਜਿਹਾ ਅਸੀਂ ਤਾਂ ਕਰਦੇ ਹਾਂ, ਕਿਉਂਕਿ ਉਹ ਜਾਨਵਰ, ਉਦਾਹਰਣ ਵਜੋਂ ਕੁੱਤਾ, ਗਊ, ਮੱਝ ਜਾਂ ਘੋੜਾ ਆਦਿ ਸਾਡੇ ਬੱਚੇ ਜਾਂ ਧੀ ਜਾਂ ਮਾਂ ਜਾਂ ਭਰਾ ਦਾ ਬਦਲ ਹੁੰਦਾ ਹੈ, ਉਸ ਨਾਲ ਸਾਡਾ ਸਬੰਧ ਪਰਸਪਰ ਪਿਆਰ ਵਾਲਾ ਹੁੰਦਾ ਹੈ।

ਕਿਸੇ ਹੋਰ ਦੇ ਜਾਨਵਰ ਨੂੰ ਬਚਾਉਣ ਦਾ ਖਤਰਾ ਅਸੀਂ ਮੁੱਲ ਨਹੀਂ ਲੈਂਦੇ।

ਨਿਰਾਸ਼, ਉਦਾਸ ਅਤੇ ਵਿਧਵਾ ਇਸਤਰੀ, ਪੂਜਾ-ਪਾਠ ਇਸ ਲਈ ਵਧੇਰੇ ਕਰਦੀ ਹੈ, ਕਿਉਂਕਿ ਉਹ ਕਦੇ ਨਾ ਵਿਛੜਨ ਵਾਲੇ ਪ੍ਰਮਾਤਮਾ ਨੂੰ, ਆਪਣਾ ਪਤੀ ਸਮਝ ਕੇ, ਆਪਣੇ ਸੁਹਾਗਣ ਹੋਣ ਦਾ ਭਰਮ ਪਾਲਦੀ ਹੈ।

ਨਿਰਸੰਤਾਨ ਇਸਤਰੀ ਆਪਣੀ ਅਸਫ਼ਲਤਾ ਨੂੰ ਛੁਪਾਉਣ ਲਈ, ਇਕ ਸਕੂਲ ਖੋਲ੍ਹ ਕੇ, ਅਨੇਕਾਂ ਬੱਚਿਆਂ ਦੀ ਮਾਂ ਬਣ ਜਾਂਦੀ ਹੈ।

ਕਈ ਲੋਕ ਧਰਮਸਾਲਾ ਜਾਂ ਹਸਪਤਾਲ ਜਾਂ ਸਕੂਲ-ਕਾਲਜ ਆਦਿ ਖੋਲ੍ਹ ਕੇ ਆਪਣੇ ਘਰ ਜਾਂ ਪਰਿਵਾਰ ਨੂੰ ਵੱਡਾ ਕਰਨ ਦਾ ਅਹਿਸਾਸ ਪਾਲਦੇ ਹਨ।

ਆਨੰਦਮਈ ਜੀਵਨ ਲਈ ਆਦਰਸ਼ਮਈ ਭਰਮ ਬਹੁਤ ਜ਼ਰੂਰੀ ਹੁੰਦੇ ਹਨ।

ਰੱਬ, ਸਵਰਗ, ਮੁਕਤੀ, ਆਤਮਾ ਆਦਿ ਸਾਰੇ ਭਰਮ ਹਨ ਪਰ ਇਨ੍ਹਾਂ ਭਰਮਾਂ ਨੇ ਸਾਨੂੰ ਟੇਕ ਅਤੇ ਧਰਵਾਸ ਦਿੱਤੀ ਹੁੰਦੀ ਹੈ।

ਇਸ ਲੇਖ ਦਾ ਉਦੇਸ਼ ਪਰਉਪਕਾਰ ਦੇ ਮਹੱਤਵ ਨੂੰ ਨਕਾਰਨਾ ਨਹੀਂ, ਸਗੋਂ ਸੁਆਰਥ ਦੇ ਪਰਉਪਕਾਰੀ ਮਹੱਤਵ ਨੂੰ ਉਜਾਗਰ ਕਰਨਾ ਹੈ।

ਸਾਨੂੰ ਦੂਜਿਆਂ ਦੇ ਸੁਆਰਥ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸ ਸੁਆਰਥ-ਪੂਰਤੀ ਉਪਰੰਤ ਹੀ ਉਨ੍ਹਾਂ ਵਿਚ ਪਰਉਪਕਾਰ ਦੀ ਭਾਵਨਾ ਉਪਜੇਗੀ।

ਜਿਹੜੇ ਆਪਣੇ ਸੁਆਰਥ ਨੂੰ ਬਹੁਤ ਵਧਾ ਲੈਂਦੇ ਹਨ, ਉਹ ਪਰਉਪਕਾਰ ਦੇ ਅਨੇਕਾਂ ਅਵਸਰ ਗੁਆ ਦਿੰਦੇ ਹਨ।

ਪਰਉਪਕਾਰ ਕਰਨ ਲਈ ਜ਼ਰੂਰੀ ਹੈ ਕਿ ਸਮਾਜ ਵਿਚ ਅਜਿਹੇ ਅਨੇਕਾਂ ਵਿਅਕਤੀ ਹੋਣ, ਜਿਨ੍ਹਾਂ ਨੂੰ ਪਰਉਪਕਾਰ ਦੀ ਲੋੜ ਪੈਂਦੀ ਰਹੇ ਪਰ ਸਭ ਤੋਂ ਵੱਡਾ ਪਰਉਪਕਾਰ ਤਾਂ ਉਹ ਹੋਵੇਗਾ, ਜਿਸ ਉਪਰੰਤ ਕਿਸੇ ਨੂੰ, ਕਿਸੇ ਦੇ ਪਰਉਪਕਾਰ ਦੀ ਲੋੜ ਹੀ ਨਹੀਂ ਰਹੇਗੀ।

ਹੁਣ ਅਸੀਂ ਸੁਆਰਥ ਦੀ ਰੁਚੀ ਅਧੀਨ ਪਰਉਪਕਾਰ ਕਰਦੇ ਹਾਂ। ਸਾਨੂੰ ਆਪਣਾ ਵਿਹਾਰ ਇਸ ਢੰਗ ਨਾਲ ਬਦਲਣਾ ਚਾਹੀਦਾ ਹੈ ਕਿ ਪਰਉਪਕਾਰ ਕਰਨਾ ਹੀ ਸਾਡਾ ਸੁਆਰਥ ਹੋ ਨਿਬੜੇ। ਅਜਿਹੀ ਅਵਸਥਾ ਵਿਚ ਸੁਆਰਥ ਅਤੇ ਪਰਉਪਕਾਰ ਦੋਵੇਂ ਲੋਪ ਹੋ ਜਾਣਗੇ ਅਤੇ ਅਸੀਂ ਇਕ-ਦੂਜੇ ਨੂੰ ਸੁਤੰਤਰ ਵਿਅਕਤੀਆਂ ਵਜੋਂ ਬਰਾਬਰੀ ਦੇ ਆਧਾਰ 'ਤੇ ਮਿਲਾਂਗੇ।

ਅਜਿਹਾ ਸੰਸਾਰ ਸਭ ਪ੍ਰਕਾਰ ਦੀਆਂ ਈਰਖਾਵਾਂ ਤੋਂ ਉਪਰ ਉਠ ਜਾਏਗਾ ਅਤੇ ਮਜਬੂਰੀਆਂ ਤੋਂ ਮੁਕਤ ਹੋ ਜਾਵੇਗਾ। ਭਾਵੇਂ ਅਜਿਹਾ ਸੰਸਾਰ ਕਦੀ ਵੀ ਪੂਰਨਭਾਂਤ ਸੰਭਵ ਨਾ ਹੋ ਸਕੇ ਪਰ ਯਤਨ ਕਰਨ ਵਿਚ ਕੀ ਹਰਜ ਹੈ?

ਅਜਿਹਾ ਕੋਈ ਨਾ ਕੋਈ ਯਤਨ ਕਰਨ ਦੀ ਸਮਰੱਥਾ, ਸਾਡੇ ਵਿਚੋਂ ਹਰੇਕ ਵਿਚ ਹੁੰਦੀ ਹੈ, ਉਸ ਨੂੰ ਪਛਾਣਨਾ ਆਪਣੇ-ਆਪ ਉਤੇ ਪਰਉਪਕਾਰ ਹੋਵੇਗਾ।

ਜਦੋਂ ਤੱਕ ਅਸੀਂ ਆਪਣੀਆਂ ਨਜ਼ਰਾਂ ਵਿਚ ਆਪ ਉੱਚੇ ਨਹੀਂ ਉਠਦੇ, ਅਸੀਂ ਸੰਸਾਰ ਦਾ ਵੀ ਕੁਝ ਨਹੀਂ ਸੰਵਾਰ ਸਕਦੇ।

ਅਸੀਂ ਆਪ ਸੋਹਣੇ ਬਣ ਕੇ ਹੀ ਸੰਸਾਰ ਨੂੰ ਸੋਹਣਾ ਬਣਾ ਸਕਦੇ ਹਾਂ।

ਸੁਆਰਥ ਅਤੇ ਪਰਉਪਕਾਰ ਦਾ ਉਦੇਸ਼ ਵੀ ਇਹੋ ਹੁੰਦਾ ਹੈ ਕਿ ਸੰਸਾਰ ਸਾਨੂੰ ਸੋਹਣਾ ਸਮਝੇ, ਸਾਨੂੰ ਸਿਆਣਾ ਸਮਝੇ ਅਤੇ ਸਾਡੇ ਤੋਂ ਲਾਭ ਉਠਾਵੇ।

♥♥♥

ਇਕ ਕਿਨਾਰੇ ਵਾਲਾ ਦਰਿਆ

ਜਦੋਂ ਤਕ ਕੋਈ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਾ ਕਰੇ, ਉਸ ਵਲੋਂ ਕਿਸੇ ਨੂੰ ਪਿਆਰ ਕੀਤੇ ਜਾਣ ਦੀ ਸੰਭਾਵਨਾ ਉਤਪੰਨ ਨਹੀਂ ਹੁੰਦੀ।

ਪ੍ਰਕ੍ਰਿਤਕ, ਸਮਾਜਿਕ ਅਤੇ ਸਭਿਆਚਾਰਕ ਕਾਰਨਾਂ ਕਰ ਕੇ ਇਸਤਰੀ ਅਤੇ ਪੁਰਸ਼ ਵੱਖਰੇ-ਵੱਖਰੇ ਢੰਗ ਨਾਲ ਇਕੱਲੇ ਮਹਿਸੂਸ ਕਰਦੇ ਹਨ।

ਇਸੇ ਆਧਾਰ ਉਤੇ ਪਿਆਰ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ, ਪਿਆਰ ਤੋਂ ਉਮੀਦਾਂ ਅਤੇ ਪਿਆਰ ਟੁੱਟਣ ਉਤੇ ਦੁੱਖ-ਤਕਲੀਫਾਂ, ਪ੍ਰਤੀਕਰਮ, ਵਿਰਲਾਪ ਅਤੇ ਗਿਲੇ-ਸ਼ਿਕਵਿਆਂ ਦੀ ਕਿਸਮ ਵੀ ਵੱਖਰੀ ਹੁੰਦੀ ਹੈ।

ਪੁਰਸ਼ ਅਤੇ ਇਸਤਰੀ ਦੋ ਕਿਨਾਰੇ ਹਨ, ਜਿਨ੍ਹਾਂ ਦੇ ਵਿਚਕਾਰ ਜ਼ਿੰਦਗੀ ਦਾ ਦਰਿਆ ਵਗਦਾ ਹੈ। ਇਕ ਦੂਜੇ ਤੋਂ ਬਿਨਾਂ ਉਹ ਇਕ ਕਿਨਾਰੇ ਵਾਲਾ ਦਰਿਆ ਹੋ ਨਿਬੜਦੇ ਹਨ। ਅਜਿਹਾ ਦਰਿਆ ਕਿਸੇ ਦੀ ਪਿਆਸ ਬੁਝਾਉਣ ਦੀ ਸਮਰੱਥਾ ਤਾਂ ਗੁਆਉਂਦਾ ਹੀ ਹੈ, ਉਹ ਆਪ ਵੀ ਪਿਆਸਾ ਹੋ ਨਿਬੜਦਾ ਹੈ।

ਪੁਰਸ਼ ਅਤੇ ਇਸਤਰੀ ਵਿਚਕਾਰ ਦੋਸਤੀ ਸੰਭਵ ਨਹੀਂ ਹੁੰਦੀ, ਪਿਆਰ ਸੰਭਵ ਹੁੰਦਾ ਹੈ।

ਪੁਰਸ਼ ਅਤੇ ਪੁਰਸ਼ ਜਾਂ ਇਸਤਰੀ ਅਤੇ ਇਸਤਰੀ ਵਿਚਕਾਰ ਪਿਆਰ ਸੰਭਵ ਨਹੀਂ ਹੁੰਦਾ, ਦੋਸਤੀ ਸੰਭਵ ਹੁੰਦੀ ਹੈ।

ਇਕੱਲਾ ਵਿਅਕਤੀ ਦੋਸਤੀ ਬਾਰੇ ਨਹੀਂ, ਪਿਆਰ ਬਾਰੇ ਸੋਚਦਾ ਹੈ।

ਪਿਆਰ ਕਰਨਾ ਅਤੇ ਸਿਆਣੇ ਬਣੇ ਰਹਿਣਾ, ਮਨੁੱਖ ਦੀ ਹੋਣੀ ਵਿਚ ਨਹੀਂ। ਅਜੋਕੇ ਯੁਗ ਵਿਚ ਜਿਉਂ-ਜਿਉਂ ਮਨੁੱਖ ਇਕੱਲਾ ਹੁੰਦਾ ਜਾ ਰਿਹਾ ਹੈ, ਉਸ ਵਿਚ ਪਿਆਰ ਦੀ ਤਾਂਘ ਵੱਧ ਰਹੀ ਹੈ ਪਰ ਕਿਉਂਕਿ ਉਹ ਆਪਣੀ ਅਕਲ 'ਤੇ ਉਸਰੀ ਹਉਮੈ ਨੂੰ ਤਿਆਗਣ ਲਈ ਤਿਆਰ ਨਹੀਂ, ਸੋ ਉਹ ਪਿਆਰ ਦੇ ਪੱਖੋਂ ਅਸੰਤੁਸ਼ਟ ਹੁੰਦਾ ਜਾ ਰਿਹਾ ਹੈ।

ਇਕ ਵਿਅਕਤੀ ਅਤੇ ਦੂਜੇ ਵਿਅਕਤੀ ਵਿਚ ਅੰਤਰ ਬੜਾ ਘੱਟ ਹੁੰਦਾ ਹੈ ਪਰ ਜਿਹੜਾ ਵੀ ਅੰਤਰ ਹੁੰਦਾ ਹੈ ਉਹ ਬੜਾ ਮਹੱਤਵਪੂਰਨ ਅੰਤਰ ਹੁੰਦਾ ਹੈ।

ਪੁਰਸ਼ ਆਪਣਾ ਵਡੱਪਣ ਆਪਣੀ ਸੋਚ ਨਾਲ, ਇਸਤਰੀ ਆਪਣੀ ਸੁੰਦਰਤਾ ਨਾਲ ਅਤੇ ਜੀਵ-ਜੰਤੂ ਆਪਣੇ ਵਿਹਾਰ ਨਾਲ ਸਥਾਪਤ ਕਰਦੇ ਹਨ।

ਪ੍ਰੇਮੀ ਉਹ ਵਿਅਕਤੀ ਹੁੰਦਾ ਹੈ, ਜਿਸ ਬਾਰੇ ਅਸੀਂ ਮਹਿਸੂਸਦੇ ਹਾਂ, ਸੋਚਦੇ ਨਹੀਂ, ਉਸ ਨੂੰ ਅਸੀਂ ਜਾਂ ਪਿਆਰ ਕਰਦੇ ਹਾਂ ਜਾਂ ਪਿਆਰ ਮੁੱਕਣ 'ਤੇ ਈਰਖਾ ਭਰੀ ਨਫ਼ਰਤ। ਪਿਆਰ ਦੀ ਅਵਸਥਾ ਵਿਚ ਸਭ ਕੁਝ ਚੰਗਾ ਲਗਦਾ ਹੈ ਪਰ ਨਫ਼ਰਤ ਕਿਸੇ ਇਕ ਚੀਜ਼ ਜਾਂ ਕਿਸੇ ਇਕ

ਵਿਅਕਤੀ ਉਤੇ ਕੇਂਦਰਿਤ ਹੁੰਦੀ ਹੈ। ਇਸੇ ਆਧਾਰ ਉਤੇ ਪਿਆਰ ਦਾ ਜਜ਼ਬਾ, ਨਫ਼ਰਤ ਦੇ ਜਜ਼ਬੇ ਨਾਲੋਂ ਉੱਚਾ ਤੇ ਸੁੱਚਾ ਹੁੰਦਾ ਹੈ।

ਜਿਹੜੇ ਪਿਆਰ ਨੂੰ ਤਰਕ ਨਾਲ ਸਮਝਣਾ-ਸਮਝਾਉਣਾ ਚਾਹੁੰਦੇ ਹਨ, ਉਨ੍ਹਾਂ ਦੀ ਹਾਲਤ ਉਸ ਵਿਅਕਤੀ ਵਾਲੀ ਹੁੰਦੀ ਹੈ ਜਿਹੜਾ ਜੇਬਾਂ ਵਿਚ ਹੱਥ ਪਾ ਕੇ ਪੌੜੀਆਂ ਚੜ੍ਹਨ ਦਾ ਯਤਨ ਕਰੇ ਜਾਂ ਬੁੱਕਲ ਮਾਰ ਕੇ ਪਰੇਡ ਕਰਨ ਦੀ ਕੋਸ਼ਿਸ਼ ਕਰੇ ਜਾਂ ਉਬਲੇ ਅੰਡੇ ਦਾ ਆਮਲੇਟ ਬਣਾਉਣ ਦੀ ਵਿਉਂਤ ਬਣਾਵੇ।

ਸਾਨੂੰ ਮਨੁੱਖਤਾ ਪ੍ਰਤੀ ਅਨੇਕਾਂ ਗਿਲੇ-ਸ਼ਿਕਵੇ ਹੁੰਦੇ ਹਨ ਪਰ ਵਿਸ਼ੇਸ਼ ਮਨੁੱਖ ਨਾਲ ਅੰਤਾਂ ਦਾ ਪਿਆਰ ਹੁੰਦਾ ਹੈ।

ਜਿਸ ਨਾਲ ਸਾਨੂੰ ਪਿਆਰ ਹੁੰਦਾ ਹੈ, ਉਹ ਸਾਨੂੰ ਅਨੋਖਾ ਲਗਦਾ ਹੈ।

ਜਿਨ੍ਹਾਂ ਨਾਲ ਸਾਨੂੰ ਪਿਆਰ ਹੁੰਦਾ ਹੈ, ਉਨ੍ਹਾਂ ਤੋਂ ਅਸੀਂ ਡਰਦੇ ਨਹੀਂ। ਉਨ੍ਹਾਂ ਦੀਆਂ ਵਧੀਕੀਆਂ ਵੀ ਸਾਨੂੰ ਕੁਤਕੁਤਾੜੀਆਂ ਪ੍ਰਤੀਤ ਹੁੰਦੀਆਂ ਹਨ।

ਇਸਤਰੀ ਨੂੰ ਪੁਰਸ਼ ਨਾਲ ਵਧੀਕੀ ਕਰਨੀ ਹੀ ਨਹੀਂ ਆਉਂਦੀ। ਵਧੀਕੀ ਕਰਨਾ ਪੁਰਸ਼ ਦਾ ਖੇਤਰ ਹੈ। ਕਿਉਂਕਿ ਪੁਰਸ਼, ਇਸਤਰੀ ਦੇ ਵੱਖਰੇ ਸੁਭਾਅ ਨੂੰ ਸਮਝਦਾ ਨਹੀਂ, ਸੋ ਉਹ ਆਦਤ ਵਸ ਅਚੇਤ ਹੀ ਅਨੇਕਾਂ ਵਧੀਕੀਆਂ ਕਰ ਜਾਂਦਾ ਹੈ।

ਇਸਤਰੀਆਂ, ਪੁਰਸ਼ਾਂ ਨਾਲੋਂ ਸਦਾ ਹੀ, ਜੀਵਨ ਦੇ ਸਮਾਜਿਕ ਅਤੇ ਸਭਿਆਚਾਰਕ ਪੱਖਾਂ ਪ੍ਰਤੀ, ਵਧੇਰੇ ਸੁਚੇਤ ਹੁੰਦੀਆਂ ਹਨ।

ਸ਼ਰਧਾ ਅਤੇ ਸੇਵਾ ਦੇ ਪੱਖੋਂ ਪੁਰਸ਼, ਇਸਤਰੀ ਦਾ ਪਾਸਕੂ ਵੀ ਨਹੀਂ।

ਇਸਤਰੀ ਪੁਰਸ਼ ਤੋਂ ਆਪਣੇ ਇਸ ਗੁਣ ਦੀ ਪ੍ਰਸ਼ੰਸਾ ਚਾਹੁੰਦੀ ਹੈ।

ਇਹੀ ਇਕ ਗੁਣ ਹੈ ਜਿਸ ਵਿਚ ਉਹ ਪੁਰਸ਼ ਨੂੰ ਆਪਣੇ ਤੋਂ ਅੱਗੇ ਨਹੀਂ ਲੰਘਣ ਦਿੰਦੀ ਅਤੇ ਜਿਹੜਾ ਪੁਰਸ਼ ਇਸ ਗੁਣ ਵਿਚ ਉਸ ਤੋਂ ਅੱਗੇ ਲੰਘ ਜਾਵੇ, ਉਸ ਦਾ ਇਸਤਰੀ ਸਤਿਕਾਰ ਭਾਵੇਂ ਕਰੇ ਪਰ ਉਸ ਨੂੰ ਕਦੇ ਮੁਆਫ਼ ਨਹੀਂ ਕਰੇਗੀ। ਪ੍ਰਸ਼ੰਸਾ ਦੀ ਭੁੱਖ, ਮਨੁੱਖ ਤੋਂ ਬਹੁਤ ਕੁਝ ਕਰਵਾਉਂਦੀ ਹੈ। ਪਿਆਰ ਦੀ ਇੱਛਾ ਇਸੇ ਭੁੱਖ ਵਿਚੋਂ ਉਪਜਦੀ ਹੈ ਪਰ ਇਸਤਰੀ ਅਤੇ ਪੁਰਸ਼ ਵਿਚ ਇਸ ਭੁੱਖ ਦਾ ਰੰਗ ਅਤੇ ਸੁਭਾਅ ਵੱਖਰਾ-ਵੱਖਰਾ ਹੁੰਦਾ ਹੈ।

ਪ੍ਰਸ਼ੰਸਾ ਪ੍ਰਾਪਤ ਕਰ ਕੇ ਇਸਤਰੀ ਆਪਣੇ ਆਪ ਨੂੰ ਸਮਰਪਣ ਕਰ ਦਿੰਦੀ ਹੈ, ਜਦੋਂ ਕਿ ਪੁਰਸ਼, ਦੂਜਿਆਂ ਪੁਰਸ਼ਾਂ ਨਾਲ ਇਕ ਵਿੱਥ ਉਸਾਰ ਲੈਂਦਾ ਹੈ।

ਇਸਤਰੀ ਜ਼ਿੰਦਗੀ ਦੇ ਅਖਾੜੇ ਵਿਚ ਇਸ ਉਦੇਸ਼ ਅਧੀਨ ਉਤਰਦੀ ਹੈ ਤਾਂ ਕਿ ਕੋਈ ਯੋਧਾ ਉਸ ਨੂੰ ਜਿੱਤ ਲਵੇ। ਉਸ ਦਾ ਪੈਂਤੜਾ ਹਾਰਨ ਵਾਲਾ ਹੁੰਦਾ ਹੈ। ਉਸ ਦੇ ਦਾਓ-ਪੇਚ ਵੀ ਹਾਰਨ ਵਾਲੇ ਹੁੰਦੇ ਹਨ। ਉਹ ਆਪ ਹਾਰਦੀ ਹੈ ਤਾਂ ਕਿ ਪੁਰਸ਼ ਜਿੱਤ ਜਾਵੇ ਪਰ ਪੁਰਸ਼ ਨੂੰ ਜਿੱਤਣ ਦਾ ਵੀ ਸਲੀਕਾ ਨਹੀਂ ਆਉਂਦਾ।

ਇਸਤਰੀ ਦੇ ਜਜ਼ਬਿਆਂ ਦਾ ਵੇਗ ਭਾਵੇਂ ਕਿਤਨਾ ਵੀ ਸ਼ਕਤੀਸ਼ਾਲੀ ਹੋਵੇ, ਉਹ ਉਡੀਕ ਕਰਦੀ ਹੈ ਕਿ ਪਹਿਲਾ ਕਦਮ ਪੁਰਸ਼ ਹੀ ਚੁੱਕੇ। ਇਸਤਰੀ ਦੀ ਬਿਰਤੀ ਉਡੀਕ ਵਾਲੀ ਹੁੰਦੀ ਹੈ, ਜਦੋਂ ਕਿ ਪੁਰਸ਼ ਕਾਹਲੇ ਸੁਭਾਅ ਦੇ ਹੁੰਦੇ ਹਨ।

ਪੁਰਸ਼, ਯਾਤਰਾ ਦਾ ਪ੍ਰਤੀਕ ਹੈ, ਜਦੋਂ ਕਿ ਇਸਤਰੀ ਅਤੇ ਘਰ ਟਿਕਾਓ ਅਤੇ ਉਡੀਕ ਦੇ ਪ੍ਰਤੀਕ ਹਨ। ਸਮੇਂ ਦਾ ਸੰਕਲਪ ਵੀ ਕਿਧਰੇ ਪਹੁੰਚਣ ਜਾਂ ਚਲਦੇ ਰਹਿਣ ਦੇ ਸੰਦਰਭ ਵਿਚ ਹੈ। ਜੇ ਤੁਸੀਂ ਕਿਧਰੇ ਪਹੁੰਚਣਾ ਨਹੀਂ ਤਾਂ ਤੁਹਾਨੂੰ ਸਮੇਂ ਦੀ ਪ੍ਰਵਾਹ ਨਹੀਂ ਹੋਵੇਗੀ।

ਇਸਤਰੀਆਂ ਕੋਲ ਸਮੇਂ ਦਾ ਸਪਸ਼ਟ ਸੰਕਲਪ ਨਹੀਂ ਹੁੰਦਾ, ਸਮੇਂ ਦਾ ਸੰਕਲਪ ਪੁਰਸ਼ ਨੇ ਸਿਰਜਿਆ ਹੈ, ਕਿਉਂਕਿ ਪੁਰਸ਼ ਦਾ ਸੁਭਾਅ ਮੰਜ਼ਿਲ-ਮੁਖ ਹੈ।

ਇਹੀ ਕਾਰਨ ਹੈ ਕਿ ਇਸਤਰੀਆਂ ਨਾ ਕੁਝ ਵਕਤ ਸਿਰ ਆਰੰਭ ਕਰ ਸਕਦੀਆਂ ਹਨ, ਨਾ ਹੀ ਸਮੇਂ ਸਿਰ ਕੁਝ ਮੁਕਾ ਸਕਦੀਆਂ ਹਨ। ਇਹ ਔਗੁਣ ਨਹੀਂ, ਗੁਣ ਹੈ ਕਿਉਂਕਿ ਪੁਰਸ਼ ਨੇ ਆਪਣੀ ਜ਼ਿੰਦਗੀ ਘੜੀਆਂ, ਟਾਈਮ-ਟੇਬਲਾਂ ਅਤੇ ਕੈਲੰਡਰਾਂ ਵਿਚ ਕੈਦ ਕਰ ਲਈ ਹੈ। ਇਸਤਰੀ ਅਜੇ ਇਸ ਔਗੁਣ ਅਤੇ ਤਣਾਓ ਤੋਂ ਬਚੀ ਹੋਈ ਹੈ।

ਇਹੀ ਕਾਰਨ ਹੈ ਕਿ ਇਸਤਰੀ ਨੂੰ ਕੋਈ ਕਾਹਲ ਨਹੀਂ ਹੁੰਦੀ, ਕਾਹਲ ਪੁਰਸ਼ ਕਰਦੇ ਹਨ, ਕਿਉਂਕਿ ਉਨ੍ਹਾਂ ਨੇ ਕਿਧਰੇ ਪਹੁੰਚਣਾ ਹੁੰਦਾ ਹੈ, ਇਸਤਰੀ ਨੇ ਕਿਧਰੇ ਪਹੁੰਚਣਾ ਨਹੀਂ ਹੁੰਦਾ, ਉਹ ਪਹੁੰਚੀ ਹੋਈ ਹੈ। ਇਸਤਰੀ ਜਿੱਥੇ ਹੈ, ਜਿਵੇਂ ਹੈ, ਉਹ ਪ੍ਰਸੰਨ ਹੈ, ਇਸੇ ਕਰ ਕੇ ਇਸਤਰੀਆਂ ਵਿਚ ਮਹਾਨ ਬਣਨ ਜਾਂ ਪ੍ਰਸਿੱਧ ਹੋਣ ਦੀ ਤਾਂਘ ਨਹੀਂ ਹੁੰਦੀ। ਇਸਤਰੀ ਲਈ ਫ਼ਾਸਲੇ ਵੀ ਕੋਈ ਅਰਥ ਨਹੀਂ ਰੱਖਦੇ। ਉਸ ਨੂੰ ਪ੍ਰਵਾਹ ਨਹੀਂ ਕਿ ਅਮਰੀਕਾ ਵਿਚ ਕੀ ਹੋ ਰਿਹਾ ਹੈ ਜਾਂ ਇੰਗਲੈਂਡ ਦਾ ਪ੍ਰਧਾਨ ਮੰਤਰੀ ਕੌਣ ਬਣੇਗਾ, ਉਸ ਦੀ ਦਿਲਚਸਪੀ ਦਾ ਖੇਤਰ ਨੇੜੇ ਹੁੰਦਾ ਹੈ। ਉਸ ਦੀ ਦਿਲਚਸਪੀ ਇਸ ਗੱਲ ਵਿਚ ਹੁੰਦੀ ਹੈ ਕਿ ਗੁਆਂਢ ਵਿਚ ਕੱਲ੍ਹ ਵਿਆਹ ਹੈ ਜਾਂ ਦੋ ਘਰ ਛੱਡ ਕੇ ਰਹਿੰਦੀ ਕਾਂਤਾ ਦੇ ਬੱਚਾ ਹੋਣ ਵਾਲਾ ਹੈ ਜਾਂ ਉਸ ਦੀ ਸਹੇਲੀ ਕੋਮਲ ਦਾ ਆਪਣੇ ਜਮਾਤੀ ਨਾਲ ਪ੍ਰੇਮ ਕਿਵੇਂ ਚੱਲ ਰਿਹਾ ਹੈ।

ਹਰ ਇਕ ਪੁਰਸ਼ ਆਪਣੇ ਆਪ ਨੂੰ ਸਿਕੰਦਰ ਸਮਝਦਾ ਹੈ ਪਰ ਇਸਤਰੀ ਹਰ ਅਵਸਥਾ ਵਿਚ ਮਾਂ ਵਾਂਗ ਵਿਚਰਦੀ ਹੈ। ਇਸੇ ਕਰ ਕੇ ਇਸਤਰੀ ਦੇ ਸੁਭਾਅ ਵਿਚ ਟਿਕਾਓ ਹੁੰਦਾ ਹੈ, ਜਦੋਂ ਕਿ ਪੁਰਸ਼ ਦੇ ਸੁਭਾਅ ਵਿਚ ਭਟਕਣ ਹੁੰਦੀ ਹੈ। ਇਸੇ ਆਧਾਰ 'ਤੇ ਕਿਹਾ ਜਾਂਦਾ ਹੈ ਕਿ ਇਸਤਰੀ ਪਰੰਪਰਾ ਨਾਲ ਜੁੜੀ ਹੋਈ ਹੈ ਜਦੋਂ ਕਿ ਵਿਕਾਸ, ਪਰਿਵਰਤਨ, ਤਬਦੀਲੀ ਅਤੇ ਇਨਕਲਾਬ ਪੁਰਸ਼ ਦੇ ਕਾਰਜ-ਖੇਤਰ ਹਨ।

ਪੱਛਮੀ ਦੇਸ਼ਾਂ ਦਾ ਸੁਭਾਅ ਪੁਰਸ਼ ਵਾਲਾ ਹੈ, ਤੇਜ਼ ਰਫ਼ਤਾਰ ਅਤੇ ਨਿਰੰਤਰ ਚਲਦੇ ਰਹਿਣ ਵਾਲਾ ਪਰ ਪੂਰਬੀ ਦੇਸ਼ਾਂ ਦਾ ਸੁਭਾਅ, ਭਾਰਤ ਵਾਂਗ, ਇਸਤਰੀ ਵਾਲਾ ਹੈ, ਟਿਕਿਆ ਹੋਇਆ, ਸਥਿਰ, ਸੰਤੁਸ਼ਟ ਅਤੇ ਸ਼ਾਂਤ। ਜਿਨ੍ਹਾਂ ਗੁਣਾਂ ਦੀ ਭਾਰਤ ਵਿਚ ਪ੍ਰਸ਼ੰਸਾ ਹੋਈ ਹੈ ਉਹ ਹਮਦਰਦੀ, ਸੇਵਾ, ਸ਼ਰਧਾ, ਸਹਿਯੋਗ, ਅਹਿੰਸਾ, ਸਵੀਕ੍ਰਿਤੀ, ਸੰਤੁਸ਼ਟਤਾ ਆਦਿ ਇਸਤਰੀ ਦੇ ਸੁਭਾਅ ਦੇ ਪੱਖ ਹਨ। ਪੱਛਮ ਵਿਚ ਜਿਨ੍ਹਾਂ ਮੁੱਲਾਂ ਦੀ ਕਦਰ ਹੈ ਉਹ ਖ਼ਤਰੇ, ਸਾਹਸ, ਯਤਨ, ਸ਼ਕਤੀ, ਸੁਤੰਤਰਤਾ, ਬਗ਼ਾਵਤ ਆਦਿ ਪੁਰਸ਼ ਦੇ ਸੁਭਾਅ ਦੇ ਪੱਖ ਹਨ।

ਸਾਡੇ ਦੇਸ਼ ਵਿਚ ਇਸਤਰੀ ਜਿਸ ਸਥਿਤੀ ਵਿਚ ਰਹੀ ਹੈ, ਸੰਤੁਸ਼ਟ ਰਹੀ ਹੈ। ਸ਼ਾਇਦ ਇਸੇ ਕਰ ਕੇ ਸਾਡੇ ਦੇਸ਼ ਵਿਚ ਮਹਾਨ ਪੁਰਸ਼ ਤਾਂ ਹੋਏ ਹਨ ਪਰ ਮਹਾਨ ਇਸਤਰੀਆਂ ਬਹੁਤ ਘੱਟ ਹਨ। ਮੈਨੂੰ ਤਾਂ ਰਾਣੀ ਝਾਂਸੀ ਕੇਵਲ ਨਾਂ ਵਜੋਂ ਇਸਤਰੀ ਲਗਦੀ ਹੈ, ਉਸ ਦਾ ਸਮੁੱਚਾ ਵਿਹਾਰ ਪੁਰਸ਼ਾਂ ਵਾਲਾ ਹੈ। ਪੁਰਸ਼ ਨੂੰ ਬੁੱਧ ਜਾਂ ਰਾਮ ਜਾਂ ਕ੍ਰਿਸ਼ਨ ਬਣਨ ਦੀ ਲੋੜ ਪੈਂਦੀ ਹੈ।

ਇਸਤਰੀ ਦਾ ਤਾਂ ਆਰੰਭ ਹੀ ਬੁੱਧ ਵਾਲੀ ਅਵਸਥਾ ਹੈ, ਉਹ ਜਨਮ ਤੋਂ ਹੀ ਰਾਮ ਹੈ। ਉਸ ਨੂੰ ਕ੍ਰਿਸ਼ਨ ਬਣਨ ਦੀ ਕੀ ਲੋੜ ਹੈ, ਉਹ ਕ੍ਰਿਸ਼ਨ ਨੂੰ ਜਨਮ ਦੇ ਕੇ ਸੰਤੁਸ਼ਟ ਹੈ।

ਉਹ ਕ੍ਰਿਸ਼ਨ ਦੀ ਰਾਧਾ ਅਤੇ ਮੀਰਾ ਬਣਨ ਵਿਚ ਹੀ ਪ੍ਰਸੰਨ ਹੈ।

ਪੁਰਸ਼ ਨੂੰ ਖਤਰੇ ਸੈਨਤਾਂ ਮਾਰਦੇ ਹਨ, ਇਸਤਰੀ ਸਾਰਾ ਜੀਵਨ ਪੁਰਸ਼ ਨੂੰ ਖਤਰਿਆਂ ਤੋਂ ਬਚਾਉਂਦੀ ਰਹਿੰਦੀ ਹੈ।

ਜੇ ਖਤਰੇ ਵਿਚ ਖਤਰਾ ਨਾ ਹੋਵੇ ਤਾਂ ਉਹ ਪੁਰਸ਼ ਨੂੰ ਖਿੱਚ ਨਹੀਂ ਪਾਉਂਦਾ।

ਇਸਤਰੀ ਦੀ ਦਿਲਚਸਪੀ ਖਤਰੇ ਵਿਚ ਨਹੀਂ, ਬਚਾਓ ਵਿਚ ਹੁੰਦੀ ਹੈ।

ਮਨੁੱਖ ਜਾਤੀ ਦਾ ਇਤਿਹਾਸ, ਪੁਰਸ਼ ਵੱਲੋਂ ਪੁਰਸ਼ ਦੇ ਦ੍ਰਿਸ਼ਟੀਕੋਣ ਤੋਂ ਲਿਖਿਆ ਗਿਆ ਹੈ, ਸੋ ਇਹ ਇਤਿਹਾਸ ਅੱਧਾ ਹੈ, ਅਧੂਰਾ ਹੈ। ਇਸ ਵਿਚੋਂ ਪੁਰਸ਼ ਦੀ ਤਸਵੀਰ ਤਾਂ ਦਿਸਦੀ ਹੈ ਪਰ ਇਸਤਰੀ ਪੂਰਨਭਾਂਤ ਗੈਰਹਾਜ਼ਰ ਹੈ। ਸਿਕੰਦਰ ਤਾਂ ਦਿਸਦਾ ਹੈ, ਉਸ ਦੀ ਮਾਂ ਨਹੀਂ ਦਿਸਦੀ; ਨਿਪੋਲੀਅਨ ਤਾਂ ਦਿਸਦਾ ਹੈ, ਉਸ ਦੀ ਪਤਨੀ ਨਹੀਂ ਦਿਸਦੀ; ਔਰੰਗਜ਼ੇਬ ਤਾਂ ਵਿਖਾਈ ਦਿੰਦਾ ਹੈ, ਉਸ ਦੀ ਧੀ ਨਹੀਂ ਦਿਸਦੀ; ਗ਼ਾਲਿਬ ਤਾਂ ਦਿਸਦਾ ਹੈ, ਉਸ ਦੀ ਪ੍ਰੇਰਨਾ ਨਹੀਂ ਦਿਸਦੀ।

ਨਫ਼ਰਤ ਕਰਨਾ ਸਾਰੇ ਮਨੁੱਖਾਂ ਦੀ ਆਦਤ ਨਹੀਂ, ਕੇਵਲ ਪੁਰਸ਼ਾਂ ਦੀ ਆਦਤ ਹੈ, ਕਿਉਂਕਿ ਪੁਰਸ਼ ਆਪ ਨਫ਼ਰਤਯੋਗ ਹੈ।

ਇਸਤਰੀਆਂ ਵਿਚ ਆਪਸੀ ਨਫ਼ਰਤ ਦਾ ਕਾਰਨ ਵੀ ਕੋਈ ਪੁਰਸ਼ ਹੀ ਹੁੰਦਾ ਹੈ।

ਪੁਰਸ਼ ਜਿਸ ਰਿਸ਼ਤੇ ਨੂੰ ਉਸਾਰਦਾ ਹੈ, ਉਸ ਨੂੰ ਲਾਭਵੰਦਾ ਬਣਾਉਣਾ ਚਾਹੁੰਦਾ ਹੈ, ਜਦੋਂ ਕਿ ਇਸਤਰੀ ਜਿਸ ਰਿਸ਼ਤੇ ਨੂੰ ਉਸਾਰਦੀ ਹੈ, ਉਸ ਨੂੰ ਸੁਖਾਵਾਂ, ਨਿੱਘਾ ਅਤੇ ਹੰਢਣਸਾਰ ਬਣਾਉਣਾ ਲੋਚਦੀ ਹੈ।

ਦੁੱਖ-ਤਕਲੀਫ਼ਾਂ ਇਸਤਰੀ ਦੇ ਵਿਹਾਰ ਵਿਚ ਡੂੰਘਾਈ ਲਿਆਉਂਦੀਆਂ ਹਨ ਅਤੇ ਉਸ ਵਿਚਲੀ ਮਮਤਾ ਹੋਰ ਗੂੜ੍ਹੀ ਹੁੰਦੀ ਹੈ। ਦੁੱਖ-ਤਕਲੀਫ਼ ਦੀ ਅਵਸਥਾ ਵਿਚ ਪੁਰਸ਼ ਆਪਣੇ ਪਿਆਰ ਸਬੰਧੀ ਵਿਹਾਰ ਦੀ ਪੱਧਰ ਨੂੰ ਉੱਚਾ ਕਰਨ ਦੀ ਥਾਂ ਪ੍ਰੇਮਿਕਾ ਨੂੰ ਬਦਲਣ ਬਾਰੇ ਸੋਚਦਾ ਹੈ। ਉਸ ਦਾ ਅਜਿਹਾ ਵਿਹਾਰ, ਉਸ ਨੂੰ ਇਕ ਕਿਨਾਰੇ ਵਾਲਾ ਦਰਿਆ ਬਣਾ ਦਿੰਦਾ ਹੈ।

ਇਸਤਰੀ ਵਿਚ ਕੁਝ ਅਜਿਹਾ ਹੈ, ਜਿਸ ਨਾਲ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਕੋਈ ਪੁਰਸ਼ ਉਸ ਵਿਚ ਦਿਲਚਸਪੀ ਲੈਣ ਲਗ ਪਿਆ ਹੈ। ਉਹ ਨਿੱਕੇ-ਨਿੱਕੇ ਸੰਕੇਤਾਂ ਨਾਲ ਪੁਰਸ਼ ਦੀ ਕਲਪਨਾ ਨੂੰ ਜਗਾਉਂਦੀ ਹੈ ਅਤੇ ਉਸ ਦੀਆਂ ਅੱਖਾਂ ਵਿਚ ਸੁਪਨੇ ਬੀਜਦੀ ਹੈ। ਕੁਝ ਹੀ ਦਿਨਾਂ ਵਿਚ ਪੁਰਸ਼, ਉਸ ਤੋਂ ਸਿਵਾਏ ਸਭ ਕੁਝ ਭੁੱਲ ਜਾਂਦਾ ਹੈ। ਉਹੀ ਉਸ ਦੀ ਉਦਾਸੀ ਅਤੇ ਖੁਸ਼ੀ ਦਾ ਕੇਂਦਰ ਹੋ ਨਿਬੜਦੀ ਹੈ।

ਇਸਤਰੀ, ਪੁਰਸ਼ ਤੋਂ ਇਕ ਵਿਸ਼ੇਸ਼ ਪ੍ਰਕਾਰ ਦੇ ਕੂਲੇ, ਨਿੱਘੇ ਅਤੇ ਸ਼ਾਂਤ ਵਿਹਾਰ ਦੀ ਆਸ ਕਰਦੀ ਹੈ ਅਤੇ ਅਜਿਹੇ ਵਿਹਾਰ ਦੇ ਅਨੁਪਾਤ ਵਿਚ ਹੀ ਉਸ ਦੀ ਪੁਰਸ਼ ਵਿਚ ਦਿਲਚਸਪੀ ਘੱਟਦੀ-ਵੱਧਦੀ ਹੈ। ਜਦੋਂ ਪੁਰਸ਼ ਉਸ ਦੀਆਂ ਆਸਾਂ ਤੋਂ ਬਹੁਤ ਨੀਵਾਂ ਸਿੱਧ ਹੋਵੇ ਤਾਂ ਉਹ ਆਪਣੇ ਆਪ ਨੂੰ ਇਵੇਂ ਸਮੇਟ ਲੈਂਦੀ ਹੈ, ਜਿਵੇਂ ਕਿਸੇ ਨੇ ਦਰਵਾਜ਼ਾ ਬੰਦ ਕਰ ਲਿਆ ਹੋਵੇ ਜਾਂ

ਦੀਵਾ ਬੁਝਾ ਦਿੱਤਾ ਹੋਵੇ ਜਾਂ ਕਿਤਾਬ ਬੰਦ ਕਰ ਦਿੱਤੀ ਹੋਵੇ ਜਾਂ ਘੜਾ ਡੋਲ੍ਹ ਦਿੱਤਾ ਹੋਵੇ।

ਪੁਰਸ਼ ਨੂੰ ਇਸਤਰੀ ਦੀ ਇਹ ਅਵਸਥਾ ਬੇਚੈਨ ਕਰਦੀ ਹੈ।

ਮਾਂਵਾਂ ਆਪਣੇ ਪੁੱਤਰਾਂ ਦੀ ਅਜਿਹੀ ਬੇਚੈਨੀ ਸਮਝ ਜਾਂਦੀਆਂ ਹਨ, ਕਿਉਂਕਿ ਅਜਿਹੀ ਬੇਚੈਨੀ ਵਿਚ ਪੁੱਤਰ ਨੀਂਦਰ ਨਾ ਆਉਣ ਜਾਂ ਭੁੱਖ ਨਾ ਲੱਗਣ ਦੀ ਅਵਸਥਾ ਦਾ ਪ੍ਰਗਟਾਵਾ ਕਰਦੇ ਹਨ ਅਤੇ ਉਨ੍ਹਾਂ ਦਾ ਬਾਹਰ-ਅੰਦਰ ਆਉਣਾ-ਜਾਣਾ ਬੇਨੇਮਾ ਹੋ ਜਾਂਦਾ ਹੈ।

ਇਸਤਰੀ ਸੁਭਾਓ ਵਜੋਂ ਹੀ ਰੌਣਕ ਦੀ ਅਭਿਲਾਸ਼ੀ ਹੁੰਦੀ ਹੈ।

ਸਾਦੇ ਜੀਵਨ ਦੀਆਂ ਸਾਰੀਆਂ ਗਲਾਂ, ਪੁਰਸ਼ਾਂ ਨੇ ਹੀ ਕੀਤੀਆਂ ਹਨ।

ਜਦੋਂ ਇਸਤਰੀ ਕਿਸੇ ਪੁਰਸ਼ ਦੀ ਸਾਦਗੀ ਪਸੰਦ ਕਰਦੀ ਹੈ ਤਾਂ ਉਹ ਪੁਰਸ਼, ਛੈਲਾ ਬਣ ਕੇ ਆਪਣਾ ਸਮੁੱਚਾ ਪ੍ਰਭਾਵ ਵਿਗਾੜ ਲੈਂਦਾ ਹੈ। ਅਜਿਹੀ ਸਥਿਤੀ ਵਿਚ ਇਸਤਰੀ ਨੇੜੇ ਆਉਣ ਦੀ ਥਾਂ, ਵਿੱਥ 'ਤੇ ਵਿਚਰਨ ਲਗ ਪੈਂਦੀ ਹੈ।

ਅਜਿਹੀ ਅਵਸਥਾ ਵਿਚ ਪੁਰਸ਼ ਆਪਣਾ ਸੰਤੁਲਨ ਗੁਆ ਬੈਠਦਾ ਹੈ।

ਅੰਦਰੋਂ ਕੰਬਦਾ ਹੋਇਆ, ਉਖੜਿਆ ਹੋਇਆ ਪੁਰਸ਼ ਬਾਹਰੋਂ ਦ੍ਰਿੜ੍ਹਤਾ ਅਤੇ ਸਥਿਰਤਾ ਦਾ ਨਾਟਕ ਰਚਦਾ ਹੈ। ਅਜਿਹੀ ਅਵਸਥਾ ਵਿਚ ਉਹ ਸੋਚਦਾ ਹੈ ਕਿ ਉਹ ਇਕ ਦਿਨ ਜ਼ਰੂਰ ਵਾਪਸ ਆਵੇਗੀ ਪਰ ਨਾਲ ਹੀ ਸੋਚਦਾ ਹੈ ਕਿ ਮੈਂ ਉਸ ਨੂੰ ਸਵੀਕਾਰ ਨਹੀਂ ਕਰਾਂਗਾ ਪਰ ਫਿਰ ਵੀ ਆਪਣੀ ਜ਼ਖਮੀ ਹਉਮੈ ਕਾਰਨ, ਉਹ ਚਾਹੁੰਦਾ ਹੈ ਕਿ ਉਹ ਮੁੜ ਆਵੇ ਅਤੇ ਪੁਰਸ਼ ਨੂੰ ਪਤਾ ਹੁੰਦਾ ਹੈ ਕਿ ਉਹ ਉਸ ਨੂੰ ਅਸਵੀਕਾਰ ਨਹੀਂ ਕਰ ਸਕੇਗਾ।

ਇਸਤਰੀ ਵਲੋਂ ਰੱਦ ਹੋ ਕੇ ਜੀਣਾ, ਪੁਰਸ਼ ਲਈ ਅਸੰਭਵ ਪ੍ਰਤੀਤ ਹੁੰਦਾ ਹੈ।

ਜਦੋਂ ਪੁਰਸ਼ ਇਕ ਕਿਨਾਰੇ ਵਾਲਾ ਦਰਿਆ ਬਣਦਾ ਹੈ ਤਾਂ ਨਾ ਕੇਵਲ ਉਸ ਦੀ ਚਾਲ ਮੱਠੀ ਹੋ ਜਾਂਦੀ ਹੈ, ਉਸ ਦੀ ਆਵਾਜ਼ ਵੀ ਘੱਟ ਜਾਂਦੀ ਹੈ ਅਰਥਾਤ ਪੁਰਸ਼ ਚੁੱਪ-ਚੁੱਪ ਰਹਿਣ ਲੱਗ ਪੈਂਦਾ ਹੈ। ਟੁੱਟੇ ਦਿਲ ਦਾ ਦਰਦ ਉਸ ਦੀ ਹਿਲਜੁਲ ਨੂੰ ਘਟਾ ਦਿੰਦਾ ਹੈ। ਦੋਸਤਾਂ-ਮਿੱਤਰਾਂ ਨੂੰ ਮਿਲਣਾ ਤਾਂ ਘਟ ਜਾਂਦਾ ਹੀ ਹੈ, ਉਹ ਆਪਣੇ ਆਪ ਤੋਂ ਵੀ ਪਰ੍ਹੇ ਚਲਾ ਜਾਂਦਾ ਹੈ।

ਉਹ ਸੋਚਦਾ ਹੈ ਕਿ ਮੈਂ ਜਲਦੀ ਹੀ ਉਸ ਨੂੰ ਭੁੱਲ ਜਾਵਾਂਗਾ ਅਤੇ ਮੇਰਾ ਜ਼ਖਮ ਭਰ ਜਾਵੇਗਾ। ਉਹ ਆਪਣੇ ਆਪ ਨਾਲ ਵਾਅਦਾ ਕਰਦਾ ਹੈ ਕਿ ਅੱਗੋਂ ਕਿਸੇ ਨੂੰ ਪਿਆਰ ਹੀ ਨਹੀਂ ਕਰਨਾ ਪਰ ਉਹ ਕੀ ਜਾਣੇ ਕਿ ਬਿਨਾਂ ਪਿਆਰ ਕੀਤੇ ਭਾਵੇਂ ਕਿਤਨੀ ਉਮਰ ਲੰਘ ਜਾਵੇ ਪਰ ਇਕ ਵਾਰੀ ਪਿਆਰ ਹੋਣ ਉਪਰੰਤ, ਬਿਨਾਂ ਪਿਆਰ ਜੀਣਾ ਸੰਭਵ ਨਹੀਂ ਹੁੰਦਾ।

ਦੂਜੀਆਂ ਇਸਤਰੀਆਂ ਵਿਚ ਦਿਲਚਸਪੀ ਜਾਗਣ ਨਾਲ, ਉਸ ਨੂੰ ਜ਼ਿੰਦਗੀ ਦੇ ਦਰਿਆ ਦਾ ਦੂਜਾ ਕਿਨਾਰਾ ਲੱਭ ਪੈਣ ਦਾ ਅਹਿਸਾਸ ਹੁੰਦਾ ਹੈ।

ਕਿਹਾ ਜਾਂਦਾ ਹੈ ਕਿ ਪੁਰਸ਼ਾਂ ਵਿਚ ਇਸਤਰੀਆਂ ਦੇ ਮੁਕਾਬਲੇ ਵਧੇਰੇ ਆਤਮ-ਵਿਸ਼ਵਾਸ ਹੁੰਦਾ ਹੈ। ਪੁਰਸ਼ਾਂ ਨੂੰ ਆਪਣੀਆਂ ਘਾਟਾਂ, ਘੱਟ ਸਤਾਉਂਦੀਆਂ ਹਨ ਪਰ ਇਸਤਰੀਆਂ ਮੰਨਦੀਆਂ ਹੀ ਨਹੀਂ ਕਿ ਪੁਰਸ਼ਾਂ ਕੋਲ ਅਜਿਹੇ ਦਿਲ ਹੁੰਦੇ ਹਨ, ਜਿਹੜੇ ਟੁੱਟ ਵੀ ਸਕਦੇ ਹਨ।

ਇਸਤਰੀਆਂ ਅਨੁਸਾਰ ਪੁਰਸ਼ ਨਫ਼ਰਤ ਵਿਚ ਉਬਲਦੇ ਹਨ, ਗੁੱਸੇ ਨਾਲ ਭੜਕਦੇ ਹਨ ਪਰ ਆਪਣੀ ਹਾਰ ਮੰਨਣ ਤੋਂ ਇਨਕਾਰੀ ਹੁੰਦੇ ਹਨ।

ਮਾਹਿਰ ਕਹਿੰਦੇ ਹਨ ਕਿ ਪੁਰਸ਼ਾਂ ਵਿਚ ਵਧੇਰੇ ਜਜ਼ਬੇ ਅਤੇ ਵਧੇਰੇ ਭਾਵਨਾਵਾਂ ਹੁੰਦੀਆਂ ਹਨ। ਪੁਰਸ਼ ਵਧੇਰੇ ਸੁਪਨੇ ਵੇਖਦੇ ਹਨ, ਉਨ੍ਹਾਂ ਦੀ ਕਲਪਨਾ ਵਧੇਰੇ ਉਡਾਰੀਆਂ ਮਾਰਦੀ ਹੈ, ਸ਼ਾਇਦ ਇਸੇ ਲਈ ਵਧੇਰੇ ਕਵੀ ਪੁਰਸ਼ ਹੁੰਦੇ ਹਨ।

ਅੰਤਰ ਸ਼ਾਇਦ ਇਹ ਹੈ ਕਿ ਪੁਰਸ਼ਾਂ ਨੂੰ ਆਪਣੇ ਦਿਲ ਦੇ ਕੋਮਲ ਹੋਣ ਦਾ ਪਤਾ ਦਿਲ ਟੁੱਟਣ ਤੋਂ ਮਗਰੋਂ ਹੀ ਲਗਦਾ ਹੈ, ਜਦੋਂ ਕਿ ਇਸਤਰੀ ਦੇ ਦਿਲ ਉੱਤੇ ਸੱਟਾਂ ਨਿਰੰਤਰ ਲਗਦੀਆਂ ਹੀ ਰਹਿੰਦੀਆਂ ਹਨ।

ਇਸਤਰੀਆਂ ਜਾਣਦੀਆਂ ਹਨ ਕਿ ਪੁਰਸ਼ਾਂ ਦੀ ਨਫ਼ਰਤ ਬੜੀ ਭਿਆਨਕ ਹੁੰਦੀ ਹੈ। ਇਸ ਤੋਂ ਬਚਣ ਲਈ ਇਸਤਰੀ ਆਪਣੇ ਵਿਹਾਰ ਨੂੰ ਗੁਪਤ ਰੱਖਦੀ ਹੈ।

ਜੇ ਇਸਤਰੀ ਆਪਣੇ ਪਹਿਲੇ ਪ੍ਰੇਮੀ ਨੂੰ ਤਿਆਗ ਕੇ ਪ੍ਰਤੱਖ ਰੂਪ ਵਿਚ ਕਿਸੇ ਹੋਰ ਨੂੰ ਪਿਆਰ ਕਰਨ ਲੱਗ ਪਵੇ ਤਾਂ ਪਹਿਲਾ ਪ੍ਰੇਮੀ, ਦੂਜੇ ਪ੍ਰੇਮੀ ਨੂੰ ਮਾਰਨ ਜਾਂ ਉਸ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਬਾਰੇ ਸੋਚਦਾ ਹੈ। ਪਹਿਲੇ ਪ੍ਰੇਮੀ ਨੂੰ ਦੂਜਾ ਪ੍ਰੇਮੀ, ਸੰਸਾਰ ਦਾ ਸਭ ਤੋਂ ਵੱਧ ਕਰੂਪ ਅਤੇ ਸਭ ਤੋਂ ਵੱਧ ਨਾਲਾਇਕ ਵਿਅਕਤੀ ਪ੍ਰਤੀਤ ਹੁੰਦਾ ਹੈ।

ਆਪਣੀ ਰਹਿ ਚੁੱਕੀ ਪ੍ਰੇਮਿਕਾ ਨੂੰ ਨੀਵਾਂ ਵਿਖਾਉਣ ਲਈ, ਪਹਿਲਾ ਪ੍ਰੇਮੀ ਕਿਸੇ ਵੀ ਇਸਤਰੀ ਨਾਲ, ਘੁੰਮਣ ਲਈ ਤਿਆਰ ਹੋ ਜਾਂਦਾ ਹੈ। ਬਦਲਾ ਲੈਣ ਦੀ ਭਾਵਨਾ ਅਤੇ ਇਸ ਭਾਵਨਾ ਅਧੀਨ ਵੱਧ ਤੋਂ ਵੱਧ ਇਸਤਰੀਆਂ ਨਾਲ ਸਮਾਗਮ ਕਰਨ ਦੀ ਇੱਛਾ, ਪੁਰਸ਼ ਦੇ ਵਿਹਾਰ ਦਾ ਸੁਭਾਵਕ ਭਾਗ ਹਨ।

ਤਿਆਗੇ ਜਾਣ ਉਪਰੰਤ ਸ਼ਾਂਤ ਰਹਿਣਾ, ਪੁਰਸ਼ ਲਈ ਅਸੰਭਵ ਹੁੰਦਾ ਹੈ। ਅਜਿਹੀ ਅਵਸਥਾ ਵਿਚ ਇਸਤਰੀ ਵਧੇਰੇ ਸੰਤੁਲਤ ਵਿਹਾਰ ਦਾ ਪ੍ਰਮਾਣ ਦਿੰਦੀ ਹੈ। ਪੁਰਸ਼, ਇਸਤਰੀ ਉਤੇ ਦੋਸ਼ ਲਾ ਕੇ ਇਸ ਅਵਸਥਾ ਨੂੰ ਗੁਲਾਮੀ ਮੁੱਕਣ ਦੇ ਅਰਥਾਂ ਵਿਚ ਲੈਣਾ ਚਾਹੁੰਦਾ ਹੈ ਪਰ ਹਰ ਯਤਨ ਨਾਲ ਉਹ ਬਦਲਾ-ਲਊ ਨਫ਼ਰਤ ਵਿਚ ਵਧੇਰੇ ਧੱਸਦਾ ਜਾਂਦਾ ਹੈ।

ਪਿਆਰ ਦੇ ਟੁੱਟਣ ਦੇ ਦੁੱਖ ਨੂੰ ਇਸਤਰੀ ਲੰਮੇ ਅਰਸੇ ਤਕ ਹੰਢਾਉਣਾ ਚਾਹੁੰਦੀ ਹੈ ਪਰ ਪੁਰਸ਼ ਝੱਟਪਟ ਨਵਾਂ ਰਿਸ਼ਤਾ ਉਸਾਰਨਾ ਚਾਹੁੰਦਾ ਹੈ।

ਜੇ ਰਿਸ਼ਤਾ ਸੰਭਵ ਨਾ ਹੋਵੇ ਤਾਂ ਉਹ ਕਿਸੇ ਨਸ਼ੇ ਦਾ ਸਹਾਰਾ ਲੈਂਦਾ ਹੈ।

ਇਸਤਰੀ ਵਿਚ ਆਪਣੇ ਦੁੱਖ ਨੂੰ ਲਮਕਾਉਣ ਅਤੇ ਅਤੀਤ ਨੂੰ ਮੁੜ-ਮੁੜ ਯਾਦ ਕਰਨ ਦੀ ਆਦਤ ਹੁੰਦੀ ਹੈ, ਇਸ ਵਿਚੋਂ ਉਸ ਨੂੰ ਇਕ ਵਿਸ਼ੇਸ਼ ਤਸੱਲੀ ਮਿਲਦੀ ਹੈ, ਇਸੇ ਕਰ ਕੇ ਉਸ ਨੂੰ ਨਸ਼ਿਆਂ ਦੀ ਲੋੜ ਨਹੀਂ ਪੈਂਦੀ।

ਪੁਰਸ਼ ਮੰਨਦੇ ਹੀ ਨਹੀਂ ਕਿ ਉਨ੍ਹਾਂ ਨੂੰ ਹਾਰ ਹੋਈ ਹੈ, ਇਸਤਰੀਆਂ ਕਹਿੰਦੀਆਂ ਹੀ ਨਹੀਂ ਕਿ ਉਹ ਜਿੱਤੀਆਂ ਹਨ।

ਅਜਿਹੀ ਅਵਸਥਾ ਵਿਚ ਪੁਰਸ਼ ਡੀਂਗਾਂ ਮਾਰਦੇ ਹਨ, ਇਸਤਰੀ ਚੁੱਪਚਾਪ ਆਪਣੇ ਦਰਦ ਨੂੰ ਦਿਲ ਦੀਆਂ ਧੁਰ ਡੂੰਘਾਣਾਂ ਵਿਚ ਸਾਂਭਦੀ ਹੈ।

ਪੁਰਸ਼ ਕੋਲ ਆਪਣੀ ਹਾਰ ਪ੍ਰਗਟਾਉਣ ਵਾਲੀ ਸ਼ਬਦਾਬਲੀ ਬਹੁਤ ਘੱਟ ਹੈ, ਇਸਤਰੀ ਕੋਲ ਜਿੱਤ ਦਾ ਕੋਈ ਸੰਕਲਪ ਹੀ ਨਹੀਂ। ਆਪਣੇ ਦੁੱਖ ਨੂੰ ਪ੍ਰਗਟਾਉਣਾ, ਰੋਣਾ ਅਤੇ ਉਦਾਸ

ਰਹਿਣਾ, ਦੁੱਖ ਨੂੰ ਭੁੱਲਣ ਵਾਲਾ ਇਲਾਜ ਹੁੰਦੇ ਹਨ। ਪੁਰਸ਼ ਅੱਖਾਂ ਨਾਲ ਰੋਣ ਤੋਂ ਘਬਰਾਉਂਦਾ ਹੈ, ਸੋ ਉਹ ਜ਼ੁਕਾਮ ਲਾ ਕੇ ਨੱਕ ਰਾਹੀਂ ਰੋਂਦਾ ਹੈ।

ਪੁਰਸ਼ ਦੀਆਂ ਵਧੀਕੀਆਂ ਨੂੰ ਸਹਿਣਾ ਇਸਤਰੀ ਆਪਣੀ ਹੋਣੀ ਅਤੇ ਕਿਸਮਤ ਸਮਝਦੀ ਹੈ, ਸੋ ਉਹ ਉਦਾਸੀ ਨੂੰ ਵਧੇਰੇ ਸਲੀਕੇ ਨਾਲ ਸਹਿੰਦੀ ਹੈ।

ਪੁਰਸ਼ ਦੇ ਮੁਕਾਬਲੇ ਇਸਤਰੀ ਪਿਆਰ ਦੇ ਰਿਸ਼ਤੇ ਵਿਚ ਵਧੇਰੇ ਗੰਭੀਰਤਾ ਨਾਲ ਵਿਚਰਦੀ ਹੈ। ਇਹ ਗੰਭੀਰਤਾ ਉਸ ਦੇ ਸਮੁੱਚੇ ਵਿਹਾਰ ਵਿਚ ਪਸਰੀ ਹੁੰਦੀ ਹੈ।

ਕਦੀ ਕਿਸੇ ਇਸਤਰੀ ਨੇ ਕਿਸੇ ਪੁਰਸ਼ ਨੂੰ ਅਜਿਹੀ ਧਮਕੀ ਜਾਂ ਸੰਕੇਤ ਨਹੀਂ ਦਿੱਤਾ ਕਿ ਉਹ ਕਿਸੇ ਹੋਰ ਨੂੰ ਪਿਆਰ ਕਰਨ ਲਗ ਪਵੇਗੀ। ਪਤਨੀ ਦੇ ਰੂਪ ਵਿਚ ਵੀ ਇਸਤਰੀ ਮਰ ਜਾਣ ਦੀ ਧਮਕੀ ਤਾਂ ਦਿੰਦੀ ਹੈ ਪਰ ਕਿਸੇ ਹੋਰ ਪੁਰਸ਼ ਕੋਲ ਵਸ ਜਾਣ ਬਾਰੇ ਕਦੀ ਨਹੀਂ ਸੋਚਦੀ। ਪੁਰਸ਼ ਸਭ ਪ੍ਰਕਾਰ ਦੀਆਂ ਧਮਕੀਆਂ ਦਿੰਦੇ ਹਨ।

ਨਿਰਸੰਦੇਹ ਧਮਕੀਆਂ ਹਮੇਸ਼ਾ ਕਮਜ਼ੋਰ ਵਿਅਕਤੀ ਦਿੰਦੇ ਹਨ।

ਰੱਦ ਕੀਤੇ ਜਾਣ ਦੀ ਅਵਸਥਾ ਵਿਚ ਪੁਰਸ਼ ਆਪਣੇ ਆਪ ਨੂੰ ਜ਼ਖਮੀ ਅਤੇ ਸ਼ਰਮਸਾਰ ਅਨੁਭਵ ਕਰਦਾ ਹੈ। ਪੁਰਸ਼ ਵਿਚ ਹਾਰ ਬਰਦਾਸ਼ਤ ਕਰਨ ਦੀ ਸਮਰੱਥਾ ਬੜੀ ਘੱਟ ਹੁੰਦੀ ਹੈ। ਬਹੁਤੇ ਪੁਰਸ਼ ਇਸ ਅਵਸਥਾ ਵਿਚ ਹੀ ਆਤਮਘਾਤ ਕਰਦੇ ਹਨ।

ਇਸਤਰੀਆਂ ਦੇ ਮੁਕਾਬਲੇ ਪੁਰਸ਼ ਵਧੇਰੇ ਆਤਮਘਾਤ ਕਰਦੇ ਹਨ। ਆਤਮਘਾਤ ਦੇ ਯਤਨ ਵਧੇਰੇ ਇਸਤਰੀਆਂ ਕਰਦੀਆਂ ਹਨ ਪਰ ਸਫ਼ਲ ਵਧੇਰੇ ਪੁਰਸ਼ ਹੁੰਦੇ ਹਨ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਪੁਰਸ਼ ਵਧੇਰੇ ਵੇਗ ਨਾਲ ਪਿਆਰ ਕਰਦਾ ਹੈ, ਸੋ ਉਸ ਦਾ ਪ੍ਰਤੀਕਰਮ ਵੀ ਵਧੇਰੇ ਤਿੱਖਾ, ਤੀਬਰ ਅਤੇ ਤੀਖਣ ਹੁੰਦਾ ਹੈ।

ਪੁਰਸ਼, ਕਿਉਂਕਿ ਦੁੱਖ ਹੰਢਾਉਣਾ ਘੱਟ ਜਾਣਦਾ ਹੈ, ਉਹ ਜਦੋਂ ਨਵਾਂ ਰਿਸ਼ਤਾ ਉਸਾਰਦਾ ਹੈ ਤਾਂ ਨਵੀਂ ਇਸਤਰੀ ਨੂੰ ਪਹਿਲੀ ਪ੍ਰੇਮਿਕਾ ਦਾ ਬਦਲ ਬਣਾਉਣਾ ਚਾਹੁੰਦਾ ਹੈ। ਹਰ ਇਸਤਰੀ ਚਾਹੁੰਦੀ ਹੈ ਕਿ ਉਹ ਪੁਰਸ਼ ਦੀ ਪਹਿਲੀ ਪਸੰਦ ਹੋਵੇ, ਪੁਰਸ਼ ਵਲੋਂ ਉਸ ਦੀ ਥਾਂ ਕਿਸੇ ਹੋਰ ਨੂੰ ਪਹਿਲ ਦੇਣੀ, ਉਸ ਨੂੰ ਕਦੇ ਪ੍ਰਵਾਨ ਨਹੀਂ ਹੁੰਦੀ ਪ੍ਰੰਤੂ ਪੁਰਸ਼ ਨਵੀਂ ਇਸਤਰੀ ਨੂੰ ਪਹਿਲੀ ਪ੍ਰੇਮਿਕਾ ਦੇ ਮੁਕਾਬਲੇ ਬਹੁਤ ਘੱਟ ਜਾਣਦਾ ਹੋਣ ਕਾਰਨ, ਆਪਣੇ ਲਈ ਨਵੀਆਂ ਉਲਝਣਾਂ ਉਸਾਰਦਾ ਹੈ ਅਤੇ ਵਾਰ-ਵਾਰ ਰੱਦ ਹੋਣ ਦੇ ਅਮਲ ਵਿਚ ਪੈ ਜਾਂਦਾ ਹੈ।

ਪੁਰਸ਼ ਨੇ ਪਿਆਰ ਵਿਚ ਹਾਰਨ ਬਾਰੇ ਕਦੇ ਸੋਚਿਆ ਨਹੀਂ ਹੁੰਦਾ, ਸੋ ਅਜਿਹੀ ਘਟਨਾ ਵਾਪਰਨ ਉਤੇ ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰੇ। ਨਤੀਜਾ ਇਹ ਹੁੰਦਾ ਹੈ ਕਿ ਅਸਫ਼ਲਤਾ ਕਾਰਨ, ਪਿਆਰ ਅਤੇ ਇਸਤਰੀਆਂ ਪ੍ਰਤੀ ਪੁਰਸ਼, ਨਾਂਹ-ਪੱਖੀ ਦ੍ਰਿਸ਼ਟੀਕੋਣ ਅਪਣਾ ਲੈਂਦਾ ਹੈ ਅਤੇ ਸਮੁੱਚੀ ਇਸਤਰੀ-ਜਾਤੀ ਬਾਰੇ ਫ਼ਤਵੇ ਦੇਣ ਲਗ ਪੈਂਦਾ ਹੈ।

ਇਸਤਰੀਆਂ ਵਿਚ ਪਿਆਰ ਨੂੰ ਪ੍ਰਗਟਾਉਣ ਦੀ ਯੋਗਤਾ ਪੁਰਸ਼ ਦੇ ਮੁਕਾਬਲੇ ਵਧੇਰੇ ਹੁੰਦੀ ਹੈ। ਪੁਰਸ਼ ਜਦੋਂ ਪਿਆਰ ਪ੍ਰਗਟਾਉਂਦਾ ਹੈ ਤਾਂ ਹਾਸੋਹੀਣਾ ਪ੍ਰਤੀਤ ਹੁੰਦਾ ਹੈ। ਇਹੀ ਕਾਰਨ ਹੈ ਕਿ ਹਾਰ ਜਾਣ ਦੀ ਅਵਸਥਾ ਵਿਚ ਉਸ ਨੂੰ ਦੁੱਖ ਪ੍ਰਗਟਾਉਣਾ ਵੀ ਨਹੀਂ ਆਉਂਦਾ ਅਤੇ ਉਹ ਦੁੱਖ ਤੋਂ ਬੱਚਣ ਲਈ ਆਪਣੇ ਆਪ ਨੂੰ ਕੰਮਾਂ ਵਿਚ ਰੁਝਾਉਂਦਾ ਹੈ। ਕੰਮ ਉਸ ਨੂੰ

ਦੁੱਖ ਤੋਂ ਬੱਚਣ ਅਤੇ ਸੋਚਣ ਤੋਂ ਮੁਕਤ ਹੋਣ ਦਾ ਅਵਸਰ ਤਾਂ ਦਿੰਦਾ ਹੀ ਹੈ, ਉਹ ਆਪਣੀ ਵਧੀ ਆਰਥਿਕ ਸ਼ਕਤੀ ਨਾਲ ਸਭ ਕੁਝ ਖਰੀਦ ਸਕਣ ਦਾ ਭਰਮ ਵੀ ਉਪਜਾਉਂਦਾ ਹੈ। ਪ੍ਰੇਮਿਕਾ ਅਤੇ ਪਤਨੀ ਅਜਿਹੀ ਅਵਸਥਾ ਵਿਚ ਉਸ ਤੋਂ ਹੋਰ ਦੂਰ ਹੋ ਜਾਂਦੀ ਹੈ।

ਅਜਿਹੀ ਅਵਸਥਾ ਵਿਚ ਹੌਲੀ-ਹੌਲੀ ਇਸਤਰੀਆਂ ਦੀ ਹੋਰ ਪੁਰਸ਼ਾਂ ਅਤੇ ਆਲੇ-ਦੁਆਲੇ ਵਿਚ ਦਿਲਚਸਪੀ ਵੱਧਦੀ ਹੈ। ਪੁਰਸ਼ ਜਦੋਂ ਬਹੁਤ ਦੂਰ ਹੋ ਜਾਵੇ ਤਾਂ ਉਹ ਅਕਸਰ ਤਲਾਕ ਬਾਰੇ ਸੋਚਦਾ ਹੈ। ਤਲਾਕ ਉਪਰੰਤ ਪੁਰਸ਼ ਵਧੇਰੇ ਉਦਾਸ ਹੋਣ ਕਾਰਨ ਵਧੇਰੇ ਸ਼ਰਾਬ ਪੀਂਦੇ ਹਨ। ਸ਼ਰਾਬ ਪੀ ਕੇ ਉਹ ਮਹਿਸੂਸ ਜ਼ਰੂਰ ਕਰਦੇ ਹਨ ਕਿ ਉਨ੍ਹਾਂ ਨੇ ਵੀ ਵਧੀਕੀਆਂ ਕੀਤੀਆਂ ਸਨ ਪਰ ਪੁਰਸ਼ ਹੋਣ ਕਾਰਨ, ਉਹ ਇਹ ਮੰਨ ਕੇ, ਇਸਤਰੀ ਕੋਲ ਆਪਣੀਆਂ ਗਲਤੀਆਂ ਦਾ ਇਕਬਾਲ ਕਰ ਕੇ, ਉਸ ਨੂੰ ਵਾਪਸ ਲਿਆਉਣ ਲਈ ਤਿਆਰ ਨਹੀ ਹੁੰਦੇ।

ਪੁਰਸ਼ਾਂ ਵਿਚ ਆਪਣੀ ਪ੍ਰੇਮਿਕਾ ਜਾਂ ਪਤਨੀ ਦੀ ਵੱਧਦੀ ਸਫਲਤਾ ਬਰਦਾਸ਼ਤ ਕਰਨ ਦੀ ਸ਼ਕਤੀ ਵੀ ਬਹੁਤ ਘੱਟ ਹੁੰਦੀ ਹੈ।

ਅਜਿਹੀ ਸਥਿਤੀ ਨੂੰ ਉਹ ਆਪਣੀ ਅਸਫਲਤਾ ਸਮਝਦੇ ਹਨ। ਅਜਿਹੀ ਅਵਸਥਾ ਵਿਚ ਅਕਸਰ ਪਤੀ, ਕਿਸੇ ਹੋਰ ਇਸਤਰੀ ਨਾਲ ਰਿਸ਼ਤਾ ਉਸਾਰਦਾ ਹੈ।

ਪ੍ਰੇਮੀ ਅਜਿਹੀ ਸਥਿਤੀ ਵਿਚ ਸਾੜੇ ਅਤੇ ਈਰਖਾ ਦੀ ਹਾਲਤ ਵਿਚ ਵਿਚਰਦਾ ਹੈ।

ਇਹ ਅਵਸਥਾ ਪੁਰਸ਼ ਨੂੰ ਉਦਾਸ ਕਰਦੀ ਹੈ ਅਤੇ ਉਦਾਸੀ ਦਾ ਬਹਾਨਾ ਲਾ ਕੇ ਉਹ ਨਸ਼ਿਆਂ ਵਿਚੋਂ ਤਸੱਲੀ ਲੱਭਦਾ ਹੈ।

ਪੁਰਸ਼ ਵਿਚ ਆਪਣੇ ਨਾਲੋਂ ਵਧੇਰੇ ਯੋਗਤਾ ਅਤੇ ਵਧੇਰੇ ਅਕਲ ਅਤੇ ਸਮਰੱਥਾ ਵਾਲੀ ਇਸਤਰੀ ਨਾਲ ਵਿਚਰਨ ਦੀ ਜਾਚ ਦੀ ਘਾਟ ਹੁੰਦੀ ਹੈ, ਸੋ ਅਜੋਕੇ ਯੁੱਗ ਵਿਚ ਪੁਰਸ਼ਾਂ ਦੀਆਂ ਸਭ ਪ੍ਰਕਾਰ ਦੇ ਰਿਸ਼ਤਿਆਂ ਸਬੰਧੀ ਭਾਵਕ ਅਤੇ ਮਾਨਸਿਕ ਸਮੱਸਿਆਵਾਂ ਵੱਧ ਰਹੀਆਂ ਹਨ। ਪਿਆਰ ਦੇ ਖੇਤਰ ਵਿਚ ਈਮਾਨਦਾਰੀ ਨਾਲ ਵਿਚਰਨ ਦੀਆਂ ਸੰਭਾਵਨਾਵਾਂ ਵੀ ਨਿੱਤ ਦਿਨ ਸੁੰਗੜ ਰਹੀਆਂ ਹਨ, ਸੋ ਰਿਸ਼ਤਿਆਂ ਤੋਂ ਮਿਲਣ ਵਾਲੀ ਤਸੱਲੀ ਫਿੱਕੀ ਪੈਂਦੀ ਜਾ ਰਹੀ ਹੈ।

ਜਦੋਂ ਮਨੁੱਖ, ਭਾਵਕ ਅਤੇ ਮਾਨਸਿਕ ਪੱਖੋਂ ਥੱਕ ਜਾਂਦਾ ਹੈ ਤਾਂ ਅਕੇਵੇਂ ਅਤੇ ਥਕੇਵੇਂ ਕਾਰਨ ਉਸ ਦਾ ਰੂਹਾਨੀ ਕੱਦ ਵੀ ਨੀਵਾਂ ਹੋ ਜਾਂਦਾ ਹੈ ਅਤੇ ਉਸ ਦੀ ਹਾਲਤ ਇਕ ਕਿਨਾਰੇ ਵਾਲੇ ਦਰਿਆ ਵਾਲੀ ਹੋ ਨਿਬੜਦੀ ਹੈ।

♥♥♥

ਮਹਿੰਗਾਈ

ਮਹਿੰਗਾਈ ਦਾ ਸਤਾਇਆ ਇਕ ਪ੍ਰੇਮੀ ਜਦੋਂ ਆਪਣੀ ਪ੍ਰੇਮਿਕਾ ਨੂੰ ਚੁੰਮਣ ਲੱਗਿਆ ਤਾਂ ਪ੍ਰੇਮੀ ਨੂੰ ਨਿੱਛ ਆ ਗਈ ਅਤੇ ਪ੍ਰੇਮਿਕਾ ਨੂੰ ਉਬਾਸੀ।

ਸਾਡੇ ਵਿਹਾਰ ਵਿਚ ਨਿੱਛਾਂ ਅਤੇ ਉਬਾਸੀਆਂ ਵੱਧ ਰਹੀਆਂ ਹਨ।

ਵਧਦੀ ਹੋਈ ਮਹਿੰਗਾਈ ਦੇ ਅਜੋਕੇ ਯੁੱਗ ਵਿਚ ਮਨੁੱਖ ਰੂਹਾਨੀ, ਨਿੱਘੇ, ਸੁਖਾਵੇਂ ਅਤੇ ਰੋਚਕ ਮੇਲ-ਜੋਲ ਦੀ ਯੋਗਤਾ ਗੁਆ ਬੈਠਾ ਹੈ।

ਰੂਹਾਨੀ ਓਪਰਾਪਣ ਵਧਣ ਕਾਰਨ ਹੁਣ ਅਸੀਂ ਆਪਣਿਆਂ ਨੂੰ ਪਰਾਇਆਂ ਵਾਂਗ ਅਤੇ ਪਰਾਇਆਂ ਨੂੰ ਦੁਸ਼ਮਣਾਂ ਵਾਂਗ ਮਿਲਦੇ ਹਾਂ। ਮਹਿੰਗਾਈ ਨੇ ਸਾਡੇ ਵਿਚਕਾਰ ਵਿੱਥਾਂ ਉਸਾਰ ਦਿੱਤੀਆਂ ਹਨ ਅਤੇ ਲੈਣ-ਦੇਣ ਪ੍ਰਤੀ ਪੂਰੇ ਨਾ ਉਤਰਨ ਕਾਰਨ, ਖੁਸ਼ੀ ਦੇ ਅਵਸਰ ਵੀ ਮੁਸੀਬਤਾਂ ਪ੍ਰਤੀਤ ਹੋਣ ਲੱਗ ਪਏ ਹਨ।

ਮਹਿੰਗਾਈ ਤੋਂ ਉਪਜੀ ਨਿਰਾਸਤਾ ਦੇ ਅਜੋਕੇ ਯੁੱਗ ਵਿਚ ਸਾਡੇ ਕੋਲ ਕੋਈ ਕਸਵੱਟੀ ਨਹੀਂ ਰਹੀ ਜਿਸ ਨਾਲ ਅਸੀਂ ਬੀਮਾਰ ਅਤੇ ਤੰਦਰੁਸਤ, ਹਮਦਰਦ ਅਤੇ ਦੋਖੀ, ਦੋਸਤ ਅਤੇ ਦੁਸ਼ਮਣ ਵਿਚਕਾਰ ਅੰਤਰ ਸਮਝ ਸਕੀਏ।

ਮਹਿੰਗਾਈ ਕਾਰਨ, ਪਰਿਵਾਰ ਦੀਆਂ ਆਸਾਂ 'ਤੇ ਪੂਰਾ ਨਾ ਉਤਰਨ ਕਾਰਨ ਅਜੋਕੇ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਉਸ ਦਾ ਆਪਣਾ ਪਰਿਵਾਰ ਹੀ ਬਣ ਗਿਆ ਹੈ।

ਜਿਵੇਂ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਸਤਾਏ ਇਕ ਪਤੀ ਨੇ ਜਦੋਂ ਅਤਿ ਨਿਰਾਸਤਾ ਨਾਲ ਕਿਹਾ ਕਿ ਮੈਂ ਤਾਂ ਅੱਜ ਸ਼ਾਮ ਨੂੰ ਮਰ ਜਾਣਾ ਹੈ ਤਾਂ ਪਤਨੀ ਨੇ ਪੁੱਛਿਆ, 'ਤਾਂ ਫਿਰ ਤੁਹਾਡੇ ਲਈ ਰਾਤ ਦੀ ਰੋਟੀ ਨਾ ਪਕਾਵਾਂ?'

ਮਨੁੱਖ ਵਧੀ ਹੋਈ ਮਹਿੰਗਾਈ ਤੋਂ ਪ੍ਰੇਸ਼ਾਨ ਨਹੀਂ, ਨਿੱਤ-ਦਿਨ ਵੱਧਦੀ ਮਹਿੰਗਾਈ ਤੋਂ ਪ੍ਰੇਸ਼ਾਨ, ਪੀੜਤ ਅਤੇ ਦੁਖੀ ਹੈ।

ਪਰਿਵਾਰਕ ਜੀਵਨ ਵਿਚ ਮਨ ਨੂੰ ਤਸੱਲੀ ਦੇਣ ਵਾਲੇ ਮੌਕੇ ਘਟਦੇ ਜਾ ਰਹੇ ਹਨ ਅਤੇ ਪਾਗਲਪਣ ਦੀ ਸੀਮਾ-ਰੇਖਾ ਨੇੜੇ ਹੁੰਦੀ ਜਾ ਰਹੀ ਹੈ।

ਕੀਮਤਾਂ ਅਤੇ ਲੋੜਾਂ ਵਿਚਕਾਰ ਖਾਈ ਦੇ ਵਧਣ ਕਾਰਨ, ਹਰ ਮਨੁੱਖ ਵਿਚ ਰੋਸ ਅਤੇ ਵਿਦਰੋਹ ਪਲ ਰਹੇ ਹਨ। ਰੋਸਿਆਂ ਅਤੇ ਵਿਰੋਧਾਂ ਕਾਰਨ ਸਾਡੀਆਂ ਭਾਵਨਾਵਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਸੁੰਗੜ ਗਏ ਹਨ।

ਹੁਣ ਇਕ ਵਰ੍ਹੇ ਵਿਚ ਮਹਿਂਗਾਈ ਕਾਰਨ ਸਾਨੂੰ ਇਤਨੀ ਵਾਰ ਨਿਰਾਸਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਸਾਡੀਆਂ ਖੁਸ਼ੀਆਂ ਅਤੇ ਉਮੰਗਾਂ ਦਾ ਸਾਡੇ ਆਪਣੇ ਹੱਥੋਂ ਕਈ ਵਾਰ ਦਾਹ-ਸੰਸਕਾਰ ਹੁੰਦਾ ਹੈ।

ਮਹਿਂਗਾਈ ਕਾਰਨ ਮਨੁੱਖ ਦੀ ਦਲੀਲ ਸੌਂ ਗਈ ਹੈ ਅਤੇ ਗੁੱਸਾ, ਗਾਲ੍ਹਾਂ ਅਤੇ ਹਿੰਸਾ ਦੇ ਹਥਿਆਰ ਹੀ ਦਲੀਲ ਬਣ ਗਏ ਹਨ।

ਮਹਿਂਗਾਈ ਨੇ ਸਾਡੇ ਸਮੇਂ ਨੂੰ ਮਨੋ-ਵਿਕਾਰਾਂ ਦਾ ਯੁੱਗ ਬਣਾ ਦਿੱਤਾ ਹੈ।

ਸੰਗੀਤ ਅਤੇ ਰੌਲੇ ਵਿਚਕਾਰ ਅੰਤਰ ਮਿਟ ਗਿਆ ਹੈ।

ਏਕੀਕਰਣ, ਮਿਆਰੀਕਰਣ ਆਦਿ ਨੇ ਵਸਤਾਂ ਦੀ ਜਿੱਤ ਦਾ ਵਰਤਾਰਾ ਲਾਗੂ ਕੀਤਾ ਹੈ, ਜਿਸ ਵਿਚੋਂ ਵਿਸ਼ਵ-ਵਿਆਪੀ ਉਪਰਾਮਤਾ ਉਪਜੀ ਹੈ।

ਥਕਾਵਟ, ਝੁੰਜਲਾਹਟ, ਅਕੇਵਾਂ ਅਤੇ ਕਾਹਲ ਅਜੋਕੇ ਯੁੱਗ ਵਿਚ ਸਾਡੀ ਸ਼ਖ਼ਸੀਅਤ ਦੇ ਉਘੜਵੇਂ ਪੱਖ ਬਣ ਗਏ ਹਨ।

ਮਸ਼ੀਨਾਂ ਅਤੇ ਆਵਾਜਾਈ ਦੀ ਕੰਨ-ਪਾੜਵੀਂ ਅਰੋਕ ਸਟਾ-ਸਟ ਨੇ ਜਾਗਣ ਅਤੇ ਸੌਣ ਦਾ ਅੰਤਰ ਮੁਕਾ ਕੇ, ਮਨੁੱਖ ਤੋਂ ਉਸ ਦੇ ਮਨ ਦਾ ਚੈਨ ਖੋਹ ਲਿਆ ਹੈ ਅਤੇ ਉਸ ਨੂੰ ਹਰ ਪੱਖੋਂ ਉਪਰਾਮ ਬਣਾ ਦਿਤਾ ਹੈ।

ਕਿਸੇ ਦਾ ਪਾਗਲਪਣ ਹੁਣ ਹੈਰਾਨ ਨਹੀਂ ਕਰਦਾ, ਕਿਉਂਕਿ ਸਾਰਿਆਂ ਦੇ ਵਿਹਾਰ ਵਿਚ ਇਸ ਨੂੰ ਸਹਿਜੇ ਹੀ ਵੇਖਿਆ ਜਾ ਸਕਦਾ ਹੈ।

ਦੌੜੇ ਜਾਂਦੇ ਜੀਵਨ ਵਿਚ ਜਿਹੜਾ ਸਾਹ ਲੈਣ ਲਈ ਰੁਕਦਾ ਹੈ, ਉਹ ਦੂਜਿਆਂ ਨੂੰ ਆਪਣੇ ਰਾਹ ਦੀ ਰੁਕਾਵਟ ਪ੍ਰਤੀਤ ਹੋਣ ਲਗ ਪਿਆ ਹੈ।

ਅਸੀਂ ਗੁਆਚੇ ਹੋਏ ਮਨੁੱਖਾਂ ਵਾਂਗ ਭਟਕ ਰਹੇ ਹਾਂ ਅਤੇ ਇਸ ਵਰਤਾਰੇ ਦਾ ਕਾਰਨ ਇਹ ਹੈ ਕਿ ਨਿੱਤ-ਵੱਧਦੀਆਂ ਕੀਮਤਾਂ ਨੇ ਜੀਵਨ ਦਾ ਟਿਕਾਓ ਅਤੇ ਰਿਸ਼ਤਿਆਂ ਦਾ ਨਿੱਘ ਅਤੇ ਸੰਤੁਲਨ ਵਿਗਾੜ ਦਿੱਤੇ ਹਨ।

ਜਦੋਂ ਮਹਿਂਗਾਈ ਵੱਧਦੀ ਹੈ ਤਾਂ ਆਪਸੀ ਸਬੰਧ ਨਿਘਰਦੇ ਹਨ ਅਤੇ ਪਿਆਰ ਅਤੇ ਮੋਹ ਦੇ ਰਿਸ਼ਤੇ ਵੀ ਬੋਝਲ ਅਤੇ ਓਪਰੇ ਪ੍ਰਤੀਤ ਹੋਣ ਲਗ ਪੈਂਦੇ ਹਨ।

ਮਹਿਂਗਾਈ ਦੇ ਵਧਣ ਨਾਲ ਮਾਪਿਆਂ ਵਿਚ ਬੱਚਿਆਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਸਮਰੱਥਾ ਘਟਦੀ ਹੈ ਅਤੇ ਬੱਚਿਆਂ ਦੀ ਮਾਰ-ਕੁਟਾਈ ਵਧਦੀ ਹੈ। ਪਤਨੀ ਦਾ ਸੋਚਿਆ ਹੋਇਆ ਪਰਿਵਾਰਕ ਜੀਵਨ ਦਾ ਮਿਆਰ ਬਣਾਈ ਰੱਖਣਾ ਸੰਭਵ ਨਹੀਂ ਰਹਿੰਦਾ, ਸੋ ਤੋੜ-ਵਿਛੋੜਾ ਅਤੇ ਤਲਾਕ ਵੱਧਦੇ ਹਨ।

ਮਹਿਂਗਾਈ ਮਨੁੱਖ ਨੂੰ ਨੈਤਿਕ ਪੱਖੋਂ ਕਮਜ਼ੋਰ ਕਰਦੀ ਹੈ, ਸੋ ਮਨੁੱਖ ਸਤਿਕਾਰ ਵਾਲੇ ਰਿਸ਼ਤਿਆਂ ਵਲ ਵੀ, ਅਪਮਾਨਜਨਕ ਢੰਗ ਨਾਲ ਪੇਸ਼ ਆਉਂਦਾ ਹੈ।

ਮਹਿਂਗਾਈ ਕਾਰਨ ਮਾਪਿਆਂ ਦੀ ਸੰਤਾਨ 'ਤੇ ਨਿਰਭਰਤਾ ਵੱਧਦੀ ਹੈ ਪਰ ਉਸੇ ਮਹਿਂਗਾਈ ਕਾਰਨ ਸੰਤਾਨ ਵਿਚ ਮਾਪਿਆਂ ਵਲ ਆਪਣੇ ਫਰਜ਼ ਪੂਰੇ ਕਰਨ ਦੀ ਸਮਰੱਥਾ ਘਟਦੀ ਹੈ।

ਮਹਿਂਗਾਈ, ਕਿਰਾਏਦਾਰ ਅਤੇ ਮਾਲਕ-ਮਕਾਨ, ਕਰਜ਼ਈ ਅਤੇ ਸ਼ਾਹੂਕਾਰ, ਕਿਸਾਨ

ਅਤੇ ਆੜ੍ਹਤੀ, ਉਧਾਰ ਲੈਣ ਵਾਲੇ ਗਾਹਕ ਅਤੇ ਦੁਕਾਨਦਾਰ, ਵਿਚਲੇ ਸਾਰਿਆਂ ਸਬੰਧਾਂ ਨੂੰ ਪ੍ਰਭਾਵਿਤ ਕਰਦੀ ਹੈ।

ਇਸੇ ਸਮੇਂ ਸਕੂਲਾਂ ਦੀਆਂ ਫੀਸਾਂ ਵੱਧਦੀਆਂ ਹਨ, ਦਵਾਈਆਂ ਮਹਿੰਗੀਆਂ ਹੁੰਦੀਆਂ ਹਨ, ਰਸੋਈ ਵਿਚ ਆਉਣ ਵਾਲੀਆਂ ਚੀਜ਼ਾਂ ਦੀ ਮਾਤਰਾ ਘਟਦੀ ਹੈ ਅਤੇ ਕਈ ਵਸਤਾਂ, ਚੀਜ਼ਾਂ ਪਰਿਵਾਰ ਦੀ ਪਹੁੰਚ ਤੋਂ ਬਾਹਰ ਹੋ ਜਾਂਦੀਆਂ ਹਨ।

ਸੈਰ-ਸਪਾਟੇ ਦੀ ਸੰਭਾਵਨਾ ਘਟਦੀ ਹੈ ਅਤੇ ਇਕ ਥਾਂ ਲਗਾਤਾਰ ਰਹੀ ਜਾਣ ਅਤੇ ਨਿੱਤ-ਦਿਨ ਇਕੋ ਪ੍ਰਕਾਰ ਦਾ ਜੀਵਨ ਜਿਉਣ ਦੀ ਮਜਬੂਰੀ, ਸੁਭਾਅ ਵਿਚ ਚਿੜਚਿੜਾਪਣ, ਗੁੱਸਾ, ਸ਼ੱਕ ਆਦਿ ਤਾਂ ਵਧਾਉਂਦੀ ਹੀ ਹੈ, ਇਸ ਨਾਲ ਕਤਲ ਕਰਨ ਅਤੇ ਆਤਮ-ਹੱਤਿਆ ਦੀ ਬਿਰਤੀ ਵੀ ਬਲਵਾਨ ਹੁੰਦੀ ਹੈ।

ਜੀਵਨ ਵਿਚ ਕਾਹਲ ਪਸਰਦੀ ਹੈ, ਜਿਹੜੀ ਸਮੁੱਚੇ ਵਿਹਾਰ ਨੂੰ ਵਿਗਾੜ ਦਿੰਦੀ ਹੈ। ਇਸ ਵਿਗਾੜ ਕਾਰਨ ਪਤੀ-ਪਤਨੀ, ਭੈਣ-ਭਰਾ, ਆਂਢ-ਗੁਆਂਢ ਆਦਿ ਜਿਹੇ ਰਿਸ਼ਤੇ ਵੀ ਵਿਗੜਦੇ ਹਨ ਅਤੇ ਅਜਿਹੇ ਵਿਅਕਤੀਆਂ ਵਿਚ ਆਪਣੀ ਗੱਲ ਸੁਣਾਉਣ ਦੀ ਬਿਰਤੀ ਵੱਧਦੀ ਹੈ ਪਰ ਸੁਣਨ ਦੀ ਸੰਭਾਵਨਾ ਘਟਦੀ ਹੈ।

ਉਕਤਾਹਟ ਕਾਰਨ ਖਾਣ-ਪੀਣ-ਹੰਢਾਉਣ ਦੀ ਭੁੱਖ ਵਾਲੀ ਇਹ ਸਥਿਤੀ ਨਾਜਾਇਜ਼ ਰਿਸ਼ਤਿਆਂ ਵਿਚ ਪ੍ਰਗਟ ਹੁੰਦੀ ਹੈ ਜਦੋਂ ਕਿ ਨਾਜਾਇਜ਼ ਰਿਸ਼ਤੇ ਮਨ ਨੂੰ ਸੱਜਰਾਪਣ ਦੇਣ ਦੀ ਥਾਂ ਦੋਸ਼-ਭਾਵਨਾ ਨੂੰ ਸਿਰਜਦੇ ਹਨ।

ਇਹ ਭਾਵਨਾ ਮਨੁੱਖ ਨੂੰ ਆਪਣੇ ਆਪ ਵਿਚ ਸੁੰਗੜਨ ਲਈ ਬੇਵਸ ਕਰਦੀ ਹੈ। ਬੇਵਸ ਅਤੇ ਮਜਬੂਰ ਵਿਅਕਤੀ ਸਮਾਜ ਦੇ ਸਮੁੱਚੇ ਵਾਤਾਵਰਣ ਨੂੰ ਪੀੜਤ ਕਰਦੇ ਹਨ।

ਅਜਿਹੇ ਵਿਅਕਤੀਆਂ ਦੇ ਹਾਸਿਆਂ ਵਿਚ ਵੀ ਵੈਣ ਸੁਣਾਈ ਦਿੰਦੇ ਹਨ।

ਅਜਿਹੀ ਸਥਿਤੀ ਕਾਰਨ ਆਪਣੀ ਆਮਦਨ ਵਧਾਉਣ ਲਈ ਲੋਕਾਂ ਵਲੋਂ ਭ੍ਰਿਸ਼ਟ ਢੰਗ-ਤਰੀਕੇ ਅਪਨਾਏ ਜਾਂਦੇ ਹਨ ਅਤੇ ਇਨ੍ਹਾਂ ਢੰਗਾਂ ਕਾਰਨ ਸਮੁੱਚਾ ਜੀਵਨ ਬੇਅਸੂਲਾ ਅਤੇ ਬੇਮੁਹਾਰਾ ਹੋ ਜਾਂਦਾ ਹੈ।

ਅਕਸਰ ਕਲਪਨਾ, ਥੁੜ੍ਹਾਂ ਨੂੰ ਵਧਾ ਕੇ ਪੇਸ਼ ਕਰਦੀ ਹੈ ਜਦੋਂ ਕਿ ਤਰਕ ਘਟਾ ਕੇ ਪੇਸ਼ ਕਰਦਾ ਹੈ। ਗਿਆਨ ਇਨ੍ਹਾਂ ਵਿਚਕਾਰ ਸੰਤੁਲਨ ਸਥਾਪਤ ਕਰਦਾ ਹੈ। ਮਹਿੰਗਾਈ ਦੌਰਾਨ ਕਲਪਨਾ, ਤਰਕ ਅਤੇ ਗਿਆਨ ਨੂੰ ਅਧਰੰਗ ਹੋ ਗਿਆ ਪ੍ਰਤੀਤ ਹੁੰਦਾ ਹੈ।

ਸਾਡੇ ਕੋਲ ਸੂਚਨਾ ਦੀ ਮਾਤਰਾ ਤਾਂ ਵੱਧ ਰਹੀ ਹੈ ਪਰ ਗਿਆਨ ਦੇ ਪੱਖੋਂ ਅਸੀਂ ਹਰ ਬੀਤਦੇ ਦਿਨ ਨਾਲ ਗਰੀਬ ਹੁੰਦੇ ਜਾ ਰਹੇ ਹਾਂ।

ਬੰਦੇ ਕੋਲ ਆਰਾਮ ਕਰਨ ਉਪਰੰਤ ਜੇ ਕੋਈ ਲਾਹੇਵੰਦਾ ਕੰਮ ਨਾ ਹੋਵੇ ਤਾਂ ਉਹ ਦੂਜਿਆਂ ਨੂੰ ਵੀ ਥਕਾ ਦਿੰਦਾ ਹੈ।

ਮਹਿੰਗਾਈ ਆਰਾਮ ਦੀ ਸੰਭਾਵਨਾ ਨੂੰ ਕੁਚਲਦੀ ਹੈ ਅਤੇ ਕੰਮ ਵਿਚੋਂ ਤਸੱਲੀ ਨੂੰ ਖਾਰਜ ਕਰਦੀ ਹੈ। ਮਹਿੰਗਾਈ ਕਾਰਨ, ਜੋ ਪਿਆਰ ਕਰਨ ਯੋਗ ਹੁੰਦਾ ਹੈ, ਉਸ ਨੂੰ ਪਿਆਰ ਵੀ ਨਹੀਂ ਕੀਤਾ ਜਾ ਸਕਦਾ।

ਮਹਿੰਗਾਈ ਕਾਰਨ ਝੂਠ ਬੋਲਣ ਦੀ ਬਿਰਤੀ ਹੀ ਨਹੀਂ ਵੱਧਦੀ, ਸਗੋਂ ਇਤਬਾਰ ਕਰਨ ਦੇ ਅਵਸਰ ਵੀ ਘਟਦੇ ਹਨ।

ਮਹਿੰਗਾਈ ਅਨੇਕਾਂ ਥੁੜ੍ਹਾਂ ਦਾ ਅਹਿਸਾਸ ਕਰਵਾਉਂਦੀ ਹੈ।

ਕਿਸੇ ਹੱਦ ਤੱਕ ਥੁੜ੍ਹਾਂ ਸਾਡੇ ਜੀਵਨ ਨੂੰ ਅਰਥ ਪ੍ਰਦਾਨ ਕਰਦੀਆਂ ਹਨ ਪਰ ਜਦੋਂ ਸਾਡਾ ਵਾਸਤਾ ਕੇਵਲ ਥੁੜ੍ਹਾਂ ਨਾਲ ਹੀ ਪਵੇ ਤਾਂ ਜੀਵਨ ਨਿਰਰਥਕ ਹੋ ਜਾਂਦਾ ਹੈ।

ਜੇ ਥੁੜ੍ਹਾਂ ਨਾ ਹੁੰਦੀਆਂ ਤਾਂ ਜ਼ਿੰਦਗੀ ਬੜੀ ਨੀਰਸ ਹੋਣੀ ਸੀ, ਜੇ ਦਰਿਆ ਵਿਚ ਪੱਥਰ ਨਾ ਹੁੰਦੇ ਤਾਂ ਦਰਿਆ ਦੇ ਪਾਣੀਆਂ ਦਾ ਸੰਗੀਤ ਨਹੀਂ ਹੋਣਾ ਸੀ।

ਮਹਿੰਗਾਈ ਨਾਲ ਜਦੋਂ ਥੁੜ੍ਹਾਂ ਉਪਜਦੀਆਂ ਹਨ ਤਾਂ ਦੂਜਿਆਂ ਦੀਆਂ ਥੁੜ੍ਹਾਂ ਵਲ ਧਿਆਨ ਦੇਣ ਦੀ ਬਿਰਤੀ ਘਟਦੀ ਹੈ।

ਥੁੜ੍ਹਾਂ ਚਿੰਤਾ ਉਪਜਾਉਂਦੀਆਂ ਹਨ ਅਤੇ ਥੁੜ੍ਹਾਂ ਦੀ ਪੂਰਤੀ ਨਾ ਹੋਣ ਦੀ ਚਿੰਤਾ ਹੋਰ ਚਿੰਤਾ ਉਪਜਾਉਂਦੀ ਹੈ।

ਮਹਿੰਗਾਈ ਕਾਰਨ ਪਿਆਰ ਦੀ ਵੀ ਥੁੜ੍ਹ ਉਪਜਦੀ ਹੈ, ਇਸੇ ਥੁੜ੍ਹ ਵਿਚੋਂ ਨਫ਼ਰਤ ਜਨਮ ਲੈਂਦੀ ਹੈ। ਬਹੁਤੇ ਲੋਕ ਨਫ਼ਰਤ ਨਾਲ ਇਸ ਕਰ ਕੇ ਚਿਮੜੇ ਰਹਿੰਦੇ ਹਨ, ਕਿਉਂਕਿ ਇਹ ਮਹਿੰਗੀ ਹੋਣ ਦੀ ਥਾਂ ਹੋਰ ਸੌਸਤੀ ਹੋ ਰਹੀ ਹੈ।

ਨਫ਼ਰਤ ਇਸ ਲਈ ਵੀ ਜਾਰੀ ਰੱਖੀ ਜਾਂਦੀ ਹੈ, ਕਿਉਂਕਿ ਇਸ ਦੇ ਮੁੱਕ ਜਾਣ 'ਤੇ ਸਾਨੂੰ ਦਰਦ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੰਮ ਵਾਲੀ ਥਾਂ 'ਤੇ ਮਹਿੰਗਾਈ ਕਾਰਨ, ਅਸੀਂ ਮੁਹਾਵਰਾ ਪਿਆਰ ਵਾਲਾ ਵਰਤਦੇ ਹਾਂ ਪਰ ਕਰਦੇ ਦੂਜਿਆਂ ਨੂੰ ਨਫ਼ਰਤ ਹਾਂ।

ਹਰ ਇਕ ਰਿਸ਼ਤੇ ਵਿਚ ਦਰਦ ਦੀ ਸਾਂਝ ਹੁੰਦੀ ਹੈ ਪਰ ਜਿਹੜੇ ਰਿਸ਼ਤਿਆਂ ਦੀ ਸਿੰਜਾਈ ਨਫ਼ਰਤ ਨਾਲ ਕੀਤੀ ਜਾਂਦੀ ਹੈ, ਉਥੇ ਮੁਆਫ਼ ਕਰਨ ਅਤੇ ਭੁੱਲ ਜਾਣ ਦਾ ਸਲੀਕਾ ਘਟਦਾ ਹੈ ਅਤੇ ਦੂਜਿਆਂ ਦੀਆਂ ਭੁੱਲਣਯੋਗ ਵਧੀਕੀਆਂ ਅਤੇ ਅਣਡਿੱਠ ਕਰਨ ਯੋਗ ਵਿਹਾਰ ਨੂੰ ਵੀ ਯਾਦ ਰੱਖ-ਰੱਖ ਕੇ ਅਸੀਂ ਬਦਲਾ ਲੈਣ ਦੀ ਤਾੜ ਵਿਚ ਰਹਿੰਦੇ ਹਾਂ।

ਇਵੇਂ ਸਾਡੇ ਮਨ ਦਾ ਖੇਤਰਫਲ ਸੁੰਗੜਦਾ ਹੈ। ਆਪਸੀ ਸਬੰਧਾਂ ਦੇ ਰੰਗ ਖੁਰ ਜਾਂਦੇ ਹਨ ਅਤੇ ਦੇਣ-ਲੈਣ ਵਿਚੋਂ ਪ੍ਰਸੰਨਤਾ ਉਡ ਜਾਂਦੀ ਹੈ।

ਪਿਆਰ ਵਿਚ ਸਭ ਪ੍ਰਕਾਰ ਦੀਆਂ ਹਾਰਾਂ, ਘਾਟਾਂ, ਥੁੜ੍ਹਾਂ, ਮਜਬੂਰੀਆਂ, ਮਾਯੂਸੀਆਂ, ਧੋਖਿਆਂ ਆਦਿ ਨੂੰ ਪਿੱਛੇ ਛੱਡ ਕੇ ਅੱਗੇ ਲੰਘ ਜਾਣ ਦੀ ਸ਼ਕਤੀ ਹੁੰਦੀ ਹੈ ਪਰ ਕਿਸੇ ਨੂੰ ਪਿਆਰ ਕੀਤਾ ਤਾਂ ਹੀ ਜਾ ਸਕਦਾ ਹੈ, ਜਦੋਂ ਜੀਵਨ ਵਿਚ ਤਾਲ-ਮੇਲ, ਟਿਕਾਓ, ਭਰੋਸਾ, ਦਿਲਚਸਪੀ ਅਤੇ ਸੰਤੁਲਨ ਹੋਵੇ।

ਮਹਿੰਗਾਈ ਕਾਰਨ ਸੁਆਰਥ ਅਤੇ ਲਾਲਚ, ਖੋਹਣਾ ਅਤੇ ਲੁੱਟਣਾ ਵੱਧਦੇ ਹਨ।

ਪਿਆਰ ਵਿਚ ਵੀ ਨਫ਼ੇ-ਨੁਕਸਾਨ ਦੀ ਬਿਰਤੀ ਪਸਰਨ ਕਾਰਨ ਪੁਰਸ਼, ਇਸਤਰੀ ਨੂੰ ਬਿਸਤਰੇ ਵੱਲ ਅਤੇ ਇਸਤਰੀ ਪੁਰਸ਼ ਨੂੰ ਲਾਵਾਂ-ਫੇਰਿਆਂ ਵੱਲ ਖਿੱਚਦੀ ਹੈ।

ਮਹਿੰਗਾਈ ਸਾਨੂੰ ਸੁਆਰਥੀ, ਲਾਲਚੀ ਅਤੇ ਕਮੀਨਾ ਬਣਾਉਂਦੀ ਹੈ।

ਮਹਿੰਗਾਈ ਵਿਚ ਝਗੜੇ ਲੰਮੇ ਹੋ ਜਾਂਦੇ ਹਨ ਅਤੇ ਝਗੜਿਆਂ ਵਿਚੋਂ ਬੀਮਾਰ ਮਨੋਰੰਜਨ ਪ੍ਰਾਪਤ ਕੀਤਾ ਜਾਂਦਾ ਹੈ। ਦੂਜਿਆਂ ਨੂੰ ਮੁਸ਼ਕਿਲ ਵਿਚ ਵੇਖ ਕੇ ਅਸੀਂ ਅਜਿਹੇ ਅਵਸਰ ਤੋਂ ਲਾਭ ਉਠਾਉਣਾ ਚਾਹੁੰਦੇ ਹਾਂ।

ਲੰਮੇ ਝਗੜੇ ਇਸ ਗੱਲ ਦੀ ਗਵਾਹੀ ਹੁੰਦੇ ਹਨ ਕਿ ਦੋਵੇਂ ਧਿਰਾਂ ਗ਼ਲਤ ਹਨ।

ਝਗੜੇ, ਅਸੀਂ ਆਪਣੇ ਅਧੂਰੇਪਣ ਦੇ ਅਨੁਪਾਤ ਵਿਚ ਉਪਜਾਉਂਦੇ ਹਾਂ।

ਮਹਿੰਗਾਈ ਕਾਰਨ ਧੋਖਾ ਦੇਣ ਦੀ ਆਦਤ ਵੱਧਦੀ ਹੈ ਅਤੇ ਧੋਖੇ ਨੂੰ ਅਸੀਂ ਮਜਬੂਰੀ ਕਹਿ ਕੇ ਆਪਣੇ ਵਿਹਾਰ ਨੂੰ ਸਹੀ ਠਹਿਰਾਉਂਦੇ ਹਾਂ।

ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਕੀਮਤਾਂ ਦਾ ਸਥਿਰ ਨਾ ਰਹਿਣਾ ਹੁੰਦਾ ਹੈ।

ਭ੍ਰਿਸ਼ਟਾਚਾਰ ਰਾਹੀਂ ਅਸੀਂ ਆਪਣੀਆਂ ਇੱਛਾਵਾਂ ਨੂੰ ਵੀ ਲੋੜਾਂ ਬਣਾ ਲੈਂਦੇ ਹਾਂ।

ਭ੍ਰਿਸ਼ਟਾਚਾਰ ਚਰਮ ਸੀਮਾ 'ਤੇ ਉਦੋਂ ਪਹੁੰਚਦਾ ਹੈ ਜਦੋਂ ਈਮਾਨਦਾਰੀ ਹਾਸੇ-ਮਖੌਲ ਦਾ ਵਿਸ਼ਾ ਬਣ ਜਾਂਦੀ ਹੈ ਅਤੇ ਮਨੁੱਖ ਭਾਵਕ ਪੱਖੋਂ ਬਾਂਝ ਅਤੇ ਬੰਜਰ ਹੋ ਜਾਂਦੇ ਹਨ।

ਸਾਰੇ ਲੋਕ ਮਹਿੰਗਾਈ ਨਾਲ ਟਾਕਰਾ ਨਹੀਂ ਕਰ ਸਕਦੇ, ਸੋ ਸਰੀਰਕ ਅਤੇ ਮਾਨਸਿਕ ਸੰਤੁਲਨ ਦੇ ਵਿਗੜਨ ਕਾਰਨ ਜੇਲ੍ਹਾਂ, ਹਸਪਤਾਲਾਂ ਅਤੇ ਪਾਗਲਖਾਨਿਆਂ ਵਿਚ ਭੀੜਾਂ ਵੱਡੀਆਂ ਹੁੰਦੀਆਂ ਜਾਂਦੀਆਂ ਹਨ।

ਮਹਿੰਗਾਈ ਦੇ ਵੱਧਣ ਨਾਲ ਆਰਥਿਕ ਦੌੜ ਵਧੇਰੇ ਲੰਮੀ ਅਤੇ ਥਕਾਊ ਹੋਣ ਕਾਰਨ ਰਲ-ਮਿਲ ਬੈਠਣ ਅਤੇ ਹੱਸਣ-ਖੇਡਣ ਦੇ ਅਵਸਰ ਘਟ ਰਹੇ ਹਨ।

ਸਾਡੇ ਵਿਚ ਦੂਜਿਆਂ ਦੇ ਗੁਣ ਪਛਾਣਨ ਦੀ ਯੋਗਤਾ ਵੀ ਘਟ ਰਹੀ ਹੈ ਅਤੇ ਦੂਜਿਆਂ ਵਿਚਲੇ ਦੋਸ਼ ਲੱਭਣ ਦੀ ਆਦਤ ਵੱਧ ਰਹੀ ਹੈ। ਕਿਸੇ ਦਾ ਧੰਨਵਾਦੀ ਹੋਣ ਦੀ ਥਾਂ ਸ਼ਿਕਾਇਤਾਂ ਵਧੇਰੇ ਕੀਤੀਆਂ ਜਾ ਰਹੀਆਂ ਹਨ। ਇੱਛਾ, ਜੀਵਨ-ਪੱਧਰ ਉੱਚਾ ਕਰਨ ਦੀ ਹੁੰਦੀ ਹੈ ਪਰ ਮਹਿੰਗਾਈ ਕਾਰਨ ਪਰਿਸਥਿਤੀਆਂ ਵਰਤਮਾਨ ਪੱਧਰ ਨੂੰ ਬਰਕਰਾਰ ਰੱਖਣ ਦੇ ਪੱਖੋਂ ਵੀ ਵਿਰੋਧੀ ਹੁੰਦੀਆਂ ਹਨ।

ਕੁਝ ਦਹਾਕੇ ਪਹਿਲਾਂ ਜਦੋਂ ਕੋਲੇ ਦੀਆਂ ਖਾਣਾਂ ਵਿਚ ਬਿਜਲੀ ਲਾ ਦਿੱਤੀ ਗਈ ਤਾਂ ਰੌਸ਼ਨੀ ਵਿਚ ਕਾਮਿਆਂ ਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਉਹ ਕਿਤਨੀਆਂ ਖਤਰਨਾਕ ਹਾਲਤਾਂ ਵਿਚ ਕੰਮ ਕਰਦੇ ਰਹੇ ਸਨ, ਸੋ ਬਿਜਲੀ ਦੀ ਰੌਸ਼ਨੀ ਨੇ ਉਨ੍ਹਾਂ ਦੇ ਹੌਸਲੇ ਉਚੇ ਕਰਨ ਦੀ ਥਾਂ ਉਨ੍ਹਾਂ ਨੂੰ ਨਿਰਾਸ ਕਰ ਦਿੱਤਾ। ਇਸ ਨਿਰਾਸਤਾ ਵਿਚੋਂ ਮਾਲਕਾਂ ਨਾਲ ਟਕਰਾਓ ਉਪਜਿਆ ਅਤੇ ਵਧੇਰੇ ਉਜਰਤ ਦੀ ਮੰਗ ਪੈਦਾ ਹੋਈ।

ਹੜਤਾਲਾਂ ਦੇ ਵੱਧਣ ਦਾ ਕਾਰਨ ਵੀ ਇਹ ਹੁੰਦਾ ਹੈ ਕਿ ਵਰਤਮਾਨ ਆਮਦਨ ਨਾਲ ਗੁਜ਼ਾਰਾ ਕਰਨਾ ਸੰਭਵ ਨਹੀਂ ਰਿਹਾ। ਹੜਤਾਲ ਹੋਣ ਦੀ ਸੂਰਤ ਵਿਚ, ਦੋਹਾਂ ਧਿਰਾਂ ਵਿਚ ਅਵਿਸ਼ਵਾਸ ਦੀ ਭਾਵਨਾ ਵੱਧਦੀ ਹੈ।

ਭਾਵੇਂ ਮੰਗਾਂ ਜਾਇਜ਼ ਹੋਣ ਪਰ ਉਹ ਇਸ ਲਈ ਨਹੀਂ ਮੰਨੀਆਂ ਜਾਂਦੀਆਂ, ਕਿਉਂਕਿ ਉਨ੍ਹਾਂ ਨੂੰ ਮੰਨਣਾ ਪ੍ਰਬੰਧਕਾਂ ਦੀ ਕਮਜ਼ੋਰੀ ਗਿਣੀ ਜਾਵੇਗੀ।

ਦੂਜੇ ਪਾਸੇ ਕਈ ਅੰਦੋਲਨ ਕੇਵਲ ਆਗੂ ਬਣੇ ਰਹਿਣ ਦੀ ਲਾਲਸਾ ਅਧੀਨ ਆਰੰਭੇ ਜਾਂਦੇ ਹਨ ਅਤੇ ਸਮਝੌਤਾ ਇਸ ਲਈ ਨਹੀਂ ਕੀਤਾ ਜਾਂਦਾ, ਕਿਉਂਕਿ ਸਮਝੌਤੇ ਦੀਆਂ ਸ਼ਰਤਾਂ ਵਧੀਆਂ ਹੋਈਆਂ ਆਸਾਂ ਤੋਂ ਬਹੁਤ ਨੀਵੀਆਂ ਹੁੰਦੀਆਂ ਹਨ। ਇਵੇਂ ਮਹਿੰਗਾਈ ਕਾਰਨ ਰੋਜ਼ਗਾਰ ਵਾਲੀ ਥਾਂ 'ਤੇ ਆਪਸੀ ਸਬੰਧ, ਵਿਸ਼ਵਾਸ ਦੀ ਥਾਂ ਸ਼ੱਕ ਦਾ ਸ਼ਿਕਾਰ ਹੋ ਜਾਂਦੇ ਹਨ।

ਮਾਲਕ-ਮਕਾਨ ਅਤੇ ਕਿਰਾਏਦਾਰ ਵਿਚ ਵੀ ਅੰਤ ਨੂੰ ਸਬੰਧ ਵਿਗੜਨੇ ਹੁੰਦੇ ਹਨ, ਕਿਉਂਕਿ ਮੁੱਢ ਵਿਚ ਨਿਰਧਾਰਤ ਕੀਤਾ ਹੋਇਆ ਕਿਰਾਇਆ, ਮਹਿੰਗਾਈ ਦੇ ਵੱਧਣ ਨਾਲ ਨਿਗੂਣਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਮਕਾਨ ਬਦਲਣ ਦੀ ਸੂਰਤ ਵਿਚ, ਨਵਾਂ ਮਕਾਨ ਛੋਟਾ ਹੁੰਦਾ ਹੈ ਅਤੇ ਕਿਰਾਇਆ ਪਹਿਲੇ ਨਾਲੋਂ ਵੱਧ ਹੁੰਦਾ ਹੈ।

ਮਿਲਾਵਟ ਦੇ ਪਿੱਛੇ ਵੀ ਕਾਰਨ, ਅਸਿੱਧੇ ਢੰਗ ਨਾਲ ਮਹਿੰਗਾਈ ਦਾ ਮੁਕਾਬਲਾ ਕਰਨ ਲਈ, ਆਪਣੀ ਆਮਦਨ ਵਧਾਉਣਾ ਹੁੰਦਾ ਹੈ।

ਸਬੰਧ ਕਿਹੋ ਜਿਹੇ ਵੀ ਹੋਣ, ਉਨ੍ਹਾਂ ਉਤੇ ਮਹਿੰਗਾਈ ਦਾ ਅਸਰ ਅਵੱਸ਼ ਪੈਂਦਾ ਹੈ, ਕਿਉਂਕਿ ਹਰ ਇਕ ਰਿਸ਼ਤਾ ਅੰਤਲੇ ਰੂਪ ਵਿਚ ਆਰਥਿਕ ਰਿਸ਼ਤਾ ਹੋ ਨਿਬੜਦਾ ਹੈ।

ਮੰਡੀਆਂ ਦੇ ਵੱਡੇ ਹੋਣ ਨਾਲ ਸਾਨੂੰ ਇਹ ਪਤਾ ਹੀ ਨਹੀਂ ਲਗਦਾ ਕਿ ਮਹਿੰਗਾਈ ਲਈ ਅਸਲ ਜ਼ਿੰਮੇਵਾਰ ਕੌਣ ਹੈ ਪਰ ਮਹਿੰਗਾਈ ਬੜੇ ਸੂਖਮ ਪਰ ਪ੍ਰਤੱਖ ਢੰਗ ਨਾਲ ਸਾਡੇ ਵਿਹਾਰ ਨੂੰ ਵਿਗਾੜਦੀ, ਆਪਸੀ ਸਬੰਧਾਂ ਨੂੰ ਤੋੜਦੀ, ਗੱਲਬਾਤ ਵਿਚ ਗਾਲ੍ਹਾਂ ਦੀ ਮਾਤਰਾ ਨੂੰ ਵਧਾਉਂਦੀ, ਚਿੰਤਾ ਲਾਉਂਦੀ, ਧੋਖਾ ਦੇਣ ਦੇ ਰਾਹ ਖੋਲ੍ਹਦੀ ਹੈ ਅਤੇ ਝੂਠ ਬੋਲਣ ਦੀ ਆਦਤ ਨੂੰ ਪੱਕਾ ਕਰਨ ਵਿਚ ਪ੍ਰਗਟ ਹੁੰਦੀ ਹੈ।

ਜਦੋਂ ਤੁਸੀਂ ਖੰਡ ਖਰੀਦਦੇ ਹੋ ਤਾਂ ਇਕ ਪ੍ਰਕਾਰ ਨਾਲ ਗੰਨਾ ਉਗਾਉਣ ਵਾਲੇ ਕਿਸਾਨ, ਗੰਨਾ ਢੋਣ ਵਾਲੇ ਟਰੱਕ-ਮਾਲਕ, ਚੀਨੀ ਬਣਾਉਣ ਵਾਲੇ ਮਿੱਲ-ਮਾਲਕ, ਜਿਸ ਬੈਂਕ ਤੋਂ ਮਿੱਲ ਵਾਲੇ ਕਰਜ਼ਾ ਲੈਂਦੇ ਹਨ ਉਸ ਬੈਂਕ ਦੇ ਪ੍ਰਬੰਧਕ, ਟੈਕਸ ਲੈਣ ਵਾਲੇ ਸਰਕਾਰੀ ਮਹਿਕਮਿਆਂ ਦੇ ਅਫਸਰ, ਥੋਕ ਵਪਾਰੀ, ਹਟਵਾਣੀਏ ਆਦਿ ਅਨੇਕਾਂ ਹੀ ਵਿਅਕਤੀਆਂ ਨਾਲ ਤੁਸੀਂ ਅਸਿੱਧੇ ਤੌਰ 'ਤੇ ਸੰਪਰਕ ਵਿਚ ਆਉਂਦੇ ਹੋ ਪਰ ਖੰਡ ਦੇ ਮਹਿੰਗਾ ਹੋਣ ਦੀ ਸੂਰਤ ਵਿਚ ਤੁਸੀਂ ਦੋਸ਼ ਕੇਵਲ ਹਟਵਾਣੀਏ ਨੂੰ ਦਿੰਦੇ ਹੋ।

ਉਪਰੋਕਤ ਸਾਰੀਆਂ ਧਿਰਾਂ ਆਪਣੀ ਆਮਦਨ ਵਧਾਉਣ ਲਈ ਨਿਰੰਤਰ ਜ਼ੋਰ ਲਾਉਂਦੀਆਂ ਹਨ ਅਤੇ ਉਨ੍ਹਾਂ ਦੇ ਆਪਸੀ ਸਬੰਧ ਵਿਰੋਧ ਵਾਲੇ ਹੁੰਦੇ ਜਾਂਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਵੱਧਦੀਆਂ ਕੀਮਤਾਂ ਦੇ ਦੌਰ ਵਿਚ ਵਿਰੋਧੀ ਸਬੰਧਾਂ ਅਤੇ ਰਿਸ਼ਤਿਆਂ ਦੀਆਂ ਸਾਰੀਆਂ ਪਰਿਸਥਿਤੀਆਂ ਉਸਰਦੀਆਂ ਹਨ ਪਰ ਸਾਵੇਂ-ਸੁਖਾਵੇਂ ਮੇਲ-ਜੋਲ ਦੀਆਂ ਸੰਭਾਵਨਾਵਾਂ ਸੁੰਗੜਦੀਆਂ ਹਨ ਅਤੇ ਸਮੁੱਚੇ ਰੂਪ ਵਿਚ ਸਾਡਾ ਜੀਵਨ-ਪੱਧਰ ਨਿਘਰਦਾ ਹੈ।

ਅਜਿਹੀ ਸਥਿਤੀ ਵਿਚ ਇਕ ਹੋਰ ਪ੍ਰਵਿਰਤੀ ਜਨਮ ਲੈਂਦੀ ਹੈ। ਜਦੋਂ ਮਹਿੰਗਾਈ ਕਾਰਨ ਖੁਰਾਕ ਘਟਦੀ ਹੈ ਤਾਂ ਚਿਹਰੇ ਦੀ ਰੌਣਕ 'ਤੇ ਵੀ ਪ੍ਰਭਾਵ ਪੈਂਦਾ ਹੈ।

ਇਸ ਗੁਆਚੀ ਹੋਈ ਰੌਣਕ ਨੂੰ ਬਣਾਈ ਰੱਖਣ ਲਈ ਸੁਰਖੀ-ਪਾਊਡਰ ਦੀ ਵਰਤੋਂ ਵੱਧਦੀ ਹੈ, ਅਰਥਾਤ ਸਾਨੂੰ ਉਨ੍ਹਾਂ ਵਸਤਾਂ 'ਤੇ ਖਰਚ ਕਰਨਾ ਪੈਂਦਾ ਹੈ, ਜਿਹੜੀਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ ਪਰ ਜਿਨ੍ਹਾਂ ਦੀ ਸਾਨੂੰ ਲੋੜ ਨਹੀਂ ਹੋਣੀ ਚਾਹੀਦੀ ਅਰਥਾਤ ਮਜਬੂਰੀ ਵੱਸ ਅਸੀਂ ਵਰਤਣ ਲਈ ਬੇਵੱਸ ਹੁੰਦੇ ਹਾਂ।

ਇਹੀ ਹਾਲ ਕੱਪੜਿਆਂ ਦਾ ਹੁੰਦਾ ਹੈ। ਨਿੱਤ-ਨਵੇਂ ਫੈਸ਼ਨ ਅਤੇ ਇਸ਼ਤਿਹਾਰਬਾਜ਼ੀ ਦੇ ਉਪਰਾਲੇ ਸਾਨੂੰ ਜ਼ਮਾਨੇ ਨਾਲੋਂ ਪੱਛੜ ਜਾਣ ਦਾ ਅਹਿਸਾਸ ਕਰਵਾਉਂਦੇ ਹਨ। ਜ਼ਮਾਨੇ ਨਾਲ ਚਲਣ ਦੀ ਇੱਛਾ ਅਧੀਨ ਅਸੀਂ ਢੇਰ ਫ਼ਜ਼ੂਲ ਖਰਚ ਕਰਨ ਲਈ ਮਜਬੂਰ ਹੁੰਦੇ ਹਾਂ।

ਇਹ ਸਾਰੀਆਂ ਮਜਬੂਰੀਆਂ ਸਾਨੂੰ ਆਪਣੀ ਈਮਾਨਦਾਰੀ ਤਿਆਗ ਕੇ ਹਰ ਸਾਧਨ ਨਾਲ ਵਧੇਰੇ ਪੈਸੇ ਕਮਾਉਣ ਲਈ ਬੇਵੱਸ ਕਰਦੀਆਂ ਹਨ। ਅਸੀਂ ਨਾ ਕੇਵਲ ਅਨਿਆਇਪੂਰਣ ਅਣਸੁਖਾਵੇਂ ਸਮਝੌਤੇ ਕਰਨ ਲਈ ਮਜਬੂਰ ਹੁੰਦੇ ਹਾਂ ਸਗੋਂ ਆਪਣੇ ਅਸੂਲਾਂ ਦੀ ਬਲੀ ਵੀ ਦੇਣ ਲਈ ਪਰੇਰੇ ਜਾਂਦੇ ਹਾਂ।

ਇਵੇਂ ਸਾਡੀ ਵੱਖਰੀ ਪਛਾਣ ਮੁੱਕ ਜਾਂਦੀ ਹੈ ਅਤੇ ਅਸੀਂ ਦੌੜੀ ਜਾਂਦੀ ਭੀੜ ਦਾ, ਪਿੱਛੇ ਰਹਿ ਗਿਆ, ਇਕ ਹਿੱਸਾ ਬਣ ਜਾਂਦੇ ਹਾਂ।

ਕਾਰਖਾਨਿਆਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਰੇਲਵੇ ਸਟੇਸ਼ਨਾਂ, ਬੱਸ-ਅੱਡਿਆਂ, ਸਰਕਾਰੀ ਦਫ਼ਤਰਾਂ, ਦੁਕਾਨਾਂ, ਬਾਜ਼ਾਰਾਂ, ਸ਼ਮਸ਼ਾਨਘਾਟਾਂ ਦਾ ਆਕਾਰ ਵੱਡਾ ਹੁੰਦਾ ਜਾ ਰਿਹਾ ਹੈ ਪਰ ਮਨੁੱਖ ਹਰੇਕ ਥਾਂ 'ਤੇ ਨਿੱਕਾ-ਛੋਟਾ-ਬੇਪਛਾਣ ਹੁੰਦਾ ਜਾ ਰਿਹਾ ਹੈ।

ਮਹਿੰਗਾਈ ਕਾਰਨ ਮਨੁੱਖ ਵਧੇਰੇ ਸੋਚਣ ਲੱਗ ਪਿਆ ਹੈ, ਸੋਚਣ ਨਾਲ ਦਰਦ ਵੱਧਦਾ ਹੈ, ਦਰਦ ਕੋਈ ਮਾਣ ਕਰਨ ਯੋਗ ਅਨੁਭਵ ਨਹੀਂ ਹੁੰਦਾ।

ਸੋਚਣ ਦੀ ਪ੍ਰਵਿਰਤੀ ਇਕ ਹੱਦ ਤੋਂ ਅੱਗੇ, ਸਨਕੀਪਣ, ਨਿਰਾਸ਼ਾਵਾਦ ਅਤੇ ਪਾਗਲਪਣ ਵਿਚ ਪ੍ਰਗਟ ਹੁੰਦੀ ਹੈ।

ਹਰ ਘਰ ਵਿਚ ਕੋਈ ਨਾ ਕੋਈ ਅਜਿਹਾ ਹੁੰਦਾ ਹੈ, ਜਿਸ ਦੀ ਸੁਰਤਾਲ ਬਾਕੀਆਂ ਨਾਲੋਂ ਵੱਖਰੀ ਹੁੰਦੀ ਹੈ। ਹਰ ਘਰ ਵਿਚ ਕੋਈ ਅਜਿਹਾ ਵਿਅਕਤੀ ਵੀ ਹੁੰਦਾ ਹੈ ਜੋ ਆਪਣੇ ਹਿੱਸੇ ਨਾਲੋਂ ਵਧੇਰੇ ਪ੍ਰਾਪਤ ਕਰਨਾ ਚਾਹੁੰਦਾ ਹੈ।

ਮਹਿੰਗਾਈ ਨਾਲ ਧੀਆਂ ਦੇ ਵਿਆਹ ਕਰਨੇ ਔਖੇ ਹੋ ਗਏ ਹਨ ਅਤੇ ਪੁੱਤਰਾਂ ਦੇ ਵਿਆਹ ਕਰਨ ਸਮੇਂ ਰਿਸ਼ਤਾ ਕਰਨ ਦੇ ਆਧਾਰ ਬਦਲ ਗਏ ਹਨ।

ਘਰ ਦੀ ਆਮਦਨ ਵਧਾਉਣ ਲਈ, ਇਸਤਰੀਆਂ ਨੌਕਰੀ ਕਰਨ ਲਈ ਮਜਬੂਰ ਹਨ ਅਤੇ ਉਨ੍ਹਾਂ ਦੀ ਇਹ ਮਜਬੂਰੀ ਉਨ੍ਹਾਂ ਵਿਚ ਇਹ ਦੋਸ਼-ਭਾਵਨਾ ਪੈਦਾ ਕਰਦੀ ਹੈ ਕਿ ਉਹ ਬੱਚਿਆਂ ਵਲ ਯੋਗ ਧਿਆਨ ਨਹੀਂ ਦੇ ਰਹੀਆਂ।

ਇਸਤਰੀਆਂ ਦੀ ਵੰਡੀ ਅਤੇ ਥੱਕੀ ਹੋਈ ਮਾਨਸਿਕਤਾ ਆਪਣੀ ਕਿਸਮ ਦੀਆਂ ਸਮੱਸਿਆਵਾਂ ਉਪਜਾ ਰਹੀ ਹੈ।

ਜਿਸ ਬਰਾਬਰੀ, ਆਜ਼ਾਦੀ ਅਤੇ ਸਵੈ-ਨਿਰਭਰਤਾ ਨੂੰ ਇਸਤਰੀ ਨੇ ਵਰਦਾਨ ਸਮਝਿਆ ਸੀ, ਉਹ ਸਰਾਪ ਬਣ ਗਈ ਹੈ।

ਆਰਥਿਕ ਖੇਤਰ ਵਿਚ ਵਿਚਰਣ ਕਾਰਨ ਇਸਤਰੀ ਨੂੰ ਵੀ ਮਹਿੰਗਾਈ ਦਾ ਸਿੱਧਾ ਅਨੁਭਵ ਹੋਣ ਲੱਗ ਪਿਆ ਹੈ ਅਤੇ ਉਸ ਦੇ ਪ੍ਰਤੀਕਰਮ ਇਸਤਰੀਆਂ ਵਾਲੇ ਨਹੀਂ, ਪੁਰਸ਼ਾਂ ਵਾਲੇ ਹੋ ਗਏ ਹਨ ਅਰਥਾਤ ਇਸਤਰੀ ਦੇ ਵਿਹਾਰ ਵਿਚੋਂ ਇਸਤਰੀ ਵਾਲੇ ਗੁਣ ਲੋਪ ਹੁੰਦੇ ਜਾ ਰਹੇ ਹਨ ਅਤੇ ਪੁਰਸ਼ ਵਾਲੀ ਕਰੂਪ, ਸੁਆਰਥੀ ਅਤੇ ਨਿਰਦਈ ਆਰਥਿਕ ਬਿਰਤੀ ਪ੍ਰਗਟ ਹੋਣ ਲਗ ਪਈ ਹੈ।

ਇਨ੍ਹਾਂ ਕਾਰਨਾਂ ਕਰ ਕੇ ਹੀ ਪਤੀ-ਪਤਨੀ ਦੇ ਆਪਸੀ ਸਬੰਧ ਨਿੱਘੇ ਹੋਣ ਦੀ ਥਾਂ ਰੁੱਖੇ ਅਤੇ ਠੰਢੇ, ਸੱਜਰੇ ਹੋਣ ਦੀ ਥਾਂ ਥੱਕੇ ਹੋਏ ਅਤੇ ਬੇਹੇ ਹੋ ਗਏ ਹਨ।

ਅਜਿਹੀ ਹਾਲਤ ਵਿਚ ਬੱਚਿਆਂ ਦਾ ਗੁਸਤਾਖ਼, ਠੰਢੇ, ਗ਼ੈਰ-ਜ਼ਿੰਮੇਵਾਰ, ਲਾਪ੍ਰਵਾਹ ਅਤੇ ਨਿਰਮੋਹੀ ਹੋਣਾ ਲਾਜ਼ਮੀ ਹੈ। ਪਿਆਰ ਦੀ ਘਾਟ ਨੂੰ ਪੂਰਾ ਕਰਨ ਲਈ, ਬੱਚੇ ਆਪਣੀਆਂ ਮੰਗਾਂ ਦੀ ਸੂਚੀ ਲੰਮੀ ਕਰਦੇ ਹਨ।

ਮਾਯੂਸੀਆਂ ਅਤੇ ਮਜਬੂਰੀਆਂ ਦੇ ਵਾਤਾਵਰਣ ਵਿਚ, ਕੁਝ ਵੀ ਮੌਲਿਕ ਕਰਨ ਅਤੇ ਸੋਚਣ ਦੀ ਸਮਰੱਥਾ ਘਟਦੀ ਹੈ ਅਤੇ ਹਰੇਕ ਵਿਚ ਦੂਜਿਆਂ ਦੀ ਨਕਲ ਮਾਰਨ ਦੀ ਪ੍ਰਵਿਰਤੀ ਵਿਚ ਵਾਧਾ ਹੁੰਦਾ ਹੈ।

ਜਦੋਂ ਰਿਸ਼ਤਿਆਂ ਵਿਚ ਨਿੱਘ ਨਾ ਹੋਵੇ ਤਾਂ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਹਰ ਸਾਧਨ ਠੀਕ ਅਤੇ ਯੋਗ ਪ੍ਰਤੀਤ ਹੁੰਦਾ ਹੈ।

ਮਹਿੰਗਾਈ ਦੇ ਯੁੱਗ ਵਿਚ, ਸਵੇਰੇ ਜਦੋਂ ਮਨੁੱਖ ਆਪਣੇ ਘਰੋਂ ਚਲਦਾ ਹੈ ਤਾਂ ਉਹ ਆਪਣੇ ਆਪ ਨੂੰ ਥੱਕਿਆ ਹੋਇਆ ਸ਼ੇਰ ਸਮਝਦਾ ਹੈ ਅਤੇ ਦੂਜਿਆਂ ਦੇ ਸੰਪਰਕ ਵਿਚ ਵਿਚਰਦਾ ਹੋਇਆ ਉਹ ਊਠ, ਖੱਚਰ, ਖੋਤਾ, ਘੋੜਾ, ਕੁੱਤਾ, ਭੇਡ, ਬੱਕਰੀ, ਸੱਪ, ਨੂੰਹਾਂ, ਚੂਹਾ ਆਦਿ ਸਭ ਕੁਝ ਬਣਦਾ ਹੈ ਅਤੇ ਭਾਂਤ-ਭਾਂਤ ਦੇ ਸਬੰਧਾਂ ਦੀ ਦਲਦਲ ਵਿਚੋਂ ਲੰਘਦਿਆਂ ਗਾਲ੍ਹਾਂ ਕੱਢਦਾ ਹੋਇਆ ਘਰ ਪਰਤਦਾ ਹੈ, ਜਿਥੇ ਘਰ ਦੇ ਸਾਰੇ ਜੀਅ ਆਪਣੀਆਂ ਆਪਣੀਆਂ ਸ਼ਿਕਾਇਤਾਂ ਅਤੇ ਮੰਗਾਂ ਸੁਣਾਉਂਦੇ ਹਨ।

ਇਵੇਂ ਘਰੋਂ-ਬਾਹਰੀ ਥਕਾਵਟ ਨੂੰ ਘਰ-ਅੰਦਰਲੀ ਉਪਰਾਮਤਾ ਮਿਲਦੀ ਹੈ।

ਇਸ ਸਥਿਤੀ ਵਿਚ ਸਹਿਣਸ਼ੀਲਤਾ ਘੱਟਦੀ ਹੈ।

ਮਹਿੰਗਾਈ ਮਨੁੱਖ ਨੂੰ ਦੂਜਿਆਂ ਨਾਲੋਂ ਤੋੜ ਕੇ ਇਕੱਲਾ ਕਰ ਦਿੰਦੀ ਹੈ।

ਇਸ ਇਕੱਲ ਕਾਰਨ ਮਨੁੱਖ ਵਿਚ ਆਪਣੇ ਹਾਰ ਜਾਣ, ਪੱਛੜ ਜਾਣ ਅਤੇ ਅਸਫ਼ਲ ਹੋਣ ਦੇ ਅਹਿਸਾਸ ਨਾਲ ਹੀਣਤਾ ਦੀ ਭਾਵਨਾ ਜਾਗਦੀ ਹੈ।

ਇਸ ਸਥਿਤੀ ਵਿਚ ਉਹ ਆਪਣੇ ਡਿਗਦੇ ਜਾਂਦੇ ਹੌਸਲੇ ਨੂੰ ਨੀਵੇਂ ਨਸ਼ਿਆਂ ਦਾ ਠੁੰਮਣਾ ਦਿੰਦਾ ਹੈ ਅਤੇ ਆਲੇ-ਦੁਆਲੇ ਵਿਚੋਂ ਗੈਰਹਾਜ਼ਰ ਹੋ ਜਾਂਦਾ ਹੈ।

ਮਹਿੰਗਾਈ ਕਾਰਨ ਬੱਚਤ ਦੀ ਸਮਰੱਥਾ ਘੱਟਦੀ ਹੈ, ਜਿਸ ਕਾਰਨ ਮਨੁੱਖ ਆਪਣੇ ਜੀਵਨ ਵਿਚ ਵੱਡੇ ਪਰਿਵਰਤਨ ਕਰਨ ਦੀ ਯੋਗਤਾ ਦੇ ਪੱਖੋਂ ਗਰੀਬ ਹੁੰਦਾ ਜਾਂਦਾ ਹੈ।

ਨਿਰਸੰਦੇਹ ਘਰ ਵਿਚ ਪਿਤਾ ਦੀ ਡਾਵਾਂਡੋਲ ਮਾਨਸਿਕ ਸਥਿਤੀ ਦਾ ਪਰਿਵਾਰ ਦੇ ਸਾਰੇ ਜੀਆਂ ਦੇ ਵਿਹਾਰ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ।

ਮਹਿੰਗਾਈ ਕਾਰਨ ਵਧੇਰੇ ਵਿਅਕਤੀ, ਵਧੇਰੇ ਲੰਮੇ ਸਮੇਂ ਤਕ ਬੀਮਾਰ ਹੁੰਦੇ ਹਨ।

ਜਦੋਂ ਮਨ ਅਸ਼ਾਂਤ ਹੋਣ ਤਾਂ ਬੀਮਾਰੀਆਂ ਲੰਮੀਆਂ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਨਾਲ ਲੜਨ ਦੀ ਸ਼ਕਤੀ ਘੱਟਦੀ ਹੈ।

ਮਹਿੰਗਾਈ ਦੇ ਦੌਰ ਵਿਚ ਪੁਸਤਕਾਂ ਵੀ ਮਹਿੰਗੀਆਂ ਹੋ ਜਾਂਦੀਆਂ ਹਨ ਅਤੇ ਇਸ ਸਥਿਤੀ ਦਾ ਸਮੁੱਚੇ ਸਮਾਜ ਦੇ ਭਾਵਕ, ਬੌਧਿਕ ਅਤੇ ਮਾਨਸਿਕ ਵਿਕਾਸ 'ਤੇ ਮਾੜਾ ਅਤੇ ਚਿਰ-ਸਥਾਈ ਅਸਰ ਪੈਂਦਾ ਹੈ।

ਜਦੋਂ ਮਹਿੰਗਾਈ ਕਾਰਨ ਜ਼ਿੰਦਗੀ ਦੀ ਦੌੜ ਤੇਜ਼ ਹੋ ਜਾਂਦੀ ਹੈ ਤਾਂ ਮੰਜ਼ਿਲ ਅਕਸਰ ਗੁਆਚ ਜਾਂਦੀ ਹੈ ਅਤੇ ਭਟਕਣ ਵੱਧ ਜਾਂਦੀ ਹੈ।

ਸਾਧਾਰਣ ਰੂਪ ਵਿਚ ਮਹਿੰਗਾਈ ਜਿਹੀ ਸਾਂਝੀ ਸਮੱਸਿਆ ਨਾਲ ਹਮਦਰਦੀ ਅਤੇ ਆਪਸੀ ਰਿਸ਼ਤਿਆਂ ਵਿਚ ਨੇੜਤਾ ਉਪਜਣੀ ਚਾਹੀਦੀ ਹੈ ਪਰ ਮਹਿੰਗਾਈ ਕਾਰਨ ਜੀਵਨ ਦੀ ਦੌੜ ਤੇਜ਼ ਹੋ ਜਾਣ ਕਾਰਨ ਕੋਈ ਹੰਢਣਸਾਰ ਰਿਸ਼ਤਾ ਉਸਾਰਨਾ ਤਾਂ ਇਕ ਪਾਸੇ ਰਿਹਾ, ਕਿਸੇ ਕੋਲ ਰੁਕ ਕੇ, ਕਿਸੇ ਨੂੰ ਰੋਕ ਕੇ, ਹਾਲ-ਚਾਲ ਪੁੱਛਣ ਦੀ ਵੀ ਸੰਭਾਵਨਾ ਨਹੀਂ ਰਹੀ।

ਅਜੋਕੇ ਯੁੱਗ ਦੇ ਹਰ ਪਲ, ਹਰ ਕੰਮ, ਹਰ ਗੱਲ, ਹਰ ਵਿਹਾਰ, ਹਰ ਵਿਚਾਰ ਅਤੇ ਹਰੇਕ ਰਿਸ਼ਤੇ ਉੱਤੇ ਮਹਿੰਗਾਈ ਦਾ ਕਲਯੁੱਗੀ ਪਰ੍ਛਾਵਾਂ ਹੈ ਅਤੇ ਇਹ ਪਰ੍ਛਾਵਾਂ ਨਿੱਤ-ਦਿਨ ਵੱਡਾ ਅਤੇ ਕਰੂਪ ਹੁੰਦਾ ਜਾ ਰਿਹਾ ਹੈ।

♥♥♥

ਕਲਰਕ ਬਾਦਸ਼ਾਹ

ਜਦੋਂ ਮੈਂ ਮੁਖ ਅਧਿਕਾਰੀ ਦੇ ਦਫ਼ਤਰ ਦੇ ਕਮਰੇ ਅੰਦਰ ਦਾਖਲ ਹੋਇਆ ਤਾਂ ਉੱਥੇ ਤਿੰਨ ਕਲਰਕ ਅਤੇ ਦੋ ਬੰਦੇ ਬੈਠੇ ਸਨ।

ਉਹ ਦੇਸ਼ ਦੇ ਪੱਛੜੇਪਣ ਦੇ ਕਾਰਨਾਂ ਸੰਬੰਧੀ ਬਹਿਸ ਕਰ ਰਹੇ ਸਨ।

ਉਨ੍ਹਾਂ ਦੀਆਂ ਗੱਲਾਂ ਅਤੇ ਦਲੀਲਾਂ ਸੁਣ ਕੇ ਮੈਨੂੰ ਲੱਗਿਆ ਕਿ ਜਿਨ੍ਹਾਂ ਨੂੰ ਮੈਂ ਬੰਦੇ ਸਮਝਿਆ ਸੀ, ਉਹ ਵੀ ਕਲਰਕ ਹੀ ਸਨ।

ਕਮਰੇ ਅੰਦਰ ਮੇਰੇ ਜਾਣ ਦਾ ਕਾਰਨ ਇਹ ਸੀ ਕਿ ਦਫ਼ਤਰ ਜਾਣ ਦੀ ਚਿੰਤਾ ਕਾਰਨ ਮੇਰੇ ਦੰਦ ਵਿਚ ਬੜੀ ਦਰਦ ਹੋ ਰਹੀ ਸੀ ਅਤੇ ਮੈਂ ਆਪਣੇ ਕੰਮ ਲਈ ਅਫ਼ਸਰ ਨੂੰ ਮਿਲਣ ਤੋਂ ਪਹਿਲਾਂ ਕੋਈ ਸੁੰਨੀ ਥਾਂ ਵੇਖ ਕੇ ਕੁਝ ਚਿਰ ਲਈ ਦਫ਼ਤਰ ਵਿਚ ਕਲਰਕਾਂ ਵਾਂਗ, ਕੁਰਸੀ ਉੱਤੇ ਲੰਮਾ ਪੈਣਾ ਚਾਹੁੰਦਾ ਸਾਂ ਪਰ ਉਨ੍ਹਾਂ ਦੀਆਂ ਗੱਲਾਂ ਵਿਚ ਮੈਂ ਆਪਣੇ ਦੰਦ ਦਾ ਦਰਦ ਭੁੱਲ ਗਿਆ। ਮਗਰੋਂ ਡਾਕਟਰ ਨੇ ਕਾਰਨ ਦੱਸਦਿਆਂ ਕਿਹਾ ਕਿ ਜਦੋਂ ਕਿਸੇ ਮਰੀਜ਼ ਨੂੰ ਵੱਡੇ ਦਰਦ ਦਾ ਸਾਹਮਣਾ ਕਰਨਾ ਪੈ ਜਾਵੇ ਤਾਂ ਛੋਟਾ ਦਰਦ ਵਿਸਰ ਜਾਂਦਾ ਹੈ।

ਮੈਨੂੰ ਪਤਾ ਸੀ ਕਿ ਜਿਸ ਅਫ਼ਸਰ ਨਾਲ ਮੈਨੂੰ ਕੰਮ ਸੀ, ਉਸ ਨੇ ਆਪਣੇ ਡੇਅਰੀ ਫਾਰਮ ਤੋਂ ਹੋ ਕੇ ਆਉਣਾ ਸੀ। ਉਹ ਜਦੋਂ ਆਇਆ ਤਾਂ ਹਾਜ਼ਰ ਕਲਰਕ ਚਾਹ ਪੀ ਚੁੱਕੇ ਸਨ।

ਮੈਂ ਅਫ਼ਸਰ ਨਾਲ ਗੱਲ ਕਰਨ ਲੱਗਿਆ ਹੀ ਸਾਂ ਕਿ ਇਕ ਹੋਰ ਬੰਦਾ ਆ ਗਿਆ, ਜਿਹੜਾ ਦੋ-ਤਿਹਾਈ ਕਲਰਕ ਲੱਗਦਾ ਸੀ। ਉਹ ਹਾਜ਼ਰੀ ਰਜਿਸਟਰ ਵਿਚ, ਉਸ ਦਿਨ ਆਪਣੇ ਜਿਉਂਦੇ ਹੋਣ ਦਾ ਪ੍ਰਮਾਣ ਦਰਜ ਕਰਨਾ ਚਾਹੁੰਦਾ ਸੀ।

ਪਹਿਲਾਂ ਅਸੀਂ ਤਿੰਨਾਂ ਨੇ ਦੋ-ਬਟਾ-ਤਿੰਨ ਚਾਹ ਪੀਤੀ ਅਤੇ ਮਗਰੋਂ ਮੈਨੂੰ ਉਨ੍ਹਾਂ ਦੀ ਗੱਲਬਾਤ ਸੁਣਨ ਦਾ ਅਵਸਰ ਮਿਲਿਆ :

ਮੂਲ ਚੰਦ ਜੀ, ਤੁਸੀਂ ਅੱਜ ਫਿਰ ਦੇਰ ਨਾਲ ਆਏ ਹੋ ?

ਜੀ, ਅਜ ਸਵੇਰੇ ਮੇਰੀ ਜਾਗ ਹੀ ਨਹੀਂ ਖੁਲ੍ਹੀ।

ਕੀ ਘਰ ਜਾ ਕੇ ਵੀ ਸੌਂਦੇ ਹੋ ?

ਜੀ, ਬੱਚਿਆਂ ਦੇ ਇਮਤਿਹਾਨ ਹੋ ਰਹੇ ਹਨ, ਉਨ੍ਹਾਂ ਲਈ ਨਕਲ ਕਰਨ ਵਾਸਤੇ ਨੋਟ ਤਿਆਰ ਕਰਨੇ ਸਨ, ਸੋ ਸਵੇਰੇ ਹੀ ਕੁਝ ਨੀਂਦਰ ਪਈ।

ਅੱਜ ਫਿਰ ਪਤਨੀ ਨੂੰ ਕੁੱਟ ਕੇ ਆਏ ਹੋ ? ਤੁਹਾਡਾ ਹੁਲੀਆ ਦਸਦਾ ਹੈ ਕਿ ਅੱਜ ਤਾਂ ਤੁਹਾਨੂੰ ਕੁੱਟ ਪਈ ਲੱਗਦੀ ਹੈ।

ਜੀ, ਹੁਣ ਸੱਚ ਬੋਲਣ ਦੀ ਹਿੰਮਤ ਨਹੀਂ ਰਹੀ।

ਤੁਹਾਡੀ ਜੇਬ ਵਿਚ ਇਹ ਕਿਤਾਬ ਕਿਹੜੀ ਹੈ।

ਜੀ, ਇਹ ਕਿਤਾਬ ਨਹੀਂ, ਟਰਾਂਜ਼ਿਸਟਰ ਹੈ। ਕੁਮੈਂਟਰੀ ਸੁਣਨ ਵਾਸਤੇ ਕੱਲ੍ਹ ਹੀ ਖਰੀਦਿਆ ਹੈ। ਦੂਜੇ ਕਲਰਕ ਆਪਣੇ ਟਰਾਂਜ਼ਿਸਟਰਾਂ 'ਤੇ ਮੈਨੂੰ ਕੁਮੈਂਟਰੀ ਸੁਣਨ ਨਹੀਂ ਦਿੰਦੇ। ਜਨਾਬ, ਅਖ਼ਬਾਰ ਵੀ ਮੈਨੂੰ ਸਭ ਤੋਂ ਅਖ਼ੀਰ ਵਿਚ ਪੜ੍ਹਨ ਵਾਸਤੇ ਮਿਲਦੀ ਹੈ।

ਜੇ ਕੁਮੈਂਟਰੀ ਹੀ ਸੁਣਨੀ ਸੀ ਤਾਂ ਘਰ ਹੀ ਰਹਿੰਦੇ। ਕੱਲ੍ਹ ਆ ਕੇ, ਪਹਿਲਾਂ ਵਾਂਗ ਹੀ, ਦੋ ਦਿਨਾਂ ਦੀ ਇੱਕਠੀ ਹਾਜ਼ਰੀ ਲਾ ਦਿੰਦੇ !

ਜੀ, ਪਹਿਲਾਂ ਤਾਂ ਮੈਂ ਵੀ ਸੋਚਿਆ ਸੀ ਪਰ ਘਰ ਛੋਟੇ ਬੱਚਿਆਂ ਨੂੰ ਛੁੱਟੀਆਂ ਹੋਣ ਕਾਰਨ ਰੌਲਾ ਬਹੁਤ ਸੀ। ਜੀ, ਅੱਜ ਇਸ ਕਰਕੇ ਵੀ ਆਉਣਾ ਜ਼ਰੂਰੀ ਸੀ, ਕਿਉਂਕਿ ਅੱਜ ਚਾਵਲਾ ਜੀ ਦੇ ਤਲਾਕ ਦੀ ਖੁਸ਼ੀ ਵਿਚ ਚਾਹ ਪਾਰਟੀ ਹੈ। ਨਾਲੇ ਕੂਲਰ ਦੇ ਸਾਹਮਣੇ ਲੇਟਣ ਦੀ ਅੱਜ ਮੇਰੀ ਵਾਰੀ ਹੈ। ਨਾਲੇ ਜੀ, ਕਈ ਦਿਨਾਂ ਤੋਂ ਤੁਹਾਡੇ ਵੀ ਦਰਸ਼ਨ ਨਹੀਂ ਸਾਂ ਕਰ ਸਕਿਆ। ਨਾਲੇ ਸੋਚਿਆ, ਦਫ਼ਤਰ ਦੇ ਸਮੇਂ ਵਿਚ ਦਰਜ਼ੀ ਤੋਂ ਘਰ ਵਾਲੀ ਦਾ ਸੂਟ ਵੀ ਠੀਕ ਕਰਵਾ ਲਿਆਵਾਂਗਾ।

ਤੁਸੀਂ ਪਠਾਨਕੋਟ ਜਾਣਾ ਸੀ, ਜਾ ਆਏ ਹੋ ?

ਜੀ ਨਹੀਂ, ਅਜੇ ਮੇਰੇ ਸਹੁਰੇ ਨੂੰ ਪਿਨਸ਼ਨ ਦਾ ਬਕਾਇਆ ਨਹੀਂ ਮਿਲਿਆ, ਮਿਲਣ ਉੱਤੇ ਹੀ ਪਤਨੀ ਨੂੰ ਨਾਲ ਲੈ ਕੇ ਜਾਵਾਂਗਾ।

ਅੱਛਾ, ਠੀਕ ਹੈ, ਜਾਓ ਅਤੇ ਸੱਜਣ ਸਿੰਘ ਨੂੰ ਮੇਰੇ ਕੋਲ ਭੇਜਣਾ।

ਜੀ, ਉਹ ਤਾਂ ਕਾਨਪੁਰ ਗਿਆ ਹੋਇਆ ਹੈ, ਚਮੜਾ ਖਰੀਦਣ।

ਮੈਨੂੰ ਪੁੱਛ ਕੇ ਤਾਂ ਗਿਆ ਨਹੀਂ ?

ਜੀ, ਤੁਹਾਨੂੰ ਕਈ ਦਿਨ ਉਡੀਕਦਾ ਰਿਹਾ ਹੈ। ਉਹ ਮੈਨੂੰ ਕਹਿ ਗਿਆ ਸੀ, ਜੇ ਲੋੜ ਪਈ ਤਾਂ ਆ ਕੇ ਅਰਜ਼ੀ ਦੇ ਦੇਵਾਂਗਾ।

ਅੱਛਾ, ਦੀਨਾ ਨਾਥ ਨੂੰ ਭੇਜ ਦਿਓ।

ਜੀ, ਉਹ ਆਪਣੀ ਸੀਟ 'ਤੇ ਨਹੀਂ, ਸ਼ਾਇਦ ਕਿਸੇ ਨੂੰ ਪਲਾਟ ਵਿਖਾਉਣ ਗਿਆ ਹੋਇਆ ਹੈ। ਇਕ ਹੋਰ ਗਾਹਕ ਵੀ ਉਸ ਨੂੰ ਉਡੀਕ ਰਿਹਾ ਹੈ।

ਜੇ ਕੋਈ ਵੀ ਨਹੀਂ ਤਾਂ ਭਾਟੀਏ ਨੂੰ ਤੁਸੀਂ ਹੀ ਦੱਸ ਦਿਓ ਕਿ ਅੱਜ ਕਮੇਟੀ ਦੀ ਬੋਲੀ ਇਕ ਵਜੇ ਦੀ ਬਜਾਏ ਬਾਰ੍ਹਾਂ ਵਜੇ ਹੋਵੇਗੀ। ਅੱਜ ਸਾਡੀ ਮੱਝ ਸੂਣ ਵਾਲੀ ਹੈ, ਜਿਸ ਕਾਰਨ ਮੈਂ ਜਲਦੀ ਘਰ ਜਾਣਾ ਹੈ।

ਇਸ ਗੱਲਬਾਤ ਮਗਰੋਂ ਜਦੋਂ ਕੁਝ ਚਿਰ ਚੁੱਪ ਵਾਪਰੀ ਤਾਂ ਨਾਲ ਦੇ ਕਮਰੇ ਵਿਚੋਂ ਕਿਸੇ ਦੇ ਮੱਧਮ ਸੁਰ ਵਿਚ ਗਰਜਣ ਦੀ ਆਵਾਜ਼ ਆਈ। ਅਸੀਂ ਅੰਦਰ ਜਾ ਕੇ ਵੇਖਿਆ ਕਿ ਸੁਪਰਡੈਂਟ ਘੁਰਾੜੇ ਮਾਰ ਰਿਹਾ ਸੀ। ਉਸ ਨੇ ਦੋ ਮੇਜ਼ ਇਕੱਠੇ ਕਰਕੇ ਫ਼ਾਈਲਾਂ ਦਾ ਸਿਰਹਾਣਾ ਬਣਾਇਆ ਹੋਇਆ ਸੀ। ਅਫ਼ਸਰ ਨੇ ਡਰਦਿਆਂ ਅਤੇ ਘਬਰਾਉਂਦਿਆਂ ਪੁੱਛਿਆ, "ਕਿਧਰੇ

ਮਰ ਤਾਂ ਨਹੀਂ ਗਿਆ ? ਜੇ ਮਰ ਜਾਵੇ ਤਾਂ ਸਰੂਪ ਸਿੰਘ ਜਲਦੀ ਸੁਪਰਡੈਂਟ ਬਣ ਜਾਵੇਗਾ। ਇਹ ਸ਼ਰਮਾ ਜੀ ਲਾਵਾਂ-ਫੇਰੇ ਕਰਵਾਉਣ ਕਰਕੇ ਰਾਤੀਂ ਸੁੱਤੇ ਨਹੀਂ ਹੋਣੇ।" ਮੈਂ ਪੁੱਛਿਆ, "ਇਨ੍ਹਾਂ ਨੂੰ ਜਗਾਵਾਂ ?" ਉਨ੍ਹਾਂ ਕਿਹਾ, "ਨਹੀਂ, ਸੁੱਤਾ ਰਹਿਣ ਦਿਓ, ਜੇ ਪੰਜ ਵਜੇ ਤੱਕ ਨਾ ਜਾਗਿਆ ਤਾਂ ਰਾਮ ਚੰਦਰ ਜਗਾ ਦੇਵੇਗਾ।"

ਇਤਨੇ ਨੂੰ ਉਨ੍ਹਾਂ ਨੂੰ ਟੈਲੀਫੋਨ 'ਤੇ ਮੱਝ ਦੇ ਸੂਅ ਪੈਣ ਦੀਆਂ ਮੁਬਾਰਕਾਂ ਮਿਲੀਆਂ ਅਤੇ ਉਨ੍ਹਾਂ ਦੇ ਚਿਹਰੇ 'ਤੇ ਮਾਲ ਗੱਡੀ ਜਿੰਨੀ ਲੰਮੀ ਮੁਸਕਰਾਹਟ ਪਸਰ ਗਈ। ਮੈਂ ਕਿਹਾ, "ਹੁਣ ਤਾਂ ਤੁਸੀਂ ਘਰ ਜਾਣਾ ਹੋਵੇਗਾ, ਮੈਂ ਕੱਲ੍ਹ ਆ ਜਾਵਾਂਗਾ।" ਉਨ੍ਹਾਂ ਕਿਹਾ, "ਤਕਲੀਫ਼ ਮੁਆਫ਼ ਕਰਨਾ।" ਮੈਂ ਕਿਹਾ, "ਤਕਲੀਫ਼ ਕਾਹਦੀ ਜੀ, ਜਦੋਂ ਵੀ ਮੇਰੀ ਪਤਨੀ ਕਹਿੰਦੀ ਹੈ, ਜਾਓ ਜਹੰਨਮ ਵਿਚ, ਤਾਂ ਮੈਂ ਸਿੱਧਾ ਤੁਹਾਡੇ ਦਫ਼ਤਰ ਵਿਚ ਆ ਜਾਂਦਾ ਹਾਂ।"

ਅਕਸਰ ਸੋਚਦਾ ਹਾਂ ਕਿ ਜਦੋਂ ਸਕੂਲ ਵਿਚ ਪੜ੍ਹਦਾ ਸਾਂ ਤਾਂ ਹਰ ਇਮਤਿਹਾਨ ਵਿਚ 'ਮੇਰਾ ਜੀਵਨ ਉਦੇਸ਼' ਲੇਖ ਲਿਖਣ ਲਈ ਆਉਂਦਾ ਸੀ ਪਰ ਹਰ ਕੋਈ ਡਾਕਟਰ, ਪਾਇਲਟ, ਵਕੀਲ ਜਾਂ ਇੰਜਨੀਅਰ ਬਣਨ ਬਾਰੇ ਹੀ ਸੋਚਦਾ ਸੀ, ਕਿਸੇ ਨੇ ਕਲਰਕ ਬਣਨ ਦੀ ਇੱਛਾ ਨਹੀਂ ਸੀ ਪ੍ਰਗਟਾਈ।

ਭਾਰਤ ਦੇ ਲੱਖਾਂ ਨੌਜਵਾਨਾਂ ਵਾਂਗ ਮੈਂ ਵੀ ਕਲਰਕ ਬਣਿਆ ਅਤੇ ਦੋ ਉਮਰ-ਕੈਦਾਂ ਜਿੰਨੀ ਨੌਕਰੀ ਕਰ ਕੇ ਜਦੋਂ ਸੇਵਾ-ਮੁਕਤ ਹੋਇਆ ਤਾਂ ਜਿਊਣ ਦਾ ਢੰਗ ਹੀ ਭੁੱਲ ਗਿਆ ਸੀ। ਹੁਣ ਸੱਚ ਬੋਲਣ ਨਾਲ ਮੂੰਹ ਹੀ ਦੁਖਣ ਲੱਗ ਪੈਂਦਾ ਹੈ।

ਮੇਰੇ ਪਿਤਾ ਜੀ ਵੀ ਕਲਰਕ ਸਨ। ਉਨ੍ਹਾਂ ਦਾ ਸੁਪਨਾ ਸੀ ਕਿ ਮੈਂ ਵੀ ਸੁਤੰਤਰ ਹੋਏ ਭਾਰਤ ਦਾ ਹੋਣਹਾਰ ਕਲਰਕ ਬਣਾਂ।

ਹਰ ਕਲਰਕ ਆਪਣੇ ਪਿਤਾ ਦਾ ਕੋਈ ਅਜਿਹਾ ਸੁਪਨਾ ਪੂਰਾ ਕਰਨ ਵਾਸਤੇ ਜੀਵਨ ਭਰ ਕਲਰਕੀ ਦੇ ਮੂਲੀ-ਕੁਤਰੇ 'ਤੇ ਕੱਦੂ-ਕਸ਼ ਹੁੰਦਾ ਰਹਿੰਦਾ ਹੈ।

ਸੰਜੋਗਵਸ ਮੇਰਾ ਪੁੱਤਰ ਵੀ ਕਲਰਕ ਹੈ, ਸਾਡੀ ਨੂੰਹ ਵੀ ਕਲਰਕ ਹੈ। ਉਸ ਦੇ ਕਲਰਕ ਹੋਣ ਦਾ ਇਕ ਲਾਭ ਇਹ ਹੋਇਆ ਹੈ ਕਿ ਵਿਆਹ ਤੋਂ ਮਗਰੋਂ ਮੇਰੇ ਪੁੱਤਰ ਦੀ ਸੀਟੀਆਂ ਮਾਰਨ ਦੀ ਆਦਤ ਘੱਟ ਗਈ ਹੈ।

ਸਾਡੇ ਘਰ ਵਿਚ ਕਲਰਕਾਂ ਦੀ ਬਹੁਗਿਣਤੀ ਹੋਣ ਕਾਰਨ, ਅਸੀਂ ਘਰ ਨੂੰ ਦਫ਼ਤਰ ਅਤੇ ਦਫ਼ਤਰ ਨੂੰ ਘਰ ਬਣਾ ਲਿਆ ਹੈ।

ਜਦੋਂ ਮੇਰੇ ਪੁੱਤਰ ਦਾ ਵਿਆਹ ਹੋਇਆ ਤਾਂ ਮੇਰੀ ਕੁੜਮਣੀ ਬੜੇ ਜ਼ੋਰ ਨਾਲ ਗਾ ਰਹੀ ਸੀ, 'ਸਾਨੂੰ ਹੀਰਾ ਲੱਭਾ ਜੀ, ਸਾਰਾ ਜੱਗ ਢੂੰਡ ਕੇ।' ਕਿਤਨਾ ਹੀ ਚਿਰ ਮੈਨੂੰ ਭੁਲੇਖਾ ਪੈਂਦਾ ਰਿਹਾ ਕਿ ਉਸ ਦਾ ਇਸ਼ਾਰਾ ਮੇਰੇ ਵੱਲ ਸੀ।

ਸਾਡੀ ਨੂੰਹ ਦਾ ਸੁਪਨਾ ਸੀ ਕਿ ਦਰਿਆ ਦਾ ਕਿਨਾਰਾ ਹੋਵੇਗਾ, ਨਿੱਕਾ ਜਿਹਾ ਬਗੀਚਾ ਹੋਵੇਗਾ, ਇਕ ਉਹ ਹੋਵੇਗਾ, ਇਕ ਉਹ ਹੋਵੇਗੀ ਪਰ ਜਦੋਂ ਉਸ ਨੂੰ ਪਤਾ ਲੱਗਿਆ ਕਿ ਅਸੀਂ ਧੋਬੀ ਘਾਟ ਦੇ ਨੇੜੇ ਸਾਂਝੇ ਗੁਸਲਖ਼ਾਨੇ ਵਾਲੇ ਮਕਾਨ ਵਿਚ ਕਿਰਾਏ 'ਤੇ ਰਹਿੰਦੇ ਸਾਂ ਤਾਂ ਉਸ ਦਾ ਮੂੰਹ ਇਵੇਂ ਹੋ ਗਿਆ ਜਿਵੇਂ ਭਾਂਡੇ ਤੋਂ ਕਲੀ ਲਹਿ ਗਈ ਹੋਵੇ।

ਅਸੀਂ ਵਿਸ਼ਾਵਾਸ ਦੁਆਇਆ ਕਿ ਸਾਡੀ ਨੂੰਹ ਸਾਡੇ ਘਰ ਰਾਜ ਕਰੇਗੀ ਅਤੇ ਇਸ ਵਿਸ਼ਵਾਸ ਦੀ ਪੂਰਤੀ ਹਿਤ ਅਸੀਂ ਉਸ ਦਾ ਨਾਂ ਰਾਣੀ ਰੱਖ ਦਿੱਤਾ ਹੈ। ਪੁੱਤਰ ਨੂੰ ਅਸੀਂ ਪਹਿਲਾਂ ਹੀ ਰਾਜਾ ਕਹਿੰਦੇ ਸਾਂ।

ਮੇਰੀ ਪਤਨੀ ਨੇ ਅਤੇ ਮੈਂ, ਉਨ੍ਹਾਂ ਦੀ ਹਨੀਮੂਨ ਜਾਣ ਦੀ ਮੰਗ ਨੂੰ ਅਸੂਲੀ ਪ੍ਰਵਾਨਗੀ ਦੇ ਦਿੱਤੀ ਹੈ, ਜਦੋਂ ਬੱਜਟ ਆਗਿਆ ਦੇਵੇਗਾ, ਇਸ 'ਤੇ ਅਮਲ ਵੀ ਕੀਤਾ ਜਾਵੇਗਾ।

ਜੇ ਉਸ ਤੋਂ ਪਹਿਲਾਂ ਉਸ ਦੇ ਪੇਕਿਆਂ ਵਲੋਂ ਕੋਈ ਰਾਸ਼ੀ ਮਿਲੀ, ਜਾਂ ਨੂੰਹ ਦੇ ਸਹਿਯੋਗ ਨਾਲ ਲੈਣ ਵਿਚ ਸਫ਼ਲਤਾ ਮਿਲੀ ਤਾਂ ਹਨੀਮੂਨ ਦੀ ਸਾਰੀ ਵਿਉਂਤ 'ਤੇ ਸਾਡੀ ਦੋ-ਮੈਂਬਰੀ ਕਮੇਟੀ ਫਿਰ ਵਿਚਾਰ ਕਰੇਗੀ।

ਭਾਵੇਂ ਮੈਂ ਨਹੀਂ ਚਾਹੁੰਦਾ ਕਿ ਅਜਿਹਾ ਹੋਵੇ ਪਰ ਜਦੋਂ ਕਦੀ ਮੈਂ ਕੋਈ ਹੋਣਹਾਰ ਕਲਰਕ ਵੇਖਦਾ ਹਾਂ ਤਾਂ ਉਸ ਵਿਚੋਂ ਮੈਨੂੰ ਆਪਣਾ ਜਵਾਈ ਲੱਭਣ ਦੀ ਆਦਤ ਪੈਂਦੀ ਜਾ ਰਹੀ ਹੈ।

ਇਕ ਵਾਰੀ ਜਦੋਂ ਕਲਰਕੀ ਪਰਿਵਾਰ ਵਿਚ ਧੀ ਦਾ ਰਿਸ਼ਤਾ ਕਰਨ ਦੀ ਗੱਲ ਚੱਲੀ ਤਾਂ ਮੈਂ ਆਪਣੇ ਸੰਭਾਵੀ ਕੁੜਮ ਨੂੰ ਪੁੱਛਿਆ, "ਕਾਕੇ ਦੀ ਤਨਖ਼ਾਹ ਕਿਤਨੀ ਹੈ ?" ਤਾਂ ਚਲਾਕੀ ਭਰਿਆ ਕਲਰਕੀ ਉੱਤਰ ਮਿਲਿਆ, "ਕਾਕੇ ਦੀ ਅਤੇ ਇਸ ਦੇ ਅਫ਼ਸਰ ਦੀ ਰਲਾ ਕੇ, ਪੰਝੀ ਹਜ਼ਾਰ ਬਣਦੀ ਹੈ।"

ਸ਼ਾਇਦ ਮੇਰੇ ਕੁੜਮ ਨੂੰ ਵੀ ਕ੍ਰਿਕਟ ਦਾ ਸ਼ੌਕ ਹੈ, ਕਿਉਂਕਿ ਉਸ ਨੇ ਆਪਣੇ ਪੁੱਤਰ ਦੀ ਉਮਰ ਦੱਸਦਿਆਂ ਕਿਹਾ ਸੀ, 'ਦੋ ਛੱਕੇ, ਤਿੰਨ ਚੌਕੇ।'

ਮੇਰੀ ਪਤਨੀ ਮੈਨੂੰ ਅਕਸਰ ਕਹਿੰਦੀ ਹੈ, 'ਤੁਹਾਡੇ ਨਾਲ ਵਿਆਹ ਕਰਵਾਉਣ ਦਾ ਮੈਨੂੰ ਸਦਾ ਪਛਤਾਵਾ ਰਹੇਗਾ।' ਉਹ ਆਪਣੇ ਜਨਮ ਦਿਨ ਨੂੰ ਅਕਸਰ ਭੁੱਲ ਜਾਂਦੀ ਹੈ ਪਰ ਆਪਣੇ ਵਿਆਹ ਦੇ ਦਿਨ ਨੂੰ ਨਹੀਂ ਭੁੱਲਦੀ। ਸ਼ਾਇਦ ਕਾਰਨ ਇਹ ਹੈ ਕਿ ਦਰਦਨਾਕ ਘਟਨਾਵਾਂ ਵਿਚ ਯਾਦ ਰਹਿਣ ਦੀ ਵਧੇਰੇ ਯੋਗਤਾ ਹੁੰਦੀ ਹੈ।

ਸਾਰੀ ਉਮਰ ਆਪ ਕਲਰਕ ਰਹਿਣ ਕਰ ਕੇ ਮੇਰੇ ਮਨ ਵਿਚ ਉਨ੍ਹਾਂ ਕਲਰਕਾਂ ਪ੍ਰਤੀ ਵਿਸ਼ੇਸ਼ ਸਤਿਕਾਰ ਹੈ, ਜਿਹੜੇ ਘਰ ਵਿਚ ਵੀ ਕਲਰਕਾਂ ਵਾਂਗ ਵਰਤਾਰਾ ਕਰਦੇ ਹਨ। ਉਹ ਮੰਜੇ ਉੱਤੇ ਵੀ ਇਵੇਂ ਬੈਠਦੇ ਹਨ, ਜਿਵੇਂ ਕੁਰਸੀ 'ਤੇ ਬੈਠੇ ਹੋਣ। ਰਸੋਈ ਵਿਚ ਇਵੇਂ ਵਿਚਰਦੇ ਹਨ, ਜਿਵੇਂ ਇਤਰਾਜ਼ ਲਾਉਣ ਦਾ ਕੋਈ ਆਧਾਰ ਲੱਭ ਰਹੇ ਹੋਣ। ਕੱਪੜੇ ਇੰਜ ਪਾਉਂਦੇ ਹਨ, ਜਿਵੇਂ ਬਰਾਤੀ ਬਣ ਰਹੇ ਹੋਣ।

ਜੇ ਬਰਾਤ 'ਤੇ ਜਾਣਾ ਹੋਵੇ ਤਾਂ ਹਰ ਕਲਰਕ ਆਪ ਜਾਂਦਾ ਹੈ ਪਰ ਜੇ ਅਫ਼ਸੋਸ ਕਰਨ ਜਾਂ ਕਿਸੇ ਦੇ ਭੋਗ 'ਤੇ ਜਾਣਾ ਹੋਵੇ ਤਾਂ ਪਤਨੀ ਨੂੰ ਭੇਜਿਆ ਜਾਂਦਾ ਹੈ।

ਭੋਗਾਂ 'ਤੇ ਜਾ ਜਾ ਕੇ ਮੇਰੀ ਪਤਨੀ ਦੇ ਨੈਣ-ਨਕਸ਼ ਹੀ ਅਜਿਹੇ ਹੋ ਗਏ ਹਨ ਕਿ ਮੈਨੂੰ ਕਈ ਵਾਰੀ ਪੁੱਛਣਾ ਪੈਂਦਾ ਹੈ, 'ਰੋ ਕਿਉਂ ਰਹੀ ਹੈਂ ?' ਉਹ ਕਹਿੰਦੀ ਹੈ, 'ਮੈਂ ਕਿਥੇ ਰੋ ਰਹੀ ਹਾਂ! ਸੋਚ ਰਹੀ ਹਾਂ ਕਿ ਤੁਹਾਡੇ ਦੋਸਤ ਸਾਹਨੀ ਨੇ ਕੁਝ ਦਿਨਾਂ ਵਿਚ ਮਰ ਹੀ ਜਾਣਾ ਹੈ, ਜੇ ਕਹੋ ਤਾਂ ਪਹਿਲਾਂ ਹੀ ਅਫ਼ਸੋਸ ਕਰਨ ਦੀ ਕਾਰਵਾਈ ਪੂਰੀ ਕਰ ਆਵਾਂ ?'

ਦੂਜੇ ਲੋਕਾਂ ਦੇ ਮੁਕਾਬਲੇ ਕਲਰਕਾਂ ਦਾ ਜੀਵਨ, ਦਫ਼ਤਰੀ ਸ਼ਾਨ ਵਾਲਾ ਹੋਣ ਕਾਰਨ, ਵਧੇਰੇ ਕਰਕੇ ਨਿਰਵਿਘਨ ਹੀ ਹੁੰਦਾ ਹੈ।

ਮੇਰੇ ਮਿੱਤਰ, ਸ਼ਰਮਾ ਜੀ ਜਦੋਂ ਤਾਸ਼ ਖੇਡਣ ਆ ਜਾਣ ਤਾਂ ਮੈਂ ਸਮਝ ਜਾਂਦਾ ਹਾਂ ਕਿ ਉਹ ਅੱਜ ਕੱਲ੍ਹ ਬੀਮਾਰੀ ਦੀ ਛੁੱਟੀ 'ਤੇ ਹਨ।

ਦਸੰਬਰ ਦੇ ਮਹੀਨੇ ਵਿਚ ਮੈਨੂੰ ਬੜੀ ਮੁਸ਼ਕਿਲ ਹੁੰਦੀ ਹੈ ਕਿਉਂਕਿ ਲਗਭਗ ਸਾਰੇ ਹੀ ਬਚੀਆਂ ਹੋਈਆਂ ਇਤਫ਼ਾਕੀਆ ਛੁੱਟੀਆਂ ਲੈ ਕੇ, ਮਿਲਣ ਵਾਸਤੇ ਅਤੇ ਮਿਲਣ ਵਾਲੀ ਪੈਨਸ਼ਨ ਦਾ ਹਿਸਾਬ-ਕਿਤਾਬ ਲੁਆਉਣ ਵਾਸਤੇ ਆਉਂਦੇ ਰਹਿੰਦੇ ਹਨ।

ਪਿੱਛੇ ਜਿਹੇ ਭਟਨਾਗਰ ਜਦੋਂ ਵੱਡਾ ਕਲਰਕ ਬਣ ਗਿਆ ਤਾਂ ਉਸ ਦੇ ਘਰ ਇਹ ਤਬਦੀਲੀ ਵਾਪਰੀ ਵੇਖੀ ਕਿ ਨਾ ਕੇਵਲ ਚਾਹ ਵਾਲੀ ਕਰਾਕਰੀ ਨਵੀਂ ਸੀ ਸਗੋਂ ਬਿਸਕੁਟ ਵੀ ਪਹਿਲੇ ਨਾਲੋਂ ਚੰਗੇ ਸਨ। ਉਨ੍ਹਾਂ ਨੇ ਆਪਣੀ ਪਤਨੀ ਨੂੰ ਕਿਹਾ, 'ਪਹਿਲਾਂ ਮੇਰੇ ਦਸਤਖ਼ਤਾਂ ਦੀਆਂ ਚਿੱਠੀਆਂ ਜ਼ਿਲ੍ਹੇ ਵਿਚ ਹੀ ਜਾਂਦੀਆਂ ਸਨ, ਹੁਣ ਉਪਰਲੇ ਦਫ਼ਤਰ ਵੀ ਜਾਣ ਲੱਗ ਪਈਆਂ ਹਨ, ਸੋ ਅੱਗੋਂ ਚਾਹ ਬਣਾਉਣ ਸਮੇਂ ਵਧੇਰੇ ਚੌਕਸੀ ਵਰਤਣੀ।' ਪਤੀ ਦੇ ਅਹੁਦੇ ਦਾ ਮਾਣ ਕਰਦਿਆਂ, ਉਸ ਦੀ ਪਤਨੀ ਨੇ ਆਏ ਬੈਠੇ ਕਲਰਕੀ ਮਹਿਮਾਨਾਂ ਨੂੰ ਕਿਹਾ, 'ਰੁਝੇਵੇਂ ਵੱਧਣ ਕਰਕੇ, ਹੁਣ ਤੇ ਇਹ ਸਾਨੂੰ ਵੀ ਕਦੇ-ਕਦਾਈਂ ਹੀ ਮਿਲਦੇ ਹਨ।'

ਹੋਰਾਂ ਨੂੰ ਭਾਵੇਂ ਭੁਲੇਖਾ ਹੋਵੇ ਪਰ ਮੈਂ ਕਲਰਕਾਂ ਦੀ ਸ਼ਕਤੀ ਤੋਂ ਪੂਰਨ-ਭਾਂਤ ਸੁਚੇਤ ਹਾਂ।

ਜੇ ਕਲਰਕ ਕੋਈ ਰੋਕ ਲਾ ਦੇਵੇ ਤਾਂ ਰੱਬ ਵੀ ਹਿੰਮਤ ਹਾਰ ਜਾਂਦਾ ਹੈ।

ਜਦੋਂ ਸੋਵੀਅਤ ਸੰਘ ਦੇ ਟੁੱਟਣ ਅਤੇ ਖੇਰੂੰ-ਖੇਰੂੰ ਹੋਣ ਦੀ ਇਤਿਹਾਸਕ ਪੜਤਾਲ ਕੀਤੀ ਜਾਵੇਗੀ ਤਾਂ ਅੰਤ ਨੂੰ ਇਹ ਹੀ ਸਿੱਟਾ ਨਿਕਲੇਗਾ ਕਿ ਕਲਰਕਵਾਦ ਨੇ ਮਾਰਕਸਵਾਦ ਨੂੰ ਅਜਿਹੀ ਠਿੱਬੀ ਲਾਈ ਕਿ ਸੰਸਾਰ ਦਾ ਨਕਸ਼ਾ ਬਦਲ ਗਿਆ।

ਜੇ ਕਲਰਕਾਂ ਦੀ ਚੱਲੀ ਤਾਂ ਭਾਰਤ ਦਾ ਨਕਸ਼ਾ ਵੀ ਉਹ ਬਦਲ ਦੇਣਗੇ।

ਪਹਿਲਾਂ ਕਲਰਕ ਕੁਰਸੀਆਂ 'ਤੇ ਮਿਲਦੇ ਸਨ, ਹੁਣ ਕਲਰਕ ਜੇ ਉਹ ਸਬੱਬ ਨਾਲ ਹਾਜ਼ਰ ਹੋਵੇ ਤਾਂ, ਫ਼ਾਈਲ ਤੇ ਬੈਠਾ ਹੀ ਮਿਲਦਾ ਹੈ।

ਕਈ ਦਫ਼ਤਰਾਂ ਵਿਚ ਤਾਂ ਇਕ-ਇਕ ਫ਼ਾਈਲ ਉੱਤੇ ਦੋ-ਦੋ ਕਲਰਕ ਬੈਠੇ, ਆਪਣੀ ਸੀਨੀਆਰਤਾ ਬਾਰੇ ਅਰਜ਼ੀਆਂ ਲਿਖਦੇ ਮਿਲ ਜਾਂਦੇ ਹਨ।

ਜਦੋਂ ਇਹ ਕਲਮ-ਛੋੜ ਹੜਤਾਲ ਕਰਦੇ ਹਨ ਤਾਂ ਲੋਕ ਅਕਸਰ ਪੁੱਛਦੇ ਹਨ, 'ਇਨ੍ਹਾਂ ਨੇ ਕਲਮ ਫੜੀ ਕਦੋਂ ਸੀ?' ਜਦੋਂ ਇਹ ਹੜਤਾਲ ਦੌਰਾਨ ਨਾਹਰੇ ਮਾਰਦੇ ਹਨ ਤਾਂ ਪਤਾ ਹੀ ਨਹੀਂ ਲੱਗਦਾ ਕਿ ਭੰਗੜਾ ਪਾ ਰਹੇ ਹਨ ਕਿ ਭਜਨ ਗਾ ਰਹੇ ਹਨ ਪਰ ਇਤਨਾ ਜ਼ਰੂਰ ਪਤਾ ਲੱਗ ਜਾਂਦਾ ਹੈ ਕਿ ਇਹ ਕੁੱਝ ਮੰਗ ਰਹੇ ਹਨ।

ਉਹ ਦਿਨ ਨੇੜੇ ਹਨ ਜਦੋਂ ਧੁੱਪ ਸੇਕਣ ਅਤੇ ਦਫ਼ਤਰ ਦੇ ਸਮੇਂ ਵਿਚ ਊਂਘਣ ਦਾ ਅਲਾਊਂਸ ਮੰਗਿਆ ਜਾਵੇਗਾ ਅਤੇ ਇਹ ਮਿਲ ਵੀ ਜਾਵੇਗਾ।

ਜੇ ਇੰਨੇ ਕਲਰਕਾਂ ਦੇ ਬੋਝ ਨਾਲ ਸਾਡਾ ਦੇਸ਼ ਡੁੱਬਿਆ ਨਹੀਂ ਤਾਂ ਇਸ ਪਿੱਛੇ ਜ਼ਰੂਰ ਕਿਸੇ ਕਲਰਕ ਦੇਵਤੇ ਦਾ ਹੱਥ ਹੋਵੇਗਾ।

ਮੇਰਾ ਕਲਰਕ ਪੁੱਤਰ ਦੱਸਦਾ ਹੈ ਕਿ ਜੇ ਉਸ ਨੂੰ ਬਾਰ੍ਹਾਂ ਵਜੇ ਭੁੱਖ ਲੱਗੇ ਤਾਂ ਉਹ ਦਫ਼ਤਰ ਦਾ ਇਕ ਚੱਕਰ ਲਾਉਂਦਾ ਹੈ ਅਤੇ ਗਰਮ ਹੋ ਰਹੇ ਟਿਫ਼ਨਾਂ ਦੀ ਖ਼ੁਸ਼ਬੂ ਨਾਲ ਹੀ ਰੱਜ ਜਾਂਦਾ ਹੈ। ਉਹ ਕਾਂਤਾ ਭੈਣ ਜੀ ਨੂੰ ਕਈ ਵਾਰ ਕਹਿ ਚੁੱਕਾ ਹੈ ਕਿ ਉਹ ਦਫ਼ਤਰ ਦੇ ਸਮੇਂ ਵਿਚ ਉਸ ਨੂੰ ਵੀ ਇਕ ਸਵੈਟਰ ਬਣਾ ਦੇਣ ਪਰ ਕਾਂਤਾ ਭੈਣ ਕਹਿੰਦੀ ਹੈ ਕਿ ਛੁੱਟੀਆਂ ਬਹੁਤੀਆਂ ਹੋਣ ਕਰਕੇ ਵਕਤ ਹੀ ਨਹੀਂ ਮਿਲਦਾ, ਜੇ ਕਦੀ ਓਵਰ-ਟਾਈਮ ਲੱਗਿਆ ਤਾਂ ਉਸ ਵਿਚ ਬਣਾ ਦੇਵੇਗੀ।

ਮੈਂ ਵੇਖਿਆ ਹੈ ਕਿ ਅਦਾਲਤਾਂ ਵਿਚ ਚਲ ਰਹੇ ਤਲਾਕ ਦੇ ਬਹੁਤੇ ਮੁਕੱਦਮਿਆਂ ਵਿਚ ਇਕ-ਧਿਰ ਸਿਫ਼ਾਰਸ਼ੀ ਕਲਰਕ ਦੀ ਹੁੰਦੀ ਹੈ।

ਇਹ ਮੁਕੱਦਮੇ ਨਾ ਕੇਵਲ ਬਾਕੀ ਕਲਰਕਾਂ ਲਈ ਮਨਪ੍ਰਚਾਵੇ ਦਾ ਸਾਧਨ ਬਣਦੇ ਹਨ ਸਗੋਂ ਦੂਜੇ ਕਲਰਕਾਂ ਲਈ ਪ੍ਰੇਰਨਾ-ਸਰੋਤ ਵੀ ਸਿੱਧ ਹੁੰਦੇ ਹਨ।

ਹਰ ਦਫ਼ਤਰ ਵਿਚ ਕੋਈ ਨਾ ਕੋਈ ਸ਼ਾਖਾ ਅਜਿਹੀ ਹੁੰਦੀ ਹੈ, ਜਿਹੜੀ ਜ਼ਨਾਨਾ-ਵਾਰਡ ਹੀ ਪ੍ਰਤੀਤ ਹੁੰਦੀ ਹੈ ਅਤੇ ਜਿੱਥੇ ਭੈਣਾਂ ਦਾ ਪ੍ਰੋਗਰਾਮ ਨਿਰੰਤਰ ਚਲਦਾ ਹੈ। ਅਜਿਹੀ ਇਕ ਸ਼ਾਖਾ ਦਾ ਮੈਨੂੰ ਪਤਾ ਹੈ ਜਿਸ ਵਿਚਲੀਆਂ ਪੰਜ ਭੈਣਾਂ ਵਿਚੋਂ ਚਾਰ ਤਲਾਕ ਲੈ ਕੇ ਆਜ਼ਾਦ ਹੋ ਗਈਆਂ ਹਨ ਅਤੇ ਪੰਜਵੀਂ ਭੈਣ ਦੇ ਮੁਕੱਦਮੇ ਦਾ ਫੈਸਲਾ ਹੋਣ ਹੀ ਵਾਲਾ ਹੈ।

ਅਕਸਰ ਇਹ ਭੈਣਾਂ ਆਪਣੀਆਂ ਅੱਖਾਂ ਦੇ ਤਾਰਿਆਂ ਨੂੰ ਵੀ ਦਫ਼ਤਰ ਵਿਚ ਲੈ ਆਉਂਦੀਆਂ ਹਨ। ਇਹ ਬੱਚੇ ਜਦੋਂ ਦਫ਼ਤਰ ਵਿਚ ਪੀਚੋ ਖੇਡਦੇ ਹਨ ਤਾਂ ਉਨ੍ਹਾਂ ਦੀਆਂ ਟਪੂਸੀਆਂ ਵਿਚੋਂ ਭਾਰਤ ਦਾ ਧੁੰਦਲਾ-ਉਜਲਾ ਭਵਿੱਖ ਸਾਫ਼ ਵਿਖਾਈ ਦਿੰਦਾ ਹੈ।

ਇਕ ਬਰਾਂਚ ਹਰ ਦਫ਼ਤਰ ਵਿਚ ਅਜਿਹੀ ਵੀ ਹੁੰਦੀ ਹੈ, ਜਿੱਥੇ ਉਹ ਪਨਾਹ ਲੈਂਦੇ ਹਨ, ਜਿਨ੍ਹਾਂ ਨੂੰ ਕੋਈ ਹੋਰ ਬਰਾਂਚ ਝੱਲਣ ਦੀ ਦਲੇਰੀ ਨਹੀਂ ਵਿਖਾਂਦੀ। ਹਰੇਕ ਸ਼ਾਖਾ ਵਿਚ ਬਹੁਤਿਆਂ ਨੇ ਸੰਤਾਨ-ਸੰਜਮ ਦੇ ਓਪਰੇਸ਼ਨ ਕਰਵਾ ਕੇ ਅਗਾਊਂ ਤਰੱਕੀ ਲੈ ਲਈ ਹੁੰਦੀ ਹੈ।

ਹੁਣ ਸਾਡੇ ਦਫ਼ਤਰਾਂ ਵਿਚ ਉਨ੍ਹਾਂ ਦੇਵੀਆਂ ਦੀ ਗਿਣਤੀ ਵੱਧ ਰਹੀ ਹੈ ਜਿਹੜੀਆਂ ਆਪਣਾ ਕੰਮ ਦੂਜਿਆਂ ਨੂੰ ਸੌਂਪ ਕੇ ਆਪ ਮਾਡਲ ਬਣ ਕੇ ਬੈਠਦੀਆਂ ਹਨ ਅਤੇ ਉਨ੍ਹਾਂ ਦਾ ਕੰਮ ਕਰ ਰਿਹਾ ਵਿਅਕਤੀ ਜਦੋਂ ਗਰਦਨ ਉੱਚੀ ਕਰਦਾ ਹੈ ਤਾਂ ਉਸ ਵੱਲ ਉਬਾਸੀ ਲੈਣ ਮਗਰੋਂ ਮੁਸਕਰਾ ਕੇ ਵੇਖ ਛੱਡਦੀਆਂ ਹਨ।

ਸਾਡੇ ਦਫ਼ਤਰਾਂ ਵਿਚ ਸੰਪੂਰਨ ਲੋਕਤੰਤਰ ਹੈ। ਇਥੇ ਨਾ ਕੇਵਲ ਇਸਤਰੀ, ਪੁਰਸ਼ ਦੇ ਹੱਕ ਬਰਾਬਰ ਹਨ ਸਗੋਂ ਕੰਮ ਕਰਨ ਅਤੇ ਨਾ ਕਰਨ ਵਾਲਿਆਂ ਦੋਹਾਂ ਨੂੰ ਤਨਖ਼ਾਹ ਵੀ ਬਰਾਬਰ ਮਿਲਦੀ ਹੈ। ਇੱਥੇ ਦਫ਼ਤਰ ਦੇਰ ਨਾਲ ਆਉਣ ਵਾਲਿਆਂ ਅਤੇ ਜਲਦੀ ਜਾਣ ਵਾਲਿਆਂ ਵਿਚ ਪੂਰਨ ਸਹਿਯੋਗ ਝਲਕਦਾ ਹੈ। ਮੈਂ ਕਈਆਂ ਨੂੰ ਪੁੱਛਿਆ ਹੈ ਕਿ ਕੀ ਵਿਹਲੇ ਰਹਿ ਕੇ ਅਕੇਵਾਂ ਨਹੀਂ ਹੁੰਦਾ? ਇਕ ਵਿਹਲੇ ਕਲਰਕ ਨੇ ਆਪਣੇ ਲੰਮੇ ਤਜਰਬੇ ਦੇ ਆਧਾਰ 'ਤੇ ਕਿਹਾ ਕਿ ਅਕੇਵਾਂ ਤਾਂ ਹੀ ਹੁੰਦਾ ਹੈ ਜੇ ਕੁਝ ਵਿਹਲੇ ਹੋਣ ਅਤੇ ਕੁਝ ਕੰਮ ਕਰਨ ਪਰ ਜੇ ਸਾਰੇ ਹੀ ਵਿਹਲੇ ਹੋਣ ਤਾਂ ਉਹ ਇਕ ਦੂਜੇ ਦਾ ਮਨ ਲਾਈ ਰੱਖਦੇ ਹਨ।

ਉਸ ਨੇ ਮਖਣੀ ਮੁਸਕਰਾਹਟ ਨਾਲ ਇਹ ਵੀ ਦੱਸਿਆ ਕਿ ਹੁਣ ਦਫ਼ਤਰਾਂ ਵਿਚ ਇਸਤਰੀਆਂ ਦੀ ਗਿਣਤੀ ਵੱਧ ਗਈ ਹੈ, ਸੋ ਇਕ ਦੂਜੇ ਨੂੰ ਮਿਲਦਿਆਂ, ਹਾਲਚਾਲ ਪੁੱਛਦਿਆਂ,

ਚਾਰ ਵਾਰੀ ਬਣਨ ਵਾਲੀ ਚਾਹ ਪੀਂਦਿਆਂ, ਚੋਰ ਨਜ਼ਰਾਂ ਨਾਲ ਇਕ-ਦੂਜੇ ਨੂੰ ਵੇਖਦਿਆਂ ਅਤੇ ਗੁਝੇ ਇਸ਼ਾਰੇ ਕਰਦਿਆਂ ਵਕਤ ਦਾ ਪਤਾ ਹੀ ਨਹੀ ਲੱਗਦਾ।

ਮੇਜ਼ ਨਾਲ ਬੰਨ੍ਹੀ ਕੁਰਸੀ 'ਤੇ ਬੈਠੀ ਇਕ ਇਸਤਰੀ ਕਲਰਕ ਨੇ ਦੱਸਿਆ ਕਿ ਜੇ ਅਕੇਵਾਂ ਹੋ ਵੀ ਜਾਵੇ ਤਾਂ ਪੁਰਸ਼ ਆਪਣੀ ਐਨਕ ਅਤੇ ਇਸਤਰੀ ਆਪਣਾ ਪੁਰਾਣਾ ਖਾਲੀ ਪਰਸ ਦਰਾਜ਼ ਵਿਚੋਂ ਕੱਢ ਕੇ ਮੇਜ਼ ਉੱਤੇ ਰੱਖ ਕੇ, ਆਪਣਾ-ਆਪਣਾ ਮਾਇਕ ਯੋਗਦਾਨ ਪਾ ਕੇ, ਖਾਣ-ਪੀਣ ਰਾਹੀਂ ਅਕੇਵਾਂ ਦੂਰ ਕਰਨ, ਕੰਟੀਨ ਜਾਂ ਬਾਜ਼ਾਰ ਜਾ ਸਕਦੇ ਹਨ ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਜੋ ਵੀ ਕੋਈ ਹਾਜ਼ਰ ਹੋਵੇ, ਉਹ ਉਨ੍ਹਾਂ ਦੇ ਮਾਣ-ਸਤਿਕਾਰ ਦੀ ਰੱਖਿਆ ਕਰਦਾ ਹੈ। ਅਜਿਹੇ ਆਪਸੀ ਮੇਲ-ਮਿਲਾਪ ਅਤੇ ਮਿਲਵਰਤਣ ਦੀ ਭਾਵਨਾ ਤੁਹਾਨੂੰ ਸਰਕਾਰੀ ਦਫ਼ਤਰਾਂ ਤੋਂ ਇਲਾਵਾ ਹੋਰ ਕਿਧਰੇ ਨਹੀਂ ਮਿਲੇਗੀ।

ਦਫ਼ਤਰਾਂ ਵਿਚ ਕੰਮ ਕਰਨ ਵਾਲੇ ਪੁਰਸ਼ ਅਤੇ ਇਸਤਰੀਆਂ ਅਕਸਰ ਕਲਰਕੋਂ-ਕਲਰਕੀ ਵੀ ਹੋ ਜਾਂਦੇ ਹਨ ਪਰ ਇਨ੍ਹਾਂ ਦੇ ਜੀਵਨ ਵਿਚ ਪੱਕੀਆਂ ਦੁਸ਼ਮਣੀਆਂ ਅਤੇ ਪੱਕੀਆਂ ਦੋਸਤੀਆਂ ਦੀ ਕੋਈ ਸੰਭਾਵਨਾ ਨਹੀਂ ਹੁੰਦੀ।

ਕਲਰਕ ਦੀ ਜੂਨ ਹੀ ਅਜਿਹੀ ਹੈ ਕਿ ਜੋ ਇਕ ਵਾਰੀ ਕਲਰਕ ਲੱਗ ਗਿਆ, ਉਹ ਜ਼ਿੰਦਗੀ ਵਿਚ ਕੁਝ ਬਣ ਜਾਵੇ, ਉਹ ਕਲਰਕੀ ਬਿਰਤੀ ਤੋਂ ਮੁਕਤ ਨਹੀਂ ਹੋ ਸਕਦਾ।

ਅੰਤਿਮ ਮੁਕਤੀ ਤੋਂ ਪਹਿਲੇ ਸੇਵਾ-ਮੁਕਤੀ ਪ੍ਰਾਪਤ ਕਰ ਕੇ ਕਲਰਕ ਨੂੰ ਜਦੋਂ ਪਤਾ ਲੱਗਦਾ ਹੈ ਕਿ ਉਸ ਦੇ ਸੇਵਾ-ਮੁਕਤ ਹੋਣ ਉਪਰੰਤ ਵੀ ਦਫ਼ਤਰ ਪਹਿਲੇ ਵਾਂਗ ਚੱਲ ਰਿਹਾ ਹੈ ਤਾਂ ਉਸ ਨੂੰ ਹੈਰਾਨੀ ਨਾਲੋਂ ਵਧੇਰੇ ਪਰੇਸ਼ਾਨੀ ਹੁੰਦੀ ਹੈ।

ਸੇਵਾ-ਮੁਕਤ ਹੋਏ ਕਲਰਕ ਲਈ ਸਭ ਤੋਂ ਵੱਡੀ ਮੁਸ਼ਕਿਲ ਕਲਰਕੀ ਦ੍ਰਿਸ਼ਟੀਕੋਣ ਤੋਂ ਮੁਕਤ ਹੋਣ ਅਤੇ ਸਮਾਂ-ਗੁਜ਼ਾਰਨ ਦੀ ਹੁੰਦੀ ਹੈ। ਪਤੀ ਦੀ ਹਰ ਸਮੇਂ ਘਰ ਵਿਚ ਹਾਜ਼ਰੀ ਨਾਲ, ਕਲਰਕ ਦੀ ਪਤਨੀ ਅਜੀਬ-ਅਜੀਬ ਅਨੁਭਵ ਕਰਦੀ ਹੈ।

ਕਈ ਤਾਂ ਆਪਣੇ ਜੋਟੀਦਾਰਾਂ ਦੇ ਸੇਵਾ-ਮੁਕਤ ਹੋਣ ਦੀ ਉਡੀਕ ਕਰਦੇ ਹਨ ਅਤੇ ਕਈ ਨਵੇਂ ਸ਼ੌਕ ਪਾਲਣ ਦਾ ਅਸਫ਼ਲ ਯਤਨ ਕਰਦੇ ਹਨ।

ਜਦੋਂ ਇਕ ਅਜਿਹੇ ਕਲਰਕ ਨੂੰ ਸੰਗੀਤ ਦਾ ਸ਼ੌਕ ਜਾਗਿਆ ਤਾਂ ਉਸ ਨੇ ਆਪਣੀ ਪੋਤਰੀ ਦਾ ਨਾਂ ਸਰਗਮ ਰੱਖ ਦਿੱਤਾ ਪਰ ਆਂਢ-ਗੁਆਂਢ ਨੂੰ ਜਦੋਂ ਸਰਗਮ ਬੋਲਣਾ ਨਾ ਆਇਆ ਤਾਂ ਉਹ ਉਸ ਨੂੰ ਸ਼ਲਗਮ-ਸ਼ਲਗਮ ਕਹਿਣ ਲੱਗ ਪਏ।

ਸੇਵਾ-ਮੁਕਤ ਹੋ ਕੇ ਜਿਨ੍ਹਾਂ ਕਲਰਕਾਂ ਕੋਲ ਵਧੇਰੇ ਸਮਾਂ ਹੁੰਦਾ ਹੈ, ਉਹ ਮਾਲਕ-ਮਕਾਨ ਜਾਂ ਕਿਰਾਏਦਾਰ ਨਾਲ ਅਦਾਲਤੀ ਮੈਚ ਸ਼ੁਰੂ ਕਰ ਲੈਂਦੇ ਹਨ।

ਜੇ ਇਹ ਸੰਭਵ ਨਾ ਹੋਵੇ ਤਾਂ ਗੁਆਂਢੀ ਨਾਲ ਸਾਂਝੀ ਕੰਧ ਦਾ ਝਗੜਾ ਉਨ੍ਹਾਂ ਦਾ ਮਨਪ੍ਰਾਵਾ ਬਣਦਾ ਹੈ। ਕਈ ਦੁੱਧ ਲਿਆਉਣ, ਸਬਜ਼ੀ ਖਰੀਦਣ ਅਤੇ ਆਉਂਦਿਆਂ ਧਰਮਸਾਲਾ ਵਿਚੋਂ ਅਖ਼ਬਾਰ ਪੜ੍ਹਨ ਵਿਚ ਰੁੱਝ ਜਾਂਦੇ ਹਨ।

ਕਲਰਕਾਂ ਨੂੰ ਅਸਲ ਖੁਸ਼ੀ ਉਦੋਂ ਹੁੰਦੀ ਹੈ ਜਦੋਂ ਅਫ਼ਸਰ ਲੱਤ-ਬਾਂਹ ਟੁੱਟਣ ਕਾਰਨ ਲੰਮੀ ਛੁੱਟੀ 'ਤੇ ਹੋਵੇ। ਸਾਰੇ ਵਾਰੋ-ਵਾਰੀ ਪਤੀ ਜਾਂ ਪਤਨੀ ਨੂੰ ਨਾਲ ਲੈ ਕੇ ਹਾਲ ਪੁੱਛਣ ਦੇ

ਬਹਾਨੇ ਇਹ ਵੇਖਣ ਜਾਂਦੇ ਹਨ ਕਿ ਉਹ ਹੋਰ ਕਿਤਨੇ ਦਿਨ ਦਫ਼ਤਰ ਨਹੀਂ ਆ ਸਕੇਗਾ। ਸਾਰੇ ਹਮਦਰਦੀ ਜਤਲਾਉਂਦਿਆਂ ਆਪਣੇ ਸਾਹਿਬ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਪੂਰਾ ਆਰਾਮ ਕਰਨ, ਕਿਉਂਕਿ ਦਫ਼ਤਰ ਦਾ ਕੰਮ ਠੀਕ-ਠਾਕ ਚੱਲ ਰਿਹਾ ਹੈ।

ਅਜਿਹੇ ਦਿਨਾਂ ਵਿਚ ਖ਼ੂਬ ਮੌਜ ਹੁੰਦੀ ਹੈ, ਸਾਰੇ ਖੁਲ੍ਹ ਕੇ ਗੱਲਾਂ ਕਰਦੇ ਹਨ। ਹਰ ਪਾਸੇ ਤੀਆਂ ਵਾਲਾ ਵਾਤਾਵਰਣ ਹੁੰਦਾ ਹੈ। ਹਿੱਸਾ ਪਾ ਕੇ ਪਾਰਟੀਆਂ ਹੁੰਦੀਆਂ ਹਨ, ਦਬੀਆਂ-ਘੁਟੀਆਂ ਇੱਛਾਵਾਂ ਨੂੰ ਪ੍ਰਗਟਾਵਾ ਮਿਲਦਾ ਹੈ। ਰਾਮ ਪਾਲ ਕਹਿੰਦਾ ਹੈ, 'ਚੱਢੇ ਦੀ ਪਤਨੀ ਬੜੀ ਮੱਧਰੀ ਹੈ!' ਗੁਪਤਾ ਦਸਦਾ ਹੈ, 'ਮੁਸੀਬਤ ਜਿਤਨੀ ਛੋਟੀ ਹੋਵੇ, ਉਤਨੀ ਚੰਗੀ ਹੁੰਦੀ ਹੈ।' ਸ਼ੀਲਾ ਦੱਸਦੀ ਹੈ ਕਿ ਉਸ ਦੇ ਪਤੀ ਨੇ ਬੀਮਾ ਕਰਵਾ ਲਿਆ ਹੈ। ਭਗਵਾਨ ਸਿੰਘ ਕਹਿੰਦਾ ਹੈ, 'ਜਦੋਂ ਪੈਸੇ ਹੱਥ ਲੱਗੇ, ਪਾਰਟੀ ਦੇਣੀ ਨਾ ਭੁੱਲਣਾ।'

ਲਾਜਪਤ ਰਾਏ ਦੱਸਦਾ ਹੈ, 'ਜਦੋਂ ਵਰਮਾ ਜੀ ਡਿਗ ਪਏ ਤਾਂ ਮੈਂ ਕਿਹਾ, ਜਨਾਬ ਦੀ ਸ਼ਾਨ ਨੂੰ ਕਿਧਰੇ ਸੱਟ ਤੇ ਨਹੀਂ ਲੱਗੀ ?' ਵਰਮਾ ਜੀ ਬੋਲੇ, 'ਮੇਰੀ ਸ਼ਾਨ ਤਾਂ ਠੀਕ ਹੈ, ਸ਼ਾਇਦ ਲੱਤ ਟੁੱਟ ਗਈ ਹੈ।' ਬਨਵਾਰੀ ਨੇ ਚੁੱਪ ਤੋੜਦਿਆਂ ਕਿਹਾ, 'ਕੱਲ੍ਹ ਮੇਰਾ ਬਾਸ ਪੁੱਛਦਾ ਸੀ ਕਿ ਕੌਣ-ਕੌਣ ਸਵਰਗ ਜਾਣਾ ਚਾਹੁੰਦਾ ਹੈ। ਮੇਰੇ ਸਿਵਾਏ ਸਭ ਨੇ ਹਾਂ ਕਰ ਦਿੱਤੀ। ਜਦੋਂ ਮੈਨੂੰ ਪੁੱਛਿਆ ਤਾਂ ਮੈਂ ਕਿਹਾ ਕਿ ਜਨਾਬ, ਜਦੋਂ ਤੁਸੀਂ ਸਾਰੇ ਸਵਰਗ ਚਲੇ ਜਾਵੋਗੇ ਤਾਂ ਮੇਰਾ ਸਵਰਗ ਤਾਂ ਇੱਥੇ ਹੀ ਬਣ ਜਾਵੇਗਾ।'

ਪੰਜਾਹ ਸਾਲ ਤੋਂ ਵਡੇਰੀ ਉਮਰ ਦੇ ਕਲਰਕਾਂ ਦਾ ਤਾਂ ਛੁੱਟੀ ਵਾਲੇ ਦਿਨ ਵੀ ਦਫ਼ਤਰ ਆਉਣ ਦਾ ਮਨ ਕਰਦਾ ਰਹਿੰਦਾ ਹੈ।

ਜਿਵੇਂ ਸਰਕਸ ਦੇ ਸ਼ੇਰ ਨੂੰ ਪਿੰਜਰੇ ਵਿਚ ਰਹਿਣ ਦੀ ਆਦਤ ਪੈ ਜਾਂਦੀ ਹੈ, ਇਵੇਂ ਹੀ ਕਈਆਂ ਨੂੰ ਦਫ਼ਤਰ ਅੰਦਰ ਬਹਿਣ ਦੀ ਆਦਤ ਪੈ ਜਾਂਦੀ ਹੈ।

ਅਕਸਰ ਸੋਚਦਾ ਹਾਂ ਕਿ ਲੱਖਾ ਕਰੋੜਾਂ ਕਲਰਕਾਂ ਦੇ ਬਾਵਜੂਦ ਅਜੇ ਤੱਕ ਕਿਸੇ ਕਲਰਕ ਦਾ ਬੁੱਤ ਕਿਉਂ ਨਹੀਂ ਲੱਗਿਆ ? ਅਜੇ ਕਿਸੇ ਕਲਰਕ ਨੂੰ, ਭਾਵੇਂ ਮਰਨ-ਉਪਰੰਤ ਹੀ ਸਹੀ, 'ਭਾਰਤ ਰਤਨ' ਕਿਉਂ ਨਹੀਂ ਮਿਲਿਆ ? ਅਜੇ ਤੱਕ ਕਿਸੇ ਗੱਡੀ ਦਾ ਨਾਂ ਕਲਰਕ-ਐਕਸਪ੍ਰੈਸ ਕਿਉਂ ਨਹੀਂ ਰੱਖਿਆ ਗਿਆ ? ਰੇਡੀਓ ਤੋਂ ਕਲਰਕਾਂ ਲਈ ਗਾਣਿਆਂ ਦਾ ਵਿਸ਼ੇਸ਼ ਪ੍ਰੋਗਰਾਮ ਕਿਉਂ ਨਹੀਂ ਆਉਂਦਾ ? ਅਜੇ ਤੱਕ ਕਿਸੇ ਸਾਬਣ ਜਾਂ ਘਿਓ ਦਾ ਨਾਂ ਕਲਰਕ-ਸੋਪ ਜਾਂ ਕਲਰਕ-ਘੀ ਕਿਸੇ ਨੂੰ ਕਿਉਂ ਨਹੀਂ ਸੁੱਝਿਆ ?

ਸ਼ਾਇਦ ਕਾਰਨ ਇਹ ਹੈ ਕਿ ਜਿਵੇਂ ਬਾਣੀਏ ਦੀ ਨਿਰਧਨ ਵਿਚ, ਸਰਕਾਰ ਦੀ ਲੋਕਾਂ ਵਿਚ, ਦੁਕਾਨਦਾਰ ਦੀ ਮੰਗਤੇ ਵਿਚ ਅਤੇ ਅਧਿਆਪਕਾਂ ਦੀ ਵਿਦਿਆਰਥੀਆਂ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ, ਇਵੇਂ ਹੀ ਸਮਾਜ ਵਿਚ ਕਿਸੇ ਦੀ ਕਲਰਕਾਂ ਵਿਚ ਕੋਈ ਦਿਲਚਸਪੀ ਨਹੀਂ ਪਰ ਇਨ੍ਹਾਂ ਦੀ ਹਰ ਸ਼ਹਿਰ ਵਿਚ ਗਿਣਤੀ ਨੂੰ ਧਿਆਨ ਵਿਚ ਰੱਖਦਿਆਂ ਹੋਰ ਕੁਝ ਨਹੀਂ ਤਾਂ ਘੱਟੋ-ਘੱਟ ਇਨ੍ਹਾਂ ਵਾਸਤੇ ਸੱਸਤੀ ਅਤੇ ਜਲਦੀ ਜਲਣ ਵਾਲੀ ਲੱਕੜ ਵਾਲਾ ਵੱਖਰਾ ਸ਼ਮਸ਼ਾਨਘਾਟ ਤਾਂ ਬਣਾਇਆ ਹੀ ਜਾ ਸਕਦਾ ਹੈ।

ਸਰਕਾਰੀ ਦਫ਼ਤਰਾਂ ਦੇ ਵਿਸ਼ਾਲ ਮਾਰੂਥਲਾਂ ਵਿਚ ਵਿਹਲੜਾਂ ਦੀਆਂ ਭੀੜਾਂ ਵਿਚ ਘਿਰੇ ਕੁਝ ਗੁਲਾਬ ਦੇ ਫੁੱਲ ਵੀ ਜ਼ਰੂਰ ਹੁੰਦੇ ਹਨ, ਜਿਨ੍ਹਾਂ ਨੇ ਦੇਸ਼ ਅਤੇ ਸਮਾਜ ਦੀ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਚੁੱਕੀ ਹੁੰਦੀ ਹੈ।

ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਵਾਲੇ ਇਨ੍ਹਾਂ ਕਲਰਕਾਂ ਨੂੰ, ਮੈਂ ਪੂਰੇ ਸਤਿਕਾਰ ਨਾਲ, ਦੋਹਾਂ ਹੱਥਾਂ ਨਾਲ ਸਲਾਮ ਕਰਦਾ ਹਾਂ!

ਇਨ੍ਹਾਂ ਨੇ ਕੰਮ-ਚੋਰਾਂ, ਮਗਰਮੱਛਾਂ, ਬਹਾਨੇਬਾਜ਼ਾਂ ਅਤੇ ਚਾਲਬਾਜ਼ਾਂ ਦੇ ਅਥਾਹ ਸਮੁੰਦਰ ਵਿਚ ਰਹਿੰਦੇ ਹੋਏ ਵੀ ਸਿਦਕ ਨਹੀਂ ਹਾਰਿਆ ਅਤੇ ਫਾਈਲਾਂ ਨੂੰ ਗੁੰਮਣ ਤੋਂ ਬਚਾਈ ਰੱਖਿਆ ਹੈ। ਇਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਹਰ ਕੀਮਤ 'ਤੇ ਨਿਭਾਇਆ ਹੈ ਅਤੇ ਮਹਾਨ ਭਾਰਤ ਦੇਸ਼ ਨੂੰ ਡੁੱਬਣ ਨਹੀਂ ਦਿੱਤਾ।

ਇਨ੍ਹਾਂ ਨੇ ਦਫ਼ਤਰ ਵਿਚ ਦੇਰ ਨਾਲ ਆਉਣ ਅਤੇ ਪਹਿਲੇ ਚਲੇ ਜਾਣ ਦੇ ਅਣਗਿਣਤ ਅਵਸਰਾਂ ਦੇ ਬਾਵਜੂਦ ਆਪਣੀ ਹਾਜ਼ਰੀ ਨੂੰ ਕੰਮ ਦੇ ਲੇਖੇ ਲਾ ਕੇ ਸਿਰੜ ਨਿਭਾਇਆ ਹੈ ਅਤੇ ਈਮਾਨਦਾਰੀ ਦਾ ਲੜ ਨਹੀਂ ਛੱਡਿਆ।

ਇਹ ਉਹ ਯੋਧੇ ਹਨ, ਜਿਹੜੇ ਕੁਰਸੀਆਂ ਵਿਚ ਚਿਣੇ ਗਏ ਅਤੇ ਬਿਨਾਂ ਕਿਸੇ ਉਪਰਲੀ ਆਮਦਨ ਅਤੇ ਓਵਰ-ਟਾਈਮ ਦੇ ਆਪਣੀ ਨਿੱਕੀ ਜੇਬ ਪਰ ਵੱਡੇ ਹੌਸਲੇ ਨਾਲ, ਜ਼ਿੰਦਗੀ ਦੇ ਕਠਿਨ ਮਹੀਨੇ ਪਾਰ ਕਰਦੇ ਰਹੇ ਹਨ।

ਇਹ ਉਹ ਜਿਊਂਦੇ ਸ਼ਹੀਦ ਹਨ, ਜਿਹੜੇ ਪੈਂਤੀਆਂ ਦੀ ਉਮਰ ਵਿਚ ਪੰਜਾਹਾਂ ਦੇ ਵਿਖਾਈ ਦਿੰਦੇ ਰਹੇ, ਜਿਨ੍ਹਾਂ ਦੇ ਕੱਪੜਿਆਂ ਵਿਚ ਸਦਾ ਵੱਟ ਰਹੇ ਪਰ ਜਿਨ੍ਹਾਂ ਦੀ ਨੀਅਤ ਸਿੱਧੀ, ਰਹਿਣੀ ਸਾਦੀ, ਤੱਕਣੀ ਨਿਰਮਲ ਅਤੇ ਬਿਰਤੀ ਨਿਰਛੱਲ ਰਹੀ।

ਇਤਿਹਾਸ ਵਿਚ ਕੋਈ ਸਮਾਂ ਜ਼ਰੂਰ ਆਵੇਗਾ, ਜਦੋਂ ਸਾਰਾ ਮੁਲਕ ਇਨ੍ਹਾਂ ਦੀਆਂ ਖਾਮੋਸ਼ ਅਤੇ ਵਿਸ਼ਾਲ ਕੁਰਬਾਨੀਆਂ 'ਤੇ ਮਾਣ ਕਰੇਗਾ ਅਤੇ ਇਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਵਿਚ ਕੁਝ ਮਿੰਟਾਂ ਲਈ ਸਨਾਟੇ ਵਿਚ ਵਿਚਰੇਗਾ।

ਇਹ ਕਲਰਕ ਉਹੀ ਬਲਦ ਹਨ, ਜਿਨ੍ਹਾਂ ਨੇ ਆਪਣੇ ਸਿੰਗਾਂ ਉੱਤੇ ਸਾਰੀ ਧਰਤੀ ਦਾ ਬੋਝ ਚੁੱਕਿਆ ਹੋਇਆ ਹੈ।

ਜਦੋਂ ਵੀ ਤੁਹਾਨੂੰ ਅੱਕਾਂ ਵਿਚ ਘਿਰਿਆ, ਛੁਪਿਆ ਕੋਈ ਅਜਿਹਾ ਗੁਲਾਬ ਦਿਸੇ, ਤਾਂ ਉਸ ਕਲਰਕ ਬਾਦਸ਼ਾਹ ਨੂੰ ਆਪਣੀ ਸਲਾਮ ਨਾਲ, ਮੇਰੀ ਸਲਾਮ ਵੀ ਕਹਿਣਾ।

♥♥♥

ਘਰ ਅਤੇ ਮਕਾਨ

ਘਰ ਉਸ ਥਾਂ ਨੂੰ ਕਹਿੰਦੇ ਹਨ, ਜਿੱਥੇ ਸਾਡਾ ਦਿਲ ਲੱਗ ਜਾਵੇ, ਜਿੱਥੇ ਜਾਣ ਲਈ ਸਾਡਾ ਦਿਲ ਤਾਂਘੇ ਅਤੇ ਜਿੱਥੇ ਸਾਨੂੰ ਸਾਹ ਸੌਖਾ ਆਵੇ।

ਲੋਕਾਂ ਦੀ ਬਹੁਗਿਣਤੀ ਮਕਾਨਾਂ ਵਿਚ ਰਹਿੰਦੀ ਹੈ, ਘਰਾਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਬੜੀ ਥੋੜ੍ਹੀ ਹੈ।

ਸਾਰੇ ਮਨੁੱਖੀ ਯਤਨ ਸੁਖਦਾਇਕ ਘਰ ਉਸਾਰਨ ਦਾ ਉਪਰਾਲਾ ਹੀ ਹੁੰਦੇ ਹਨ।

ਜਿਥੇ ਕਿਰਾਇਆ ਦੇਣਾ ਪਏ, ਉਹ ਮਕਾਨ ਹੁੰਦਾ ਹੈ; ਜਿਥੇ ਸੁੱਚਾ ਪਿਆਰ ਮਿਲੇ, ਉਹ ਘਰ ਹੁੰਦਾ ਹੈ।

ਘਰ ਸਭ ਪ੍ਰਕਾਰ ਦੇ ਪਿਆਰ ਦਾ ਸਰੋਤ ਹੁੰਦਾ ਹੈ।

ਜਦੋਂ ਕੋਈ ਸਾਨੂੰ ਚੰਗਾ ਲੱਗਦਾ ਹੈ ਤਾਂ ਅਸੀਂ ਉਸ ਨੂੰ ਆਪਣੇ ਘਰ ਬੁਲਾਉਂਦੇ ਹਾਂ ਜਾਂ ਉਸ ਦੇ ਘਰ ਜਾਂਦੇ ਹਾਂ ਜਾਂ ਉਸ ਨਾਲ ਘਰ ਵਸਾਉਣਾ ਚਾਹੁੰਦੇ ਹਾਂ।

ਸਾਡਾ ਬਹੁਤਾ ਵਿਹਾਰ ਅਤੇ ਸਾਡੀ ਬੋਲਚਾਲ ਦੇ ਅਨੇਕਾਂ ਹੀ ਸ਼ਬਦ ਘਰ ਦੇ ਸੰਦਰਭ ਵਿਚ ਹੀ ਅਰਥਪੂਰਨ ਹੁੰਦੇ ਹਨ।

ਘਰ, ਮਨੁੱਖ ਦਾ ਜਨਮ-ਸਥਾਨ ਹੀ ਨਹੀਂ ਹੁੰਦਾ, ਉਸ ਦੀ ਹਰ ਪ੍ਰਕਾਰ ਦੀ ਮੁਢਲੀ ਤਸੱਲੀ, ਖੁਸ਼ੀ ਅਤੇ ਸਿਖਲਾਈ ਦਾ ਕੇਂਦਰ ਵੀ ਹੁੰਦਾ ਹੈ।

ਕਿਸੇ ਦੇਸ਼ ਦੇ ਘਰਾਂ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਸ ਦੇਸ਼ ਦੀ ਸੋਚ ਕਿਹੋ ਜਿਹੀ ਹੈ, ਉਸ ਦੇਸ਼ ਦੇ ਉਦੇਸ਼ ਕੀ ਹੋ ਸਕਦੇ ਹਨ।

ਨਿੱਕੇ-ਨਿੱਕੇ ਘਰ, ਕਿਸੇ ਕੌਮ ਦੇ ਛੋਟੇ-ਛੋਟੇ ਕਿਲ੍ਹੇ ਹੁੰਦੇ ਹਨ।

ਜਦੋਂ ਅਸੀਂ ਘਰੋਂ ਬਾਹਰ ਜਾਂਦੇ ਹਾਂ ਤਾਂ ਸਾਡਾ ਸਰੀਰ ਹੀ ਬਾਹਰ ਜਾਂਦਾ ਹੈ, ਸਾਡੀ ਰੂਹ ਅਤੇ ਦਿਲ, ਸਾਡੇ ਅਰਮਾਨ ਅਤੇ ਸੁਪਨੇ ਸਾਡੇ ਘਰ ਦੇ ਨਿੱਘ ਵਿਚ ਪਿੱਛੇ ਰਹਿ ਜਾਂਦੇ ਹਨ।

ਅਸੀਂ ਭਾਵੇਂ ਸਾਰੀ ਉਮਰ ਵਿਦੇਸ਼ਾਂ ਵਿਚ ਨਾ ਜਾਈਏ ਤਾਂ ਵੀ ਸਾਡਾ ਗੁਜ਼ਾਰਾ ਹੋ ਜਾਵੇਗਾ, ਪਰ ਵਿਦੇਸ਼ਾਂ ਵਿਚ ਗਏ ਲੋਕ, ਘਰ ਮੁੜਨ ਲਈ ਤਾਂਘਦੇ ਰਹਿੰਦੇ ਹਨ। ਉਥੇ ਭਾਵੇਂ ਉਹ ਕਿੰਨੀ ਵੀ ਤਰੱਕੀ ਕਿਉਂ ਨਾ ਕਰ ਲੈਣ, ਉਨ੍ਹਾਂ ਦੇ ਦਿਲਾਂ ਦੀਆਂ ਅੱਖਾਂ ਆਪਣੇ ਵਤਨ ਵਿਚ ਆਪਣੇ ਘਰ ਦੀ ਤਲਾਸ਼ ਵਿਚ ਲੱਭਦੀਆਂ ਰਹਿੰਦੀਆਂ ਹਨ।

ਇਹੀ ਕਾਰਨ ਹੈ ਕਿ ਸੰਸਾਰ ਦੇ ਲੋਕਾਂ ਦੀ ਬਹੁ-ਗਿਣਤੀ ਆਪਣੀ ਜਨਮ-ਭੂਮੀ ਦੇ ਨੇੜੇ-ਤੇੜੇ ਹੀ ਰਹਿੰਦੀ ਹੈ।

ਤੁਸੀਂ ਵੇਖਿਆ ਹੋਵੇਗਾ ਕਿ ਕੁਝ ਲੋਕ ਲਾਹੌਰ ਦੀਆਂ ਜਾਂ ਆਪਣੇ ਸ਼ਹਿਰ ਦੀਆਂ ਜਾਂ ਆਪਣੇ ਪਿੰਡ ਦੀਆਂ ਗੱਲਾਂ ਕਰਦੇ-ਕਰਦੇ ਬੜੇ ਭਾਵਕ ਹੋ ਜਾਂਦੇ ਹਨ।

ਇਸ ਭਾਵਕਤਾ ਦਾ ਡੂੰਘਾ ਮਨੋਵਿਗਿਆਨਕ ਕਾਰਨ ਹੁੰਦਾ ਹੈ।

ਜਿਸ ਥਾਂ ਸਾਡੇ ਦਿਲ ਨੇ ਪਹਿਲੀ ਵਾਰ ਉਡਾਰੀ ਮਾਰੀ ਹੋਵੇ, ਜਿੱਥੇ ਸਾਡੀ ਸੂਝ ਦੀਆਂ ਅੱਖਾਂ ਖੁਲ੍ਹੀਆਂ ਹੋਣ, ਜਿੱਥੇ ਖ਼ੂਬਸੂਰਤੀ ਦੇ ਲਿਸ਼ਕਾਰੇ ਨਾਲ ਸਾਡੀ ਰੂਹ ਮਚਲ ਪਈ ਹੋਵੇ, ਉਹ ਥਾਂ ਸਾਡੀ ਕਲਪਨਾ ਅਤੇ ਸੋਚ ਦਾ ਆਧਾਰ ਬਣ ਜਾਂਦੀ ਹੈ ਅਤੇ ਅਸੀਂ ਮੁੜ-ਘਿੜ ਕੇ ਇਸ ਥਾਂ ਵਾਪਸ ਮੁੜ ਆਉਂਦੇ ਹਾਂ।

ਇਨ੍ਹਾਂ ਘੜੀਆਂ ਵਿਚ ਹੀ ਅਸੀਂ ਆਪਣੇ ਮਨ ਵਿਚ ਘਰ ਦੇ ਨਿੱਘ ਅਤੇ ਸੁੱਖ ਦਾ ਪਹਿਲਾ ਤਸੱਵਰ ਉਸਾਰਦੇ ਹਾਂ।

ਘਰ ਦੇ ਅਰਥ ਪੁਰਸ਼ ਲਈ ਹੋਰ ਅਤੇ ਔਰਤ ਲਈ ਹੋਰ ਹੁੰਦੇ ਹਨ।

ਹਰ ਮਨੁੱਖ ਆਪਣੇ ਸੁਪਨਿਆਂ ਵਿਚ ਅਨੇਕਾਂ ਵਾਰ ਆਪਣਾ ਘਰ ਉਸਾਰਦਾ ਹੈ।

ਜਿੱਥੇ ਕਿਧਰੇ ਉਸ ਦਾ ਦਿਲ ਸੌਖ ਨਾਲ ਧੜਕਦਾ ਹੈ, ਜਿੱਥੇ ਉਸ ਦੇ ਕਦਮਾਂ ਵਿਚ ਕਾਹਲ ਨਹੀਂ ਹੁੰਦੀ, ਜਿਥੇ ਚਿਰ ਮਗਰੋਂ ਮੁੜਨ ਨਾਲ ਉਸ ਨੂੰ ਇਵੇਂ ਖ਼ੁਸ਼ੀ ਚੜ੍ਹਦੀ ਹੈ, ਜਿਵੇਂ ਲਲਾਰੀ ਦੇ ਤਸਲੇ ਵਿਚ ਕੱਪੜੇ ਨੂੰ ਰੰਗ ਚੜ੍ਹਦਾ ਹੈ, ਉਹ ਥਾਂ ਭਾਵੇਂ ਕਿਤਨੀ ਵੀ ਉਜਾੜ ਕਿਉਂ ਨਾ ਹੋਵੇ, ਘਰ ਅਖਵਾਉਂਦੀ ਹੈ।

ਜਦੋਂ ਘਰ ਦੇ ਸਾਰੇ ਜੀਅ ਘਰ ਵਿਚ ਹੋਣ ਤਾਂ ਮਨ ਨੂੰ ਇਕ ਅਕਹਿ ਜਿਹੀ ਤਸੱਲੀ ਹੁੰਦੀ ਹੈ। ਆਪਣੇ ਘਰ 'ਚ ਪਹੁੰਚ ਕੇ ਹੀ ਇਹ ਤਸੱਲੀ ਹੁੰਦੀ ਹੈ ਕਿ ਦੁਨੀਆਂ ਵਿਚ ਕੁਝ ਲੋਕ ਅਜਿਹੇ ਵੀ ਹਨ, ਜੋ ਸਾਨੂੰ ਵੇਖ ਕੇ ਖ਼ੁਸ਼ ਹੁੰਦੇ ਹਨ।

ਘਰ ਸਾਡੇ ਅਨੇਕਾਂ ਦੋਸ਼ਾਂ ਨੂੰ ਢੱਕਦਾ ਹੈ।

ਘਰ ਇਕ ਬੰਦ ਮੁੱਠੀ ਵਾਂਗ ਹੁੰਦਾ ਹੈ। ਜਿਹੜੀ ਗੱਲ ਸੰਸਾਰ ਵਿਚ ਕਿਧਰੇ ਵੀ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ, ਉਹ ਆਪਣੇ ਘਰ ਵਿਚ ਬਿਨਾਂ ਕਿਸੇ ਠੱਠੇ-ਮਖੌਲ ਜਾਂ ਅਲੋਚਨਾ ਦੇ ਡਰ ਤੋਂ, ਸਹਿਜੇ ਹੀ ਕੀਤੀ ਜਾ ਸਕਦੀ ਹੈ।

ਕਹਿੰਦੇ ਹਨ ਕਿ ਮਨੁੱਖ ਪੂਰਨ ਭਾਂਤ ਦੋ ਥਾਵਾਂ 'ਤੇ ਆਜ਼ਾਦ ਹੁੰਦਾ ਹੈ, ਗ਼ੁਸਲਖਾਨੇ ਵਿਚ ਅਤੇ ਆਪਣੇ ਬੱਚਿਆਂ ਕੋਲ ਅਤੇ ਇਹ ਦੋਵੇਂ ਅਵਸਥਾਵਾਂ ਘਰ ਵਿਚ ਹੀ ਸੰਭਵ ਹੁੰਦੀਆਂ ਹਨ।

ਕਿਸੇ ਹੋਰ ਦੇ ਘਰ ਸਾਡੇ ਰਹਿਣ-ਟਿਕਣ ਦੀਆਂ ਕਿੰਨੀਆਂ ਵੀ ਸਹੂਲਤਾਂ ਕਿਉਂ ਨਾ ਹੋਣ, ਅਸੀਂ ਉਖੜੇ-ਉਖੜੇ ਅਨੁਭਵ ਕਰਦੇ ਹਾਂ।

ਆਪਣੇ ਘਰ ਵਿਚ ਆਉਣ ਵਾਲੀ ਨੀਂਦਰ ਦਾ ਸੁਆਦ ਹੀ ਕੁਝ ਹੋਰ ਹੁੰਦਾ ਹੈ।

ਪੂਰਨ ਆਰਾਮ ਆਪਣੇ ਘਰ ਵਿਚ ਹੀ ਸੰਭਵ ਹੁੰਦਾ ਹੈ।

ਬੀਮਾਰ ਨੂੰ ਅਰੋਗ ਹੋਣ ਲਈ ਜਿਸ ਆਰਾਮ ਦੀ ਲੋੜ ਹੁੰਦੀ ਹੈ, ਉਹ ਉਸ ਨੂੰ ਆਪਣੇ ਘਰ ਵਿਚ ਹੀ ਮਿਲ ਸਕਦਾ ਹੈ।

ਕਦੀ ਵੀ ਕਿਸੇ ਨੂੰ ਆਪਣੇ ਘਰ ਜਲਦੀ ਮੁੜਨ ਦਾ ਪਛਤਾਵਾ ਨਹੀਂ ਹੁੰਦਾ। ਜਿਸ ਸੌਖ ਨਾਲ ਅਸੀਂ ਆਪਣੇ ਘਰ ਵਿਚ ਘੁੰਮਦੇ ਫਿਰਦੇ ਹਾਂ, ਉਹ ਸੌਖ ਹੋਰ ਕਿਧਰੇ ਨਹੀਂ ਮਿਲਦੀ।

ਸਾਡਾ ਢਿੱਡ ਅਤੇ ਸਾਡੀ ਅੱਖ ਘਰ ਵਿਚ ਹੀ ਰੱਜਦੀ ਹੈ।

ਘਰ ਵਿਚ ਜਦੋਂ ਬੱਚੇ ਆਪਣੇ ਪਿਤਾ ਦਾ ਮਨ ਨਸ਼ਿਆ ਰਹੇ ਹੋਣ ਤਾਂ ਮਾਂ ਆਪਣੇ ਪਤੀ ਦੇ ਮਨ ਦੀ ਹਾਲਤ ਜਾਣ ਜਾਂਦੀ ਹੈ।

ਘਰ ਉਸ ਥਾਂ ਨੂੰ ਕਹਿੰਦੇ ਹਨ, ਜਿੱਥੇ ਮਾਂ ਬੱਚਿਆਂ ਲਈ ਕੁਝ ਬਣਾਉਂਦੀ-ਪਕਾਉਂਦੀ ਹੀ ਰਹਿੰਦੀ ਹੈ, ਜਿੱਥੇ ਪਿਓ ਬੱਚਿਆਂ ਦੀ ਸਵਾਰੀ ਲਈ ਘੋੜਾ ਬਣਦਾ ਹੈ ਅਤੇ ਜਿੱਥੇ ਬੱਚੇ ਆਪਣੇ ਮਾਪਿਆਂ 'ਤੇ ਖਿੜਖਿੜਾ ਕੇ ਹੱਸ ਸਕਦੇ ਹਨ।

ਮਜ਼ਦੂਰ-ਮਿਸਤਰੀ, ਮਾਲਕ ਲਈ ਮਕਾਨ ਉਸਾਰਦੇ ਹਨ ਪਰ ਉਸ ਨੂੰ ਘਰ ਵਿਚ ਬਦਲਣ ਦਾ ਕ੍ਰਿਸ਼ਮਾ ਔਰਤ ਕਰ ਵਿਖਾਉਂਦੀ ਹੈ।

ਕਹਿੰਦੇ ਹਨ ਜਦੋਂ ਤੁਸੀਂ ਬਹੁਤ ਖੁਸ਼ ਹੋਵੋ ਜਾਂ ਬਹੁਤ ਉਦਾਸ ਹੋਵੋ ਤਾਂ ਘਰ ਵਿਚ ਹੀ ਰਹੋ ਅਤੇ ਕੋਈ ਵੱਡਾ ਜਾਂ ਮਹਿੰਗਾ ਫੈਸਲਾ ਕਰਨਾ ਹੋਵੇ ਤਾਂ ਉਸ ਬਾਰੇ ਸੋਚਣ ਦਾ ਕਾਰਜ ਆਪਣੇ ਘਰ ਵਿਚ ਹੀ ਕਰੋ।

ਦੇਸ਼-ਪਿਆਰ ਵੀ ਘਰ ਦੇ ਪਿਆਰ ਤੋਂ ਹੀ ਸ਼ੁਰੂ ਹੁੰਦਾ ਹੈ। ਜਿਸ ਦਾ ਆਪਣੇ ਘਰ ਵਿਚ ਦਿਲ ਨਹੀਂ ਲੱਗਦਾ, ਉਹ ਸਭ ਥਾਂ ਸ਼ਰਨਾਰਥੀਆਂ ਵਾਂਗ ਹੀ ਵਿਚਰੇਗਾ।

ਜੇ ਕਿਸੇ ਨੂੰ ਪੜ੍ਹਨ-ਲਿਖਣ ਦਾ ਸ਼ੌਕ ਹੋਵੇ ਤਾਂ ਛੁੱਟੀਆਂ ਗੁਜ਼ਾਰਨ ਲਈ, ਘਰ ਤੋਂ ਵਧੀਆ ਹੋਰ ਕੋਈ ਥਾਂ ਹੋ ਹੀ ਨਹੀਂ ਸਕਦੀ।

ਜਿਨ੍ਹਾਂ ਲੋਕਾਂ ਨੇ ਸੰਸਾਰ ਵਾਸਤੇ ਕੁਝ ਕੀਤਾ ਹੈ, ਉਹ ਬਹੁਤਾ ਚਿਰ ਆਪਣੇ ਘਰ ਵਿਚ ਹੀ ਕਾਰਜਸ਼ੀਲ ਰਹੇ ਹਨ।

ਜਿਨ੍ਹਾਂ ਨੇ ਦੁਨੀਆਂ ਗਾਹੀ ਹੈ, ਉਨ੍ਹਾਂ ਨੇ ਵੀ ਸਿਫ਼ਤ ਘਰ ਦੀ ਹੀ ਕੀਤੀ ਹੈ। ਅਖਾਣ ਹੈ: 'ਜੋ ਸੁਖ ਛੱਜੂ ਦੇ ਚੁਬਾਰੇ, ਉਹ ਨਾ ਬਲਖ਼ ਨਾ ਬੁਖ਼ਾਰੇ।'

ਘਰ ਇਕ ਥਾਂ ਮਾਤਰ ਹੀ ਹੁੰਦਾ ਹੈ ਪਰ ਇਸ ਜਿਹੀ ਹੋਰ ਕੋਈ ਥਾਂ ਨਹੀਂ ਹੁੰਦੀ। ਲੇਖਕ, ਕਵੀ, ਸੰਗੀਤਕਾਰ ਅਤੇ ਚਿੱਤਰਕਾਰ ਆਦਿ ਬਹੁਤਾ ਸਮਾਂ ਆਪਣੇ ਘਰ ਹੀ ਗੁਜ਼ਾਰਦੇ ਹਨ।

ਉਹ ਲੋਕ ਖੁਸ਼ਕਿਸਮਤ ਹਨ, ਜਿਨ੍ਹਾਂ ਨੂੰ ਆਪਣੇ ਘਰ ਨਾਲ ਪਿਆਰ ਹੈ ਅਤੇ ਉਸ ਨੂੰ ਹੋਰ ਸੋਹਣਾ ਬਣਾਉਣ ਲਈ ਉਹ ਤੱਤਪਰ ਰਹਿੰਦੇ ਹਨ।

ਹੋਟਲਾਂ ਜਾਂ ਹੋਸਟਲਾਂ ਵਿਚ ਭਾਵੇਂ ਸੰਸਾਰ ਭਰ ਦੇ ਸੁੱਖ ਕਿਉਂ ਨਾ ਇਕੱਠੇ ਕਰ ਦਿੱਤੇ ਜਾਣ, ਉਹ ਘਰ ਦਾ ਬਦਲ ਨਹੀਂ ਹੋ ਸਕਦੇ।

ਅਸੀਂ ਬਾਹਰ ਸਮੱਸਿਆਵਾਂ, ਪਰੇਸ਼ਾਨੀਆਂ ਅਤੇ ਬੀਮਾਰੀਆਂ ਸਹੇੜਦੇ ਹਾਂ ਅਤੇ ਘਰ ਵਿਚ ਇਨ੍ਹਾਂ ਤੋਂ ਛੁਟਕਾਰਾ ਪਾਉਂਦੇ ਹਾਂ।

ਕਿਸੇ ਵਿਅਕਤੀ ਨੇ ਅਜੇ ਤੱਕ ਇਹ ਨਹੀਂ ਕਿਹਾ ਕਿ ਉਹ ਆਪਣੇ ਘਰ ਵਿਚ ਰਹਿਣ ਤੋਂ ਅੱਕ ਗਿਆ ਹੈ।

ਅੱਕਦੇ ਅਸੀਂ ਕਿਸੇ ਵਿਅਕਤੀ ਤੋਂ ਹਾਂ, ਆਪਣੇ ਘਰ ਤੋਂ ਨਹੀਂ।

ਕਦੀ ਕਿਸੇ ਨੇ ਨਵੀਂ ਥਾਂ ਦੀ ਖਿੱਚ ਕਾਰਨ ਖਿੜੇ-ਮੱਥੇ ਆਪਣਾ ਵਰਤਮਾਨ ਘਰ ਨਹੀਂ ਤਿਆਗਿਆ। ਰੋਜ਼ਗਾਰ ਦੀਆਂ ਮਜਬੂਰੀਆਂ ਭਾਵੇਂ ਸਾਨੂੰ ਘਰ ਛੱਡਣ ਲਈ ਬੇਵੱਸ ਕਰ ਦੇਣ ਪਰ ਘਰ ਮੁੜਨ ਦਾ ਕੋਈ ਅਵਸਰ ਅਸੀਂ ਖੁੰਝਾਉਂਦੇ ਨਹੀਂ।

ਤਰਕ ਦੇ ਆਧਾਰ 'ਤੇ ਘਰ ਸਬੰਧੀ ਚਰਚਾ ਨਹੀਂ ਕੀਤੀ ਜਾ ਸਕਦੀ।

ਘਰ ਸਬੰਧੀ ਗੱਲ ਕਰਦਿਆਂ, ਸਾਡਾ ਭਾਵਕ ਹੋ ਜਾਣਾ ਸੁਭਾਵਿਕ ਹੁੰਦਾ ਹੈ।

ਘਰ ਦੀ ਨਾ ਤਾਂ ਪਰਿਭਾਸ਼ਾ ਸੰਭਵ ਹੈ ਅਤੇ ਨਾ ਹੀ ਇਸ ਦੀ ਵਿਆਖਿਆ ਕੀਤੀ ਜਾ ਸਕਦੀ ਹੈ, ਕਿਉਂਕਿ ਇਹ ਮਹਿਸੂਸ ਕਰਨ ਵਾਲਾ ਸੰਕਲਪ ਹੈ।

ਘਰ ਦਾ ਮਹੱਤਵ ਘਰੋਂ ਦੂਰ ਜਾਣ ਉੱਤੇ ਹੀ ਪਤਾ ਲੱਗਦਾ ਹੈ।

ਮਨੁੱਖ ਦੀ ਕਿਸਮਤ ਦਾ ਸੰਕਲਪ ਵੀ, ਜਨਮ ਲੈਣ ਵਾਲੇ ਉਸ ਦੇ ਆਪਣੇ ਘਰ ਦੇ ਸੰਦਰਭ ਵਿਚ ਹੀ ਹੁੰਦਾ ਹੈ।

ਸਾਡੀਆਂ ਆਦਤਾਂ ਅਤੇ ਪਿਆਰ ਸਾਡੇ ਘਰਾਂ ਵਿਚ ਹੀ ਪਲਦੇ ਹਨ ਅਤੇ ਇਨ੍ਹਾਂ ਰਾਹੀਂ ਹੀ ਸਾਡੀ ਸ਼ਖ਼ਸੀਅਤ ਨੂੰ ਗੋਲਾਈ ਮਿਲਦੀ ਹੈ।

ਅਸੀਂ ਕਿਧਰੇ ਵੀ ਹੋਈਏ, ਸੁੱਤੇ-ਸਿਧ ਆਪਣੇ ਘਰ ਵੱਲ ਵਹਿ ਤੁਰਦੇ ਹਾਂ, ਜਿਵੇਂ ਪਾਣੀ ਨਿਵਾਣ ਵਲ ਵਹਿ ਪੈਂਦਾ ਹੈ।

ਕਿਸੇ ਘਰ ਨੂੰ ਘਰ ਬਣਾਉਣ ਵਿਚ ਬੱਚਿਆਂ ਅਤੇ ਬੁੱਢਿਆਂ ਦਾ ਵੱਡਮੁੱਲਾ ਹੱਥ ਹੁੰਦਾ ਹੈ। ਬੱਚਿਆਂ ਬਿਨਾਂ ਘਰ ਫੌਜੀਆਂ ਦੀ ਛਾਉਣੀ ਪ੍ਰਤੀਤ ਹੁੰਦਾ ਹੈ, ਸਾਫ਼-ਸਾਫ਼ ਪਰ ਓਪਰਾ-ਓਪਰਾ ਅਤੇ ਰੁੱਖਾ-ਰੁੱਖਾ।

ਦੇਸ਼ ਨਿਕਾਲੇ ਦੇ ਅਰਥ ਅਸਲ ਵਿਚ ਕਿਸੇ ਵਿਅਕਤੀ ਨੂੰ ਆਪਣੇ ਘਰ ਨਾਲੋਂ ਤੋੜਨਾ-ਵਿਛੋੜਨਾ ਹੁੰਦੇ ਹਨ।

ਘਰ ਦੀ ਖਿੱਚ ਸਾਨੂੰ ਅਨੇਕਾਂ ਤੰਗੀਆਂ, ਮਜਬੂਰੀਆਂ, ਮਾਯੂਸੀਆਂ ਅਤੇ ਗਰੀਬੀਆਂ ਨੂੰ ਬਰਦਾਸ਼ਤ ਕਰਨ ਦਾ ਸਿਦਕ ਅਤੇ ਸਿਰੜ ਪ੍ਰਦਾਨ ਕਰਦੀ ਹੈ।

ਮਾਰੂਥਲਾਂ ਵਿਚ, ਪਹਾੜੀ ਖੁੰਦਰਾਂ ਵਿਚ, ਉਜਾੜ ਬੀਆਬਾਨਾਂ ਵਿਚ ਵੀ ਘਰ ਦੀ ਖਿੱਚ ਲੋਕਾਂ ਨੂੰ, ਅਕਹਿ ਤੇ ਅਸਹਿ ਮੁਸ਼ਕਿਲਾਂ ਦੇ ਬਾਵਜੂਦ, ਘਰ ਨਾਲ ਜੋੜੀ ਰੱਖਦੀ ਹੈ। ਜਵਾਲਾਮੁਖੀਆਂ ਕੋਲ, ਹੜ੍ਹਾਂ ਨਾਲ ਉੱਛਲ-ਉੱਛਲ ਪੈਂਦੇ ਦਰਿਆਵਾਂ ਕੋਲ ਵੀ ਲੋਕ ਕਿਉਂ ਵੱਸਦੇ ਹਨ ? ਸਪਸ਼ਟ ਹੈ ਕਿ ਅਜਿਹੇ ਲੋਕਾਂ ਨੂੰ ਆਪਣੇ ਘਰ ਨਾਲ ਮੁਹੱਬਤ ਹੁੰਦੀ ਹੈ ਅਤੇ ਮੁਹੱਬਤ, ਖ਼ਤਰਿਆਂ ਨੂੰ ਖ਼ਤਰਾ ਨਹੀਂ ਸਮਝਦੀ।

ਜਿਨ੍ਹਾਂ ਨੂੰ ਘਰ ਦੀ ਯਾਦ ਸਤਾਉਂਦੀ ਹੈ, ਉਨ੍ਹਾਂ ਨੂੰ ਹੋਰ ਕਿਸੇ ਵੀ ਚੀਜ਼ ਨਾਲ ਭਰਮਾਇਆ ਨਹੀਂ ਜਾ ਸਕਦਾ।

ਆਪਣੇ ਘਰ ਤੋਂ ਦੂਰ ਰਹਿਣ ਦੀ ਮਜਬੂਰੀ ਸਾਡੀ ਜ਼ਿੰਦਗੀ ਦੀਆਂ ਅਨੇਕਾਂ ਖੁਸ਼ੀਆਂ ਨੂੰ ਚੱਟ ਜਾਂਦੀ ਹੈ।

ਜਦੋਂ ਸਾਰੀ ਦੁਨੀਆਂ ਸਾਡੇ ਨਾਲ ਦੁਸ਼ਮਣੀ ਕਰਦੀ ਹੈ, ਉਦੋਂ ਵੀ ਘਰ ਦੀ ਦਹਿਲੀਜ਼ ਖਿੜੇ ਮੱਥੇ ਸਾਡਾ ਸੁਆਗਤ ਕਰਦੀ ਹੈ।

ਘਰ ਦੇ ਅਰਥ ਇਕ ਕਮਰੇ ਤੋਂ ਸਾਰੀ ਦੁਨੀਆਂ ਤੱਕ ਹੋ ਸਕਦੇ ਹਨ, ਜਿਸ ਵਿਚਕਾਰ, ਮੁਹੱਲਾ, ਗਲੀ, ਪਿੰਡ, ਸ਼ਹਿਰ, ਪ੍ਰਾਂਤ ਸਭ ਆ ਜਾਂਦੇ ਹਨ।

ਜਿਉਂ-ਜਿਉਂ ਸਾਡੀ ਸੋਚਣੀ, ਕਲਪਨਾ ਅਤੇ ਸ਼ਖ਼ਸੀਅਤ 'ਚ ਵਿਕਾਸ ਹੁੰਦਾ ਹੈ, ਘਰ ਦੇ ਅਰਥਾਂ ਵਿਚ ਵਿਸਥਾਰ ਹੁੰਦਾ ਰਹਿੰਦਾ ਹੈ।

ਕਮੀਨੇ ਵਿਅਕਤੀ ਦੀ ਇਹ ਪਹਿਚਾਣ ਹੁੰਦੀ ਹੈ ਕਿ ਉਸ ਦਾ ਆਪਣੇ ਘਰ ਜਾਣ ਨੂੰ ਦਿਲ ਨਹੀਂ ਕਰਦਾ ਅਤੇ ਉਹ ਜਦੋਂ ਜਾਂਦਾ ਵੀ ਹੈ ਤਾਂ ਘਰ ਵਿਚ ਹੀ ਮੋਰਚਾ ਲਾ ਲੈਂਦਾ ਹੈ।

ਘਰ ਸੀਮਿੰਟ, ਬਜਰੀ ਅਤੇ ਸਰੀਏ ਨਾਲ ਨਹੀਂ, ਸਗੋਂ ਸਾਡੀਆਂ ਭਾਵਨਾਵਾਂ, ਰੀਝਾਂ, ਸੁਪਨਿਆਂ ਅਤੇ ਮਿਹਨਤੀ ਯਤਨਾਂ ਨਾਲ ਉਸਰਦੇ ਹਨ।

ਜਿਨ੍ਹਾਂ ਲੋਕਾਂ ਨੂੰ ਕੁਝ ਸਮੇਂ ਮਗਰੋਂ ਮਕਾਨ ਬਦਲਣ ਦੀ ਆਦਤ ਹੁੰਦੀ ਹੈ, ਉਹ ਘਰ ਦੇ ਅਨੁਭਵ ਤੋਂ ਕੋਰੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਬੇਚੈਨੀ ਪਸਰੀ ਹੁੰਦੀ ਹੈ।

ਘਰ, ਉਸ ਆਲੇ-ਦੁਆਲੇ ਵਾਲੀ ਚਾਰ-ਦੀਵਾਰੀ ਅਤੇ ਉਸ ਸਥਾਨ ਨੂੰ ਕਹਿੰਦੇ ਹਨ, ਜਿਸ ਨਾਲ ਅਸੀਂ ਇਕਸੁਰ ਹੋ ਸਕੀਏ।

ਟੱਪਰੀਵਾਸਾਂ ਲਈ ਉਨਾਂ ਦਾ ਰਾਹ ਹੀ ਉਨ੍ਹਾਂ ਦਾ ਘਰ ਹੁੰਦਾ ਹੈ।

ਉਮਰ ਕੈਦ ਭੁਗਤਣ ਵਾਲੇ ਕੈਦੀ ਨੂੰ ਜੇਲ੍ਹ ਹੀ ਆਪਣਾ ਘਰ ਪ੍ਰਤੀਤ ਹੁੰਦੀ ਹੈ।

ਜਲਾਵਤਨ ਹੋਏ ਵਿਅਕਤੀ ਜਾਂ ਸ਼ਰਨਾਰਥੀ ਆਨੇ-ਬਹਾਨੇ ਆਪਣੇ 'ਘਰ' ਮੁੜਨ ਦਾ ਉਪਰਾਲਾ ਕਰ ਹੀ ਲੈਂਦੇ ਹਨ।

ਜਦੋਂ ਅਸੀਂ, ਮੈਂ, ਮੇਰਾ, ਸਾਡਾ ਆਦਿ ਦਾ ਉਚਾਰਣ ਕਰਦੇ ਹਾਂ ਤਾਂ ਇਕ ਪ੍ਰਕਾਰ ਨਾਲ ਅਸੀਂ ਆਪਣੇ ਘਰ ਦੀ ਵਿਆਖਿਆ ਹੀ ਕਰ ਰਹੇ ਹੁੰਦੇ ਹਾਂ।

ਕਈ ਲੋਕ ਘਰ ਮੁੜਨ ਦੀ ਗੱਲ ਕਰਦੇ ਹਨ, ਜਦੋਂ ਕਿ ਅਸਲੀਅਤ ਇਹ ਹੁੰਦੀ ਹੈ ਕਿ ਉਹ ਘਰੋਂ ਟੁਰੇ ਹੀ ਨਹੀਂ ਹੁੰਦੇ।

ਘਰ ਉਸ ਥਾਂ ਨੂੰ ਕਹਿੰਦੇ ਹਨ, ਜਿੱਥੇ ਜੋ ਵੀ ਕੋਈ ਆਉਂਦਾ ਹੈ, ਉਸ ਨੂੰ ਸਨਮਾਨ ਅਤੇ ਕੁਝ ਨਾ ਕੁਝ ਖਾਣ-ਪੀਣ ਲਈ ਪ੍ਰਾਪਤ ਹੁੰਦਾ ਹੈ, ਮਕਾਨ ਉਸ ਥਾਂ ਨੂੰ ਕਹਿੰਦੇ ਹਨ, ਜਿੱਥੇ ਹਰ ਕਿਸੇ ਦਾ ਕੁਝ ਨਾ ਕੁਝ ਗੁਆਚ ਜਾਂਦਾ ਹੈ।

ਤੁਸੀਂ ਆਪ ਸੋਚੋ, ਤੁਸੀਂ ਮਕਾਨ 'ਚ ਰਹਿੰਦੇ ਹੋ ਕਿ ਘਰ ਵਿਚ ?

♥♥♥

ਸਾਡੀ ਸਲਾਮ ਕਬੂਲ ਕਰਨਾ !

ਉਹ ਮੇਰੇ ਨਾਲ ਇਤਨਾ ਰੁਸਿਆ ਹੋਇਆ, ਗੁੱਸੇ ਅਤੇ ਨਾਰਾਜ਼ ਹੈ ਕਿ ਉਹ ਮੇਰੀ ਸਲਾਮ ਦਾ ਵੀ ਜਵਾਬ ਨਹੀਂ ਦਿੰਦਾ।

ਉਹ ਮੈਨੂੰ ਬਾਜ਼ਾਰ ਵਿਚ ਅਚਾਨਕ ਮਿਲ ਪਿਆ ਪਰ ਜਾਣ ਕੇ ਮੂੰਹ ਭਵਾਂ ਕੇ ਲੰਘ ਗਿਆ ਸੀ। ਪਰਸੋਂ ਅਸੀਂ ਉਸ ਦੇ ਘਰ ਵੀ ਗਏ ਸਾਂ ਪਰ ਉਸ ਨੇ ਤਾਂ ਸਾਨੂੰ ਬੂਹੇ ਤੋਂ ਹੀ ਮੋੜ ਦਿੱਤਾ। ਮੈਂ ਉਸ ਨੂੰ ਮਿਲਿਆ ਸਾਂ ਪਰ ਉਸ ਨੇ ਸਿੱਧੇ ਮੂੰਹ ਮੇਰੇ ਨਾਲ ਗੱਲ ਵੀ ਨਹੀਂ ਕੀਤੀ। ਉਹ ਸ਼ਹਿਰ ਆਇਆ ਸੀ ਪਰ ਮੈਨੂੰ ਮਿਲੇ ਬਿਨਾਂ ਹੀ ਵਾਪਸ ਚਲਾ ਗਿਆ ਸੀ।

ਹੁਣ ਤਾਂ ਉਹ ਮੇਰੀ ਚਿੱਠੀ ਦਾ ਜਵਾਬ ਵੀ ਨਹੀਂ ਦਿੰਦੀ। ਅਸੀਂ ਉਚੇਚਾ ਉਸ ਦੇ ਪਿੰਡ ਗਏ ਸਾਂ ਪਰ ਉਸ ਨੇ ਸਾਨੂੰ ਪਾਣੀ ਵੀ ਨਾ ਪੁੱਛਿਆ।

ਉਪਰੋਕਤ ਵਾਕ ਉਦੋਂ ਜਨਮ ਲੈਂਦੇ ਹਨ ਜਦੋਂ ਸਾਡੀ ਕਿਸੇ ਨਾਲ ਦੁਆ-ਸਲਾਮ ਟੁੱਟ ਜਾਵੇ। ਜਿੰਨੇ ਵਧੇਰੇ ਲੋਕਾਂ ਨਾਲ ਸਾਡੀ ਦੁਆ-ਸਲਾਮ ਹੁੰਦੀ ਹੈ, ਉਤਨਾ ਹੀ ਸਾਨੂੰ ਜੀਵਨ ਦਾ ਵਧੇਰੇ ਰੱਜ ਹੁੰਦਾ ਹੈ।

ਕਿਸੇ ਨੂੰ ਅੱਗੋਂ ਮਿਲਣਾ, ਚਰਨ ਬੰਦਨਾ ਕਰਨੀ, ਜੀ ਆਇਆਂ ਨੂੰ ਕਹਿਣਾ, ਨਮਸਕਾਰ ਕਰਨੀ, ਆਦਾਬ ਜਾਂ ਪ੍ਰਣਾਮ ਕਰਨਾ, ਸਤਿ ਸ੍ਰੀ ਅਕਾਲ ਕਹਿਣੀ, ਮੱਥਾ ਟੇਕਣਾ, ਹੱਥ ਮਿਲਾਉਣਾ, ਸਲੂਟ ਮਾਰਨਾ, ਸਲਾਮੀ ਦੇਣੀ, ਉੱਠ ਕੇ ਖਲੋ ਜਾਣਾ ਆਦਿ ਸੁਆਗਤੀ ਵਰਤਾਰੇ ਹਨ। ਜਿਵੇਂ ਹਰ ਸਮਾਜ ਵਿਚ ਚੀਖ-ਚਿਹਾੜੇ ਦਾ ਢੰਗ ਅਤੇ ਅਰਥ ਵੱਖਰੇ-ਵੱਖਰੇ ਹਨ, ਉਵੇਂ ਹੀ ਹਰ ਸਮਾਜ ਵਿਚ ਖੁਸ਼ੀ ਅਤੇ ਸੁਆਗਤ ਦੇ ਪ੍ਰਗਟਾਵੇ ਅਤੇ ਮਹੱਤਵ ਵੱਖਰੇ-ਵੱਖਰੇ ਹੁੰਦੇ ਹਨ ਅਤੇ ਇਨ੍ਹਾਂ ਦਾ ਸਵਾਦ ਅਤੇ ਤਾਸੀਰ ਵੀ ਵੱਖਰੀ-ਵੱਖਰੀ ਹੁੰਦੀ ਹੈ।

ਮਨੁੱਖੀ ਵਿਹਾਰ ਨੂੰ ਜੇ ਦੋ ਵੰਨਗੀਆਂ ਵਿਚ ਵੰਡਿਆ ਜਾਵੇ ਤਾਂ ਇਕ ਵਿਹਾਰ ਉਹ ਹੈ, ਜਿਹੜਾ ਸਾਨੂੰ ਸੁੱਤੇ-ਸਿੱਧ ਪ੍ਰਾਪਤ ਹੁੰਦਾ ਹੈ। ਮੁਸਕਰਾਉਣਾ ਅਤੇ ਤਿਉੜੀ ਪਾਉਣੀ, ਰੋਣਾ ਅਤੇ ਹਾਲ-ਦੁਹਾਈ ਮਚਾਉਣੀ, ਗੁੱਸੇ ਵਿਚ ਜ਼ਮੀਨ 'ਤੇ ਪੈਰ ਪਟਕਾਉਣੇ, ਕਰੋਧ ਵਿਚ ਦੰਦਾਂ ਨੂੰ ਨੰਗਾ ਕਰਨਾ ਆਦਿ ਅਜਿਹੇ ਵਿਹਾਰ ਹਨ ਜਿਹੜੇ ਸਾਰੀ ਮਾਨਵ ਜਾਤੀ ਦੇ ਸਾਂਝੇ ਵਰਤਾਰੇ ਹਨ ਪਰ ਵਰਤਾਰਿਆਂ ਦੀ ਦੂਜੀ ਅਤੇ ਵਿਸ਼ਾਲ ਵੰਨਗੀ ਵਿਚ ਉਹ ਸਾਰੇ ਵਿਹਾਰ ਆ ਜਾਂਦੇ ਹਨ ਜਿਹੜੇ ਸਾਨੂੰ ਸਮਾਜ ਤੋਂ ਪ੍ਰਾਪਤ ਹੁੰਦੇ ਹਨ ਜਾਂ ਅਸੀਂ ਸਮਾਜ ਤੋਂ ਸਿੱਖੇ ਹੋਏ ਹੁੰਦੇ ਹਨ।

ਲੜ ਪੈਣਾ, ਇਕ ਸੁੱਤੇ-ਸਿੱਧ ਪ੍ਰਾਪਤ ਹੋਇਆ ਵਰਤਾਰਾ ਹੈ ਪਰ ਮਿਲਵਰਤਣ ਅਤੇ ਮਦਦ ਕਰਨੀ ਸਾਨੂੰ ਸਮਾਜ ਨੇ ਸਿਖਾਈ ਹੈ।

ਜੇ ਸ਼ਿਕਾਰ ਯੁੱਗ ਵਿਚ ਮਨੁੱਖ ਮਿਲਵਰਤਣ ਨਾ ਕਰਦਾ ਤਾਂ ਉਸ ਨਾਲੋਂ ਕਈ ਗੁਣਾਂ ਵੱਧ ਸ਼ਕਤੀਸ਼ਾਲੀ ਜਾਨਵਰਾਂ ਨੇ ਉਸ ਦਾ ਨਾਮ-ਨਿਸ਼ਾਨ ਹੀ ਮੇਟ ਦੇਣਾ ਸੀ। ਲੜ ਪੈਣ ਦੀ ਪ੍ਰਵਿਰਤੀ ਨੂੰ ਹੀ ਨੇਮਬੱਧ ਕਰਕੇ ਫੌਜ ਦਾ ਨਿਰਮਾਣ ਕੀਤਾ ਜਾਂਦਾ ਹੈ।

ਹੱਥ ਮਿਲਾਉਣਾ, ਮੱਥਾ ਟੇਕਣਾ ਜਾਂ ਹੱਥ ਜੋੜ ਕੇ ਨਮਸਕਾਰ ਕਰਨਾ ਸਮਾਜ ਦੇ ਸਿਖਾਏ ਹੋਏ ਵਰਤਾਰੇ ਹਨ। ਇਨ੍ਹਾਂ ਵਰਤਾਰਿਆਂ ਨੇ ਮਾਨਵੀ ਰਿਸ਼ਤਿਆਂ ਨੂੰ ਖੁੱਲਾ ਬਣਾਉਣ ਵਿਚ ਮਹੱਤਵਪੂਰਨ ਰੋਲ ਨਿਭਾਇਆ ਹੈ।

ਸੁਆਗਤੀ ਜਾਂ ਸੰਬੋਧਨੀ ਸ਼ਬਦਾਂ, ਸੰਕੇਤਾਂ ਅਤੇ ਵਿਹਾਰਾਂ ਨਾਲ, ਮਿਲਣ ਵਾਲੀ ਧਿਰ ਨੂੰ ਸਲਾਹਿਆ ਜਾਂਦਾ ਹੈ, ਅਰਥਾਤ ਜਦੋਂ ਦੋ ਵਿਅਕਤੀ ਮਿਲਦੇ ਹਨ ਤਾਂ ਉਹ ਮਿਲਣੀ ਦੀ ਰਸਮ ਨਿਭਾਉਂਦੇ ਹਨ ਅਤੇ ਇਹ ਰਸਮ ਸਫਲਤਾ ਪੂਰਵਕ ਨਿਭਾਉਣ ਉਪਰੰਤ ਹੀ ਉਨ੍ਹਾਂ ਵਿਚਕਾਰ ਕਾਰ-ਵਿਹਾਰ ਦੀ ਗੱਲ ਸੰਭਵ ਹੁੰਦੀ ਹੈ।

ਸੁਆਗਤੀ ਸ਼ਬਦਾਂ ਜਾਂ ਸੰਕੇਤਾਂ ਨਾਲ ਅਸੀਂ ਦੂਜੀ ਧਿਰ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਸੀਂ ਤੁਹਾਡੀ ਭਲਾਈ ਦੀ ਕਾਮਨਾ ਕਰਦੇ ਹਾਂ, ਅਰਥਾਤ ਸਾਡੇ ਮਨ ਵਿਚ ਤੁਹਾਡੇ ਪ੍ਰਤੀ ਕੋਈ ਮੰਦਭਾਵਨਾ ਨਹੀਂ ਹੈ। ਦੂਜੀ ਧਿਰ ਵੀ ਸਾਨੂੰ ਅਜਿਹਾ ਹੀ ਵਿਸ਼ਵਾਸ ਦਿਵਾਉਂਦੀ ਹੈ ਅਤੇ ਗੱਲਬਾਤ ਅੱਗੇ ਚਲਦੀ ਹੈ।

ਇਹ ਆਦਾਨ-ਪ੍ਰਦਾਨ ਉਤਨਾ ਸਰਲ ਅਤੇ ਸਾਧਾਰਨ ਨਹੀਂ, ਜਿਤਨਾ ਇਹ ਪ੍ਰਤੀਤ ਹੁੰਦਾ ਹੈ। ਜਦੋਂ ਅਸੀਂ ਹੱਥ ਜੋੜ ਕੇ ਕਿਸੇ ਨੂੰ ਪ੍ਰਣਾਮ ਜਾਂ ਨਮਸਕਾਰ ਜਾਂ ਸਤਿ ਸ੍ਰੀ ਅਕਾਲ ਕਹਿੰਦੇ ਹਾਂ ਤਾਂ ਅਸੀਂ ਖਾਲੀ ਹੱਥਾਂ ਰਾਹੀਂ ਵਿਖਾ ਦਿੰਦੇ ਹਾਂ ਕਿ ਸਾਡੇ ਕੋਲ ਕੋਈ ਹਥਿਆਰ ਨਹੀਂ, ਅਸੀਂ ਹਮਲਾ ਨਹੀਂ ਕਰਾਂਗੇ, ਅਸੀਂ ਖਾਲੀ ਹੱਥ ਆਏ ਹਾਂ, ਤੁਹਾਡੇ ਲਈ ਸ਼ੁਭ ਭਾਵਨਾ ਸਾਡੇ ਮਨ ਵਿਚ ਹੀ ਨਹੀਂ ਸਗੋਂ ਸਾਡੇ ਹੱਥਾਂ ਦੀ ਗਵਾਹੀ ਵੀ ਹਾਜ਼ਰ ਹੈ।

ਨਾਲ ਹੀ ਅਸੀਂ ਸੰਕੇਤ ਦਿੰਦੇ ਹਾਂ ਕਿ ਅਸੀਂ ਤੁਹਾਡੀ ਜੂਹ ਵਿਚ ਆਏ ਹਾਂ, ਤੁਹਾਡੇ ਰਾਜ ਵਿਚ, ਅਸੀਂ ਨਿਹੱਥੇ ਹਾਂ, ਤੁਸੀਂ ਚਾਹੋ ਤਾਂ ਸਾਨੂੰ ਮੌਤ ਦੇ ਘਾਟ ਉਤਾਰ ਸਕਦੇ ਹੋ। ਅਸੀਂ ਹੁਣ ਆ ਹੀ ਗਏ ਹਾਂ, ਤੁਹਾਡੀ ਮਰਜ਼ੀ ਹੈ, ਸਾਨੂੰ ਮਾਰੋ, ਤੁਹਾਡੀ ਮਰਜ਼ੀ ਹੈ, ਸਾਨੂੰ ਰੱਖੋ। ਇਹ ਸਾਰਾ ਵਿਹਾਰ ਬੜੀ ਹਲੀਮੀ ਅਤੇ ਨਿਮਰਤਾ ਨਾਲ ਨਿਭਾਇਆ ਜਾਂਦਾ ਹੈ।

ਦੂਜੀ ਧਿਰ, ਅੱਗੇ ਵੱਧ ਕੇ ਸਾਡੇ ਹੱਥਾਂ ਨੂੰ ਫੜ ਲੈਂਦੀ ਹੈ, ਘੁੱਟ ਲੈਂਦੀ ਹੈ, ਨਿੱਘ ਦਿੰਦੀ ਹੈ ਅਤੇ ਕਹਿੰਦੀ ਪ੍ਰਤੀਤ ਹੁੰਦੀ ਹੈ : ਅਸੀਂ ਆਪ ਕੁਰਬਾਨ ਹੋ ਜਾਵਾਂਗੇ, ਤੁਸੀਂ ਸਾਡੀ ਤਾਕਤ ਹੋ, ਅਸੀਂ ਹੁਣ ਦੋ-ਦੋ ਬਾਹਵਾਂ ਵਾਲੇ ਨਹੀਂ, ਚਾਰ-ਚਾਰ ਬਾਹਵਾਂ ਵਾਲੇ ਹਾਂ। ਤੁਹਾਡੇ ਮਿਲਣ ਜਾਂ ਆਉਣ ਨਾਲ ਅਸੀਂ ਤਕੜੇ ਹੋ ਗਏ ਹਾਂ। ਆਓ, ਇਸ ਸੰਧੀ ਜਾਂ ਸਮਝੌਤੇ ਦਾ ਜਸ਼ਨ ਮਨਾਈਏ ਅਤੇ ਕੁਝ ਖਾ-ਪੀ ਕੇ ਇਸ ਰਿਸ਼ਤੇ ਨੂੰ ਨਿੱਘਾ ਅਤੇ ਮਿੱਠਾ ਕਰੀਏ।

ਜਦੋਂ ਅਸੀਂ ਮੱਥਾ ਟੇਕਦੇ ਹਾਂ ਤਾਂ ਜਿਸ ਸਾਹਮਣੇ ਮੱਥਾ ਟੇਕਿਆ ਜਾਂਦਾ ਹੈ, ਉਸ ਨੂੰ ਬਾਦਸ਼ਾਹ ਮੰਨ ਕੇ, ਅਸੀਂ ਗੁਲਾਮਾਂ ਵਾਲੀਆਂ ਰਸਮਾਂ ਨਿਭਾਉਂਦੇ ਹਾਂ।

ਬਾਦਸ਼ਾਹ ਜਾਂ ਸੱਚਾ ਪਾਤਸ਼ਾਹ ਉਚੀ ਥਾਂ ਬੈਠਾ ਹੁੰਦਾ ਹੈ, ਅਸੀਂ ਉਸ ਤੋਂ ਨੀਵੀਂ ਥਾਂ ਸੰਪੂਰਨ ਭਾਂਤ ਝੁਕ ਕੇ ਉਸ ਪ੍ਰਤੀ ਆਪਣੀ ਵਫ਼ਾਦਾਰੀ ਪ੍ਰਗਟਾਉਂਦੇ ਹਾਂ। ਨੱਕ, ਬੁੱਲ੍ਹਾਂ ਜਾਂ ਮੱਥੇ

ਨੂੰ ਧਰਤੀ ਨਾਲ ਛੁਹਾ ਕੇ ਅਤੇ ਹੱਥਾਂ, ਪੈਰਾਂ ਨੂੰ ਪੂਰਨ ਭਾਂਤ ਧਰਤੀ ਉੱਤੇ ਵਿਛਾ ਕੇ ਅਸੀਂ ਆਪਣੀ ਅਧੀਨਗੀ ਦਾ ਪ੍ਰਮਾਣ ਦਿੰਦੇ ਹਾਂ।

ਇਹ ਰਸਮ ਪੂਰੀ ਕਰ ਕੇ, ਹੱਥ ਜੋੜ ਕੇ, ਅਸੀਂ ਬਾਦਸ਼ਾਹ ਦੀ ਹਜ਼ੂਰੀ ਵਿਚ, ਉਸ ਦੇ ਪੈਰਾਂ ਵਿਚ, ਉਸ ਤੋਂ ਨੀਵੀਂ ਥਾਂ ਬੈਠ ਕੇ, ਉਸ ਦੇ ਹੁਕਮ ਨੂੰ ਉਡੀਕਦੇ ਹਾਂ।

ਇੰਨਾ ਹੀ ਨਹੀਂ ਕਿ ਅਸੀਂ ਅਧੀਨਗੀ ਕਬੂਲ ਕਰ ਲਈ ਹੈ, ਅਸੀਂ ਆਪਣੇ ਚਿਹਰੇ ਤੋਂ ਚਿੰਤਾ ਜਾਂ ਡਰ ਜਾਂ ਭੈਅ ਦੇ ਸਾਰੇ ਭਾਵ ਦੂਰ ਕਰ ਕੇ ਬਾਦਸ਼ਾਹ ਸਾਹਮਣੇ ਆਪਣੀਆਂ ਪਲਕਾਂ ਝੁਕਾ ਕੇ ਇਹ ਵੀ ਦਰਸਾਉਂਦੇ ਹਾਂ ਕਿ ਹਜ਼ੂਰ, ਤੁਹਾਡੀ ਪਰਉਪਕਾਰੀ ਹਜ਼ੂਰੀ ਵਿਚ ਆ ਕੇ ਮੈਂ ਸਭ ਪ੍ਰਕਾਰ ਦੀ ਚਿੰਤਾ ਤੋਂ ਮੁਕਤ ਹੋ ਗਿਆ ਹਾਂ। ਮੇਰੇ ਨਿਆਸਰੇ ਦਾ ਤੁਸੀਂ ਹੀ ਆਸਰਾ ਹੋ, ਮੇਰੇ ਨਿਰਧਨ ਦੀ ਤੁਸੀਂ ਹੀ ਪੂੰਜੀ ਹੋ, ਮੇਰੇ ਅਗਿਆਨੀ ਦਾ ਤੁਸੀਂ ਹੀ ਗਿਆਨ ਹੋ, ਮੇਰੀ ਰੱਖਿਆ ਦੀ ਜ਼ਿੰਮੇਵਾਰੀ ਹੁਣ ਤੁਹਾਡੀ ਹੈ, ਤੁਸੀਂ ਮੇਰੇ ਮਾਤਾ-ਪਿਤਾ ਹੋ, ਮੈਂ ਤੁਹਾਡੀ ਸੰਤਾਨ ਹਾਂ। ਤੁਸੀਂ ਹੀ ਮੇਰੀ ਪਾਲਣਾ ਕਰਨੀ ਹੈ।

ਜਦੋਂ ਅਸੀਂ ਕਿਸੇ ਦੇ ਪੈਰੀਂ ਹੱਥ ਲਾਉਂਦੇ ਹਾਂ ਤਾਂ ਸਤਿਕਾਰ ਦੇਣ ਅਤੇ ਆਪਣੇ ਆਪ ਨੂੰ ਛੋਟਾ ਸਥਾਪਤ ਕਰਨ ਤੋਂ ਇਲਾਵਾ ਅਸੀਂ ਇਹ ਵੀ ਕਹਿ ਰਹੇ ਹੁੰਦੇ ਹਾਂ ਕਿ ਮੇਰੀ ਗਰਦਨ ਹਾਜ਼ਰ ਹੈ, ਚਾਹੋ ਤਾਂ ਕਲਮ ਕਰ ਦਿਓ, ਚਾਹੋ ਤਾਂ ਬਖ਼ਸ਼ ਦਿਓ, ਫੈਸਲਾ ਤੁਹਾਡੇ ਹੱਥ ਹੈ ਅਤੇ ਤੁਹਾਡਾ ਹਰ ਫੈਸਲਾ ਮੈਨੂੰ ਪ੍ਰਵਾਨ ਹੋਵੇਗਾ। ਮੈਂ ਜਿਹੜੀ ਭੁੱਲ ਕੀਤੀ ਹੈ, ਤੁਹਾਡੀ ਮਰਜ਼ੀ ਹੈ, ਉਸ ਦੀ ਮੈਨੂੰ ਸਜ਼ਾ ਦਿਓ ਜਾਂ ਮੁਆਫ਼ ਕਰ ਦਿਓ।

ਦੂਜੀ ਧਿਰ ਆਪਣੀ ਉਦਾਰਤਾ ਦਾ ਪ੍ਰਗਟਾਵਾ ਕਰਦੀ ਹੋਈ, ਦੋਹਾਂ ਹੱਥਾਂ ਨਾਲ ਸਾਨੂੰ ਡਿੱਗੇ ਹੋਏ ਨੂੰ ਉਪਰ ਚੁੱਕਦੀ ਹੈ, ਸਾਡੀ ਪਿੱਠ ਥਾਪੜਦੀ ਹੈ, ਸਾਨੂੰ ਸ਼ਾਬਾਸ਼ ਦਿੰਦੀ ਹੈ, ਲੰਮੀ ਉਮਰ ਦੀ ਅਸੀਸ ਦਿੰਦੀ ਹੈ, ਆਪਣੀ ਛਾਤੀ ਨਾਲ ਲਾ ਕੇ ਆਪਣਾ ਅੰਗ ਮੰਨਦੀ ਹੈ।

ਇਸ ਉਪਰੰਤ ਅਸੀਂ ਆਪਣੇ ਹੱਥਾਂ ਨੂੰ ਅੱਗੇ ਕਰਕੇ ਉਸ ਤੋਂ ਨੀਵੀਂ ਥਾਂ ਬੈਠ ਜਾਂਦੇ ਹਾਂ। ਕਈ ਵਾਰੀ ਸਾਨੂੰ ਸਿਰੋਪਾ ਦੇ ਕੇ ਨਿਵਾਜਿਆ ਜਾਂਦਾ ਹੈ। ਸਿਰੋਪਾ ਕਿਸੇ ਮਹਾਂਪੁਰਸ਼ ਵੱਲੋਂ ਆਏ ਵਿਅਕਤੀ ਨੂੰ ਆਪਣੇ ਸ਼ਰਧਾਲੂਆਂ ਵਿਚ ਸਵੀਕਾਰ ਕੀਤੇ ਜਾਣ ਦਾ ਪਛਾਣ-ਚਿੰਨ੍ਹ ਹੁੰਦਾ ਹੈ। ਕਈ ਵਾਰੀ ਖਾਲੀ ਹੱਥਾਂ ਵਿਚ ਕੁਝ ਫੜਾ ਕੇ, ਸਾਨੂੰ ਨਿਹੱਥਿਆਂ ਨੂੰ, ਮਾਲਾਮਾਲ ਕੀਤੇ ਜਾਣ ਦੀ ਰਸਮ ਨਿਭਾਈ ਜਾਂਦੀ ਹੈ।

ਵਿਆਹ ਦੀ ਮਿਲਣੀ ਸਮੇਂ ਨਗਾਰੇ, ਝੂਲਦੇ ਛੱਤਰ ਅਤੇ ਬਰਾਤੀਆਂ ਦੀ ਫੌਜ ਨੂੰ ਅੱਗੋਂ ਹੀ 'ਸੱਜਣ' ਕਹਿ ਕੇ ਮਿਲਿਆ ਜਾਂਦਾ ਹੈ। ਆਪਣੀ ਹਾਰ ਮੰਨੀ ਜਾਂਦੀ ਹੈ, ਅਧੀਨਗੀ ਦੀ ਰਸਮ ਪੂਰੀ ਕੀਤੀ ਜਾਂਦੀ ਹੈ ਅਤੇ ਇਸ ਅਧੀਨਗੀ ਨੂੰ ਪੱਕਾ ਕਰਨ ਲਈ, ਹਾਰਿਆ ਜਾਂ ਈਨ ਮੰਨਣ ਵਾਲਾ ਰਾਜਾ ਆਪਣੀ ਧੀ ਦਾ ਡੋਲਾ ਪੇਸ਼ ਕਰਦਾ ਹੈ। ਸ਼ਗਨ ਅਤੇ ਦਾਜ ਦੇ ਰੂਪ ਵਿਚ ਨਜ਼ਰਾਨੇ ਭੇਟ ਕੀਤੇ ਜਾਂਦੇ ਹਨ। ਜੇਤੂਆਂ ਨੂੰ ਪ੍ਰੀਤੀ-ਭੋਜ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦਾ ਜੂਠਾ ਜਾਂ ਬਚਿਆ ਭੋਜਨ ਆਪ ਖਾ ਕੇ ਆਪਣੇ ਨੀਵੇਂ ਹੋਣ ਦਾ ਪ੍ਰਮਾਣ ਦਿੱਤਾ ਜਾਂਦਾ ਹੈ। ਮਿਲਣੀ ਅਤੇ ਵਾਪਸੀ ਦੇ ਵਿਚਕਾਰਲੇ ਸਮੇਂ ਵਿਚ ਜਸ਼ਨ ਮਨਾਇਆ ਜਾਂਦਾ ਹੈ।

ਵਿਆਹ ਸਮੇਂ ਜੇਤੂ ਦਾ ਸਿਹਰਾ ਪੜ੍ਹਿਆ ਜਾਂਦਾ ਹੈ, ਹਾਰੀ ਹੋਈ ਧਿਰ ਆਪਣਾ ਕੀਮਤੀ ਜੀਅ ਗੁਆਚਣ ਦਾ ਰੁਦਨ ਕਰਦੀ ਹੈ।

ਮਿਲਣਾ ਅਤੇ ਵਿਛੜਨਾ ਦੋ ਅਜਿਹੇ ਬੁਨਿਆਦੀ ਅਨੁਭਵ ਹਨ, ਜਿਨ੍ਹਾਂ ਵਿਚੋਂ ਹਰ ਕਿਸੇ ਨੂੰ ਲੰਘਣਾ ਪੈਂਦਾ ਹੈ। ਜਨਮ ਅਤੇ ਮੌਤ, ਮਿਲਣ ਅਤੇ ਵਿਛੜਨ ਦੇ ਅਰਥਾਂ ਵਿਚ ਹੀ ਪ੍ਰਗਟਾਏ ਜਾਂਦੇ ਹਨ।

ਸਭ ਪ੍ਰਕਾਰ ਦੇ ਸੁਆਗਤੀ ਅਤੇ ਨਮਸਕਾਰੀ ਸੰਕੇਤ ਸਮਝੌਤੇ ਦੇ ਸੰਕੇਤ ਹੁੰਦੇ ਹਨ।

ਜਦੋਂ ਕਿਸੇ ਨਾਲ ਸਾਡਾ ਰਿਸ਼ਤਾ ਵਿਗੜ ਜਾਂਦਾ ਹੈ ਤਾਂ ਮੁਸਕਰਾਹਟ ਦੀ ਥਾਂ ਤਿਊੜੀ ਅਤੇ ਨਮਸਕਾਰ ਦੀ ਥਾਂ ਨਿੰਦਾ ਲੈ ਲੈਂਦੀ ਹੈ।

ਮੁਸਕਰਾਹਟ, ਸੁਆਗਤ ਦਾ ਇਕ ਬੜਾ ਮਹੱਤਵਪੂਰਨ ਢੰਗ ਹੈ, ਜਿਸ ਦੀ ਹਰ ਸਮਾਜ ਅਤੇ ਹਰ ਵਿਅਕਤੀ ਵਲੋਂ ਵਰਤੋਂ ਕੀਤੀ ਜਾਂਦੀ ਹੈ। ਮੁਸਕਰਾਹਟ ਨਾਲ ਅਸੀਂ ਆਪਣੇ ਸਰੀਰ ਨੂੰ ਢਿੱਲਾ ਛੱਡਦੇ ਹਾਂ ਅਰਥਾਤ ਦੂਜੇ ਦੀ ਹਾਜ਼ਰੀ ਵਿਚ ਜਦੋਂ ਅਸੀਂ ਸੁਰੱਖਿਅਤ ਅਨੁਭਵ ਕਰਦੇ ਹਾਂ ਤਾਂ ਇਸ ਦਾ ਪ੍ਰਗਟਾਵਾ ਅਸੀਂ ਮੁਸਕਰਾਹਟ ਨਾਲ ਕਰਦੇ ਹਾਂ। ਗੁੱਸੇ ਜਾਂ ਨਫ਼ਰਤ ਦੀ ਸਥਿਤੀ ਵਿਚ ਮੁਸਕਰਾਇਆ ਨਹੀਂ ਜਾ ਸਕਦਾ। ਹੁਣ ਵੀ ਜਦੋਂ ਅਸੀਂ ਕਿਸੇ ਨਾਲ ਹੱਥ ਮਿਲਾਉਂਦੇ ਹਾਂ ਤਾਂ ਨਾਲ ਮੁਸਕਰਾਉਂਦੇ ਵੀ ਹਾਂ।

ਮਨੁੱਖ ਨੇ ਜਦੋਂ ਨਮਸਕਾਰੀ ਜਾਂ ਸੁਆਗਤੀ ਸ਼ਬਦਾਵਲੀ ਦਾ ਨਿਰਮਾਣ ਨਹੀਂ ਸੀ ਕੀਤਾ, ਉਦੋਂ ਉਹ ਮੁਸਕਰਾ ਕੇ ਸੁਆਗਤ ਕਰਦਾ ਸੀ ਅਤੇ ਬਾਹਵਾਂ ਖੋਲ੍ਹ ਕੇ ਅੰਦਰ ਲੰਘ ਆਉਣ ਦਾ ਸੰਕੇਤ ਕਰਦਾ ਸੀ।

ਜਦੋਂ ਅਸੀਂ ਕਿਸੇ ਨੂੰ ਬਹੁਤ ਦੇਰ ਮਗਰੋਂ ਮਿਲਦੇ ਹਾਂ ਤਾਂ ਅਸੀਂ ਕੁਝ ਵਿਸ਼ੇਸ਼ ਰਸਮਾਂ ਨਿਭਾਉਂਦੇ ਹਾਂ। ਅਸੀਂ ਜ਼ੋਰ-ਜ਼ੋਰ ਦੀ ਹੱਥ ਹਿਲਾਉਂਦੇ, ਮਿਲਣ ਵਾਲੇ ਨੂੰ ਹੋਰ ਨੇੜੇ ਆਉਣ ਲਈ ਕਹਿੰਦੇ ਹਾਂ ਅਤੇ ਇਕ ਦੂਜੇ ਨੂੰ ਜੱਫੀ ਜਾਂ ਗੱਲਵੱਕੜੀ ਪਾਉਂਦੇ ਹਾਂ। ਕਈ ਵਾਰੀ ਇਕ ਦੂਜੇ ਨੂੰ ਚੁੰਮਦੇ ਵੀ ਹਾਂ। ਇਵੇਂ ਅਸੀਂ ਵਧੇਰੇ ਨਿੱਘ ਦੇ ਕੇ ਅਤੇ ਪ੍ਰਾਪਤ ਕਰ ਕੇ ਗੈਰਹਾਜ਼ਰੀ ਦੇ ਖੱਪੇ ਨੂੰ ਪੂਰਦੇ ਹਾਂ। ਇਕ-ਦੂਜੇ ਨੂੰ ਕਲਾਵੇ ਵਿਚ ਲੈ ਕੇ ਅਸੀਂ ਅਨੇਕਾਂ ਚਾਹੀਆਂ ਪਰ ਦੂਰੀ ਕਾਰਨ ਅਸੰਭਵ ਹੋ ਗਈਆਂ ਮਿਲਣੀਆਂ ਦੇ ਬਕਾਏ ਦਾ ਭੁਗਤਾਨ ਕਰਦੇ ਹਾਂ।

ਮਨ ਉੱਤੇ ਵਿਛੋੜੇ ਕਾਰਨ ਚੜ੍ਹੇ ਕਰਜ਼ੇ ਨੂੰ ਝੱਟਪਟ ਅਤੇ ਨਕਦ ਰੂਪ ਵਿਚ ਅਦਾ ਕਰਨ ਦੀ ਬਿਰਤੀ ਅਧੀਨ ਅਤੇ ਇਹ ਦੱਸਣ ਲਈ ਕਿ ਭਾਵੇਂ ਅਸੀਂ ਵਿਛੜੇ ਰਹੇ ਹਾਂ ਪਰ ਸਾਡਾ ਪਿਆਰ ਅਜੇ ਵੀ ਸਵੇਰ ਵਾਂਗ ਸੱਜਰਾ, ਸੰਗੀਤ ਵਾਂਗ ਕੂਲਾ, ਸ਼ਹਿਦ ਵਾਂਗ ਮਿੱਠਾ ਅਤੇ ਫੁੱਲ ਵਾਂਗ ਸੋਹਣਾ ਹੈ, ਅਸੀਂ ਮੁੜ-ਮੁੜ ਇਕ ਦੂਜੇ ਨੂੰ ਵੇਖਦੇ ਅਤੇ ਛੂੰਹਦੇ ਹਾਂ।

ਲੰਮਾ ਵਿਛੋੜਾ ਪੈਣ ਵੇਲੇ ਵੀ ਅਸੀਂ ਲੰਮੇ ਵਿਛੋੜੇ ਉਪਰੰਤ ਮਿਲਣ ਵਾਲੇ ਸ਼ਬਦਾਂ ਅਤੇ ਸੰਕੇਤਾਂ ਦਾ ਹੀ ਪ੍ਰਗਟਾਵਾ ਕਰਦੇ ਹਾਂ। ਲੰਮੇ ਵਿਛੋੜੇ ਸਮੇਂ ਅਸੀਂ ਹੋਰ ਸੰਕੇਤਾਂ ਦੇ ਨਾਲ ਅੱਥਰੂਆਂ ਨੂੰ ਵੀ ਜੋੜ ਲੈਂਦੇ ਹਾਂ। ਅਥਰੂਆਂ ਦੇ ਜੁੜਨ ਨਾਲ ਅਸੀਂ ਉਦਾਸੀ, ਮਾਯੂਸੀ ਅਤੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਵਿਛੜਨ ਦੀਆਂ ਸਭ ਤੋਂ ਵੱਧ ਗੰਭੀਰ ਉਦਾਹਰਣਾਂ ਕਿਸੇ ਦਾ ਮਰ ਜਾਣ ਅਰਥਾਤ ਸ਼ਮਸ਼ਾਨਘਾਟ ਵੱਲ ਰਵਾਨਾ ਹੋ ਜਾਣ ਜਾਂ ਦੇਸ਼ ਛੱਡ ਜਾਣ ਜਾਂ ਬਹੁਤ ਦੂਰ ਚਲੇ ਜਾਣ ਦੀਆਂ ਹੁੰਦੀਆਂ ਹਨ। ਧੀ ਦੀ ਡੋਲੀ ਟੋਰਨਾ ਵੀ ਇਕ ਅਜਿਹੀ ਉਦਾਹਰਣ ਹੈ। ਅਜਿਹੇ ਸਮੇਂ ਅਸੀਂ ਸਤਿਕਾਰ, ਸ਼ਰਧਾ ਅਤੇ ਪਿਆਰ ਦੇ ਅੰਬਾਰ ਲਾ ਦਿੰਦੇ ਹਾਂ ਤਾਂ ਕਿ

ਵਿਛੜਨ ਵਾਲੇ ਨੂੰ ਇਨ੍ਹਾਂ ਦੀ ਘਾਟ ਮਹਿਸੂਸ ਨਾ ਹੋਵੇ। ਉਸ ਦੇ ਅੰਗ-ਸੰਗ ਰਹਿਣ ਦੇ ਸੰਕੇਤ ਵੱਜੋਂ ਵਿਛੜਨ ਵਾਲੇ ਨੂੰ ਅਸੀਂ ਕੁਝ ਮੁੱਲਵਾਨ ਅਤੇ ਸਾਥ ਨਿਭਾਉਣ ਵਾਲੇ ਤੋਹਫ਼ੇ ਦਿੰਦੇ ਹਾਂ, ਇਵੇਂ ਅਸੀਂ ਸੰਕੇਤ ਰੂਪ ਵਿਚ ਸਦਾ ਉਸ ਦੇ ਨਾਲ ਰਹਿੰਦੇ ਹਾਂ।

ਕਿਸੇ ਵਲੋਂ ਕੋਈ ਸਫ਼ਲਤਾ ਪ੍ਰਾਪਤ ਕਰਨ ਜਾਂ ਉਸ ਨੂੰ ਕੋਈ ਉੱਚਾ ਅਹੁਦਾ ਜਾਂ ਸਨਮਾਨ ਮਿਲਣ ਅਤੇ ਵਿਆਹ ਜਾਂ ਸੰਤਾਨ ਜਿਹੀ ਕਿਸੇ ਵੱਡੀ ਤਬਦੀਲੀ ਦੇ ਵਾਪਰਨ ਉੱਤੇ ਵੀ ਅਸੀਂ ਉਸ ਦਾ ਸੁਆਗਤ ਕਰਦੇ ਹਾਂ।

ਅਜਿਹਾ ਕਰਨ ਪਿੱਛੇ ਭਾਵਨਾ ਉਸ ਵਿਅਕਤੀ ਦੇ ਅਤੀਤ ਨੂੰ ਅਲਵਿਦਾ ਕਹਿਣ ਅਤੇ ਉਸ ਦੇ ਭਵਿੱਖ ਨੂੰ 'ਜੀ ਆਇਆਂ ਨੂੰ' ਕਹਿਣ ਦੀ ਹੁੰਦੀ ਹੈ।

ਵਿਆਹ ਸਮੇਂ ਨੂੰਹ ਦੇ ਭਵਿੱਖ ਦੀ ਮੰਗਲ ਕਾਮਨਾ ਕੀਤੀ ਜਾਂਦੀ ਹੈ। ਸੰਤਾਨ ਹੋਣ ਉੱਤੇ ਪਤਨੀ, ਮਾਂ ਅਤੇ ਪਤੀ, ਪਿਤਾ ਅਤੇ ਦੋਹਾਂ ਧਿਰਾਂ ਦੇ ਮਾਤਾ-ਪਿਤਾ, ਨਾਨਾ-ਨਾਨੀ ਅਤੇ ਦਾਦਾ-ਦਾਦੀ ਬਣ ਜਾਂਦੇ ਹਨ। ਇਵੇਂ ਹੀ ਜਦੋਂ ਰਾਜ ਕੁਮਾਰ ਜਨਮ ਲੈਂਦਾ ਸੀ ਜਾਂ ਰਾਜਗੱਦੀ 'ਤੇ ਬੈਠਦਾ ਸੀ ਤਾਂ ਜਸ਼ਨ ਮਨਾਏ ਜਾਂਦੇ ਸਨ। ਕਿਸੇ ਉਮੀਦਵਾਰ ਦਾ ਚੁਣੇ ਜਾਣਾ, ਕਿਸੇ ਵੱਲੋਂ ਨਵੀਂ ਪਦਵੀ ਪ੍ਰਾਪਤ ਕਰਨਾ, ਕਿਸੇ ਦੀ ਮੰਗਣੀ ਹੋਣੀ, ਕਿਸੇ ਕਾਰਜ ਦਾ ਮਹੀਨਾ ਜਾਂ ਵਰ੍ਹਾ ਪੂਰਾ ਕਰਨਾ, ਕਿਸੇ ਦਾ ਸੇਵਾ-ਮੁਕਤ ਹੋਣਾ ਆਦਿ ਅਜਿਹੇ ਅਵਸਰ ਹੁੰਦੇ ਹਨ, ਜਦੋਂ ਵਿਸ਼ੇਸ਼ ਪ੍ਰਕਾਰ ਦੇ ਸੰਕੇਤਾਂ, ਸ਼ਬਦਾਂ ਅਤੇ ਹਰਕਤਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਸੰਭੋਗ ਵੀ ਇਕ ਪ੍ਰਕਾਰ ਨਾਲ ਦੋ ਸਰੀਰਾਂ ਦੀ ਇਕ ਦੂਜੇ ਨੂੰ ਸਲਾਮੀ ਹੁੰਦੀ ਹੈ, ਜਿਸ ਵਿਚ ਦੋ ਸਰੀਰ ਆਪਣੀ-ਆਪਣੀ ਹਉਮੈ ਤਿਆਗ ਕੇ, ਨੇੜੇ ਹੋ ਕੇ, ਇਕ-ਦੂਜੇ ਦੀ ਸੇਵਾ ਕਰਨ ਦੇ ਸਮਾਗਮ ਵਿਚ ਰੁੱਝ ਜਾਂਦੇ ਹਨ।

ਅਜਿਹੇ ਸਮੇਂ ਕੁਝ ਬੋਲਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਸਾਰਾ ਸਰੀਰ, ਸਾਰੇ ਸਰੀਰ ਨਾਲ ਮੁਲਾਕਾਤ ਕਰ ਰਿਹਾ ਹੁੰਦਾ ਹੈ।

ਸੰਭੋਗ ਦਾ ਆਪਣਾ ਵਿਸ਼ੇਸ਼ ਉਚੇਚ ਹੁੰਦਾ ਹੈ, ਜਿਸ ਵਿਚੋਂ ਸਾਰੀ ਦੁਨੀਆਂ ਖਾਰਜ ਕਰ ਦਿੱਤੀ ਜਾਂਦੀ ਹੈ, ਜਿਸ ਉਪਰੰਤ ਦੋਵੇਂ ਧਿਰਾਂ, ਸਭ ਪ੍ਰਕਾਰ ਦੇ ਉਚੇਚ ਤਿਆਗ ਕੇ, ਸੰਪੂਰਨ ਅਪਣੱਤ ਦੀ ਭਾਵਨਾ ਨਾਲ ਵਿਚਰਦੀਆਂ ਹਨ, ਜਿਸ ਕਾਰਨ ਇਹ ਮਿਲਣੀ ਸਭ ਤੋਂ ਵੱਧ ਸੰਤੁਸ਼ਟ ਕਰਨ ਵਾਲੀ ਬਣ ਜਾਂਦੀ ਹੈ।

ਮਿਲਣੀ ਦਾ ਅਵਸਰ ਜਿੰਨਾ ਵਧੇਰੇ ਮਹੱਤਵਪੂਰਨ ਹੁੰਦਾ ਹੈ, ਉਤਨਾ ਹੀ ਉਸ ਨੂੰ ਠੀਕ ਢੰਗ ਨਾਲ ਸੰਪੂਰਨ ਕਰਨ ਲਈ ਉਚੇਚਾ ਅਤੇ ਵਿਸ਼ੇਸ਼ ਯਤਨ ਕੀਤਾ ਜਾਂਦਾ ਹੈ। ਕਿਧਰੇ ਨੌਕਰੀ ਲਈ ਇੰਟਰਵਿਊ ਹੋਵੇ ਤਾਂ ਅਸੀਂ ਢੁਕਵੇਂ ਕੱਪੜੇ, ਸੁਸ਼ੀਲ ਹਰਕਤਾਂ ਅਤੇ ਸਾਊ ਸ਼ਬਦਾਵਲੀ ਵਰਤਦੇ ਹਾਂ। ਵਿਆਹ ਵਿਚ ਬਰਾਤੀ ਬਣਨਾ ਹੋਵੇ ਤਾਂ ਕੱਪੜੇ ਤਾਂ ਢੁਕਵੇਂ ਹੁੰਦੇ ਹਨ ਪਰ ਹਰਕਤਾਂ ਅਤੇ ਸ਼ਬਦਾਵਲੀ ਦਾ ਸੁਭਾਅ ਬਦਲ ਜਾਂਦਾ ਹੈ। ਖੁਲ੍ਹ ਕੇ ਗੱਪਾਂ ਮਾਰਨ ਵੇਲੇ ਜਾਂ ਮਖੌਲ ਕਰਨ ਵੇਲੇ ਸਭ ਪ੍ਰਕਾਰ ਦੇ ਕੱਪੜੇ ਆਪੇ ਜੱਚਣ ਲੱਗ ਪੈਂਦੇ ਹਨ। ਪਰਿਵਾਰ ਦੇ ਜੀਆਂ ਨੂੰ ਅਸੀਂ ਨਿਰਉਚੇਚ ਸੰਕੇਤਾਂ ਅਤੇ ਸ਼ਬਦਾਂ ਨਾਲ ਸੰਬੋਧਨ ਕਰਦੇ ਹਾਂ। ਅਜਿਹੇ ਅਵਸਰਾਂ 'ਤੇ ਅਸੀਂ ਵਿਆਕਰਣ ਅਤੇ ਵਾਕ-ਬਣਤਰ ਪੱਖੋਂ ਲਾਪ੍ਰਵਾਹ ਹੋ ਜਾਂਦੇ ਹਾਂ।

ਲਤੀਫ਼ੇ ਜਾਂ ਚੁਟਕਲੇ ਸੁਣਾਉਣ ਸਮੇਂ ਅਸੀਂ ਸਭ ਨੂੰ ਇਕੋ ਉਮਰ ਦਾ ਸਮਝਦੇ ਹਾਂ ਅਤੇ ਬਰਾਬਰੀ ਦੇ ਆਧਾਰ ਤੇ ਵਿਚਰਦੇ ਹਾਂ।

ਦੇਵੀ-ਦੇਵਤੇ ਜਾਂ ਪਰਮਾਤਮਾ ਨੂੰ ਮਿਲਣ ਦੀ ਹਰ ਧਰਮ ਨੇ ਇਕ ਵਿਸ਼ੇਸ਼ ਵਿਧੀ ਨਿਰਧਾਰਤ ਕੀਤੀ ਹੁੰਦੀ ਹੈ। ਦੇਵੀ-ਦੇਵਤੇ ਨੂੰ ਨਮਸਕਾਰ ਕਰਨ ਦਾ ਨਿਸ਼ਚਿਤ ਢੰਗ ਅਪਣਾ ਕੇ ਸਾਨੂੰ ਰਸਮ ਪੂਰੀ ਕਰਨ ਦਾ ਆਨੰਦ ਮਿਲਦਾ ਹੈ।

ਅਰਦਾਸ ਕਰਨੀ ਜਾਂ ਆਰਤੀ ਉਤਾਰਨੀ, ਪਰਮਾਤਮਾ ਅਤੇ ਆਪਣੇ ਵਿਚਕਾਰ, ਵਿੱਥ ਦੂਰ ਕਰਨ ਦਾ ਇਕ ਢੰਗ ਹੈ।

ਅਸੀਂ ਮੰਨ ਕੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਉਪਰ ਵੱਸਦਾ ਹੈ ਅਤੇ ਉਹ ਸਾਨੂੰ ਵੇਖ ਰਿਹਾ ਹੈ ਅਤੇ ਸਾਡੀ ਆਵਾਜ਼ ਸੁਣ ਰਿਹਾ ਹੈ। ਇਸੇ ਆਧਾਰ ਉੱਤੇ ਬਰਸੀਆਂ ਮਨਾਈਆਂ ਜਾਂਦੀਆਂ ਹਨ, ਮੜ੍ਹੀਆਂ 'ਤੇ ਦੀਵੇ ਬਾਲੇ ਜਾਂਦੇ ਹਨ, ਸਰਾਧ ਕੀਤੇ ਜਾਂਦੇ ਹਨ, ਤਿਉਹਾਰ ਮਨਾਏ ਜਾਂਦੇ ਹਨ, ਮੇਲੇ ਲਾਏ ਜਾਂਦੇ ਹਨ।

ਜਦੋਂ ਅਸੀਂ ਕਿਸੇ ਨੂੰ ਬਿਨੈ-ਪੱਤਰ ਲਿਖਦੇ ਹਾਂ ਤਾਂ ਉਸ ਵਿਚ ਵੀ ਆਰੰਭ ਵਿਚ ਆਦਾਬ ਜਾਂ ਸਲਾਮ ਕਰਦੇ ਹਾਂ ਅਤੇ ਪੱਤਰ ਦੇ ਅੰਤ ਉੱਤੇ ਵਿਛੜਨ ਦੇ ਸਮੇਂ ਨਾਲ ਜੁੜੇ ਧੰਨਵਾਦ ਜਾਂ ਸ਼ੁਕਰਾਨੇ ਦੇ ਸ਼ਬਦ ਲਿਖਦੇ ਹਾਂ ਅਤੇ ਆਪਣੇ ਆਪ ਨੂੰ ਦਾਸ ਜਾਂ ਹਿਤੂ ਜਾਂ ਵਿਸ਼ਵਾਸ-ਪਾਤਰ ਦਰਸਾਉਂਦੇ ਹਾਂ।

ਭਾਵੇਂ ਅਸੀਂ ਆਪਣੇ ਦੁਸ਼ਮਣਾਂ ਦੇ ਸੇਵਾ-ਮੁਕਤ ਜਾਂ ਰਵਾਨਾ ਹੋਣ ਉੱਤੇ ਪ੍ਰਸੰਨ ਹੀ ਹੋ ਰਹੇ ਹੋਈਏ ਪਰ ਉਨ੍ਹਾਂ ਲਈ ਵੀ ਅਸੀਂ ਸਨੇਹ ਅਤੇ ਮਿੱਤਰਤਾ ਦੇ ਸ਼ਬਦ ਉਚਾਰਦੇ ਹਾਂ। ਉਨ੍ਹਾਂ ਨੂੰ ਜਦੋਂ ਮਿਲਦੇ ਹਾਂ ਤਾਂ ਦੁਸ਼ਮਣਾਂ ਵਾਂਗ ਨਹੀਂ, ਦੋਸਤਾਂ ਵਾਂਗ ਮਿਲਣ ਦਾ ਪ੍ਰਭਾਵ ਉਸਾਰਦੇ ਹਾਂ। ਇਵੇਂ ਅਸੀਂ ਇਕ ਸੰਖੇਪ ਜਿਹਾ ਨਾਟਕ ਰਚਦੇ ਹਾਂ।

ਕਈ ਵਾਰੀ ਜਦੋਂ ਸਾਡਾ ਕੋਈ ਵਡੇਰਾ, ਅਫ਼ਸਰ, ਜੱਜ ਜਾਂ ਅਧਿਆਪਕ ਆਦਿ ਸਾਡੇ ਬੈਠਿਆਂ ਆ ਜਾਵੇ ਤਾਂ ਅਸੀਂ ਉਠ ਕੇ ਉਸ ਦਾ ਸੁਆਗਤ ਕਰਦੇ ਹਾਂ। ਸਤਿਕਾਰ ਪ੍ਰਗਟਾਉਣ ਦਾ ਇਹ ਇਕ ਵਿਸ਼ੇਸ਼ ਢੰਗ ਹੈ, ਜਿਸ ਰਾਹੀਂ ਅਸੀਂ ਸੰਕੇਤ ਦਿੰਦੇ ਹਾਂ ਕਿ ਤੁਹਾਡੇ ਲਈ ਅਸੀਂ ਖਿੜੇ-ਮੱਥੇ, ਸਰੀਰਕ ਪੱਖੋਂ ਵੀ ਔਖੇ ਹੋਣ ਲਈ ਵੀ ਤਿਆਰ ਹਾਂ।

ਅਸੀਂ ਹੋਰ ਵੀ ਅਨੇਕਾਂ ਢੰਗਾਂ ਨਾਲ ਔਖੇ ਹੋ ਕੇ, ਵਿਸ਼ੇਸ਼ ਯਤਨ ਕਰਕੇ, ਮੁਸ਼ਕਿਲ ਸਹਾਰ ਕੇ ਦੂਜਿਆਂ ਪ੍ਰਤੀ ਆਪਣਾ ਸਤਿਕਾਰ ਪ੍ਰਗਟਾਉਂਦੇ ਹਾਂ। ਆਪਣਾ ਆਸਣ ਤਿਆਗ ਕੇ ਅਸੀਂ ਮਹਿਮਾਨ ਨੂੰ ਬੈਠਣ ਲਈ ਕਹਿੰਦੇ ਹਾਂ। ਉਸ ਦੇ ਬੈਠਿਆਂ ਅਸੀਂ ਆਪ ਖਲੋਤੇ ਰਹਿਣਾ ਚਾਹੁੰਦੇ ਹਾਂ। ਸੇਵਾ ਵੀ ਇਸੇ ਪ੍ਰਕਾਰ ਦਾ ਵਰਤਾਰਾ ਹੈ।

ਅਸੀਂ ਆਪ ਔਖੇ ਹੋ ਕੇ, ਮਹਿਮਾਨ ਨੂੰ ਸੌਖ ਪ੍ਰਦਾਨ ਕਰਦੇ ਹਾਂ।

ਉਸ ਤੋਂ ਪਹਿਲਾਂ ਜਾਗਦੇ ਹਾਂ, ਉਸ ਤੋਂ ਮਗਰੋਂ ਸੌਂਦੇ ਹਾਂ।

ਸਾਡੇ ਰਿਸ਼ਤੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਤਨੀ ਔਖ ਬਰਦਾਸ਼ਤ ਕਰਨ ਲਈ ਤਿਆਰ ਹੁੰਦੇ ਹਾਂ।

ਕਈ ਵਾਰੀ ਅਸੀਂ ਮਹਿਮਾਨ ਸਾਹਮਣੇ ਉਹ ਕੁਝ ਖਾਣ-ਪੀਣ ਲਈ ਰੱਖਦੇ ਹਾਂ, ਜਿਸ ਲਈ ਅਸੀਂ ਆਪਣੇ ਆਪ ਨੂੰ ਵੀ ਕਦੀ ਯੋਗ ਨਹੀਂ ਸਮਝਿਆ ਹੁੰਦਾ।

ਅਸੀਂ ਆਪ ਸਭ ਬੰਧਨ ਖਿੜੇ-ਮੱਥੇ ਸਵੀਕਾਰ ਕਰਦੇ ਹਾਂ ਪਰ ਮਹਿਮਾਨ ਉੱਤੇ ਕੋਈ ਬੰਧਨ ਲਾਗੂ ਨਹੀਂ ਕੀਤਾ ਜਾਂਦਾ। ਬਰਾਤ ਜਦੋਂ ਮਰਜ਼ੀ ਆਵੇ, ਸਤਿਕਾਰ ਵਜੋਂ, ਕਿਸੇ ਨੇ ਦੇਰ ਨਾਲ ਆਉਣ ਦੀ ਸ਼ਿਕਾਇਤ ਨਹੀਂ ਕੀਤੀ।

ਆਉਣ ਵਾਲੇ ਮਹਿਮਾਨ ਨੂੰ ਸਟੇਸ਼ਨ ਜਾਂ ਹਵਾਈ ਅੱਡੇ ਉੱਤੇ ਲੈਣ ਲਈ ਪਹੁੰਚ ਜਾਣਾ ਵੀ, ਆਪਣਾ ਸਤਿਕਾਰ ਜਤਲਾਉਣ ਦਾ ਢੰਗ ਹੁੰਦਾ ਹੈ।

ਜਿੰਨਾ ਕੋਈ ਵਧੇਰੇ ਦੂਰੋਂ ਆਉਂਦਾ ਹੈ, ਉਤਨਾ ਹੀ ਅਸੀਂ ਉਸ ਨੂੰ ਵਧੇਰੇ ਸੁਖ-ਆਰਾਮ ਦੇਣਾ ਚਾਹੁੰਦੇ ਹਾਂ। ਇਹ ਵੀ ਮਹਿਮਾਨ ਉੱਤੇ ਨਿਰਭਰ ਕਰਦਾ ਹੈ ਕਿ ਸਾਡਾ ਨੌਕਰ ਬੂਹਾ ਖੋਲ੍ਹੇਗਾ, ਸਾਡਾ ਬੱਚਾ ਜਾਂ ਅਸੀਂ ਆਪ ਬੂਹਾ ਖੋਲ੍ਹਾਂਗੇ।

ਜਿਹੋ ਜਿਹਾ ਮਹਿਮਾਨ ਹੁੰਦਾ ਹੈ, ਉਹੋ ਜਿਹਾ ਅਸੀਂ ਵਰਤਾਰਾ ਕਰਦੇ ਹਾਂ।

ਕਈ ਰਿਸ਼ਤੇ ਬਾਹਰੋਂ ਟੁੱਟ ਜਾਂਦੇ ਹਨ ਪਰ ਮਨ ਵਿਚ ਵੱਸੇ ਰਹਿੰਦੇ ਹਨ।

ਟੁੱਟੀਆਂ ਗੰਢਣ ਲਈ, ਜਦੋਂ ਸ਼ਬਦ ਸਾਡਾ ਸਾਥ ਛੱਡ ਜਾਣ ਤਾਂ ਅਸੀਂ ਵਿਸ਼ੇਸ਼ ਸੰਕੇਤਾਂ-ਹਰਕਤਾਂ ਦੀ ਓਟ ਲੈਂਦੇ ਹਾਂ।

ਜਦੋਂ ਕੋਈ ਸਾਨੂੰ ਸਲਾਬੀ ਜਿਹੀ ਵਧਾਈ ਦੇਵੇ ਤਾਂ, ਸਾਡੀ ਖ਼ੁਸ਼ੀ ਵਿਚ ਨਹੀਂ, ਦਰਦ ਵਿਚ ਵਾਧਾ ਹੁੰਦਾ ਹੈ।

ਕਈ ਵਾਰੀ ਅਸੀਂ ਆਪਣੇ ਆਪ ਨਾਲ ਰੁੱਸੇ ਹੁੰਦੇ ਹਾਂ, ਸੋ ਕਿਸੇ ਨੂੰ ਸਲਾਮ ਕਹਿਣ ਦੀ ਸਾਡੇ ਵਿਚ ਸਮਰੱਥਾ ਹੀ ਨਹੀਂ ਹੁੰਦੀ।

ਇਸਤਰੀਆਂ ਨਾ ਕੇਵਲ ਪ੍ਰਣਾਮ-ਸਲਾਮ ਵਧੇਰੇ ਕਰਦੀਆਂ ਹਨ, ਉਹ ਬੁਲਾਏ ਜਾਣਾ ਵੀ ਵਧੇਰੇ ਪਸੰਦ ਕਰਦੀਆਂ ਹਨ।

ਕੋਈ ਵੀ ਇਨਾ ਰੁਝਿਆ ਹੋਇਆ ਨਹੀਂ ਹੁੰਦਾ ਕਿ ਉਸ ਕੋਲ ਸਲਾਮ ਦਾ ਜਵਾਬ ਦੇਣ ਦਾ ਵੀ ਸਮਾਂ ਨਾ ਹੋਵੇ।

ਵਧੇਰੇ ਸਲਾਮਾਂ ਸਾਨੂੰ ਵਧੇਰੇ ਆਈਆਂ ਚਿੱਠੀਆਂ ਵਾਂਗ ਪ੍ਰਸੰਨ ਕਰਦੀਆਂ ਹਨ, ਜਿਨ੍ਹਾਂ ਨਾਲ ਸਾਨੂੰ ਆਪਣੇ ਮਹੱਤਵਪੂਰਨ ਹੋਣ ਦਾ ਅਹਿਸਾਸ ਹੁੰਦਾ ਹੈ।

ਜਿੱਥੇ ਕਿੱਧਰੇ ਵੀ ਜੀਵਨ ਹੈ, ਉੱਥੇ ਖਤਰੇ ਹਨ। ਜਿੱਥੇ ਕਿੱਧਰੇ ਵੀ ਖਤਰੇ ਹਨ, ਉਨ੍ਹਾਂ ਤੋਂ ਬਚਣ ਦੀ ਇੱਛਾ ਵੀ ਸੁਭਾਵਕ ਹੈ।

ਇਹ ਇੱਛਾ ਮਿਲਵਰਤਣ ਦੀ ਭਾਵਨਾ ਜਗਾਉਂਦੀ ਹੈ।

ਮਿਲਵਰਤਣ ਦੀ ਭਾਵਨਾ ਸਲਾਮ ਨਾਲ ਜਨਮਦੀ ਹੈ।

ਆਪਣੀ ਮਿਲਵਰਤਣ ਅਤੇ ਹਮਦਰਦੀ ਦਾ ਪ੍ਰਗਟਾਵਾ ਕਰਨ ਲਈ ਅਸੀਂ ਵੱਖਰੀ ਭਾਂਤ ਦੀ ਸਲਾਮ ਵਰਤਦੇ ਹਾਂ।

ਕਿਸੇ ਨੂੰ ਉਸ ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਜਾਂ ਮਿੱਤਰ-ਪਿਆਰੇ ਦੀ ਮੌਤ ਉਪਰੰਤ ਜਦੋਂ ਅਸੀਂ ਮਿਲਦੇ ਹਾਂ ਤਾਂ ਉਸ ਨਾਲ ਹੱਥ ਵੀ ਮਿਲਾਉਂਦੇ ਹਾਂ, ਗਲਵੱਕੜੀ ਵੀ ਪਾਉਂਦੇ ਹਾਂ ਅਤੇ ਰੋਂਦੇ ਵੀ ਹਾਂ।

ਇਹ ਦੂਹਰੀ ਜਾਂ ਤੀਹਰੀ ਸੰਘਣੀ ਸਲਾਮ ਹੁੰਦੀ ਹੈ।

ਕਈ ਵਾਰੀ, ਸਿਰ ਨਾਲ ਸਿਰ ਜੋੜ ਕੇ ਰੋਇਆ ਜਾਂਦਾ ਹੈ, ਇਵੇਂ ਅਸੀਂ ਸ਼ਬਦਾਂ ਨਾਲ ਹੀ ਨਹੀਂ, ਅੱਥਰੂਆਂ ਨਾਲ ਵੀ ਇਕ-ਦੂਜੇ ਦਾ ਹਾਲ ਪੁੱਛਦੇ ਹਾਂ।

ਹੱਥ ਫੜ ਕੇ ਜਾਂ ਪਿੱਠ ਥਾਪੜ ਕੇ ਜਾਂ ਸਿਰ ਪਲੋਸ ਕੇ ਜਾਂ ਮੋਢੇ ਉੱਤੇ ਹੱਥ ਰੱਖ ਕੇ ਅਸੀਂ ਨਿੱਕੀ ਗਲਵੱਕੜੀ ਦਾ ਪ੍ਰਭਾਵ ਦਿੰਦੇ ਹਾਂ।

ਹਮਦਰਦੀ ਅਤੇ ਮਿਲਵਰਤਣ ਦੇ ਉਪਰੋਕਤ ਪ੍ਰਗਟਾਵਿਆਂ ਨਾਲ ਵੱਡੇ-ਵੱਡੇ ਦੁੱਖ ਵੀ ਸਹਿਣਯੋਗ ਹੋ ਜਾਂਦੇ ਹਨ।

ਜਾਨਵਰਾਂ ਵਿਚ ਵੀ ਇਕ ਦੂਜੇ ਨੂੰ ਮਿਲਣ ਸਮੇਂ ਸਲਾਮ ਵਰਗੇ ਕੁਝ ਸੰਕੇਤ ਵੇਖਣ ਨੂੰ ਮਿਲਦੇ ਹਨ ਪਰ ਮਾਨਵਜਾਤੀ ਨੇ ਇਨ੍ਹਾਂ ਸੰਕੇਤਾਂ, ਵਰਤਾਰਿਆਂ ਅਤੇ ਅਜਿਹੇ ਸ਼ਬਦਾਂ ਦਾ ਪੂਰਾ ਤਾਣਾ-ਪੇਟਾ ਉਸਾਰਿਆ ਹੋਇਆ ਹੈ।

ਜਾਨਵਰਾਂ ਵਿਚ ਵਿਦਾਇਗੀ ਦੇ ਸੰਕੇਤ ਨਹੀਂ ਮਿਲਦੇ। ਸ਼ਾਇਦ ਨੇੜੇ-ਤੇੜੇ ਰਹਿਣ ਕਾਰਨ, ਉਨ੍ਹਾਂ ਨੂੰ ਵਿਦਾ ਹੋਣ ਦਾ ਅਹਿਸਾਸ ਹੀ ਨਹੀਂ ਹੁੰਦਾ।

ਮਨੁੱਖਾਂ ਵਿਚ ਮਿਲਣੀ ਦੇ ਵਰਤਾਰੇ ਆਮ ਕਰ ਕੇ ਪ੍ਰਸੰਨਤਾ ਵਾਲੇ ਅਤੇ ਤਸੱਲੀ ਵਾਲੇ ਹੁੰਦੇ ਹਨ, ਜਦੋਂ ਕਿ ਵਿਦਾਇਗੀ ਅਤੇ ਵਿਛੋੜੇ ਦੇ ਵਰਤਾਰੇ ਅਕਸਰ ਗੰਭੀਰ ਅਤੇ ਉਦਾਸੀ ਵਾਲੇ ਹੁੰਦੇ ਹਨ।

ਜਿਉਂ-ਜਿਉਂ ਕਬੀਲੇ ਵੱਡੇ ਹੁੰਦੇ ਗਏ ਅਤੇ ਖਿੰਡਦੇ ਗਏ ਹਨ, ਤਿਉਂ-ਤਿਉਂ ਮਿਲਣੀ ਅਤੇ ਵਿਦਾਇਗੀ ਦੇ ਅਵਸਰ ਵੀ ਵੱਧਦੇ ਗਏ ਹਨ। ਇਨ੍ਹਾਂ ਅਵਸਰਾਂ ਨੇ ਮਨੁੱਖੀ ਵਿਹਾਰ ਨੂੰ ਨੇਮ-ਬੱਧ ਕੀਤਾ ਹੈ ਅਤੇ ਮਨੁੱਖ ਨੂੰ ਇਸ ਯੋਗ ਬਣਾਇਆ ਹੈ ਕਿ ਉਹ ਖਿੜੇ-ਮੱਥੇ ਦੂਜਿਆਂ ਨੂੰ ਕਹਿ ਸਕੇ : ਸਾਡੀ ਸਲਾਮ ਕਬੂਲ ਕਰਨਾ।

♥♥♥

ਲਾਂਵਾਂ-ਫੇਰਿਆਂ ਤੋਂ ਬਾਅਦ ਅਣਬਣ

ਮਨੁੱਖ ਸਫ਼ਲ ਹੋਣ ਦੇ ਮੁਕਾਬਲੇ, ਅਸਫ਼ਲ ਹੋਣ ਵਿਚ ਵਧੇਰੇ ਮਾਹਿਰ ਹੈ।

ਮਨੁੱਖ ਜਾਤੀ ਨੇ ਭਾਵੇਂ ਬਹੁਤ ਮੱਲਾਂ ਮਾਰੀਆਂ ਹਨ ਪਰ ਆਪਣੇ ਸਫ਼ਰ ਦੇ ਹਰ ਮਹੱਤਵਪੂਰਨ ਪੜਾਓ 'ਤੇ ਮਨੁੱਖ ਅਸਫ਼ਲ ਰਿਹਾ ਹੈ।

ਇਸਤਰੀ ਲਈ ਕੋਈ ਨਰਕ ਨਹੀਂ ਹੁੰਦਾ, ਕਿਉਂਕਿ ਉਹ ਇਥੇ ਹੀ ਪੁਰਸ਼ ਹੱਥੋਂ ਬਹੁਤ ਕੁਝ ਬਰਦਾਸ਼ਤ ਕਰ ਲੈਂਦੀ ਹੈ।

ਜ਼ਿੰਦਗੀ ਦੇ ਚਾਨਣੇ ਪੱਖ ਨੂੰ ਜਾਨਣਾ ਮਨੁੱਖ ਦਾ ਜ਼ਿੰਮਾ ਹੈ, ਮਿਹਨਤ ਰਾਹੀਂ, ਖੋਜ ਰਾਹੀਂ, ਕੁਰਬਾਨੀ ਰਾਹੀਂ, ਪਿਆਰ ਰਾਹੀਂ, ਲਾਂਵਾਂ ਫੇਰਿਆਂ ਰਾਹੀਂ ਪਰ ਮਨੁੱਖ ਨੇ ਇਸਤਰੀ ਨੂੰ ਬਿਠਾਇਆ ਹੀ ਹਨੇਰੇ ਵਿਚ ਹੋਇਆ ਹੈ, ਜਿੱਥੇ ਸਾਹ ਨਿੱਕੇ ਅਤੇ ਹੌਕੇ ਲੰਮੇ ਹੁੰਦੇ ਜਾ ਰਹੇ ਹਨ। ਹੌਕਿਆਂ ਨਾਲ ਕਾਲੀਆਂ ਰਾਤਾਂ ਹੋਰ ਕਾਲੀਆਂ, ਹੋਰ ਉਦਾਸ ਅਤੇ ਹੋਰ ਲੰਮੀਆਂ ਹੁੰਦੀਆਂ ਜਾ ਰਹੀਆਂ ਹਨ।

ਪਿਆਰ, ਕਿਸੇ ਵੱਲੋਂ ਦੂਜੇ ਦੇ ਯੋਗ ਹੋਣ ਦੀ ਜਦੋ-ਜਹਿਦ ਹੁੰਦਾ ਹੈ।

ਪਤਨੀ ਨਾਲ ਇਕ-ਸੁਰ ਹੋਏ ਬਿਨਾਂ, ਪਤੀ ਪਰੇਸ਼ਾਨ ਰਹਿਣਗੇ।

ਮੁਕਾਬਲੇ ਦਾ ਜੀਵਨ ਇਕੱਲਤਾ ਦਾ ਜੀਵਨ ਹੈ।

'ਘੱਟ' ਜਾਂ 'ਵੱਧ' ਸ਼ਬਦ ਪਿਆਰ ਦੇ ਸੰਦਰਭ ਵਿਚ ਕੋਈ ਅਰਥ ਨਹੀਂ ਰੱਖਦੇ।

ਪਿਆਰ ਦੇ ਰਿਸ਼ਤੇ ਅੱਗੇ ਲੰਘ ਜਾਣ ਜਾਂ ਪਿੱਛੇ ਛੱਡ ਜਾਣ ਦੀ ਥਾਂ ਬਰਾਬਰੀ, ਹਮਦਰਦੀ ਅਤੇ ਸ਼ਹਿਣਸ਼ੀਲਤਾ 'ਤੇ ਟਿਕੇ ਹੁੰਦੇ ਹਨ। ਕੋਈ ਵੀ ਇਸਤਰੀ ਆਪਣੇ ਮਰਦ ਨੂੰ ਵੰਡਿਆ ਹੋਇਆ ਨਹੀਂ ਵੇਖ ਸਕਦੀ, ਉਹ ਚਾਹੁੰਦੀ ਹੈ ਕਿ ਉਸ ਦਾ ਪਤੀ ਉਸ ਦਾ ਪਹਿਲਾ ਪਿਆਰ ਬਣੇ ਅਤੇ ਉਹ ਆਪਣੇ ਪਤੀ ਦਾ ਅੰਤਮ ਪਿਆਰ ਹੋ ਨਿਬੜੇ, ਸੋ ਸੁਭਾਵਕ ਹੀ ਅਜੋਕੀ ਇਸਤਰੀ ਵਿਚ, ਬਰਾਬਰੀ ਦੇ ਆਧਾਰ 'ਤੇ ਵਿਚਰਨ ਦੀ ਤਾਂਘ ਹੈ।

ਇਸਤਰੀ ਦੀ ਸੂਝ ਪੁਰਸ਼ ਦੀ ਅਕਲ ਨਾਲੋਂ ਉੱਚੀ ਹੈ।

ਅਨੁਭਵ ਦੇ ਕਈ ਬੰਦ ਬੂਹੇ ਉਸ ਨੇ ਖੋਲ੍ਹ ਲਏ ਹਨ।

ਉਹ ਵੀ ਆਪਣੇ ਮਨ ਦੀ ਸਲੇਟ 'ਤੇ ਆਪਣੇ ਜੀਵਨ ਦੇ ਸਵਾਲ ਕੱਢਣ ਲੱਗ ਪਈ ਹੈ। ਸੋਚਣਾ ਉਸ ਨੂੰ ਹੁਣ ਮੁਸ਼ਕਿਲ ਨਹੀਂ ਲੱਗਦਾ।

ਆਪਣੀ ਗੱਲ ਨੂੰ ਕਹਿਣ ਦਾ ਢੰਗ ਉਸ ਨੇ ਸਿਖ ਲਿਆ ਹੈ ਪਰ ਪੁਰਸ਼ ਅਜੇ ਮੰਨਣ ਵਾਸਤੇ ਤਿਆਰ ਨਹੀਂ ਕਿ ਜੀਵਨ ਦੀ ਖੇਡ ਦੇ ਨੇਮ ਬਦਲ ਗਏ ਹਨ।

ਹੁਣ ਸਵੇਰ, ਅੱਗੇ ਨਾਲੋਂ ਜਲਦੀ ਹੋਣ ਲੱਗ ਪਈ ਹੈ।

ਚੁੱਪ ਸਹਿਮਤੀ ਨਹੀਂ, ਰੋਸ ਦਾ ਪ੍ਰਗਟਾਵਾ ਵੀ ਹੋ ਸਕਦੀ ਹੈ।

ਕੱਸੀ ਹੋਈ ਰੱਸੀ 'ਤੇ ਟੁਰਨਾ ਤਮਾਸ਼ਾ ਹੀ ਨਹੀਂ, ਜਿਉਂਦੇ ਰਹਿਣ ਦਾ ਇਕ ਉਪਰਾਲਾ ਜਾਂ ਤਰਲਾ ਵੀ ਹੋ ਸਕਦਾ ਹੈ।

ਜ਼ਰੂਰੀ ਨਹੀਂ ਕਿ ਤਲਵਾਰਾਂ ਦੇ ਵਾਰ, ਢਾਲਾਂ ਨਾਲ ਹੀ ਸਹੇ ਜਾਣ।

ਬਨਾਰਸੀ ਸਾੜ੍ਹੀ ਵਿਚ ਸਤੀ-ਸਾਵਿਤਰੀ ਦੀ ਥਾਂ ਚੰਡੀ ਵੀ ਹੋ ਸਕਦੀ ਹੈ।

ਹੁਣ ਪਤਨੀਆਂ ਸੇਲ ਉੱਤੇ ਨਹੀਂ ਲੱਗਦੀਆਂ।

ਸਮਾਜ ਵਿਚ ਪੁਰਸ਼ ਤੋਂ ਸਿਵਾਏ ਸਭ ਕੁਝ ਬਦਲ ਗਿਆ ਹੈ।

ਇਹੀ ਕਾਰਨ ਹੈ ਕਿ ਪਤੀ ਅਤੇ ਪਤਨੀ ਵਿਚਕਾਰ ਵਿੱਥ ਵਾਪਰ ਰਹੀ ਹੈ।

ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਵਿਆਹ ਦੀ ਉਮਰ ਰੁਜ਼ਗਾਰ ਦੇ ਵਸੀਲਿਆਂ ਨਾਲ ਜੁੜ ਗਈ ਹੈ ਅਤੇ ਰੁਜ਼ਗਾਰ ਦੇ ਵਸੀਲੇ ਸੌਖੇ ਅਤੇ ਸਿੱਧੇ ਨਹੀਂ ਰਹੇ।

ਵਸੀਲਿਆਂ ਦੀ ਘਾਟ ਕਾਰਨ ਵੱਡੇ ਉਦੇਸ਼ ਮਿਥਣੇ ਅਸੰਭਵ ਪ੍ਰਤੀਤ ਹੋਣ ਲੱਗ ਪਏ ਹਨ ਪਰ ਵੱਡੇ ਉਦੇਸ਼ਾਂ ਤੋਂ ਬਿਨਾਂ ਅਸੀਂ ਸਾਰੇ ਨਿੱਕੇ ਲੋਕ ਹਾਂ।

ਲੋੜ ਵੱਡੀਆਂ ਪ੍ਰਾਪਤੀਆਂ ਦੀ ਨਹੀਂ, ਵੱਡੇ ਉਦੇਸ਼ਾਂ ਦੀ ਹੈ, ਜਿਹੜੇ ਧਰੂ ਤਾਰੇ ਵਾਂਗ ਸਾਨੂੰ ਰਾਹ ਵਿਖਾਉਣ। ਲਗਭਗ ਅਸੀਂ ਸਾਰੇ, ਉਦੇਸ਼ਾਂ ਤੋਂ ਬਿਨਾਂ ਹੀ ਵੱਡੀਆਂ ਪ੍ਰਾਪਤੀਆਂ ਦੀ ਰੀਝ ਪਾਲ ਰਹੇ ਹਾਂ ਪਰ ਕੋਈ ਨਹੀਂ ਜਾਣਦਾ ਕਿ ਖੁਸ਼ੀ ਤਾਂ ਨਿੱਕੀਆਂ ਗੱਲਾਂ ਵਿਚੋਂ ਮਿਲਦੀ ਹੈ ਪਰ ਇਹ ਖੁਸ਼ੀ ਸਾਂਝੀ ਹੋਣ ਕਾਰਨ ਵੱਡੀ ਹੋ ਜਾਂਦੀ ਹੈ ਅਤੇ ਇਵੇਂ ਵੱਡੇ ਉਦੇਸ਼ ਵੀ ਸਾਡੀ ਪਹੁੰਚ ਵਿਚ ਆ ਜਾਂਦੇ ਹਨ।

ਇਸਤਰੀ ਅਤੇ ਪੁਰਸ਼ ਦੋਵੇਂ ਵੱਖ-ਵੱਖ ਢੰਗਾਂ ਨਾਲ ਸੋਚਦੇ ਹਨ ਅਤੇ ਵਿਚਰਦੇ ਹਨ।

ਜਦੋਂ ਇਸਤਰੀ-ਪੁਰਸ਼ ਵਿਚ ਸਹਿਮਤੀ ਹੁੰਦੀ ਹੈ ਤਾਂ ਅੰਤਮ ਨਿਰਣਾ ਭਾਵੇਂ ਇਕ ਹੀ ਹੁੰਦਾ ਹੈ ਪਰ ਦੋਹਾਂ ਦਾ ਤਰਕ ਵੱਖਰਾ-ਵੱਖਰਾ ਹੁੰਦਾ ਹੈ।

ਇਸਤਰੀ ਲਈ ਪਿਆਰ ਦੇ ਅਰਥ ਹੋਰ ਹਨ, ਪੁਰਸ਼ ਲਈ ਹੋਰ।

ਇਸਤਰੀ ਮੁਆਫ਼ ਕਰਦੀ ਹੈ, ਭੁੱਲ ਜਾਂਦੀ ਹੈ ਅਤੇ ਅਣਡਿੱਠ ਕਰਦੀ ਹੈ ਪਰ ਪੁਰਸ਼ ਬਦਲਾ ਲੈਂਦਾ ਹੈ, ਮੁੜ-ਮੁੜ ਯਾਦ ਕਰਾਉਂਦਾ ਅਤੇ ਯਾਦ ਰੱਖਦਾ ਹੈ।

ਥੱਕੀਆਂ ਹੋਈਆਂ ਇਸਤਰੀਆਂ, ਥੱਕੇ ਹੋਏ ਮਰਦਾਂ ਨਾਲੋਂ ਵਧੇਰੇ ਬੋਲਦੀਆਂ ਹਨ।

ਇਸਤਰੀ ਆਪਣੇ ਮਨ ਦੀ ਭਾਨ ਨੂੰ ਵਧੇਰੇ ਚਿਰ ਸਾਂਭ ਕੇ ਰੱਖਦੀ ਹੈ।

ਪੁਰਸ਼ ਲਈ ਵਿਆਹ ਕਦੇ ਵੀ ਕਰ ਲੈਣ ਵਾਲਾ ਕੰਮ ਹੁੰਦਾ ਹੈ, ਇਸਤਰੀ ਲਈ ਵਿਆਹ, ਕੇਵਲ ਇਕ ਵਾਰੀ ਮਿਲਣ ਵਾਲਾ ਅਵਸਰ ਹੁੰਦਾ ਹੈ।

ਕਈਆਂ ਦੇ ਜੀਵਨ ਵਿਚ ਵਿਆਹ ਉਪਰੰਤ ਕੁਝ ਅਜਿਹਾ ਵਾਪਰ ਜਾਂਦਾ ਹੈ ਕਿ ਖੁਸ਼ਬੂ ਦੇ ਮੇਲੇ ਖਿੰਡਰ ਜਾਂਦੇ ਹਨ, ਰਾਹ, ਕਦਮਾਂ ਵਿਚ ਸੱਪ ਬਣ ਜਾਂਦੇ ਹਨ, ਕੋਈ ਸੀਣ ਉਧੜ ਜਾਂਦੀ ਹੈ, ਮਨ ਦੇ ਆਲਿਆਂ ਵਿਚ ਜਗਦੀ ਜੋਤ ਬੁਝ ਜਾਂਦੀ ਹੈ, ਜ਼ਿੰਦਗੀ ਦੀ ਪੀਂਘ

ਝੂਲਦਿਆ ਅਚਾਨਕ ਡਿੱਗ ਪੈਣ ਦਾ ਅਹਿਸਾਸ ਹੁੰਦਾ ਹੈ, ਸਾਰੇ ਖ਼ਤ ਬੇਰੰਗ ਵਾਪਸ ਮੁੜ ਆਉਂਦੇ ਹਨ, ਆਰਤੀ ਲਈ ਦੀਵਿਆਂ ਵਾਲਾ ਥਾਲ ਅਥਰੂਆਂ ਨਾਲ ਭਰ ਜਾਂਦਾ ਹੈ ਅਤੇ ਸਾਡੇ ਕੋਲੋਂ ਆਪਣੇ ਹੀ ਘਰ ਦਾ ਰਾਹ ਗੁਆਚ ਜਾਂਦਾ ਹੈ ਅਤੇ ਰਾਗ-ਉਦਾਸੀ ਦੀ ਧੁਨ ਉੱਚੀ ਹੋਣ ਲੱਗ ਪੈਂਦੀ ਹੈ।

ਇਸਤਰੀ ਚਾਹੁੰਦੀ ਹੈ ਕਿ ਉਸ ਦਾ ਪਤੀ ਉਸ ਨੂੰ ਜਦੋਂ ਮਿਲੇ ਤਾਂ ਕੁਝ ਚਿਰ ਲਈ ਉਹ ਘੜੀਆਂ, ਘੰਟੇ, ਵਕਤ ਸਭ ਕੁਝ ਪਿੱਛੇ ਛੱਡ ਆਵੇ ਅਤੇ ਉਸ ਨਾਲ ਇਵੇਂ ਚੱਲੇ ਜਿਵੇਂ ਭਰਿਆ ਦਰਿਆ ਚਲਦਾ ਹੈ ਤਾਂ ਕਿ ਉਹ ਆਪ ਹਵਾ ਵਾਂਗ ਵੱਗ ਸਕੇ ਪਰ ਕੁਝ ਅਜਿਹਾ ਵਾਪਰ ਜਾਂਦਾ ਹੈ ਕਿ ਉਸ ਦੇ ਮੂੰਹ 'ਤੇ ਚੁੱਪ ਦਾ ਜਿੰਦਰਾ ਲੱਗ ਜਾਂਦਾ ਹੈ ਅਤੇ ਉਹ ਸੋਚਦੀ ਹੈ, ਕੀ ਆਪਾਂ ਕਦੇ ਮਿਲੇ ਸੀ, ਕੀ ਤੂੰ ਮੈਨੂੰ ਸੱਚੀ-ਮੁੱਚੀ ਮਿਲਿਆ ਸੀ ? ਉਸ ਨੂੰ ਲੱਗਦਾ ਹੈ ਜਿਵੇਂ ਕੋਈ ਬਿਨ ਬੋਲੇ ਉਸ ਦੇ ਸੀਨੇ ਨਾਲ ਲੱਗ, ਟੁਰ ਗਿਆ ਹੋਵੇ।

ਉਸ ਨੂੰ ਜੁੱਤੀ ਤੰਗ ਅਤੇ ਜ਼ਿੰਦਗੀ ਦਾ ਸਫ਼ਰ ਲੰਮਾ ਹੋ ਗਿਆ ਪ੍ਰਤੀਤ ਹੁੰਦਾ ਹੈ।

ਵਿਆਹ ਉਪਰੰਤ ਉਪਜਣ ਵਾਲੀ ਅਣਬਣ ਦੀਆਂ ਦੋ ਜਾਂ ਦੋ ਤੋਂ ਵੱਧ ਧਿਰਾਂ ਹੁੰਦੀਆਂ ਹਨ। ਇਹ ਸਮੱਸਿਆ ਇਸ ਲਈ ਗੰਭੀਰ ਅਤੇ ਵਧੇਰੇ ਧਿਆਨ ਮੰਗਣ ਵਾਲੀ ਹੁੰਦੀ ਹੈ, ਕਿਉਂਕਿ ਇਸ ਵਿਚ ਦੋ ਜਿਉਂਦੇ-ਜਾਗਦੇ ਵਿਅਕਤੀਆਂ ਦਾ ਭਵਿੱਖ ਉਲਝਿਆ ਹੁੰਦਾ ਹੈ।

ਅਣਬਣ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ, ਬਿਸਤਰੇ ਵਿਚਲੇ ਸਬੰਧ, ਆਮਦਨ ਅਤੇ ਘਰ ਵਿਚ ਰਹਿਣ ਵਾਲੇ ਹੋਰ ਵਿਅਕਤੀ। ਕਾਰਨ ਕੋਈ ਵੀ ਹੋਵੇ, ਇਹ ਪਤੀ-ਪਤਨੀ ਦੇ ਸਮੁੱਚੇ ਰਿਸ਼ਤੇ ਨੂੰ ਪ੍ਰਭਾਵਿਤ ਕਰਦਾ ਹੈ।

ਇਹ ਮੰਨ ਲੈਣਾ ਚਾਹੀਦਾ ਹੈ ਕਿ ਹੁਣ ਵਿਆਹ ਪਹਿਲਾਂ ਵਾਲਾ ਇੱਕ ਸਦੀਵੀ ਅਤੇ ਪਵਿੱਤਰ ਰਿਸ਼ਤਾ ਨਹੀਂ ਰਿਹਾ।

ਕਈ ਵਾਰੀ ਪਤੀ-ਪਤਨੀ ਦੀ ਆਪਸੀ ਕੋਈ ਸਮੱਸਿਆ ਨਹੀਂ ਹੁੰਦੀ ਪਰ ਘਰ ਦੇ ਕਿਸੇ ਵਿਅਕਤੀ ਦਾ ਵਿਹਾਰ ਉਨ੍ਹਾਂ ਦੇ ਆਪਸੀ ਰਿਸ਼ਤੇ ਨੂੰ ਲੀਹ ਤੋਂ ਲਾਹ ਦਿੰਦਾ ਹੈ।

ਅਜਿਹੀਆਂ ਅਣਬਣਾਂ ਦਾ ਕਈ ਵਾਰੀ ਕਾਰਨ ਇਹ ਹੁੰਦਾ ਹੈ ਕਿ ਵਿਆਹ ਸੋਚ-ਸਮਝ ਕੇ ਨਹੀਂ ਕੀਤਾ ਗਿਆ ਹੁੰਦਾ ਜਾਂ ਕਿਸੇ ਦੀ ਕਰੜੀ ਵਿਰੋਧਤਾ ਦੇ ਬਾਵਜੂਦ ਵਿਆਹ ਕੀਤਾ ਗਿਆ ਹੁੰਦਾ ਹੈ।

ਕਈ ਵਾਰੀ ਇਹ ਵੀ ਕਾਰਨ ਹੁੰਦਾ ਹੈ ਕਿ ਵਿਆਹ ਕਰਨ ਵਿਚ ਕਾਹਲੀ ਵਰਤੀ ਗਈ ਹੁੰਦੀ ਹੈ ਜਾਂ ਰਿਸ਼ਤਾ ਕਰਨ ਸਮੇਂ ਕੋਈ ਝੂਠ ਬੋਲਿਆ ਗਿਆ ਹੁੰਦਾ ਹੈ ਜਾਂ ਕੋਈ ਕੀਤਾ ਵਾਅਦਾ ਤੋੜਿਆ ਗਿਆ ਹੁੰਦਾ ਹੈ।

ਹਰ ਅਣਬਣ ਦਾ ਕਾਰਨ ਵੱਖਰਾ ਹੁੰਦਾ ਹੈ ਪਰ ਨਤੀਜਾ ਇਕ ਹੀ ਹੁੰਦਾ ਹੈ ਅਰਥਾਤ ਪਤਨੀ ਆਪਣੇ ਪੇਕੇ ਜਾਣ ਲਈ ਮਜਬੂਰ ਹੁੰਦੀ ਹੈ, ਜਿਥੇ ਉਹ ਬੁਝੇ ਹੋਏ ਸਵਾਲਾਂ ਵਾਲੀ ਸਲੇਟ ਲੈ ਕੇ, ਆਪਣੀ ਉਂਗਲੀ ਦੀ ਸਲੇਟੀ ਨਾਲ, ਜ਼ਿੰਦਗੀ ਨੂੰ ਜਮ੍ਹਾਂ-ਮਨਫ਼ੀ ਕਰਦੀ ਰਹਿੰਦੀ ਹੈ ਅਤੇ ਉਸ ਦੇ ਹਰ ਪ੍ਰਸ਼ਨ ਦਾ ਉੱਤਰ ਸਿਫ਼ਰ ਵਿਚ ਨਿਕਲਦਾ ਹੈ।

ਬੱਚਾ ਕੋਲ ਹੋਣ ਦੀ ਸੂਰਤ ਵਿਚ, ਸੋਚਣ ਨਾਲ, ਉਸ ਦਾ ਦਰਦ ਵੱਧਦਾ ਹੈ।

ਪੂਰਬੀ ਦੇਸ਼ਾਂ ਵਿਚ ਅਸੀਂ ਵਿਆਹ ਕਰਨ ਉਪਰੰਤ ਪਿਆਰ ਕਰਦੇ ਹਾਂ ਜਦੋਂ ਕਿ ਪੱਛਮ ਵਿਚ ਪਿਆਰ ਕਰਨ ਉਪਰੰਤ ਵਿਆਹ ਕੀਤਾ ਜਾਂਦਾ ਹੈ।

ਕਈ ਵਿਅਕਤੀਆਂ ਵਿਚ ਸਹੀ ਫੈਸਲਾ ਕਰਨ ਦੀ ਸਮਰੱਥਾ ਨਹੀਂ ਹੁੰਦੀ ਪਰ ਉਹ ਗ਼ਲਤ ਫੈਸਲੇ ਬੜੀ ਯੋਗਤਾ ਨਾਲ ਕਰਦੇ ਹਨ।

ਵਿਆਹ ਸਬੰਧੀ ਨਿਰਣਾ ਕਰਨ ਲਈ ਜਿਤਨੀ ਗੰਭੀਰਤਾ ਦੀ ਲੋੜ ਹੁੰਦੀ ਹੈ, ਉਸ ਦੀ ਅਣਹੋਂਦ ਕਾਰਨ ਵੀ ਗੰਭੀਰ ਸਮੱਸਿਆਵਾਂ ਉਪਜਦੀਆਂ ਹਨ।

ਆਪਣੇ ਘੇਰੇ ਤੋਂ ਬਾਹਰ ਕਰਵਾਏ ਹੋਏ ਵਿਆਹਾਂ ਉੱਤੇ ਦੋ ਸਭਿਆਚਾਰਾਂ ਵਿਚ ਪੂਰੇ ਉਤਰਨ ਦੀ ਮਜਬੂਰੀ ਹੁੰਦੀ ਹੈ ਅਤੇ ਇਮਤਿਹਾਨ ਵਧੇਰੇ ਸਖ਼ਤ ਹੋਣ ਕਰਕੇ ਸਫ਼ਲਤਾ ਦੀ ਸੰਭਾਵਨਾ ਘਟ ਜਾਂਦੀ ਹੈ।

ਪੁੱਤਰ ਦੇ ਆਪਣੀ ਮਾਂ ਨਾਲ ਸੁਖਾਵੇਂ ਜਾਂ ਅਣਸੁਖਾਵੇਂ ਸਬੰਧ, ਉਸ ਦੇ ਪਤੀ ਵਜੋਂ ਸਫ਼ਲ ਜਾਂ ਅਸਫ਼ਲ ਹੋਣ ਦਾ ਨਿਰਣਾ ਕਰਦੇ ਹਨ।

ਜੇ ਦੋਹਾਂ ਪਰਿਵਾਰਾਂ ਵਿਚ ਆਰਥਿਕ ਵੱਖਰੇਵਾਂ ਅਧਿਕ ਹੋਵੇ ਤਾਂ ਇਸ ਦਾ ਪਤੀ-ਪਤਨੀ ਦੇ ਆਪਸੀ ਵਿਹਾਰ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੁੰਦਾ ਹੈ।

ਅਮੀਰ ਘਰ ਦੀ ਧੀ, ਆਪਣੇ ਸੀਮਤ ਵਸੀਲਿਆਂ ਵਾਲੇ ਪਤੀ ਦੇ ਘਰ ਵਿਚ, ਪਿਆਰ ਘੱਟ ਅਤੇ ਸ਼ਿਕਾਇਤਾਂ ਵਧੇਰੇ ਕਰਦੀ ਹੈ।

ਮੁੱਢ ਵਿਚ ਉਸ ਨੇ ਸਮਝਿਆ ਹੁੰਦਾ ਹੈ ਕਿ ਪਿਆਰ ਨਾਲ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ ਪਰ ਕਈ ਸਮੱਸਿਆਵਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਪਿਆਰ ਨਾਲ ਕੋਈ ਸਬੰਧ ਨਹੀਂ ਹੁੰਦਾ।

ਅਜਿਹੀ ਸਥਿਤੀ ਵਿਚ ਪਤਨੀ ਘਿਰ ਗਈ ਮਹਿਸੂਸ ਕਰਦੀ ਹੈ ਅਤੇ ਉਸ ਨੂੰ ਪਤੀ ਦਾ ਘਰ ਜੇਲ੍ਹ ਅਤੇ ਪਿਤਾ ਦਾ ਘਰ ਕਿਲ੍ਹਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਸਾਡੇ ਦੇਸ਼ ਵਿਚ ਵਿਆਹ ਬਹੁਤ ਅਧਿਕ ਆਸ਼ਾਵਾਦੀ ਹੋ ਕੇ ਅਤੇ ਬਹੁਤ ਵਧੇਰੇ ਆਸਾਂ-ਰੀਝਾਂ ਅਤੇ ਉਮੀਦਾਂ ਨਾਲ ਕੀਤੇ ਜਾਂਦੇ ਹਨ।

ਅਸੀਂ ਅੱਖਾਂ ਮੀਚ ਕੇ ਵਿਆਹ ਕਰਦੇ ਹਾਂ ਅਤੇ ਜਦੋਂ ਅੱਖਾਂ ਖੋਲ੍ਹਦੇ ਹਾਂ ਤਾਂ ਸਾਡੀ ਬੇੜੀ ਤੂਫ਼ਾਨ ਵਿਚ ਘਿਰ ਚੁੱਕੀ ਹੋਣ ਕਾਰਨ ਘਰ ਨੂੰ ਕਚਹਿਰੀ ਬਣਾ ਲਿਆ ਜਾਂਦਾ ਹੈ, ਜਿਥੇ ਪੇਸ਼ੀਆਂ ਪੈਂਦੀਆਂ ਹਨ ਪਰ ਫੈਸਲਾ ਕੋਈ ਨਹੀਂ ਹੁੰਦਾ।

ਵਿਆਹ ਤੋਂ ਪਹਿਲਾਂ ਦੋਵੇਂ ਧਿਰਾਂ ਦਾ ਵਿਹਾਰ ਬੜਾ ਉਲਾਰ ਹੁੰਦਾ ਹੈ ਅਤੇ ਆਪ ਉਲਾਰ ਹੋਣ ਕਾਰਨ ਦੋਵੇਂ ਧਿਰਾਂ ਇਕ ਦੂਜੇ ਦੇ ਵਿਹਾਰ ਨੂੰ ਸੁਭਾਵਿਕ ਮੰਨ ਲੈਂਦੀਆਂ ਹਨ।

ਵਿਆਹ ਤੋਂ ਪਹਿਲਾਂ ਵੀ ਦੋਵੇਂ ਧਿਰਾਂ ਦੇ ਕਈ ਅਣਸੁਖਾਵੇਂ ਪੱਖ ਉਘੜ ਆਉਂਦੇ ਹਨ ਪਰ ਦਰਿਆ ਦੇ ਅੱਧ ਵਿਚ ਪਹੁੰਚੇ ਵਿਅਕਤੀ ਵਾਂਗ ਅਸੀਂ ਆਪਣੇ ਆਪ ਨੂੰ ਭੁਲੇਖਾ ਪਾਉਂਦੇ ਹਾਂ ਕਿ ਸਭ ਕੁਝ ਠੀਕ ਹੋ ਜਾਵੇਗਾ।

ਅਸੀਂ ਭੁੱਲ ਜਾਂਦੇ ਹਾਂ ਕਿ ਸਭ ਕੁਝ ਸੰਸਾਰ ਦੇ ਕਿਸੇ ਵੀ ਰਿਸ਼ਤੇ ਵਿਚ ਕਦੇ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੁੰਦਾ।

ਪਤੀ-ਪਤਨੀ ਵਿਚ ਅਣਬਣ ਅਕਸਰ ਉਦੋਂ ਆਰੰਭ ਹੁੰਦੀ ਹੈ, ਜਦੋਂ ਦੋਵੇਂ ਧਿਰਾਂ ਇਕ-ਦੂਜੇ ਦੀਆਂ ਲਗਭਗ ਪੱਚੀ ਸਾਲ ਪੁਰਾਣੀਆਂ ਅਤੇ ਪੱਕ ਚੁਕੀਆਂ ਆਦਤਾਂ ਨੂੰ ਰਾਤੋ-ਰਾਤ ਬਦਲਣ ਦੀ ਜ਼ਿੱਦ ਕਰਦੀਆਂ ਹਨ।

ਵਿਆਹ ਉਪਰੰਤ ਨਿੱਕੇ ਮੋਟੇ ਟਕਰਾਓ ਸੁਭਾਵਕ ਹੁੰਦੇ ਹਨ, ਕਈ ਵਾਰੀ ਇਹ ਲੋੜੀਂਦੇ ਵੀ ਹੁੰਦੇ ਹਨ, ਕਿਉਂਕਿ ਚੰਗਾ ਡਰਾਈਵਰ ਬਣਨ ਲਈ ਹੁਝਕੇ ਅਤੇ ਮਾੜੀਆਂ ਮੋਟੀਆਂ ਸੱਟਾਂ ਸਹਿਣੀਆਂ ਹੀ ਪੈਂਦੀਆਂ ਹਨ ਅਤੇ ਵਪਾਰ ਵਿਚ ਨਿੱਕੇ-ਮੋਟੇ ਘਾਟੇ ਬਰਦਾਸ਼ਤ ਕਰਨੇ ਹੀ ਪੈਂਦੇ ਹਨ ਪਰ ਸਥਿਤੀ ਉਦੋਂ ਗੰਭੀਰ ਹੋ ਜਾਂਦੀ ਹੈ ਜਦੋਂ ਇਕ ਧਿਰ ਦੂਜੀ ਧਿਰ ਨੂੰ ਝੱਟਪਟ ਬਦਲਣ ਲਈ ਮਜਬੂਰ ਕਰਦੀ ਹੈ ਜਾਂ ਉਸ ਦੀ ਸਮਰੱਥਾ ਜਾਂ ਮਰਜ਼ੀ ਦੇ ਉਲਟ ਉਸ ਨੂੰ ਕੁਝ ਕਰਨ ਲਈ ਕਹਿੰਦੀ ਹੈ।

ਦੂਜਿਆਂ ਦੀ ਹਾਜ਼ਰੀ ਕਾਰਨ ਗੱਲ ਨਿਖਰਦੀ ਨਹੀਂ ਅਤੇ ਇਵੇਂ ਲੱਗਣ ਲੱਗ ਪੈਂਦਾ ਹੈ ਕਿ ਸਭ ਕੁਝ ਠੀਕ ਚੱਲ ਰਿਹਾ ਸੀ, ਨੂੰਹ ਨੇ ਆ ਕੇ ਲੈਅ-ਤਾਲ ਵਿਗਾੜ ਦਿੱਤੀ ਹੈ।

ਸਹਿਣਸ਼ੀਲਤਾ ਤੋਂ ਬਿਨਾਂ ਨਿੱਘੇ ਰਿਸ਼ਤੇ ਸੰਭਵ ਨਹੀਂ ਹੁੰਦੇ।

ਸਥਿਰਤਾ, ਜ਼ਿੰਮੇਵਾਰੀ ਦੇ ਅਹਿਸਾਸ ਨਾਲ ਹੀ ਆਉਂਦੀ ਹੈ।

ਘਰ ਵਿਚ ਨਵੀਂ ਆਈ ਇਸਤਰੀ ਨੂੰ ਆਪਣੇ ਪਰਿਵਾਰ ਵਿਚ ਸਮੋ ਲੈਣ ਦੀ ਖੁਸ਼ੀ ਪ੍ਰਾਪਤ ਕਰਨ ਦੀ ਜਾਚ ਅਮੀਰ ਮਨ ਤੋਂ ਬਿਨਾਂ ਸੰਭਵ ਨਹੀਂ ਹੁੰਦੀ, ਕਿਉਂਕਿ ਲੰਮੇ ਰਿਸ਼ਤਿਆਂ ਨੂੰ ਨਿਭਾਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਰਹੀ।

ਕੋਈ ਕੋਈ ਘਰ ਹੁੰਦਾ ਹੈ, ਜਿੱਥੇ ਆਪਣੇ ਮਨ ਦੀਆਂ ਸਾਰੀਆਂ ਗੱਲਾਂ ਕਹੀਆਂ ਜਾ ਸਕਦੀਆਂ ਹੋਣ। ਮਨੁੱਖ ਦਾ ਇਹ ਦੁਖਾਂਤ ਹੈ ਕਿ ਉਹ ਆਪਣੀ ਰੀਝ ਅਤੇ ਤਾਂਘ ਨੂੰ ਪ੍ਰਾਪਤ ਕਰਕੇ, ਉਸ ਪ੍ਰਤੀ ਅਵੇਸਲਾ ਹੋ ਜਾਂਦਾ ਹੈ।

ਪਤਨੀਆਂ ਨੂੰ ਸਮਝਣਾ ਚਾਹੀਦਾ ਹੈ ਕਿ ਅਜੋਕੇ ਯੁੱਗ ਵਿਚ ਆਰਥਿਕ ਦਬਾਵਾਂ ਕਾਰਨ, ਪੁਰਸ਼ਾਂ ਦੀਆਂ ਚਿੰਤਾਵਾਂ ਵੱਧ ਗਈਆਂ ਹਨ।

ਇਨ੍ਹਾਂ ਦਬਾਵਾਂ ਦਾ ਹੀ ਸਿੱਟਾ ਹੈ ਕਿ ਪਤਨੀਆਂ ਵੀ ਆਰਥਿਕ ਖੇਤਰ ਵਿਚ ਥਕਾਵਟ ਭਰੀ ਦੌੜ ਲਾਉਣ ਲਈ ਮਜਬੂਰ ਹਨ।

ਦੋਵੇਂ ਧਿਰਾਂ ਦੀ ਸਰੀਰਕ ਅਤੇ ਮਾਨਸਿਕ ਥਕਾਵਟ ਇਕ-ਦੂਜੇ ਨੂੰ ਸਮਝਣ ਦੇ ਰਾਹ ਵਿਚ ਰੁਕਾਵਟ ਬਣਦੀ ਹੈ ਅਤੇ ਅਨੇਕਾਂ ਵਾਰ ਆਮਦਨ ਅਤੇ ਖਰਚ ਦੀਆਂ ਕਿਸਮਾਂ ਵੀ ਅਣਬਣ ਅਤੇ ਖਿਚੋਤਾਣ ਦਾ ਕਾਰਨ ਬਣ ਜਾਂਦੀਆਂ ਹਨ।

ਇਹ ਅਣਬਣ ਸਰੀਰਕ ਮੇਲ-ਮਿਲਾਪ ਉੱਤੇ ਭੈੜਾ ਅਸਰ ਪਾਉਂਦੀ ਹੈ ਅਤੇ ਸਰੀਰਕ ਸਮਾਗਮ ਪ੍ਰਤੀ ਅਣਗਹਿਲੀ, ਅਣਬਣ ਨੂੰ ਹੋਰ ਗੰਭੀਰ ਕਰਦੀ ਹੈ।

- ਅਣਬਣ ਦੀਆਂ ਵੀ ਅਨੇਕਾਂ ਕਿਸਮਾਂ ਹਨ, ਜਿਵੇਂ ਇਕ ਅਣਬਣ ਉਹ ਹੈ, ਜਿੱਥੇ ਪਤੀ, ਪਤਨੀ ਵੱਖ-ਵੱਖ ਥਾਂਵਾਂ 'ਤੇ ਰਹਿਣ ਲੱਗ ਪੈਂਦੇ ਹਨ ਅਤੇ ਇਕ ਅਣਬਣ ਉਹ ਹੈ, ਜਿੱਥੇ ਉਹ ਰਹਿੰਦੇ ਇਕ ਛੱਤ ਥੱਲੇ ਹੀ ਹਨ ਪਰ ਉਨ੍ਹਾਂ ਦੇ ਮਨਾਂ ਵਿਚਕਾਰ ਇਕ ਕੰਧ ਉਸਰ ਪੈਂਦੀ ਹੈ, ਇਕ ਅਣਬਣ ਉਹ ਹੁੰਦੀ ਹੈ, ਜਿੱਥੇ ਇਕ ਧਿਰ ਬਾਹਰ ਕੋਈ ਸਮਾਨਾਂਤਰ ਰਿਸ਼ਤਾ

ਉਸਾਰਦੀ ਹੈ ਅਤੇ ਇਕ ਅਣਬਣ ਉਹ ਹੁੰਦੀ ਹੈ, ਜਿਥੇ ਕੋਈ ਬਾਹਰਲੀ ਧਿਰ, ਵਧੇਰੇ ਦਖ਼ਲ ਦੇਣ ਨਾਲ ਪਤੀ-ਪਤਨੀ ਦੇ ਆਪਸੀ ਰਿਸ਼ਤੇ ਨੂੰ ਵਿਗਾੜਦੀ ਹੈ।

ਕਈ ਵਾਰੀ ਪਤੀ ਅਤੇ ਪਤਨੀ ਦੋਹਾਂ ਦੀ ਸ਼ਖ਼ਸੀਅਤ ਵਿਚ ਇਤਨੀ ਬੇਮੇਲਤਾ ਹੁੰਦੀ ਹੈ ਕਿ ਉਹ ਇਕ ਦੂਜੇ ਲਈ ਧੁੰਦ ਅਤੇ ਧੂੰਏਂ ਵਾਂਗ ਵਿਚਰਦੇ ਹਨ।

ਸਵੈ-ਕਾਬੂ ਤੋਂ ਬਿਨਾਂ ਸਫ਼ਲਤਾ ਅਤੇ ਅਸਫ਼ਲਤਾ ਦੋਵੇਂ ਦੁਖਾਂਤ ਬਣ ਜਾਂਦੀਆਂ ਹਨ, ਪਹਿਲੀ ਵਿਚ ਪ੍ਰਾਪਤੀ ਤੋਂ ਨਿਰਾਸਤਾ ਮਿਲਦੀ ਹੈ, ਕਿਉਂਕਿ ਹਰ ਪ੍ਰਾਪਤੀ ਸਾਡੀ ਆਸ ਤੋਂ ਘੱਟ ਰਹਿ ਜਾਂਦੀ ਹੈ ਅਤੇ ਦੂਜੀ ਵਿਚ ਅਪ੍ਰਾਪਤੀ ਦਾ ਸੰਤਾਪ ਹੁੰਦਾ ਹੈ, ਕਿਉਂਕਿ ਹਰ ਅਪ੍ਰਾਪਤੀ ਸਾਨੂੰ ਆਪਣੇ ਪੱਛੜ ਜਾਣ ਦੀ ਪੀੜ ਅਤੇ ਪ੍ਰੇਸ਼ਾਨੀ ਦਿੰਦੀ ਹੈ।

ਘਰ ਦਾ ਪ੍ਰਬੰਧ ਵੀ ਕਈ ਵਾਰੀ ਅਣਬਣ ਦਾ ਕਾਰਨ ਬਣਦਾ ਹੈ।

ਅਜਿਹੀ ਅਣਬਣ ਦੇ ਕਾਰਨ ਆਰਥਿਕ ਵੀ ਹੁੰਦੇ ਹਨ ਪਰ ਇਨ੍ਹਾਂ ਦਾ ਵਧੇਰੇ ਸਬੰਧ ਪ੍ਰਬੰਧ ਦੀ ਕਿਸਮ, ਆਦਤਾਂ ਅਤੇ ਵਿਉਂਤ ਨਾਲ ਹੀ ਹੁੰਦਾ ਹੈ।

ਜਦੋਂ ਇਸਤਰੀ-ਪੁਰਸ਼ ਨੂੰ ਘਰ ਵਿਚੋਂ ਮਾਨਸਿਕ ਸ਼ਾਂਤੀ ਨਾ ਮਿਲੇ ਤਾਂ ਉਹ ਬਾਹਰ ਰਹਿਣ ਦੇ ਕਾਰਨ ਅਤੇ ਬਹਾਨੇ ਲੱਭਣ ਲੱਗ ਪੈਂਦੇ ਹਨ।

ਸਾਫ਼-ਸੁਥਰਾ ਸਾਂਭਿਆ ਘਰ, ਸੁਖਾਵੇਂ ਸਬੰਧਾਂ ਦੀ ਸੰਭਾਵਨਾ ਨੂੰ ਉਜਾਗਰ ਕਰਦਾ ਹੈ।

ਅਜਿਹੇ ਘਰ ਵਿਚ ਦਿਨੇ ਵੀ ਪਤੀ, ਪਤਨੀ ਨੂੰ ਬਿਸਤਰੇ ਵਾਲੀ ਪਿਆਰ-ਤੱਕਣੀ ਨਾਲ ਵੇਖਣ ਲੱਗ ਪੈਂਦਾ ਹੈ।

ਇਹ ਉਹ ਘਰ ਹੁੰਦੇ ਹਨ, ਜਿੱਥੇ ਪਤੀ-ਪਤਨੀ ਅੰਦਰ ਹੁੰਦੇ ਹਨ ਅਤੇ ਬਾਹਰਲੇ ਬੂਹੇ ਨੂੰ ਜਿੰਦਰਾ, ਉਨ੍ਹਾਂ ਵਲੋਂ ਆਪ ਹੀ ਲਾਇਆ ਗਿਆ ਹੁੰਦਾ ਹੈ।

ਕਈ ਅਣਬਣਾਂ ਦਾ ਕਾਰਨ ਝੂਠ ਬੋਲਣ ਦੀ ਆਦਤ ਹੁੰਦੀ ਹੈ।

ਵਿਆਹ ਤੋਂ ਪਹਿਲਾਂ ਬੋਲੇ ਗਏ ਝੂਠ, ਰਿਸ਼ਤੇ ਨੂੰ ਠੰਢਾ ਕਰਦੇ ਹਨ ਅਤੇ ਬਦਲਾ ਲੈਣ ਦੀ ਭਾਵਨਾ ਉਪਜਾਉਂਦੇ ਹਨ। ਜਿੱਥੇ ਕੁਝ ਕਰ ਸਕਣ ਦੀ ਸੰਭਾਵਨਾ ਨਾ ਹੋਵੇ, ਉੱਥੇ ਪੀੜਤ ਧਿਰ ਸੋਚਦੀ ਹੈ ਕਿ ਜੇ ਦੂਜੇ ਵੱਲੋਂ ਇਕ ਵਾਰੀ ਝੂਠ ਬੋਲਿਆ ਗਿਆ ਹੈ ਤਾਂ ਫਿਰ ਵੀ ਬੋਲਿਆ ਜਾ ਸਕਦਾ ਹੈ। ਇਵੇਂ ਝੂਠ ਅਤੇ ਸੱਚ ਦੀ ਪਛਾਣ ਹੀ ਗੁਆਚ ਜਾਂਦੀ ਹੈ।

ਝੂਠ ਵਰਤਮਾਨ ਵਿਚ ਤਾਂ ਭਾਵੇਂ ਜੱਚ ਜਾਵੇ, ਝੂਠ ਦਾ ਭਵਿੱਖ ਨਹੀਂ ਹੁੰਦਾ ਪਰ ਕਿਉਂਕਿ ਸਾਡਾ ਰਹਿੰਦਾ ਜੀਵਨ ਭਵਿੱਖ ਵਿਚ ਗੁਜ਼ਰਨਾ ਹੁੰਦਾ ਹੈ, ਸੋ ਝੂਠ ਬੋਲਣ ਨਾਲ ਅਸੀਂ ਲੰਮੇ ਝਗੜੇ ਸਹੇੜ ਲੈਂਦੇ ਹਾਂ।

ਝੂਠ ਕੋਈ ਹੋਵੇ ਉਹ ਕਦੀ ਬੇਮਕਸਦ ਨਹੀਂ ਹੁੰਦਾ ਅਤੇ ਝੂਠ ਦਾ ਮਕਸਦ ਕਦੀ ਉਸਾਰੂ ਜਾਂ ਚੰਗਾ ਨਹੀਂ ਹੁੰਦਾ।

ਅਨੇਕਾਂ ਮਨੁੱਖੀ ਰਿਸ਼ਤੇ, ਝੂਠ ਦੀ ਖਟਾਸ ਨਾਲ ਫੱਟ ਜਾਂਦੇ ਹਨ।

ਇਕ ਝੂਠ ਛੁਪਾਉਣ ਲਈ ਕਈ ਝੂਠ ਬੋਲਣੇ ਪੈਂਦੇ ਹਨ ਅਤੇ ਇਵੇਂ ਝੂਠ ਬੋਲਣ ਵਾਲੀ ਧਿਰ ਦੂਜੇ ਦੀਆਂ ਨਜ਼ਰਾਂ ਵਿਚ ਡਿਗ ਜਾਂਦੀ ਹੈ ਅਤੇ ਰਿਸ਼ਤੇ ਦੀ ਪੱਧਰ ਅਤੇ ਅਹਿਮੀਅਤ ਨੀਵੀਂ ਹੋ ਜਾਂਦੀ ਹੈ।

ਜਦੋਂ ਪਤਨੀ, ਪਤੀ ਦੇ ਝੂਠ ਦਾ ਸ਼ਿਕਾਰ ਹੁੰਦੀ ਹੈ ਤਾਂ ਉਹ ਆਪਣੇ ਆਪ ਨੂੰ ਪਤੀ ਅੱਗੇ ਅਰਪਣ ਕਰਨ ਵਿਚ ਸੰਕੋਚ ਕਰਦੀ ਹੈ ਅਤੇ ਅਜਿਹੇ ਸੰਕੋਚ ਨੂੰ ਪੱਕਾ ਕਰਨ ਲਈ ਉਹ ਬੀਮਾਰੀ ਵੀ ਸਹੇੜ ਸਕਦੀ ਹੈ।

ਜਦੋਂ ਪਤੀ ਨੂੰ ਪਤਨੀ ਦੇ ਝੂਠ ਦਾ ਸ਼ਿਕਾਰ ਹੋਣਾ ਪੈਂਦਾ ਹੈ ਤਾਂ ਪਤੀ ਅਕਸਰ ਹਿੰਸਕ ਹੋ ਜਾਂਦਾ ਹੈ ਅਤੇ ਪਤਨੀ ਦੀਆਂ ਲੋੜਾਂ ਪ੍ਰਤੀ ਉਹ ਅਵੇਸਲਾ ਹੀ ਨਹੀਂ ਹੁੰਦਾ, ਸਗੋਂ ਜਾਣ-ਬੁੱਝ ਕੇ ਉਸ ਦੀ ਆਰਥਿਕ ਘੇਰਾਬੰਦੀ ਵੀ ਕਰਦਾ ਹੈ।

ਕਈ ਵਾਰੀ, ਕਈ ਸਾਲ ਪੁਰਾਣੇ ਵਿਆਹ ਵੀ ਅਣਬਣ ਦਾ ਸ਼ਿਕਾਰ ਹੋ ਜਾਂਦੇ ਹਨ ਕਿਉਂਕਿ ਪਤੀ ਜਾਂ ਪਤਨੀ ਇਕ ਦੂਜੇ ਦੇ ਵਿਸ਼ਵਾਸ ਨੂੰ ਤੋੜਦੇ ਹਨ। ਅਜਿਹੀ ਸਥਿਤੀ ਵਿਚ ਸਾਰਾ ਪਿਛਲਾ ਰਿਸ਼ਤਾ ਵੀ ਦੰਭ, ਪਖੰਡ ਅਤੇ ਧੋਖਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

ਜੀਵਨ ਵਿਚ ਅਨਿਸ਼ਚਿੱਤਤਾ ਵੱਧ ਜਾਣ ਕਾਰਨ ਪਤਾ ਹੀ ਨਹੀਂ ਲਗਦਾ ਕਿ ਜੀਵਨ ਦੇ ਕਿਹੜੇ ਮੋੜ 'ਤੇ ਅਣਬਣ ਹੋ ਜਾਵੇਗੀ।

ਦੂਜੀ ਧਿਰ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ, ਵਿਸ਼ਵਾਸ ਦਾ ਇਕ ਵਿਸ਼ਾਲ ਵਾਤਾਵਰਣ ਉਸਾਰਨ ਦੀ ਲੋੜ ਹੁੰਦੀ ਹੈ।

ਇਸ ਗੱਲ ਦੀ ਵੀ ਲੋੜ ਹੁੰਦੀ ਹੈ ਕਿ ਮੁੱਢ ਵਿਚ ਹੀ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਈ ਜਾਵੇ ਅਤੇ ਆਪਣੀ ਪਸੰਦ ਦੀ ਪੱਧਰ ਉੱਚੀ ਕੀਤੀ ਜਾਵੇ ਤਾਂ ਜੋ ਵਿਆਹ ਉਪਰੰਤ ਸਾਡੇ ਵਿਚ ਸੱਜੇ-ਖੱਬੇ ਵੇਖਣ ਦੀ ਆਦਤ ਹੀ ਨਾ ਪਵੇ।

ਕਈ ਵਾਰੀ ਅਣਬਣ ਦੇ ਸਿੱਟੇ ਵਜੋਂ ਦੋਹਾਂ ਧਿਰਾਂ ਵਿਚਕਾਰ ਸੰਚਾਰ ਟੁੱਟ ਜਾਂਦਾ ਹੈ ਅਤੇ ਲੰਮਾ ਅਰਸਾ ਟੁੱਟਿਆ ਰਹਿੰਦਾ ਹੈ।

ਇਸ ਸਮੇਂ ਦੋਵੇਂ ਧਿਰਾਂ ਨਾ ਕੇਵਲ ਅਨੇਕਾਂ ਗ਼ਲਤ-ਫ਼ਹਿਮੀਆਂ ਦਾ ਸ਼ਿਕਾਰ ਹੁੰਦੀਆਂ ਹਨ, ਸਗੋਂ ਸਮਝੌਤਾ ਕਰਨ ਦੀ ਹਰ ਤਜਵੀਜ਼ ਨੂੰ ਵੀ ਰੱਦ ਕਰ ਦਿੰਦੀਆਂ ਹਨ।

ਦੋਵੇਂ ਧਿਰਾਂ ਆਪਣੇ ਨਾਲ ਹੋਈਆਂ ਵਧੀਕੀਆਂ ਨੂੰ ਵਧਾ ਚੜ੍ਹਾ ਕੇ ਦੱਸਣ ਨਾਲ ਆਪਣੇ ਠੀਕ ਹੋਣ ਦਾ ਭਰਮ ਪਾਲਦੀਆਂ ਹਨ।

ਦੋਵੇਂ ਧਿਰਾਂ ਅਸਿੱਧੇ ਤੌਰ 'ਤੇ ਧਮਕੀਆਂ ਦਿੰਦੀਆਂ ਹਨ ਅਤੇ ਲੰਮੀ ਲੜਾਈ ਲੜਨ ਦਾ ਐਲਾਨ ਕਰਦੀਆਂ ਹਨ।

ਉਂਜ ਤਾਂ ਹਰ ਲੰਮਾ ਝਗੜਾ ਇਸ ਗੱਲ ਦੀ ਗਵਾਹੀ ਹੁੰਦਾ ਹੈ ਕਿ ਦੋਵੇਂ ਧਿਰਾਂ ਗ਼ਲਤ ਹਨ ਪਰ ਵਿਆਹ ਸਬੰਧਾਂ ਵਿਚ ਹੋਰ ਧਿਰਾਂ ਵੀ ਜੁੜੀਆਂ ਹੁੰਦੀਆਂ ਹਨ, ਜਿਹੜੀਆਂ ਆਪਣਾ ਮਾਣ-ਸਤਿਕਾਰ ਮਿੱਟੀ ਵਿਚ ਮਿਲ ਜਾਣ ਦਾ ਬਦਲਾ ਲੈਣਾ ਚਾਹੁੰਦੀਆਂ ਹਨ।

ਅਜਿਹੇ ਝਗੜਿਆਂ ਵਿਚ ਪਤੀ, ਪਤਨੀ ਤਾਂ ਲਗਭਗ ਗੁਆਚ ਹੀ ਜਾਂਦੇ ਹਨ ਅਤੇ ਉਨ੍ਹਾਂ ਦੇ ਮਨ ਦੀ ਸਥਿਤੀ ਨੂੰ ਸਮਝਣ ਦਾ ਕੋਈ ਉਪਰਾਲਾ ਹੀ ਨਹੀਂ ਕੀਤਾ ਜਾਂਦਾ।

ਅਜਿਹੀ ਸਮੱਸਿਆ ਦੇ ਉਲਝਣ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਦੋਵੇਂ ਧਿਰਾਂ ਦਾ ਦ੍ਰਿਸ਼ਟੀਕੋਣ ਹੋਰ ਸੀਮਤ ਅਤੇ ਸੰਕੀਰਣ ਹੁੰਦਾ ਜਾਂਦਾ ਹੈ।

ਨਫ਼ਰਤ ਦਾ ਰਿਸ਼ਤਾ, ਪਿਆਰ ਦੇ ਰਿਸ਼ਤੇ ਉਪਰੰਤ ਹੀ ਸੰਭਵ ਹੁੰਦਾ ਹੈ, ਪਤੀ-ਪਤਨੀ ਜਿਤਨੇ ਇਕ ਦੂਜੇ ਦੇ ਨੇੜੇ ਆਏ ਹੁੰਦੇ ਹਨ, ਉਤਨੇ ਹੀ ਉਹ ਦੂਰ ਚਲੇ ਜਾਂਦੇ ਹਨ।

ਲਾਡ ਨਾਲ ਕਹੀਆਂ ਗੱਲਾਂ ਨੂੰ ਵਿਅੰਗਮਈ ਢੰਗ ਨਾਲ ਦੁਹਰਾ ਕੇ ਦੂਜੀ ਧਿਰ ਨੂੰ ਨੀਚ, ਕਮੀਨਾ, ਲਾਲਚੀ, ਦੰਭੀ, ਪਖੰਡੀ ਆਦਿ ਸਿੱਧ ਕੀਤਾ ਜਾਂਦਾ ਹੈ।

ਪਤੀ-ਪਤਨੀ ਅਜਿਹੀ ਅਣਬਣ ਤੋਂ ਜਲਦੀ ਹੀ ਅੱਕ-ਥੱਕ ਜਾਂਦੇ ਹਨ ਪਰ ਉਨ੍ਹਾਂ ਦੀ ਸਮਝੌਤਾ ਕਰਨ ਦੀ ਇੱਛਾ ਦਾ ਉਨ੍ਹਾਂ ਦੀ ਆਪਣੀ ਪਰਿਵਾਰਕ ਧਿਰ ਹੀ ਵਿਰੋਧ ਕਰਦੀ ਹੈ ਅਤੇ ਅਣਬਣ ਲਮਕ ਜਾਂਦੀ ਹੈ।

ਹਰ ਪ੍ਰਕਾਰ ਦੀ ਅਣਬਣ ਵਿਚ ਕੁਝ ਸਮੇਂ ਮਗਰੋਂ ਦੋਵੇਂ ਧਿਰਾਂ ਨਿਰਾਸ ਅਤੇ ਠੰਢੀਆਂ ਹੋ ਕੇ ਬਹਿ ਜਾਂਦੀਆਂ ਹਨ।

ਉਨ੍ਹਾਂ ਦੀਆਂ ਧਮਕੀਆਂ ਫੋਕੀਆਂ ਸਾਬਤ ਹੁੰਦੀਆਂ ਹਨ। ਅਜਿਹੀ ਹਾਲਤ ਵਿਚ ਸਾਕ-ਸਬੰਧੀ ਅਤੇ ਹਮਦਰਦ ਵੀ ਉਨ੍ਹਾਂ ਦੇ ਮਾਮਲੇ ਵਿਚ ਦਿਲਚਸਪੀ ਲੈਣੋਂ ਹਟ ਜਾਂਦੇ ਹਨ।

ਭਾਵੇਂ ਕਦੀ-ਕਦੀ ਕੋਈ ਉਬਾਲ ਆ ਜਾਂਦਾ ਹੈ ਪਰ ਸਮੁੱਚੇ ਤੌਰ 'ਤੇ ਸਥਿਤੀ ਵਿਚ ਨਾ ਕੋਈ ਪਰਿਵਰਤਨ ਵਾਪਰਦਾ ਹੈ, ਨਾ ਹੀ ਵਿਕਾਸ ਹੁੰਦਾ ਹੈ।

ਜਦੋਂ ਲੋਕ ਉਨ੍ਹਾਂ ਦੇ ਮਾਮਲੇ ਵਿਚ ਦਿਲਚਸਪੀ ਲੈਣੋਂ ਹਟ ਜਾਣ ਤਾਂ ਦੋਹਾਂ ਧਿਰਾਂ ਨੂੰ ਹੌਲੀ-ਹੌਲੀ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਸਥਿਤੀ ਨੇ ਉਨ੍ਹਾਂ ਦੇ ਮਨ-ਇੱਛਤ ਢੰਗ ਨਾਲ ਮੋੜ ਨਹੀਂ ਕਟਿਆ।

ਜਦੋਂ ਦੋਹਾਂ ਧਿਰਾਂ ਨੂੰ ਵੱਖ-ਵੱਖ ਰਹਿਣ ਦੀ ਆਦਤ ਪੈ ਜਾਂਦੀ ਹੈ ਤਾਂ ਉਹ ਆਪਣੀ-ਆਪਣੀ ਸਮਰੱਥਾ ਅਨੁਸਾਰ ਆਪਣੇ ਰੁਝੇਵੇਂ ਲੱਭ ਲੈਂਦੀਆਂ ਹਨ ਅਤੇ ਨਵੀਆਂ ਪਰਿਸਥਿਤੀਆਂ ਵਿਚ ਪਰਚ ਜਾਣ ਕਾਰਨ, ਆਪਣੇ ਨਵੇਂ ਪ੍ਰਾਪਤ ਕੀਤੇ ਅਮਨ-ਚੈਨ ਨੂੰ ਗੁਆਉਣਾ, ਉਨ੍ਹਾਂ ਨੂੰ ਚੰਗਾ ਨਹੀਂ ਲਗਦਾ।

ਜਦੋਂ ਕੋਈ ਉਨ੍ਹਾਂ ਦੀ ਸਥਿਤੀ ਵਿਚੋਂ ਉਠਣ ਵਾਲੇ ਹੌਕਿਆਂ ਦੀ ਭਾਫ਼ ਨੂੰ ਵੇਖਦਾ ਹੈ ਅਤੇ ਪੁਲ ਉਸਾਰਨ ਦਾ ਯਤਨ ਕਰਦਾ ਹੈ ਤਾਂ ਦੋਹਾਂ ਧਿਰਾਂ ਨੂੰ ਅਨੁਭਵ ਹੁੰਦਾ ਹੈ ਅਤੇ ਕਰਵਾਇਆ ਜਾਂਦਾ ਹੈ ਕਿ ਮਰ ਜਾਣ ਨਾਲੋਂ ਜ਼ਿੰਦਗੀ ਦੇ ਯਥਾਰਥ ਨੂੰ ਬਰਦਾਸ਼ਤ ਕਰਨ ਲਈ ਵਧੇਰੇ ਹੌਸਲੇ ਦੀ ਲੋੜ ਹੁੰਦੀ ਹੈ।

ਪੁਰਸ਼ਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਇਸਤਰੀ ਆਪਣੇ ਨਾਲ ਹੋਈਆਂ ਵਧੀਕੀਆਂ ਵਿਰੁਧ ਰੋਸ ਪ੍ਰਗਟਾਉਣ ਅਤੇ ਲੜਨ ਦੇ ਯੋਗ ਹੋ ਗਈ ਹੈ।

ਅਣਬਣ ਉਪਰੰਤ ਦੋਵੇਂ ਧਿਰਾਂ ਇਤਨੀਆਂ ਥੱਕੀਆਂ ਹੁੰਦੀਆਂ ਹਨ ਕਿ ਇਹ ਥਕਾਵਟ ਉਨ੍ਹਾਂ ਦੇ ਆਪਸੀ ਸਬੰਧਾਂ ਉੱਤੇ ਗੂੜ੍ਹਾ ਪ੍ਰਭਾਵ ਪਾਉਂਦੀ ਹੈ।

ਅਣਬਣ ਵਿਚ ਲੰਘਿਆ ਸਮਾਂ ਅਤੇ ਇਸ ਸਮੇਂ ਵਿਚਕਾਰ ਜੀਵਨ ਦੇ ਸਫ਼ਰ ਵਿਚ ਪਛੜ ਜਾਣ ਵਾਲਾ ਫਾਸਲਾ, ਸਾਰਾ ਜੀਵਨ ਪੂਰਾ ਨਹੀਂ ਹੁੰਦਾ।

ਪਿਆਰ ਦੇ ਰਿਸ਼ਤੇ ਵਿਚ ਜਿਸ ਭੋਲੇਪਣ, ਨਿਰਛੱਲਤਾ ਆਦਿ ਦੀ ਲੋੜ ਹੁੰਦੀ ਹੈ, ਉਹ ਇਕ ਦੂਜੇ ਉੱਤੇ ਦੋਸ਼ ਲਾਉਣ ਕਾਰਨ ਸਦਾ ਲਈ ਗੁਆਚ ਜਾਂਦੀ ਹੈ।

ਇਹ ਜਾਣਨਾ ਬੜਾ ਜ਼ਰੂਰੀ ਹੈ ਕਿ ਪਤੀ-ਪਤਨੀ ਇਕ ਦੂਜੇ ਦੇ ਭਰਪੂਰ ਸਾਥ ਤੋਂ ਬਿਨਾਂ, ਜ਼ਿੰਦਗੀ ਦੀ ਤਸੱਲੀ ਪ੍ਰਾਪਤ ਨਹੀਂ ਕਰ ਸਕਦੇ।

ਕਹਿੰਦੇ ਹਨ ਚੰਗਾ ਤਰਖਾਣ ਉਹ ਹੁੰਦਾ ਹੈ ਜਿਹੜਾ ਰੰਦਾ ਅਤੇ ਤੇਸਾ ਘੱਟ ਵਰਤੇ, ਇਵੇਂ ਹੀ ਚੰਗਾ ਪਤੀ ਉਹ ਹੁੰਦਾ ਹੈ, ਜਿਹੜਾ ਪਤਨੀ ਨੂੰ ਰੁਸਣ ਦੇ ਮੌਕੇ ਘੱਟ ਦੇਵੇ ਅਤੇ ਚੰਗੀ ਪਤਨੀ ਉਹ ਹੁੰਦੀ ਹੈ ਜਿਹੜੀ ਆਪਣੇ ਪਤੀ ਨੂੰ ਸਿਆਣਾ ਬਣਨ ਦੇ ਵੱਧ ਤੋਂ ਵੱਧ ਅਵਸਰ ਦੇਵੇ, ਕਿਉਂਕਿ ਜਿੱਥੇ ਇਕ ਵਿਅਕਤੀ ਸਿਆਣਾ ਹੁੰਦਾ ਹੈ, ਉੱਥੇ ਦੋ ਵਿਅਕਤੀ ਪ੍ਰਸੰਨ ਹੁੰਦੇ ਹਨ। ਇਵੇਂ ਪਤਨੀ ਦਾ ਪਿਆਰ, ਪਤੀ ਦੀ ਸਿਆਣਪ ਨੂੰ ਤਾਲ ਦਿੰਦਾ ਰਹਿੰਦਾ ਹੈ।

ਸਿਆਣੀਆਂ ਇਸਤਰੀਆਂ ਜਦੋਂ ਵੀ ਰੁੱਸਦੀਆਂ ਹਨ, ਉਹ ਮਨਾਏ ਜਾਣ ਅਤੇ ਮੰਨ ਜਾਣ ਦੀ ਸੰਭਾਵਨਾ ਰੱਖ ਕੇ ਰੁੱਸਦੀਆਂ ਹਨ।

ਪਤੀ-ਪਤਨੀ ਉਹ ਚੰਗੇ ਹੁੰਦੇ ਹਨ, ਜਿਹੜੇ ਇਕ ਦੂਜੇ 'ਤੇ ਡੂੰਘਾ ਵਿਸ਼ਵਾਸ ਅਤੇ ਪੂਰਾ ਇਤਬਾਰ ਕਰਨ, ਕਿਉਂਕਿ ਇਤਬਾਰ ਕੀਤੇ ਜਾਣਾ, ਪਿਆਰ ਕੀਤੇ ਜਾਣ ਨਾਲੋਂ ਵੀ ਵੱਡੀ ਗੱਲ ਹੁੰਦੀ ਹੈ।

ਜੇ ਤੁਹਾਡੀ ਕਿਸੇ ਨਾਲ ਅਣਬਣ ਹੋਈ ਹੋਈ ਹੈ ਤਾਂ ਅੱਗੇ ਦੀ ਸੋਚੋ, ਨਹੀਂ ਤਾਂ ਬਹੁਤ ਪਿੱਛੇ ਰਹਿ ਜਾਵੋਗੇ।

ਇਸ ਸੰਸਾਰ ਦਾ ਕੋਈ ਵੀ ਵਿਅਕਤੀ ਤੁਹਾਡੀ ਸਹਿਮਤੀ ਤੋਂ ਬਿਨਾਂ, ਤੁਹਾਡੇ ਨਾਲ ਅਣਬਣ ਨਹੀਂ ਉਸਾਰ ਸਕਦਾ।

ਅਣਬਣ ਦਾ ਸ਼ੌਕ ਹੀ ਹੋਣਾ ਚਾਹੀਦਾ ਹੈ, ਇਹ ਆਦਤ ਨਹੀਂ ਬਣਨੀ ਚਾਹੀਦੀ।

♥♥♥

ਲਾਡਲੇ

ਲਾਡਲੇ ਦੂਰੋਂ ਹੀ ਦਿਸ ਪੈਂਦੇ ਹਨ, ਜਿਵੇਂ ਕਿਸੇ ਬਹੁਤ ਵੱਡੇ ਬੂਹੇ 'ਤੇ ਲੱਗਾ ਜਿੰਦਰਾ ਦਿਸ ਪੈਂਦਾ ਹੈ। ਲਾਡਲੇ ਦੀ ਪਛਾਣ ਬੜੀ ਸੌਖੀ ਹੁੰਦੀ ਹੈ।

ਇਨ੍ਹਾਂ ਲਾਡਲਿਆਂ ਨੂੰ ਮਿਲ ਕੇ ਅਜੀਬ ਜਿਹਾ ਅਨੁਭਵ ਹੁੰਦਾ ਹੈ, ਜਿਵੇਂ ਫਟੇ ਹੋਏ ਦੁੱਧ ਦੀ ਚਾਹ ਪੀ ਰਹੇ ਹੋਈਏ।

ਲਾਡਲਿਆਂ ਦਾ ਨਾਲਾਇਕਾਂ ਨਾਲ ਗੂੜ੍ਹਾ ਰਿਸ਼ਤਾ ਹੁੰਦਾ ਹੈ।

ਜੇ ਧਿਆਨ ਨਾਲ ਵੇਖੀਏ ਤਾਂ ਆਲੇ-ਦੁਆਲੇ ਵਿਚ ਲਾਡਲਿਆਂ ਅਤੇ ਨਾਲਾਇਕਾਂ ਦੀ ਥੱਲਿਓਂ ਉਪਰ ਤੱਕ ਪੱਕੀ ਚਿਣਾਈ ਹੋਈ ਦਿਸ ਪਵੇਗੀ।

ਸਾਡਾ ਆਲਾ-ਦੁਆਲਾ ਨਾਲਾਇਕਾਂ ਅਤੇ ਲਾਡਲਿਆਂ ਨਾਲ ਇੰਜ ਫਸਿਆ ਹੋਇਆ ਹੈ, ਜਿਵੇਂ ਸੂਈ, ਧਾਗੇ ਵਿਚ ਫਸੀ ਹੁੰਦੀ ਹੈ।

ਰੋਂਦੇ ਰਹਿਣਾ ਲਾਡਲਿਆਂ ਦਾ ਨਿਤਨੇਮ ਹੁੰਦਾ ਹੈ।

ਇਨ੍ਹਾਂ ਦਾ ਬਚਪਨ ਬਹੁਤ ਲੰਮਾ ਹੁੰਦਾ ਹੈ, ਜਿਹੜਾ ਮੁੱਕਣ ਵਿਚ ਹੀ ਨਹੀਂ ਆਉਂਦਾ।

ਇਹ ਨਾ ਤਾਂ ਆਪਣੀ ਕੋਈ ਨਿਵੇਕਲੀ ਸੋਚ ਉਸਾਰਦੇ ਹਨ ਅਤੇ ਨਾ ਹੀ ਜੀਵਨ ਭਰ ਕਦੇ ਇਹ ਆਪਣੇ ਪੈਰਾਂ 'ਤੇ ਖਲੋਂਦੇ ਹਨ।

ਇਹ ਤਿੰਨ ਘੰਟੇ ਵਿਚ ਤੀਹ ਸ਼ਿਕਾਇਤਾਂ ਕਰਦੇ ਹਨ ਅਤੇ ਵੀਹ ਵਾਰ ਘਬਰਾਉਂਦੇ ਹਨ। ਇਨ੍ਹਾਂ ਦੀ ਜਿਸਮਾਨੀ ਡੀਲ-ਡੌਲ ਚਰਬੀ ਦਾ ਢੇਰ ਪ੍ਰਤੀਤ ਹੁੰਦੀ ਹੈ ਅਤੇ ਸਰੀਰਕ ਖੇਤਰਫਲ ਵਿਸ਼ਾਲ ਹੁੰਦਾ ਹੈ। ਇਨ੍ਹਾਂ ਦੀ ਹਾਜ਼ਰੀ ਨਾਲ ਕਮਰਾ ਭਰਿਆ-ਭਰਿਆ ਲੱਗਦਾ ਹੈ ਪਰ ਇਨ੍ਹਾਂ ਨੂੰ ਮਿਲ ਕੇ ਭੁੱਖ ਅਤੇ ਉਦਾਸੀ ਵੱਧ ਜਾਂਦੀ ਹੈ।

ਸਾਰੇ ਇਨ੍ਹਾਂ ਨੂੰ ਵੱਖਰੀ ਨਜ਼ਰ ਨਾਲ ਵੇਖਦੇ ਹਨ, ਜਿਵੇਂ ਇਕ ਵਿਦਵਾਨ ਇਕ ਮੂਰਖ ਨੂੰ ਵੇਖਦਾ ਹੈ, ਜਿਵੇਂ ਇਕ ਡਾਕਟਰ ਇਕ ਭਲਵਾਨ ਨੂੰ ਵੇਖਦਾ ਹੈ, ਜਿਵੇਂ ਹੋਟਲ ਵਾਲਾ ਹੋਣ ਵਾਲੀ ਆਮਦਨ ਦੇ ਪ੍ਰਸੰਗ ਵਿਚ ਮੋਟੇ ਗਾਹਕ ਨੂੰ ਵੇਖਦਾ ਹੈ।

ਲਾਡਲੇ ਵੀ ਦੂਜਿਆਂ ਵਾਂਗ ਹੀ ਜਨਮ ਲੈਂਦੇ ਹਨ ਪਰ ਇਨ੍ਹਾਂ ਦੇ ਪਾਲਣ-ਪੋਸਣ ਵਿਚ ਮਾਂ ਤਾਂ ਮਾਂ ਵਾਲਾ ਰੋਲ ਨਿਭਾਉਂਦੀ ਹੀ ਹੈ, ਪਿਤਾ ਵੀ ਮਾਂ ਬਣ ਜਾਂਦਾ ਹੈ, ਇਵੇਂ ਲਾਡਲੇ ਦੋ ਮਾਂਵਾਂ ਦਾ ਪਿਆਰ ਮਾਣਦੇ ਹਨ ਅਤੇ ਆਪਣੀ ਬੁੱਧੀ ਦਾ ਵਿਕਾਸ ਵੀ ਇਹ ਆਪਣੇ ਸਰੀਰ ਦੇ ਲੇਖੇ ਲਾ ਦਿੰਦੇ ਹਨ।

ਲਾਡ ਕਾਰਨ ਮਾਂਵਾਂ ਇਨ੍ਹਾਂ ਨੂੰ ਆਪਣੇ ਤੋਂ ਦੂਰ ਨਹੀਂ ਜਾਣ ਦਿੰਦੀਆਂ ਅਤੇ ਲਾਡ ਦੇ ਆਦੀ ਹੋਣ ਕਾਰਨ ਇਹ ਮਾਂਵਾਂ ਤੋਂ ਦੂਰ ਨਹੀਂ ਜਾਂਦੇ।

ਲਾਡਲੇ ਆਪਣੀ ਮਾਂ ਦੀ ਗੋਦ ਦਾ ਇਤਨਾ ਵਧੇਰੇ ਨਿੱਘ ਮਾਣਦੇ ਹਨ ਕਿ ਇਹ ਜਿੱਥੇ ਵੀ ਬੈਠਦੇ ਹਨ, ਇੰਜ ਬੈਠਦੇ ਹਨ, ਜਿਵੇਂ ਗੋਦੀ ਵਿਚ ਬੈਠੇ ਹੋਣ।

ਕਈ ਧੀਆਂ ਤੋਂ ਮਗਰੋਂ ਪ੍ਰਾਪਤ ਕੀਤਾ ਪੁੱਤਰ, ਅਕਸਰ ਲਾਡਲਾ ਹੋ ਨਿਬੜਦਾ ਹੈ।

ਇਕਲੌਤੀ ਸੰਤਾਨ ਵੀ ਲਾਡਲੀ ਹੁੰਦੀ ਹੈ।

ਵੇਖਿਆ ਗਿਆ ਹੈ ਕਿ ਕਈ ਪੁੱਤਰਾਂ ਉਪਰੰਤ ਜਨਮੀ ਧੀ ਵੀ ਮੁੰਡਿਆਂ ਵਰਗੀ ਹੁੰਦੀ ਹੈ ਅਤੇ ਕਈ ਧੀਆਂ ਉਪਰੰਤ ਜਨਮਿਆ ਪੁੱਤਰ ਵੀ ਲੜਕੀ ਜਿਹਾ ਹੁੰਦਾ ਹੈ।

ਹਰ ਸਮਾਜ ਵਿਚ ਪੁੱਤਰਾਂ ਅਤੇ ਧੀਆਂ ਦੇ ਸਮਾਜਿਕ ਰੋਲ ਪੱਕੇ ਤੌਰ 'ਤੇ ਨਿਰਧਾਰਿਤ ਹੋਏ ਹੋਏ ਹਨ। ਭਾਵੇਂ ਇਸ ਖੇਤਰ ਵਿਚ ਕੁਝ ਤਬਦੀਲੀ ਵਾਪਰ ਰਹੀ ਹੈ ਪਰ ਮਾਪਿਆਂ ਦੀ ਧੀਆਂ, ਪੁੱਤਰਾਂ ਸਬੰਧੀ ਸੋਚ ਵਿਚ ਕੋਈ ਉਲੇਖਯੋਗ ਪਰਿਵਰਤਨ ਵਾਪਰਨ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ।

ਅਮੀਰ ਪਰਿਵਾਰਾਂ ਵਿਚ ਬੱਚਿਆਂ ਦੀ ਗਿਣਤੀ ਸੀਮਤ ਹੋਣ ਦੇ ਰਿਵਾਜ ਕਾਰਨ, ਬੱਚਿਆਂ ਵੱਲ ਵਧੇਰੇ ਧਿਆਨ ਦਿੱਤਾ ਜਾਣ ਲੱਗ ਪਿਆ ਹੈ ਅਤੇ ਜਿਸ ਅਨੁਪਾਤ ਵਿਚ ਧਿਆਨ ਦੀ ਮਾਤਰਾ ਵੱਧ ਰਹੀ ਹੈ, ਉਸੇ ਅਨੁਪਾਤ ਵਿਚ ਭਾਵਕ ਪੱਖੋਂ ਬੱਚਿਆਂ ਦੇ ਆਪਣੇ ਪੈਰਾਂ 'ਤੇ ਖਲੋਣ ਦੀਆਂ ਸੰਭਾਵਨਾਵਾਂ ਸੁੰਗੜ ਰਹੀਆਂ ਹਨ।

ਇਸ ਸਥਿਤੀ ਦਾ ਇਕ ਸਪਸ਼ਟ ਪ੍ਰਮਾਣ ਇਹ ਹੈ ਕਿ ਅਜੋਕੇ ਯੁੱਗ ਦੇ ਬੱਚੇ ਨਾ ਤਾਂ ਕੋਈ ਲੰਮਾ ਅਤੇ ਹੰਢਣਸਾਰ ਰਿਸ਼ਤਾ ਉਸਾਰ ਸਕਦੇ ਹਨ ਅਤੇ ਨਾ ਹੀ ਸੰਕਟ ਦੀ ਘੜੀ ਵਿਚ ਸਾਬਤੇ-ਸਬੂਤੇ ਰਹਿ ਸਕਦੇ ਹਨ।

ਇਵੇਂ ਕਿਸੇ ਵੀ ਚੀਜ਼ ਤੋਂ ਸੰਤੁਸ਼ਟ ਨਾ ਹੋਣਾ, ਕਿਸੇ ਨਾਲ ਵੀ ਸਮਝੌਤਾ ਕਰਨ ਦੀ ਰੁਚੀ ਨਾ ਹੋਣੀ, ਥਕਾਵਟ ਅਤੇ ਭੁੱਖ ਬਰਦਾਸ਼ਤ ਕਰਨ ਦੀ ਅਸਮਰਥਾ ਅਤੇ ਕਿਸੇ ਨਾਲ ਵੀ ਗੁਜ਼ਾਰਾ ਕਰ ਸਕਣ ਵਿਚ ਅਸਫਲਤਾ, ਲਾਡਲਿਆਂ ਦੇ ਕੁਝ ਉਲੇਖਯੋਗ ਲੱਛਣ ਹੁੰਦੇ ਹਨ।

ਅਜੋਕੇ ਲਾਡਲੇ ਮਾਪਿਆਂ ਲਈ ਕੋਈ ਧਰਵਾਸ ਬਣਨ ਦੀ ਥਾਂ, ਉਨ੍ਹਾਂ ਲਈ ਚਿੰਤਾ ਦਾ ਕਾਰਨ ਬਣੇ ਰਹਿੰਦੇ ਹਨ।

ਹੁਣ ਬੱਚੇ ਲੰਮਾ ਅਰਸਾ ਤਨ, ਮਨ ਅਤੇ ਧਨ ਤਿੰਨਾਂ ਪੱਖਾਂ ਤੋਂ ਆਪਣੇ ਮਾਪਿਆਂ ਉੱਤੇ ਨਿਰਭਰ ਰਹਿੰਦੇ ਹਨ। ਹੁਣ ਅਮੀਰ ਪਰਿਵਾਰ ਦਾ ਲਗਭਗ ਹਰ ਬੱਚਾ, ਘੱਟ-ਵੱਧ ਮਾਤਰਾ ਵਿਚ ਲਾਡਲਾ ਅਤੇ ਵਿਗੜਿਆ ਹੋਇਆ ਹੁੰਦਾ ਹੈ।

ਲਾਡਲਿਆਂ ਵਿਚ ਖੁੱਲ੍ਹਣ, ਖਿੜਨ ਅਤੇ ਵਿਗਸਣ ਦੀ ਸਮਰੱਥਾ ਨਹੀਂ ਹੁੰਦੀ।

ਇਨ੍ਹਾਂ ਦਾ ਪਾਲਣ-ਪੋਸਣ ਇਸ ਢੰਗ ਨਾਲ ਕੀਤਾ ਜਾਂਦਾ ਹੈ ਕਿ ਖਾਣਾ-ਹੰਢਾਉਣਾ ਹੀ ਇਨ੍ਹਾਂ ਦਾ ਜੀਵਨ ਉਦੇਸ਼ ਹੋ ਨਿਬੜਦਾ ਹੈ।

ਭਾਵੇਂ ਇਨ੍ਹਾਂ ਦੀਆਂ ਕਿਤਾਬਾਂ ਵੱਡੀਆਂ ਅਤੇ ਮਹਿੰਗੀਆਂ ਹੁੰਦੀਆਂ ਹਨ ਪਰ ਇਨ੍ਹਾਂ ਦੀਆਂ ਸੋਚਾਂ ਸੁੰਗੜੀਆਂ ਅਤੇ ਨਜ਼ਰੀਏ ਤੰਗ ਹੁੰਦੇ ਹਨ।

ਮਾਪਿਆਂ ਦਾ ਆਪਣਾ ਜੀਵਨ ਕੋਈ ਉਤਸ਼ਾਹਪੂਰਨ ਉਦਾਹਰਣ ਨਾ ਹੋਣ ਕਾਰਨ, ਲਾਡਲੇ ਪੁੱਤਰਾਂ-ਧੀਆਂ ਲਈ ਇਹ ਕੋਈ ਪ੍ਰੇਰਨਾ ਸਰੋਤ ਨਹੀਂ ਬਣਦਾ।

ਮਾਪੇ, ਲਾਡਲਿਆਂ ਨੂੰ ਇੰਜ ਪਾਲਦੇ ਹਨ, ਜਿਵੇਂ ਪੁੱਤਰ-ਧੀਆਂ ਮਾਲਕ ਹੋਣ ਅਤੇ ਮਾਪੇ ਉਨ੍ਹਾਂ ਦੇ ਨੌਕਰ।

ਲਾਡਲੇ ਤਾਂ ਸ਼ਿਕਾਇਤ ਕਰਦੇ ਹੀ ਹਨ, ਉਨ੍ਹਾਂ ਦੇ ਮਾਪੇ ਵੀ ਕਰਦੇ ਹਨ।

ਲਾਡਲਿਆਂ ਨੂੰ ਇਤਨਾ ਕੱਜ ਕੇ ਅਤੇ ਸਾਂਭ ਕੇ ਰੱਖਿਆ ਜਾਂਦਾ ਹੈ ਕਿ ਉਹ ਆਲੇ-ਦੁਆਲੇ ਨਾਲ ਇਕ-ਸੁਰ ਹੋ ਹੀ ਨਹੀਂ ਸਕਦੇ।

ਆਪਣੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹ ਆਪ ਹੀ ਹੁੰਦੇ ਹਨ ਪਰ ਆਪਣੀਆਂ ਸਮੱਸਿਆਵਾਂ ਲਈ ਇਹ ਦੋਸ਼ੀ ਦੂਜਿਆਂ ਨੂੰ ਹੀ ਠਹਿਰਾਉਂਦੇ ਹਨ।

ਜਿਵੇਂ ਮੋਢੇ ਬਦਲਣ ਨਾਲ ਭਾਰ ਨਹੀਂ ਘੱਟਦਾ ਅਤੇ ਕੁਝ ਚਿਰ ਮਗਰੋਂ ਦੋਵੇਂ ਮੋਢੇ ਦੁੱਖਣ ਲੱਗ ਪੈਂਦੇ ਹਨ, ਇਵੇਂ ਹੀ ਆਪਣੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਾਰੇ ਯਤਨਾਂ ਦੇ ਅਸਫਲ ਹੋ ਜਾਣ ਕਾਰਨ, ਇਹ ਕਿਸੇ ਹੋਰ ਨੂੰ, ਉਨ੍ਹਾਂ ਲਈ ਜ਼ਿੰਮੇਵਾਰ ਠਹਿਰਾਉਣ ਲਗ ਪੈਂਦੇ ਹਨ।

ਵੇਖਿਆ ਗਿਆ ਹੈ ਕਿ ਜਿਹੜੇ ਵਿਅਕਤੀ ਆਪਣੀਆਂ ਸਮੱਸਿਆਵਾਂ ਨੂੰ ਹਰ ਥਾਂ ਹਰ ਕਿਸੇ ਅੱਗੇ ਸੌਖਿਆਂ ਹੀ ਪੇਸ਼ ਕਰ ਦਿੰਦੇ ਹਨ, ਉਹ ਆਪਣੀਆਂ ਅਸਲ ਸਮੱਸਿਆਵਾਂ ਨੂੰ ਛੁਪਾ ਰਹੇ ਹੁੰਦੇ ਹਨ।

ਲਾਡਲੇ ਆਪਣੇ ਮਾਪਿਆਂ ਦੇ ਯਤਨਾਂ ਦੇ ਸਿੱਟੇ ਵਜੋਂ ਆਰਥਿਕ ਪੱਖੋਂ ਭਾਵੇਂ ਸੁਖਾਲੇ ਹੋ ਜਾਂਦੇ ਹਨ ਪਰ ਭਾਵਕ ਪੱਖੋਂ ਉਹ ਕਦੇ ਵੀ ਪੱਕਦੇ-ਰਸਦੇ ਨਹੀਂ।

ਇਹ ਮਿਹਨਤ ਕਰਕੇ ਇਮਤਿਹਾਨ ਪਾਸ ਨਹੀਂ ਕਰਦੇ, ਸਗੋਂ ਆਪਣੇ ਮਾਪਿਆਂ ਦੇ ਅਸਰ-ਰਸੂਖ ਨਾਲ, ਨਕਲ ਮਾਰ ਕੇ ਕਲਾਸਾਂ ਚੜ੍ਹਦੇ ਹਨ।

ਲਾਡਲਿਆਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਜੋ ਕੁਝ ਜਾਣੇ ਜਾਣ ਯੋਗ ਹੈ, ਉਹ ਇਨ੍ਹਾਂ ਨੇ ਜਾਣ ਲਿਆ ਹੈ, ਸੋ ਇਹ ਆਪਣਾ ਮਾਨਸਿਕ ਵਿਕਾਸ ਕਰਨ ਦੀ ਥਾਂ ਆਪਣਾ ਸਰੀਰਕ ਵਿਕਾਸ ਕਰਨ ਲੱਗ ਪੈਂਦੇ ਹਨ ਅਤੇ ਵਿਚਾਰੇ ਜਿਹੇ ਹੋ ਨਿਬੜਦੇ ਹਨ।

ਹਰ ਵਿਅਕਤੀ ਆਪਣੇ ਪਰਿਵਾਰ ਦੀਆਂ ਕਦਰਾਂ-ਕੀਮਤਾਂ ਦੀ ਦੇਣ ਹੁੰਦਾ ਹੈ।

ਹਰ ਪਰਿਵਾਰ ਵਿਚ ਕੋਈ ਨਾ ਕੋਈ ਅਜਿਹਾ ਵਿਅਕਤੀ ਜ਼ਰੂਰ ਹੁੰਦਾ ਹੈ, ਜਿਹੜਾ ਦਿੰਦਾ ਘੱਟ ਹੈ ਪਰ ਪ੍ਰਾਪਤ ਸਭ ਕੁਝ ਕਰਨਾ ਚਾਹੁੰਦਾ ਹੈ।

ਇਸ ਵਿਅਕਤੀ ਦਾ ਸੁਭਾਅ ਖ਼ਾਨਦਾਨ ਵਿਚ, ਪਹਿਲਾਂ ਹੋ ਚੁੱਕੇ ਕਿਸੇ ਅਜਿਹੇ ਹੀ ਲਾਡਲੇ ਵਿਅਕਤੀ ਨਾਲ ਮੇਲ ਖਾਂਦਾ ਹੁੰਦਾ ਹੈ।

ਅਜਿਹੇ ਵਿਅਕਤੀ ਦਾ ਆਪਣੇ ਆਪ ਬਾਰੇ ਦ੍ਰਿਸ਼ਟੀਕੋਣ ਸੰਤੁਲਤ ਨਹੀਂ ਹੁੰਦਾ।

ਜਿਹੋ ਜਿਹਾ ਸਾਡਾ ਆਪਣੇ ਆਪ ਬਾਰੇ ਰਵੱਈਆ ਹੁੰਦਾ ਹੈ, ਉਸ ਅਨੁਸਾਰ ਹੀ ਅਸੀਂ ਸੰਸਾਰ ਬਾਰੇ ਦ੍ਰਿਸ਼ਟੀਕੋਣ ਉਸਾਰਦੇ ਹਾਂ।

ਜਦੋਂ ਮਾਪੇ ਕਿਸੇ ਬੱਚੇ ਦੀਆਂ ਵਧੀਕੀਆਂ ਅਤੇ ਨਾਜਾਇਜ਼ ਮੰਗਾਂ ਖਿੜੇ-ਮੱਥੇ ਪ੍ਰਵਾਨ ਕਰਦੇ ਜਾਣ ਤਾਂ ਅਸਲ ਵਿਚ ਉਹ ਬੱਚੇ ਵਿਚ ਵਧੀਕੀਆਂ ਅਤੇ ਮਨਮਾਨੀਆਂ ਕਰਨ ਦੀ ਆਦਤ ਨੂੰ ਪੱਕਾ ਕਰ ਰਹੇ ਹੁੰਦੇ ਹਨ।

ਪਿਤਾ ਦੀ ਗੈਰਹਾਜ਼ਰੀ ਵਿਚ, ਮਾਂਵਾਂ ਵਧੇਰੇ ਲਾਡ ਨਾਲ, ਪੁੱਤਰਾਂ ਨੂੰ ਵਿਗਾੜਦੀਆਂ ਹਨ। ਮਾਂ ਦੇ ਨਾ ਹੋਣ ਜਾਂ ਮਾਂ ਦੀ ਗੈਰਹਾਜ਼ਰੀ ਨਾਲ, ਧੀਆਂ ਦੇ ਪਾਲਣ-ਪੋਸ਼ਣ ਅਤੇ ਵਿਕਾਸ ਕਰਨ ਉੱਤੇ ਮਾੜਾ ਪ੍ਰਭਾਵ ਪੈਂਦਾ ਹੈ।

ਭੈਣਾਂ-ਭਰਾਵਾਂ ਦੀ ਗੈਰਹਾਜ਼ਰੀ ਕਾਰਨ, ਲਾਡਲਿਆਂ ਦਾ ਮਗਰੋਂ ਉਸਰਨ ਵਾਲਾ, ਪਤੀ-ਪਤਨੀ ਦਾ ਰਿਸ਼ਤਾ ਪ੍ਰਭਾਵਿਤ ਹੁੰਦਾ ਹੈ।

ਸਾਡੀਆਂ ਮੁੱਢਲੀਆਂ ਆਦਤਾਂ, ਸੰਸਕਾਰ, ਪੱਖਪਾਤ, ਦ੍ਰਿਸ਼ਟੀਕੋਣ, ਰਿਸ਼ਤੇ ਆਦਿ ਸਾਡੇ ਘਰ ਦੇ ਅੰਦਰ ਹੀ ਪੱਕਦੇ ਹਨ।

ਹਰ ਪਰਿਵਾਰ ਆਪਣੇ ਆਪ ਵਿਚ ਇਕ ਛੋਟਾ ਜਿਹਾ ਸੰਸਾਰ ਹੁੰਦਾ ਹੈ, ਜਿਸ ਵਿਚ ਜੀਵਨ ਅਤੇ ਸੰਸਾਰ ਦੇ ਸਾਰੇ ਪੱਖ ਹਾਜ਼ਰ ਹੁੰਦੇ ਹਨ।

ਲਾਡਲੀਆਂ ਧੀਆਂ ਵੀ ਹੋ ਸਕਦੀਆਂ ਹਨ ਅਤੇ ਅਕਸਰ ਇਕਲੌਤੀ ਧੀ ਲਾਡਲੀ ਹੁੰਦੀ ਹੈ ਪਰ ਲਾਡਲਾ ਸ਼ਬਦ ਅਕਸਰ ਪੁੱਤਰ ਲਈ ਵਰਤਿਆ ਜਾਂਦਾ ਹੈ।

ਜਿਸ ਪੁੱਤਰ ਦੇ ਆਪਣੀ ਮਾਂ ਨਾਲ ਸਬੰਧ ਸੁਖਾਵੇਂ ਅਤੇ ਨਿੱਘੇ ਨਹੀਂ, ਪਤਨੀ ਨਾਲ ਵੀ ਉਸ ਦੇ ਸਬੰਧ ਸੁਖਾਵੇਂ ਨਹੀਂ ਹੋਣਗੇ।

ਘਰਾਂ ਵਿਚ ਅਚੇਤ ਹੀ ਪੁੱਤਰਾਂ ਦੇ ਮੁਕਾਬਲੇ ਧੀਆਂ ਨਾਲ ਵਿਹਾਰ ਵਿਚ, ਮਾਪੇ ਪੱਖਪਾਤ ਵਰਤਦੇ ਹਨ, ਸੋ ਅਣਗਹਿਲੀ ਦਾ ਸ਼ਿਕਾਰ ਧੀਆਂ ਘਰ ਤੋਂ ਬਾਹਰ ਸੰਤੁਸ਼ਟੀ ਦਾ ਕੋਈ ਆਧਾਰ ਜਾਂ ਸਰੋਤ ਉਸਾਰਦੀਆਂ ਹਨ।

ਸਾਡੇ ਸਮਾਜ ਵਿਚ ਪੁੱਤਰਾਂ ਦੇ ਮੁਕਾਬਲੇ ਘੱਟ ਧਿਆਨ ਦਿੱਤੇ ਜਾਣ ਕਾਰਨ, ਧੀਆਂ ਨੂੰ ਸੋਚਣ ਅਤੇ ਮਹਿਸੂਸ ਕਰਨ ਦੀ ਆਦਤ ਵਧੇਰੇ ਹੁੰਦੀ ਹੈ ਅਤੇ ਉਨ੍ਹਾਂ ਵਿਚ ਇਹ ਆਦਤ ਪੈ ਵੀ ਜਲਦੀ ਜਾਂਦੀ ਹੈ।

ਵੀਹ ਵਰ੍ਹਿਆਂ ਦੀ ਲੜਕੀ, ਵੀਹ ਸਾਲਾਂ ਦੇ ਲੜਕੇ ਨਾਲੋਂ, ਭਾਵਕ ਅਤੇ ਸਰੀਰਕ ਪੱਖੋਂ, ਵਧੇਰੇ ਵਿਕਸਿਤ ਹੁੰਦੀ ਹੈ।

ਅਜਿਹੀ ਸਥਿਤੀ ਦਾ ਕਾਰਨ ਇਹ ਹੈ ਕਿ ਲੜਕੀਆਂ ਜਾਂ ਧੀਆਂ ਜਲਦੀ ਹੀ ਘਰ ਦੀ ਸਾਂਭ-ਸੰਭਾਲ ਵਿਚ ਰੁਝ ਜਾਣ ਕਾਰਨ ਪਰਿਵਾਰਕ ਜੀਵਨ ਨਾਲ ਸਬੰਧਤ ਆਪਣੀ ਸੋਚ ਅਤੇ ਅਨੁਭਵ ਦਾ ਘੇਰਾ ਵਿਸ਼ਾਲ ਕਰ ਲੈਂਦੀਆਂ ਹਨ।

ਉਨ੍ਹਾਂ ਦਾ ਅਨੁਭਵ ਅਤੇ ਚਿੱਤ ਅਜਿਹਾ ਹੋ ਨਿੱਬੜਦਾ ਹੈ ਕਿ ਉਹ ਅੰਦਰੋਂ, ਦਰੱਖ਼ਤ ਵਾਂਗ, ਮਜ਼ਬੂਤ ਹੋ ਜਾਂਦੀਆਂ ਹਨ ਅਤੇ ਮਨ ਦੇ ਪੱਖੋਂ, ਸਭ ਕੁਝ ਸਹਿਣ ਲਈ, ਉਹ ਬਲਵਾਨ ਹੋ ਨਿੱਬੜਦੀਆਂ ਹਨ।

ਇਸਤਰੀਆਂ ਉੱਤੇ ਸਮਾਜਿਕ ਬੰਧਨ ਵਧੇਰੇ ਹੋਣ ਕਾਰਨ, ਉਨ੍ਹਾਂ ਦਾ ਵਿਹਾਰ ਵਧੇਰੇ ਗੰਭੀਰ ਅਤੇ ਜਟਿਲ ਹੋ ਜਾਂਦਾ ਹੈ।

ਉਹ ਆਪਣੇ ਹੀ ਘਰ ਵਿਚ, ਆਪਣੇ ਮਨ ਨਾਲ, ਮਹਿਮਾਨ ਹੋ ਜਾਣ ਦਾ ਸਮਝੌਤਾ ਕਰ ਲੈਂਦੀਆਂ ਹਨ।

ਪੰਦਰ੍ਹਾਂ-ਸੋਲ੍ਹਾਂ ਸਾਲਾਂ ਦੀ ਉਮਰ ਵਿਚ ਹੀ ਉਨ੍ਹਾਂ ਵਿਚ ਇਕ ਉਚਾਟ ਸਾਧੂ-ਬਿਰਤੀ ਪੈਦਾ ਹੋ ਜਾਂਦੀ ਹੈ ਕਿ 'ਇਥੋਂ ਚਲੇ ਜਾਣਾ ਹੈ।'

ਉਹ ਆਪਣੇ ਪਿਤਾ ਦੇ ਘਰ ਵਿਚ ਇੰਜ ਵਿਚਰਦੀਆਂ ਹਨ, ਜਿਵੇਂ ਘੜੇ ਦੀ ਗੋਦ ਵਿਚ ਪਾਣੀ ਰਹਿੰਦਾ ਹੈ।

ਜਿਉਂ-ਜਿਉਂ ਲਾਡਲੇ ਵੱਡੇ ਹੁੰਦੇ ਜਾਂਦੇ ਹਨ, ਤਿਉਂ-ਤਿਉਂ ਉਨ੍ਹਾਂ ਦੇ ਬਟੂਏ ਦੀ ਸਿਹਤ ਚੰਗੀ ਹੁੰਦੀ ਜਾਂਦੀ ਹੈ ਅਤੇ ਇਹ ਸਹੂਲਤ ਉਨ੍ਹਾਂ ਵਿਚ ਬਿਨ-ਕਮਾਏ ਖਰਚਣ ਦੀ ਗ਼ੈਰ-ਜ਼ਿੰਮੇਵਾਰ ਰੁਚੀ ਨੂੰ ਬਲਵਾਨ ਕਰਦੀ ਹੈ।

ਅਜਿਹੇ ਖਰਚੇ ਨਾਲ ਵਿਖਾਵੇ ਦੀ ਭਾਵਨਾ ਵੱਧਦੀ ਹੈ, ਜਿਹੜੀ ਸਮਾਜਿਕ ਰਿਸ਼ਤਿਆਂ ਵਿਚ ਕੁੜਿੱਤਣ ਵਧਾਉਂਦੀ ਹੈ।

ਲਾਡਲੇ ਜਦੋਂ ਆਪਣੇ ਹਾਣ ਦੀ ਕਿਸੇ ਇਸਤਰੀ ਦੇ ਸੰਪਰਕ ਵਿਚ ਆਉਂਦੇ ਹਨ ਤਾਂ ਰਿਸ਼ਤਾ ਨਾ ਕੇਵਲ ਅਸਾਵਾਂ ਹੁੰਦਾ ਹੈ, ਸਗੋਂ ਅਣਚਾਹੀਆਂ ਕੁਰਬਾਨੀਆਂ ਵੀ ਮੰਗਦਾ ਹੈ। ਇਹ ਕੁਰਬਾਨੀਆਂ ਅਕਸਰ ਇਸਤਰੀ ਨੂੰ ਹੀ ਕਰਨੀਆਂ ਪੈਂਦੀਆਂ ਹਨ।

ਅਜਿਹੇ ਰਿਸ਼ਤੇ ਵਿਚ ਇਸਤਰੀ ਸ਼ਾਂਤਮਈ ਢੰਗ ਨਾਲ ਜੰਗ ਲੜਦੀ ਹੈ, ਕਿਉਂਕਿ ਕੁਝ ਦੇਣ ਦੀ ਥਾਂ ਲਾਡਲਿਆਂ ਦੀ ਦਿਲਚਸਪੀ, ਹਰ ਥਾਂ ਕੁਝ ਪ੍ਰਾਪਤ ਕਰਨ ਵਿਚ ਹੁੰਦੀ ਹੈ।

ਮਨੁੱਖ ਨੂੰ ਸਮਾਜ ਵਿਚ ਸੱਜੇ-ਖੱਬੇ ਦਾ ਗਿਆਨ, ਮਾਨਸਿਕ ਉਲਝਣਾਂ ਅਤੇ ਭਾਵਕ ਸਮੱਸਿਆਵਾਂ ਤੋਂ ਪ੍ਰਾਪਤ ਹੁੰਦਾ ਹੈ।

ਰੰਗਲੇ ਸੁਪਨੇ ਵੇਖਣ ਦੀ ਜਾਚ ਅਕਸਰ ਇਸਤਰੀ ਨੂੰ ਹੀ ਹੁੰਦੀ ਹੈ ਅਤੇ ਸੁਪਨਿਆਂ ਦੇ ਟੁੱਟਣ ਦੀ ਕਸਕ ਵੀ ਕੇਵਲ ਉਸੇ ਨੂੰ ਬਰਦਾਸ਼ਤ ਕਰਨੀ ਆਉਂਦੀ ਹੈ।

ਹਰ ਇਸਤਰੀ ਦੇ ਮਨ ਵਿਚ ਸੁਪਨਿਆਂ ਦਾ ਇਕ ਵਿਸ਼ਾਲ ਸ਼ਮਸ਼ਾਨਘਾਟ ਹੁੰਦਾ ਹੈ।

ਭੈਣਾਂ ਨੂੰ ਭਰਾਵਾਂ ਵਿਚ ਕੋਈ ਦੋਸ਼ ਨਹੀਂ ਦਿਸਦਾ, ਉਹ ਉਨ੍ਹਾਂ ਦੇ ਦੋਸ਼ਾਂ ਨੂੰ ਵੀ ਉਨ੍ਹਾਂ ਦੀਆਂ ਪਤਨੀਆਂ ਦੇ ਸਿਰ ਮੜ੍ਹਦੀਆਂ ਹਨ। ਇਵੇਂ ਪੁੱਤਰਾਂ ਨੂੰ, ਆਪਣੀਆਂ ਮਾਵਾਂ ਤੋਂ ਨਹੀਂ, ਆਪਣੀਆਂ ਭੈਣਾਂ ਤੋਂ ਵੀ ਛਤਰੀ ਦੀ ਛਾਂ ਮਿਲਦੀ ਹੈ।

ਕਈ ਕਾਰਨਾਂ ਕਰਕੇ ਲਾਡਲਿਆਂ ਵਿਚ ਦੂਜਿਆਂ ਪ੍ਰਤੀ ਸੁਹਿਰਦਤਾ ਨਾਲ ਸੋਚਣ ਦੀ ਸਮਰੱਥਾ ਅਤੇ ਸ਼ਕਤੀ ਘਟ ਹੁੰਦੀ ਹੈ, ਜਿਸ ਕਾਰਨ ਇਹ ਕਿਸੇ ਵੀ ਮੁਕਾਬਲੇ ਦੀ ਸਥਿਤੀ ਵਿਚ, ਚਾਹੇ-ਅਣਚਾਹੇ ਬੇਈਮਾਨੀ ਕਰਨ ਲੱਗ ਪੈਂਦੇ ਹਨ।

ਜੀਵਨ ਦੀ ਖੇਡ ਤਾਂ ਇਕ ਪਾਸੇ ਰਹੀ, ਲਾਡਲੇ ਤਾਂ ਲੁਡੋ ਜਾਂ ਤਾਸ਼ ਵੀ ਈਮਾਨਦਾਰੀ ਨਾਲ ਨਹੀਂ ਖੇਡ ਸਕਦੇ।

ਲਾਡਲਿਆਂ ਦਾ ਅਸਲ ਵਿਹਾਰ ਉਦੋਂ ਪ੍ਰਗਟ ਹੁੰਦਾ ਹੈ, ਜਦੋਂ ਇਨ੍ਹਾਂ ਦਾ ਵਿਆਹ ਹੁੰਦਾ ਹੈ। ਵਿਆਹ ਦਾ ਰਿਸ਼ਤਾ ਆਹਮੋ-ਸਾਹਮਣੇ ਦਾ ਰਿਸ਼ਤਾ ਹੁੰਦਾ ਹੈ।

ਇਸ ਰਿਸ਼ਤੇ ਵਿਚ ਨਾ ਕਿਸੇ ਦੇ ਦਖ਼ਲ ਦੀ ਸੰਭਾਵਨਾ ਹੁੰਦੀ ਹੈ ਅਤੇ ਨਾ ਹੀ ਕਿਸੇ ਦਾ ਦਖ਼ਲ ਬਰਦਾਸ਼ਤ ਕੀਤਾ ਜਾਂਦਾ ਹੈ।

ਮਾਂਵਾਂ ਉੱਤੇ ਬਹੁਤ ਅਧਿਕ ਨਿਰਭਰ ਰਹਿਣ ਕਾਰਨ, ਲਾਡਲੇ ਪਤਨੀ ਤੋਂ ਵੀ ਮਾਂ ਵਾਲੇ ਵਿਹਾਰ ਦੀ ਆਸ ਕਰਦੇ ਹਨ।

ਲਾਡਲਿਆਂ ਨੇ ਇਸਤਰੀ ਨੂੰ ਮਾਂ ਦੇ ਰੂਪ ਵਿਚ ਹੀ ਵੇਖਿਆ, ਮਾਨਿਆ ਹੁੰਦਾ ਹੈ, ਸੋ ਉਹ ਲਗਭਗ ਹਰ ਇਸਤਰੀ ਤੋਂ ਮਾਂ ਵਾਲਾ ਵਰਤਾਰਾ ਚਾਹੁੰਦੇ ਹਨ।

ਕਈ ਇਸਤਰੀਆਂ ਅਜਿਹਾ ਰੋਲ ਨਿਭਾਉਂਦੀਆਂ ਹਨ ਪਰ ਜਦੋਂ ਵੀ ਪਤਨੀ, ਮਾਂ ਦੀ ਥਾਂ, ਪਤਨੀ ਵਾਲਾ ਰੋਲ ਨਿਭਾਉਣਾ ਚਾਹੇ ਤਾਂ ਲਾਡਲੇ ਲੜਖੜਾ ਜਾਂਦੇ ਹਨ ਅਤੇ ਅੱਖਾਂ ਮੀਟ ਕੇ ਉਹ ਮਾਂ ਵੱਲ ਦੌੜਦੇ ਹਨ।

ਮਾਂ ਤਾਂ ਪਹਿਲਾਂ ਹੀ ਅਜਿਹੀ ਸਥਿਤੀ ਨੂੰ ਉਡੀਕ ਰਹੀ ਹੁੰਦੀ ਹੈ, ਸੋ ਪੁੱਤਰ ਲਈ ਉਹ ਮਾਂ ਦਾ ਰੋਲ ਤਾਂ ਨਿਭਾਉਂਦੀ ਹੀ ਹੁੰਦੀ ਹੈ, ਪਤਨੀ ਦਾ ਰੋਲ ਵੀ ਨਿਭਾਉਣ ਲਗ ਪੈਂਦੀ ਹੈ।

ਜੇ ਅਜਿਹੇ ਪਤੀ-ਪਤਨੀ ਵੱਖਰੇ ਰਹਿ ਰਹੇ ਹੋਣ ਤਾਂ ਪੁੱਤਰ ਦੇ ਆਪਣੀ ਮਾਂ ਦੇ ਘਰ ਗੇੜੇ ਵੱਧ ਜਾਂਦੇ ਹਨ ਅਤੇ ਮਾਂ ਦਾ ਉਨ੍ਹਾਂ ਦੇ ਘਰ ਵਿਚ ਦਖ਼ਲ ਵੱਧ ਜਾਂਦਾ ਹੈ।

ਮਾਂ ਆਪਣੇ ਮਾਂ ਹੋਣ ਦਾ ਹੱਕ ਜਤਲਾਉਂਦੀ ਹੈ ਅਤੇ ਉਹ ਲਾਡਲੇ ਪੁੱਤਰ ਨੂੰ ਮੂਰਖ ਅਤੇ ਬੇਵਕੂਫ਼ ਦੀ ਥਾਂ ਭੋਲਾ ਅਤੇ ਸ਼ਰੀਫ ਦੱਸਦੀ ਹੈ ਅਤੇ ਉਸ ਦੀ ਪਤਨੀ ਦੇ ਭੋਲੇਪਣ ਨੂੰ ਚਲਾਕੀ ਕਹਿ ਕੇ ਨਿਵਾਜਦੀ ਹੈ।

ਲਾਡਲੀਆਂ ਧੀਆਂ ਵੀ ਆਪਣੇ ਪਤੀ ਤੋਂ ਪਤੀ ਵਾਲਾ ਨਹੀਂ, ਪਿਤਾ ਵਾਲਾ ਲਾਡ ਲੱਭਦੀਆਂ ਹਨ ਅਤੇ ਅਜਿਹਾ ਲਾਡ ਨਾ ਮਿਲਣ ਦੀ ਸੂਰਤ ਵਿਚ ਉਹ ਅਜਿਹੇ ਕਾਰਨ ਪੈਦਾ ਕਰ ਲੈਂਦੀਆ ਹਨ ਕਿ ਉਹ ਆਪਣੇ ਪਿਤਾ ਦੇ ਘਰ ਅੱਪੜ ਜਾਂਦੀਆਂ ਹਨ ਅਤੇ ਲੜਾਈ, ਸਹੁਰੇ ਅਤੇ ਜਵਾਈ ਵਿਚਕਾਰ ਅਤੇ ਸੱਸ ਅਤੇ ਨੂੰਹ ਵਿਚਕਾਰ ਖ਼ੂਬ ਮਘਦੀ ਹੈ।

ਅਸਲ ਕਾਰਨਾਂ ਨੂੰ ਸਵੀਕਾਰ ਕਰਨ ਦੀ ਦਲੇਰੀ ਦੀ ਘਾਟ ਕਾਰਨ, ਹੋਰ-ਹੋਰ ਪੱਖਾਂ ਨੂੰ ਸਾਹਮਣੇ ਰੱਖ ਕੇ ਝਗੜੇ ਨੂੰ ਵਧਾਇਆ ਜਾਂਦਾ ਹੈ।

ਸਾਡੇ ਸਾਰਿਆਂ ਵਿਚ ਦੂਜਿਆਂ ਨੂੰ ਗ਼ਲਤ ਸਿੱਧ ਕਰਕੇ, ਆਪਣੇ ਆਪ ਨੂੰ ਸਹੀ ਸਿੱਧ ਕਰਨ ਦੀ ਸੁਭਾਵਿਕ ਪ੍ਰਵਿਰਤੀ ਹੁੰਦੀ ਹੈ।

ਇਹ ਪ੍ਰਵਿਰਤੀ ਪਤੀ-ਪਤਨੀ ਦੇ ਝਗੜੇ ਵਿਚ ਅਨੇਕਾਂ ਰੰਗਾਂ ਵਿਚ ਉਘੜਦੀ ਹੈ ਅਤੇ ਦੋਵੇਂ ਧਿਰਾਂ ਦੇ ਮਾਪੇ ਭਾਂਤ-ਭਾਂਤ ਦੇ ਮਸਾਲੇ ਪਾ ਕੇ, ਰਿਸ਼ਤਿਆਂ ਦੀ ਚਾਟ ਨੂੰ ਹੋਰ ਚਟਪਟਾ ਬਣਾਉਂਦੇ ਹਨ।

ਹਰ ਵਿਅਕਤੀ ਕੋਲ ਕਲਪਨਾ ਦਾ ਗੁਣ ਹੁੰਦਾ ਹੈ ਅਤੇ ਅਜਿਹੀ ਸਥਿਤੀ ਵਿਚ ਕਲੱਪਨਾ ਦੀ ਬਸੰਤ ਰੁੱਤ ਖਿੜਦੀ ਹੈ।

ਲਾਡਲੇ ਪਤੀਆਂ ਨਾਲ ਲੜ ਕੇ ਪਤਨੀਆਂ ਨੇ ਤਾਂ ਆਪਣੀਆਂ ਮਾਂਵਾਂ ਕੋਲ ਹੀ ਆਉਣਾ ਹੁੰਦਾ ਹੈ, ਹੁਣ ਲਾਡਲੇ ਪੁੱਤਰ ਵੀ ਪਤਨੀਆਂ ਨੂੰ ਤਿਆਗ, ਮਾਂਵਾਂ ਕੋਲ ਪਨਾਹ

ਲੈਂਦੇ ਹਨ। ਜੇ ਭਾਵਕ ਪੱਖੋਂ ਉਹ ਆਪਣੇ ਪੈਰਾਂ 'ਤੇ ਖਲੋਤੇ ਹੋਣ ਤਾਂ ਕਦੀ ਵੀ ਆਪਣੀਆਂ ਮਾਂਵਾਂ ਕੋਲ ਨਾ ਪਰਤਣ।

ਲਾਡਲਿਆਂ ਦੀਆਂ ਮਾਂਵਾਂ, ਸਾਰਾ ਦੋਸ਼ ਨੂੰਹਾਂ ਦੇ ਸਿਰ ਮੜ੍ਹ ਕੇ, ਆਪਣੇ ਪੁੱਤਰਾਂ ਦਾ ਹੋਰ ਥਾਂ ਵਿਆਹ ਕਰਨ ਦੀ ਇੱਛਾ ਜ਼ਰੂਰ ਪਾਲਦੀਆਂ ਹਨ।

ਅਜਿਹੀ ਸਥਿਤੀ ਵਿਚ ਮਾਂ ਅਤੇ ਪੁੱਤਰ ਇਕ ਧਿਰ ਬਣ ਜਾਂਦੇ ਹਨ ਅਤੇ ਸੱਚਾਈ ਨੂੰ ਪਹਿਚਾਣਨ ਦੀ ਦੁਹਾਈ ਦੇਣ ਵਾਲੇ ਪਿਤਾ ਦੇ ਦ੍ਰਿਸ਼ਟੀਕੋਣ ਨੂੰ ਦੋਵੇਂ ਰਲ ਕੇ ਗ਼ਲਤ ਸਿੱਧ ਕਰਨ ਲੱਗ ਪੈਂਦੇ ਹਨ।

ਇਨ੍ਹਾਂ ਦਿਨਾਂ ਵਿਚ, ਮਾਂ ਪੁੱਤਰ ਨੂੰ ਛੋਟਾ ਬੱਚਾ ਸਮਝ ਕੇ ਪਾਲਦੀ ਹੈ ਅਤੇ ਉਸ ਨੂੰ ਮੁੜ ਬੱਚਪਨ ਵਾਲੇ ਲਾਡ ਦਿੰਦੀ ਹੈ।

ਸਾਡੇ ਦੇਸ਼ ਵਿਚ ਮਾਂਵਾਂ ਦੀ ਆਪਣੀ ਕੋਈ ਸ਼ਖ਼ਸੀਅਤ ਨਹੀਂ ਹੁੰਦੀ।

ਉਹ ਆਪਣੀ ਸ਼ਖ਼ਸੀਅਤ ਨੂੰ ਮੇਟ ਦਿੰਦੀਆਂ ਹਨ ਅਤੇ ਆਪਣੇ ਆਪ ਨੂੰ ਆਪਣੀ ਸੰਤਾਨ ਤੋਂ ਅਤੇ ਵਿਸ਼ੇਸ਼ ਕਰ ਕੇ ਪੁੱਤਰਾਂ ਤੋਂ ਕੁਰਬਾਨ ਕਰ ਦਿੰਦੀਆਂ ਹਨ।

ਉਹ ਬਿਨ ਮੰਗੇ ਹੀ ਆਪਣੇ ਪੁੱਤਰਾਂ ਸਾਹਮਣੇ ਆਪਣੇ ਪਿਆਰ, ਲਾਡਾਂ ਅਤੇ ਕੁਰਬਾਨੀਆਂ ਦਾ ਢੇਰ ਲਾ ਦਿੰਦੀਆਂ ਹਨ।

ਮਾਂ-ਪਿਆਰ ਦੇ ਹੜ੍ਹ ਵਿਚ ਘਿਰੇ ਪੁੱਤਰ, ਮਾਂ ਉੱਤੇ ਇਤਨੇ ਨਿਰਭਰ ਹੋ ਜਾਂਦੇ ਹਨ ਕਿ ਉਹ ਸਾਰੀ ਉਮਰ ਇਸੇ ਪ੍ਰਭਾਵ ਅਧੀਨ ਵਿਚਰਦੇ ਹਨ ਅਤੇ ਸਾਰਾ ਜੀਵਨ, ਸਕੂਲ ਵਿਚ ਪੜ੍ਹਦੇ ਮੁੰਡਿਆਂ ਵਾਲੀਆਂ ਹਰਕਤਾਂ ਕਰਦੇ ਰਹਿੰਦੇ ਹਨ।

ਸਾਡੇ ਸਮਾਜ ਵਿਚ ਇਸਤਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀ ਹੈ, ਸੋ ਸਹੁਰੇ ਘਰ ਵਿਚ ਪ੍ਰਵਾਨ ਕੀਤੇ ਜਾਣ ਦੀ ਇੱਛਾ ਅਧੀਨ ਉਹ ਆਪਣੇ ਬੱਚਿਆਂ ਨੂੰ ਆਪਣੇ ਉੱਤੇ ਇਸ ਹੱਦ ਤੱਕ ਆਸਰਿਤ ਕਰ ਲੈਂਦੀ ਹੈ ਕਿ ਉਸ ਬਿਨਾਂ ਘਰ ਚਲ ਹੀ ਨਾ ਸਕੇ, ਬੱਚੇ ਪਲ ਹੀ ਨਾ ਸਕਣ, ਪਤੀ ਨੂੰ ਕੁਝ ਲੱਭੇ ਹੀ ਨਾ।

ਇਵੇਂ ਮਾਲਕਣ ਬਣਨ ਦੀ ਇੱਛਾ ਅਧੀਨ, ਉਹ ਦਾਸੀ ਬਣ ਜਾਂਦੀ ਹੈ।

ਕੋਈ ਇਸਤਰੀ ਜਿਤਨੀ ਵਧੇਰੇ ਅਸੁਰੱਖਿਅਤ ਅਨੁਭਵ ਕਰੇਗੀ, ਉਤਨਾ ਹੀ ਉਹ ਆਪਣੀ ਸੰਤਾਨ ਨੂੰ, ਆਪਣੇ ਪੁੱਤਰਾਂ ਨੂੰ ਵਧੇਰੇ ਲਾਡ ਕਰੇਗੀ।

ਪਤੀ ਵਲੋਂ ਤਿਆਗੇ ਜਾਣ ਦੀ ਸੂਰਤ ਵਿਚ ਤਾਂ ਇਸਤਰੀ ਆਪਣੇ ਪੁੱਤਰ ਨੂੰ ਹੋਰ ਵੀ ਵਧੇਰੇ ਲਾਡ ਕਰੇਗੀ ਅਤੇ ਉਹ ਆਪ ਹੀ ਉਸ ਦੀ ਪ੍ਰੇਮਿਕਾ, ਭੈਣ, ਧੀ, ਪਤਨੀ ਆਦਿ ਹੋ ਨਿਬੜਨ ਦਾ ਰੋਲ ਨਿਭਾਵੇਗੀ।

ਉਹ ਅਣਜਾਣੇ ਹੀ ਆਪਣੇ ਪੁੱਤਰ ਨੂੰ ਭਾਵਕ ਪੱਖੋਂ ਲੰਗੜਾ ਕਰ ਦਿੰਦੀ ਹੈ।

ਵਿਆਹ ਉਪਰੰਤ ਜਦੋਂ ਸੰਸਾਰ ਦੇ ਕਾਰੋਬਾਰ ਵਿਚ ਅਜਿਹੇ ਲਾਡਲੇ ਪੁੱਤਰ ਨੂੰ ਜ਼ਿੰਮੇਵਾਰੀਆਂ ਦਾ ਬੋਝ ਵੀ ਚੁੱਕਣਾ ਪੈਂਦਾ ਹੈ ਅਤੇ ਦੌੜ ਵੀ ਲਾਉਣੀ ਪੈਂਦੀ ਹੈ ਤਾਂ ਉਹ ਇਕ ਲੰਗੜੇ ਪੁੱਤਰ ਵਾਂਗ, ਮਾਂ ਵੱਲ ਦੌੜਦਾ ਹੈ।

ਲਾਡਲਿਆਂ ਦੇ ਨਖ਼ਰੇ ਕੇਵਲ ਉਨ੍ਹਾਂ ਦੀਆਂ ਮਾਂਵਾਂ ਹੀ ਬਰਦਾਸ਼ਤ ਕਰ ਸਕਦੀਆਂ ਹਨ। ਕੋਈ ਹੋਰ ਇਸਤਰੀ ਜਦੋਂ ਲਾਡਲੇ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਉਹ ਇਸਤਰੀ ਅਜਿਹੇ ਪੁਰਸ਼ ਤੋਂ ਅਗਵਾਈ ਦੀ ਮੰਗ ਕਰਦੀ ਹੈ, ਜਦੋਂ ਕਿ ਲਾਡਲੇ ਨੂੰ ਤਾਂ ਕੇਵਲ ਉਂਗਲ ਫੜ ਕੇ ਪਿੱਛੇ-ਪਿੱਛੇ ਟੁਰਨ ਦੀ ਆਦਤ ਹੁੰਦੀ ਹੈ, ਸੋ ਲਾਡਲਾ ਪੁੱਤਰ ਕਿਸੇ ਇਸਤਰੀ ਨਾਲ ਮਰਦ ਵਾਲਾ ਰਿਸ਼ਤਾ ਸਥਾਪਤ ਕਰਨ ਵਿਚ ਸਫ਼ਲ ਨਹੀਂ ਹੁੰਦਾ।

ਲਾਡਲਿਆਂ ਦੀਆਂ ਮਾਂਵਾਂ, ਅਕਸਰ ਇਹ ਗ਼ਲਤੀ ਕਰਦੀਆਂ ਹਨ ਕਿ ਉਹ ਆਪਣੇ ਪੁੱਤਰਾਂ ਦਾ ਵਿਆਹ ਉਨ੍ਹਾਂ ਨਾਲੋਂ ਵੱਧ ਪੜ੍ਹੀਆਂ-ਲਿਖੀਆਂ ਅਤੇ ਯੋਗ ਲੜਕੀਆਂ ਨਾਲ ਕਰ ਦਿੰਦੀਆਂ ਹਨ। ਇਸ ਸਥਿਤੀ ਵਿਚ ਲਾਡਲਾ ਹੋਰ ਸੁੰਗੜ ਜਾਂਦਾ ਹੈ।

ਇਕ ਪੜ੍ਹਿਆ-ਲਿਖਿਆ ਪੁਰਸ਼, ਇਕ ਅਨਪੜ੍ਹ ਇਸਤਰੀ ਨਾਲ ਗੁਜ਼ਾਰਾ ਕਰ ਸਕਦਾ ਹੈ ਕਿਉਂਕਿ ਅਨਪੜ੍ਹ ਪਤਨੀ ਪੂਰੀ ਤਰ੍ਹਾਂ ਖਿੜੇ-ਮੱਥੇ, ਉਸ ਦੀ ਅਗਵਾਈ ਨੂੰ ਸਵੀਕਾਰ ਕਰ ਲੈਂਦੀ ਹੈ ਪਰ ਇਕ ਪੜ੍ਹੀ-ਲਿਖੀ ਇਸਤਰੀ ਇਕ ਅਨਪੜ੍ਹ ਜਾਂ ਘੱਟ ਪੜ੍ਹੇ ਪੁਰਸ਼ ਨਾਲ ਗੁਜ਼ਾਰਾ ਨਹੀਂ ਕਰ ਸਕਦੀ, ਕਿਉਂਕਿ ਉਸ ਦਾ ਪਤੀ ਨਾ ਤਾਂ ਅਗਵਾਈ ਪ੍ਰਦਾਨ ਕਰ ਸਕਦਾ ਹੈ, ਨਾ ਹੀ ਪਤਨੀ ਦੀ ਅਗਵਾਈ ਪ੍ਰਵਾਨ ਕਰਨ ਲਈ ਤਿਆਰ ਹੁੰਦਾ ਹੈ।

ਅਜਿਹੀ ਸਥਿਤੀ ਵਿਚ ਵਿਰੋਧ ਉਪਜਣੇ ਸੁਭਾਵਕ ਹੁੰਦੇ ਹਨ।

ਲਾਡਲੇ ਨੂੰ ਕੇਵਲ ਆਪਣੀ ਮਾਂ ਨਾਲ ਵਰਤਣ ਦੀ ਆਦਤ ਹੁੰਦੀ ਹੈ।

ਜਦੋਂ ਪ੍ਰੇਮਿਕਾ ਜਾਂ ਪਤਨੀ, ਮਾਂ ਦਾ ਰੋਲ ਨਿਭਾਉਣ ਤੋਂ ਇਨਕਾਰੀ ਹੁੰਦੀ ਹੈ ਤਾਂ ਲਾਡਲੇ ਨੂੰ ਸਥਿਤੀ ਭੂਚਾਲ ਵਾਲੀ ਪ੍ਰਤੀਤ ਹੋਣ ਲਗ ਪੈਂਦੀ ਹੈ।

ਲਾਡਲੇ ਦੀ ਪਤਨੀ ਨੂੰ ਆਪਣੇ ਪਤੀ ਦਾ ਹੀ ਨਹੀਂ, ਪਤੀ ਦੀ ਮਾਂ ਦਾ ਧਿਆਨ ਵੀ ਰੱਖਣਾ ਪੈਂਦਾ ਹੈ ਪਰ ਉਸ ਲਈ ਪਤੀ ਦੀ ਮਾਂ ਨੂੰ ਸੰਤੁਸ਼ਟ ਕਰਨਾ ਸੰਭਵ ਨਹੀਂ ਹੁੰਦਾ, ਸੋ ਅਣਬਣ ਦਾ ਉਪਜਣਾ ਸੁਭਾਵਕ ਹੁੰਦਾ ਹੈ।

ਲਾਡਲੇ ਆਪਣੀ ਆਮਦਨ ਜਾਂ ਤਨਖ਼ਾਹ ਆਪਣੀ ਪਤਨੀ ਨੂੰ ਨਹੀਂ, ਆਪਣੀ ਮਾਂ ਨੂੰ ਦਿੰਦੇ ਹਨ। ਕਿਉਂਕਿ ਮਾਂਵਾਂ ਆਪਣੇ ਲਾਡਲਿਆਂ ਉੱਤੇ ਕਬਜ਼ਾ ਛੱਡਣ ਲਈ ਤਿਆਰ ਨਹੀਂ ਹੁੰਦੀਆਂ, ਸੋ ਸੱਸ ਅਤੇ ਨੂੰਹ ਵਿਚਕਾਰ, ਮਾਲਕ-ਮਕਾਨ ਅਤੇ ਕਿਰਾਏਦਾਰ ਵਾਲਾ ਝਗੜਾ ਸ਼ੁਰੂ ਹੋ ਜਾਂਦਾ ਹੈ।

ਮਾਂਵਾਂ ਆਪਣੇ ਲਾਡਲਿਆਂ ਵਿਚ ਸਵੈ-ਵਿਸ਼ਵਾਸ ਉਪਜਣ ਹੀ ਨਹੀਂ ਦਿੰਦੀਆਂ, ਸੋ ਲਾਡਲੇ ਦਲੇਰੀ ਵਿਖਾਉਣ ਦਾ ਸਾਹਸ ਨਹੀਂ ਕਰਦੇ।

ਮਾਂ ਸਾਹਮਣੇ ਲਾਡਲੇ, ਪਤਨੀ ਵਿਰੁਧ, ਵੱਧ ਤੋਂ ਵੱਧ ਮਿਆਓਂ ਹੀ ਕਰ ਸਕਦੇ ਹਨ ਪਰ ਉਹ ਵੀ ਮਾਂ ਦੀ ਗੋਦ ਵਿਚ ਬਹਿ ਕੇ।

ਲਾਡਲੇ ਦੀ ਪਤਨੀ ਦੀ ਗ਼ੈਰਹਾਜ਼ਰੀ ਵਿਚ, ਮਾਂ ਪੁੱਤਰ ਕੋਲ ਆਪਣੀ ਨੂੰਹ ਦੀਆਂ ਉਤਨੀਆਂ ਸ਼ਿਕਾਇਤਾਂ ਨਹੀਂ ਲਾਉਂਦੀ, ਜਿਤਨੀਆਂ ਮਾਂ ਕੋਲ, ਲਾਡਲਾ ਆਪਣੀ ਪਤਨੀ ਦੀਆਂ ਲਾਉਂਦਾ ਹੈ।

ਸਾਡੇ ਦੇਸ਼ ਵਿਚ ਲੜਕੀ ਦਾ ਪਾਲਣ-ਪੋਸ਼ਣ ਹੀ ਇਸ ਢੰਗ ਨਾਲ ਹੁੰਦਾ ਹੈ ਕਿ ਉਹ ਪਰਿਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਸੌਖਿਆਂ ਢਾਲ ਲੈਂਦੀ ਹੈ ਪਰ ਇਕਲੌਤੀਆਂ ਧੀਆਂ ਅਕਸਰ ਲਾਡਲੀਆਂ ਹੋ ਨਿੱਬੜਦੀਆਂ ਹਨ, ਜਿਨ੍ਹਾਂ ਨੂੰ ਵਿਆਹ ਉਪਰੰਤ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਪਣੇ ਮਾਪਿਆਂ ਦੇ ਘਰ ਵਿਚ ਉਹ ਇਕਲੌਤੀ ਹੋਣ ਕਾਰਨ, ਉਹ ਸਭ ਦੇ ਧਿਆਨ ਦਾ ਕੇਂਦਰ ਹੁੰਦੀ ਹੈ ਪਰ ਵਿਆਹ ਉਪਰੰਤ ਇਹ ਸਥਿਤੀ ਬਣੀ ਰਹਿਣੀ ਸੰਭਵ ਨਹੀਂ ਹੁੰਦੀ।

ਕਿਉਂਕਿ ਮਾਂਵਾਂ ਨੇ ਲਾਡਲੀਆਂ ਧੀਆਂ ਨੂੰ ਕੁਝ ਨਹੀਂ ਸਿਖਾਇਆ ਹੁੰਦਾ, ਸੋ ਵਿਆਹ ਉਪਰੰਤ ਉਨ੍ਹਾਂ ਦਾ ਵਿਹਾਰ ਹਾਸੋ-ਹੀਣਾ ਹੋ ਨਿਬੜਦਾ ਹੈ।

ਆਮ ਕਰਕੇ ਧੀਆਂ ਰੱਸੀ ਟੱਪਦੀਆਂ-ਟੱਪਦੀਆਂ ਦਰਿਆ ਟੱਪਣ ਦੀ ਯੋਗਤਾ ਉਪਜਾ ਲੈਂਦੀਆਂ ਹਨ। ਧੀਆਂ ਲਈ ਵਿਆਹ ਦਰਿਆ ਟੱਪਣ ਵਾਂਗ ਹੀ ਹੁੰਦਾ ਹੈ ਪਰ ਪੁੱਤਰਾਂ ਦੇ ਵਿਹਾਰ ਵਿਚ ਲਚਕ ਘੱਟ ਹੁੰਦੀ ਹੈ।

ਸਦੀਆਂ ਉਡੀਕਣ ਤੋਂ ਬਾਅਦ ਵੀ ਕਾਂ, ਹੰਸ ਨਹੀਂ ਬਣਦੇ।

ਪੁਰਸ਼ ਨਹੀਂ ਜਾਣਦੇ ਕਿ ਇਸਤਰੀ ਨਾਲ ਉੱਚਾ ਜਾਂ ਸਖਤੀ ਨਾਲ ਬੋਲਣਾ, ਉਸ ਦੇ ਮਨ ਦਾ ਨਿਰਾਦਰ ਹੁੰਦਾ ਹੈ।

ਇਸਤਰੀ ਦੀ ਹਾਜ਼ਰੀ ਵਿਚ ਹੀ ਮਨੁੱਖ, ਮਨੁੱਖ ਪ੍ਰਤੀਤ ਹੁੰਦਾ ਹੈ।

ਮਾਂਵਾਂ ਨੂੰ ਚਾਹੀਦਾ ਹੈ ਕਿ ਪੁੱਤਰਾਂ ਨੂੰ ਆਗਿਆਕਾਰੀ ਬਣਾਉਣ ਦੀ ਥਾਂ ਜਾਂ ਲਾਡਲੇ ਬਣਾਉਣ ਦੀ ਥਾਂ ਸਿਆਣੇ ਬਣਾਉਣ ਤਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਵਿਹਾਰ ਵਿਚ ਤਾਲ-ਮੇਲ ਹੋਵੇ।

ਪਤੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਪਤਨੀਆਂ ਨੂੰ ਇਤਨੀ ਸੁਰੱਖਿਆ ਪ੍ਰਦਾਨ ਕਰਨ ਕਿ ਉਨ੍ਹਾਂ ਨੂੰ ਆਪਣੇ ਪੁੱਤਰਾਂ ਨੂੰ ਬੇਲੋੜਾ ਲਾਡ ਕਰਨ ਦੀ ਲੋੜ ਨਾ ਪਵੇ ਅਤੇ ਪੁੱਤਰ ਆਪਣੀਆਂ ਪਤਨੀਆਂ ਬਾਰੇ ਚੰਗੀ ਰਾਇ ਉਸਾਰ ਸਕਣ।

ਲਾਡਲੇ ਪੁੱਤਰ ਹਨੇਰੀ ਜਾਂ ਵਾਵਰੋਲੇ ਵਾਂਗ ਕਿਸੇ ਥਾਓਂ ਨਹੀਂ ਟਿਕਦੇ, ਉਹ ਭਗੌੜਾ ਜੀਵਨ ਜਿਉਂਦੇ ਹਨ।

ਉਹ ਸਬਕ ਪੜ੍ਹ ਲੈਣ ਬਾਅਦ ਵੀ ਕੁਝ ਨਹੀਂ ਸਿੱਖਦੇ।

ਅਕਸਰ ਪੁੱਤਰਾਂ ਦਾ ਵਿਆਹ ਕਰ ਕੇ ਮਾਂਵਾਂ ਵਧੇਰੇ ਬੀਮਾਰ ਪੈਂਦੀਆਂ ਹਨ, ਜਦੋਂ ਕਿ ਲਾਡਲੇ ਪੁੱਤਰ, ਵਿਆਹ ਕਰਾ ਕੇ ਵਧੇਰੇ ਬੀਮਾਰ ਪੈਂਦੇ ਹਨ, ਇਵੇਂ ਉਹ ਮਾਂ-ਪੁੱਤਰ ਦੋਵੇਂ ਬੀਮਾਰੀ ਨੂੰ ਇਕ ਦੂਜੇ ਦੇ ਨੇੜੇ ਹੋਣ ਲਈ ਵਰਤਦੇ ਹਨ।

ਜਿੱਥੇ ਮਾਂਵਾਂ ਦੇ ਆਪਣੇ ਰੁਝੇਵੇਂ ਹੁੰਦੇ ਹਨ, ਉੱਥੇ ਪੁੱਤਰਾਂ ਦੇ ਲਾਡਲੇ ਬਣਨ-ਬਣਾਉਣ ਦੀਆਂ ਸੰਭਾਵਨਾਵਾਂ ਘੱਟ ਹੁੰਦੀਆਂ ਹਨ। ਅਜਿਹੇ ਘਰਾਂ ਦੇ ਬੱਚੇ ਭਾਵਕ ਪੱਖੋਂ ਜਲਦੀ ਜਵਾਨ ਹੋ ਜਾਂਦੇ ਹਨ ਅਤੇ ਉਹ ਬਾਹਰਲੀ ਦੁਨੀਆਂ ਨਾਲ ਵਧੇਰੇ ਇਕ-ਸੁਰ ਹੁੰਦੇ ਹਨ ਅਤੇ ਉਹ ਦੂਜਿਆਂ ਦੀ ਹੋਂਦ ਨੂੰ ਖਿੜੇ-ਮੱਥੇ ਸਵੀਕਾਰਦੇ ਹਨ।

ਹੋਸਟਲਾਂ ਵਿਚ ਰਹਿਣ ਵਾਲੇ ਲੜਕੇ-ਲੜਕੀਆਂ ਮਾਪਿਆਂ ਤੋਂ ਦੂਰ ਹੋਣ ਕਾਰਨ, ਸੰਤੁਲਨ ਛੇਤੀ ਪ੍ਰਾਪਤ ਕਰ ਲੈਂਦੇ ਹਨ ਪਰ ਹੋਸਟਲਾਂ ਵਿਚ ਰਹਿਣ ਵਾਲੇ ਲਾਡਲੇ ਅਤੇ ਲਾਡਲੀਆਂ ਵਿਚ ਵਿਗਾੜ ਵੀ ਤੇਜ਼ੀ ਨਾਲ ਵਾਪਰਦਾ ਹੈ।

ਮਾਂਵਾਂ ਨੂੰ ਚਾਹੀਦਾ ਹੈ ਕਿ ਪੁੱਤਰਾਂ ਨੂੰ ਘਰ ਦੇ ਕਿੱਲੇ ਨਾਲ ਬੰਨ੍ਹਣ ਦੀ ਥਾਂ ਕੋਲੰਬਸ ਵਾਂਗ ਨਵੀਆਂ ਧਰਤੀਆਂ ਲੱਭਣ ਲਈ ਪ੍ਰੇਰਨ।

ਨਿਰਸੰਦੇਹ ਲਾਡਲੇ ਕਿਨਾਰੇ 'ਤੇ ਬੱਝੀ ਬੇੜੀ ਬਣਨਾ ਪਸੰਦ ਕਰਨਗੇ, ਉਹ ਨਹੀਂ ਜਾਣਦੇ ਕਿ ਬੇੜੀਆਂ ਖੁੱਲ੍ਹੇ ਸਮੁੰਦਰਾਂ ਲਈ ਹੁੰਦੀਆਂ ਹਨ।

ਜੇ ਪੁੱਤਰਾਂ ਨੂੰ ਵੀ ਧੀਆਂ ਵਾਂਗ ਪਾਲਿਆ ਜਾਵੇ ਤਾਂ ਕਿਸੇ ਹੱਦ ਤੱਕ ਸਥਿਤੀ ਸੁਧਰ ਸਕਦੀ ਹੈ ਪਰ ਸਥਿਤੀ ਵਿਚ ਪਛਾਣਨਯੋਗ ਪਰਿਵਰਤਨ ਤਾਂ ਹੀ ਵਾਪਰੇਗਾ ਜੇ ਪੁੱਤਰ ਵੀ, ਧੀਆਂ ਵਾਂਗ, ਮਾਪਿਆਂ ਤੋਂ ਦੂਰ ਜਾ ਕੇ ਘਰ ਵਸਾਉਣ ਅਤੇ ਉਨ੍ਹਾਂ ਨੂੰ ਆਪਣੇ ਫੈਸਲੇ ਆਪ ਕਰਨ ਦੀ ਮਜਬੂਰੀ ਹੋਵੇ।

ਪੁਰਸ਼ਾਂ ਵਿਚ ਹਰ ਵੇਲੇ, ਹਰ ਥਾਂ, ਕਿਸੇ ਨਾ ਕਿਸੇ ਇਸਤਰੀ ਦਾ ਮਹਿਮਾਨ ਬਣਨ ਦੀ ਆਦਤ ਹੁੰਦੀ ਹੈ। ਜਿਹੜੇ ਇਸ ਆਦਤ ਤੋਂ ਜਿੰਨੀ ਜਲਦੀ ਛੁਟਕਾਰਾ ਪਾ ਲੈਣਗੇ, ਉਤਨਾ ਹੀ ਉਨ੍ਹਾਂ ਦੇ ਸੁਭਾਅ ਵਿਚ ਵਧੇਰੇ ਸੰਤੁਲਨ ਹੋਵੇਗਾ ਅਤੇ ਉਸੇ ਅਨੁਪਾਤ ਵਿਚ ਉਹ ਜ਼ਿੰਦਗੀ ਵਿਚ ਵਧੇਰੇ ਸਫ਼ਲ ਅਤੇ ਸੰਤੁਸ਼ਟ ਹੋਣਗੇ।

♥♥♥

ਬੀਤ ਜਾਣ ਤੋਂ ਮਗਰੋਂ....

ਪਿਆਰੇ ਜੀਓ.....

ਪੁਰਾਣੀ ਵਾਕਫ਼ੀ ਅਤੇ ਪਿਆਰ ਦੇ ਮਾਣ ਨਾਲ ਲਿਖ ਰਹੀ ਹਾਂ।

ਮੇਰੇ ਕੋਲ ਇਸ ਵੇਲੇ ਹੋਰ ਕੁਝ ਵੀ ਨਹੀਂ, ਜਿਸ ਉੱਤੇ ਨਵਾਂ ਮਾਣ ਕਰ ਸਕਾਂ।

ਪਤਾ ਲੱਗ ਹੀ ਗਿਆ ਹੋਵੇਗਾ ਕਿ ਸਭ ਉਡੀਕਾਂ ਅਤੇ ਸਾਰੀਆਂ ਉਮੀਦਾਂ ਦੇ ਮੁੱਕ ਜਾਣ ਉਪਰੰਤ ਅਤੇ ਜਿਊਣ ਦੀ ਥਕਾਵਟ ਨਾਲ ਚੂਰ ਹੋ ਕੇ, ਮਰਨ ਦਾ ਯਤਨ ਕੀਤਾ ਸੀ ਪਰ ਸਫ਼ਲ ਨਹੀਂ ਹੋਈ।

ਸ਼ਾਇਦ ਸਫ਼ਲ ਹੋਣਾ ਮੈਨੂੰ ਆਉਂਦਾ ਹੀ ਨਹੀਂ।

ਹਸਪਤਾਲ ਵਿਚੋਂ ਹੀ ਲਿਖ ਰਹੀ ਹਾਂ।

ਤੈਨੂੰ ਇਕ ਵਾਰੀ ਆ ਕੇ ਵੇਖਣਾ ਤਾਂ ਚਾਹੀਦਾ ਸੀ ਕਿ ਕਿਵੇਂ ਖਿੰਡਰੇ ਹੋਏ ਮਲਬੇ ਵਾਂਗ ਬੈਠੀ ਹਾਂ। ਸਾਰੇ ਮੇਰਾ ਹਾਲ ਪੁੱਛ ਗਏ ਹਨ ਪਰ ਜਿਸ ਨੂੰ ਮੈਂ ਆਪਣਾ ਹਾਲ ਦੱਸਣਾ ਚਾਹੁੰਦੀ ਸਾਂ, ਉਸ ਨੇ ਅਜੇ ਤੱਕ ਪੁੱਛਿਆ ਹੀ ਨਹੀਂ।

ਜਿਊਣਾ ਬਹੁਤ ਭਾਰਾ ਅਤੇ ਥਕਾਊ ਹੋ ਗਿਆ ਹੈ।

ਦਿਨ-ਰਾਤ ਸੋਚਦੀ ਰਹਿੰਦੀ ਹਾਂ ਪਰ ਹਰ ਸੋਚ ਤਿਲ੍ਹਕ ਕੇ, ਘੁੰਮ ਫਿਰ ਕੇ, ਅੰਤ ਨੂੰ ਤੇਰੇ 'ਤੇ ਅਟਕ ਜਾਂਦੀ ਹੈ।

ਆਪਣੀਆਂ ਨਜ਼ਰਾਂ ਵਿਚ ਤਾਂ ਹਰ ਕੋਈ ਨਿਰਦੋਸ਼ ਹੁੰਦਾ ਹੈ ਪਰ ਮੈਂ ਆਪਣੀਆਂ ਨਜ਼ਰਾਂ ਵਿਚ ਵੀ ਮੁਜਰਿਮ ਹਾਂ। ਬੜੇ ਚਿਰਾਂ ਤੋਂ ਤੈਨੂੰ ਦੱਸਣ ਬਾਰੇ ਸੋਚਦੀ ਰਹੀ ਹਾਂ ਕਿ ਤੇਰੀ ਸਲਾਮਤੀ ਵਾਸਤੇ ਹੀ ਮੈਂ ਤੈਨੂੰ ਧੋਖਾ ਦਿੱਤਾ ਸੀ।

ਜਿਹੜਾ ਆਪਣੇ ਆਪ ਨੂੰ ਮੇਰਾ ਪਤੀ ਸਮਝਦਾ ਹੈ, ਉਹ ਕਈ ਵਰ੍ਹੇ ਤੈਨੂੰ ਗੋਲੀ ਮਾਰਨ ਦੀ ਨੀਅਤ ਨਾਲ ਲੱਭਦਾ ਰਿਹਾ ਸੀ।

ਤੈਨੂੰ ਜਿਊਂਦਾ ਵੇਖਣ ਵਾਸਤੇ ਹੀ ਮੈਂ ਆਪ ਕਤਲ ਹੋਣ ਲਈ ਤਿਆਰ ਹੋਈ ਸਾਂ।

ਕੋਈ ਸਮਾਂ ਸੀ ਜਦੋਂ ਸ਼ੌਕ ਇਤਨੇ ਵੱਡੇ ਸਨ ਕਿ ਜੱਗ ਸੌੜਾ ਪ੍ਰਤੀਤ ਹੁੰਦਾ ਸੀ। ਤੇਰੇ ਸਾਥ ਵਿਚ ਇਤਨੀ ਮਸਤ ਸਾਂ ਕਿ ਮੈਂ ਆਪਣੀ ਬਾਂਹ ਕਦੇ ਉੱਚੀ ਨਹੀਂ ਸਾਂ ਕਰਦੀ ਕਿ ਕਿਧਰੇ ਤਾਰੇ ਟੁੱਟ ਕੇ ਮੇਰੇ ਹੱਥਾਂ ਵਿਚ ਹੀ ਨਾ ਆ ਜਾਣ। ਮੈਂ ਸੋਚਿਆ ਕਰਦੀ ਸਾਂ ਕਿ ਇਤਨੀ ਰਹਿਮਤ, ਇਤਨੀ ਬਖਸ਼ਿਸ਼ ਲਈ ਤਾਂ ਮੈਂ ਰੱਬ ਅੱਗੇ ਦੁਆ ਨਹੀਂ ਸੀ ਕੀਤੀ।

ਤੇਰੇ ਸਾਥ ਵਿਚ ਤਾਂ ਹਨੇਰੇ ਵੀ ਸੋਹਣੇ ਲੱਗਦੇ ਸਨ।

ਮੇਰੀ ਕਲਪਨਾ ਨੇ ਇਤਨੇ ਉੱਚੇ ਹੁਲਾਰੇ ਲਏ ਸਨ ਕਿ ਮੈਂ ਭੁੱਲ ਹੀ ਗਈ ਸਾਂ ਕਿ ਥੱਲੇ ਧਰਤੀ ਵੀ ਹੈ। ਜਦੋਂ ਮੈਂ ਆਪਣੀ ਬਾਂਹ ਤੈਨੂੰ ਫੜਾਉਣੀ ਚਾਹੁੰਦੀ ਸਾਂ, ਉਹ ਮੇਰੀ ਬਾਂਹ ਫੜ ਕੇ ਲੈ ਗਿਆ ਸੀ।

ਉਸ ਤੋਂ ਬਾਅਦ ਜੋ ਕੁਝ ਵਾਪਰਿਆ ਹੈ, ਉਹ ਇਕ ਲੰਮਾ ਇਤਿਹਾਸ ਹੈ।

ਉਸ ਨੇ ਪਹਿਲੀ ਰਾਤ ਹੀ ਕਹਿ ਦਿੱਤਾ ਸੀ: ਦਿਲ ਤੋਂ ਸਿਵਾਇ, ਮੇਰਾ ਸਭ ਕੁਝ ਤੇਰਾ ਹੈ। ਉਸ ਦੀ ਸ਼ਖ਼ਸੀਅਤ ਦੇ ਅਨੇਕਾਂ ਪੱਖ ਸਨ ਪਰ ਵਿਆਹ ਕਰਨ ਉਪਰੰਤ ਉਹ ਕੇਵਲ ਪਤੀ ਬਣ ਕੇ ਰਹਿ ਗਿਆ ਸੀ।

ਮੈਂ ਉਡੀਕਦੀ ਰਹੀ ਕਿ ਬਹਾਰਾਂ ਮੁੜ ਆਉਣਗੀਆਂ। ਉਡੀਕ ਦੇ ਨਾਲ-ਨਾਲ ਮੈਂ ਸੋਚਦੀ ਵੀ ਰਹੀ। ਜ਼ਿੰਮੇਵਾਰੀਆਂ ਦੇ ਬੋਝ ਨੇ, ਮੇਰੇ ਚਾਵਾਂ ਦੇ ਨਾਲ-ਨਾਲ, ਮੇਰੇ ਮੋਢੇ ਵੀ ਨੀਵੇਂ ਕਰ ਦਿੱਤੇ ਸਨ।

ਪਿਛਲੇ ਕਈ ਸਾਲਾਂ ਤੋਂ ਉਜੜੇ ਹੋਏ ਵਾਵਰੋਲੇ ਵਾਂਗ ਭਟਕ ਰਹੀ ਹਾਂ।

ਮਾਪੇ ਮੁੱਕ ਗਏ ਹਨ, ਤੂੰ ਗੁਆਚ ਗਿਆ ਹੈਂ।

ਮੈਂ ਮੀਰਾ ਤਾਂ ਬਣੀ ਪਰ ਮੈਨੂੰ ਕ੍ਰਿਸ਼ਨ ਨਾ ਮਿਲਿਆ।

ਮੈਂ ਚਾਹੁੰਦੀ ਹਾਂ ਕੋਈ ਤੇਰੇ ਵਾਂਗ, ਮੇਰਾ ਬਚਪਨ ਦਾ ਨਾਂ ਲੈ ਕੇ ਬੁਲਾਵੇ।

ਸ਼ਾਇਦ ਤੂੰ ਭੁੱਲ ਗਿਆ ਹੋਵੇਂ, ਤੂੰ ਹੀ ਮੈਨੂੰ ਸਿੱਧੇ ਹੋ ਕੇ ਖਲੋਣ ਲਈ ਕਿਹਾ ਸੀ।

ਉਦੋਂ ਮੈਂ ਸਮਝੀ ਨਹੀਂ ਸਾਂ ਪਰ ਹੁਣ ਮੈਂ ਤੈਨੂੰ ਦੱਸ ਸਕਦੀ ਹਾਂ ਕਿ ਹੀਰ ਜੱਚਦੀ ਤਾਂ ਰਾਂਝੇ ਨਾਲ ਸੀ ਪਰ ਰਾਂਝੇ ਨਾਲ ਵਿਆਹੀ ਨਹੀਂ ਸੀ ਗਈ, ਕਿਉਂਕਿ ਉਹ ਵੀ ਸਿੱਧੀ ਹੋ ਕੇ ਖਲੋਣ ਦੇ ਯਤਨ ਵਿਚ ਹੀ ਉਜੜ ਗਈ ਸੀ।

ਜੋ ਕੁਝ ਕਿਤਾਬਾਂ ਵਿਚ ਪੜ੍ਹਿਆ ਸੀ ਅਤੇ ਜੋ ਕੁਝ ਤੂੰ ਮੈਨੂੰ ਦੱਸਿਆ ਸੀ, ਉਹ ਸਭ ਝੂਠ ਹੈ, ਸੱਚ ਤਾਂ ਉਹ ਹੈ, ਜੋ ਮੇਰੇ ਨਾਲ ਵਾਪਰਿਆ ਹੈ।

ਹੁਣ ਮੈਂ ਨਿਸ਼ਚੇ ਨਾਲ ਕਹਿ ਸਕਦੀ ਹਾਂ ਕਿ ਸਦੀਆਂ ਉਡੀਕਣ ਤੋਂ ਬਾਅਦ ਵੀ ਪੱਥਰ, ਹੀਰੇ ਨਹੀਂ ਬਣਦੇ।

ਮੈਂ ਤੈਨੂੰ ਕਿਵੇਂ ਦੱਸਾਂ ਕਿ ਹਰ ਰੋਜ਼ ਫਰੇਬ ਦੇ ਦੀਦਾਰ ਕਰ-ਕਰ ਕੇ ਥੱਕ ਗਈ ਹਾਂ।

ਹਰ ਲੰਘਦਾ ਦਿਨ ਮੇਰੇ ਤੋਂ ਕੁਝ ਖੋਹ ਕੇ ਲੈ ਜਾਂਦਾ ਹੈ। ਹਰ ਸਵੇਰ, ਹਰ ਸ਼ਾਮ, ਮੈਂ ਬੇਵਸੀ ਦੀ ਹਾਲਤ ਵਿਚ ਆਪਣੀ ਤਕਦੀਰ ਦਾ ਤਮਾਸ਼ਾ ਵੇਖਦੀ ਹਾਂ।

ਆਪਣੀ ਜਾਨ ਦੇ ਬੋਝਿਆਂ ਦੀ ਨਿੱਤ ਤਲਾਸ਼ੀ ਦੇ-ਦੇ ਕੇ ਅੱਕ ਗਈ ਹਾਂ।

ਤੂੰ ਜਾਣਦਾ ਹੀ ਹੈਂ, ਜਦੋਂ ਬੰਦਾ ਥੱਕ ਜਾਂਦਾ ਹੈ ਤਾਂ ਉਹ ਉਖੜ ਜਾਂਦਾ ਹੈ।

ਮੈਨੂੰ ਆਪਣੀ ਚਿੰਤਾ ਨਹੀਂ, ਚਿੰਤਾ ਤਾਂ ਇਸ ਗੱਲ ਦੀ ਹੈ ਕਿ ਇਕ ਵਾਰੀ ਫਿਰ ਮੇਰੀ ਨੀਂਦਰ ਵਿਚ ਮੇਰੇ ਮੂੰਹੋਂ ਤੇਰਾ ਨਾਂ ਸੁਣਨ ਕਰਕੇ ਉਹ ਇਕ ਵਾਰੀ ਫਿਰ ਤੇਰਾ ਸ਼ਿਕਾਰ ਕਰਨ ਲਈ ਨਿਕਲਿਆ ਹੈ। ਮੈਨੂੰ ਤੇਰੇ ਨਾਲ ਵਾਪਰਨ ਵਾਲੀ ਦੁਰਘਟਨਾ ਦਾ ਸਰਾਪ ਵਰਗਾ ਤਾਪ ਚੜ੍ਹਿਆ ਹੋਇਆ ਹੈ।

ਤੈਨੂੰ ਸ਼ਾਇਦ ਨਹੀਂ ਪਤਾ ਕਿ ਕਲਪਨਾ ਵਿਚ ਵਾਪਰਨ ਵਾਲੀ ਦੁਰਘਟਨਾ ਦਾ ਦੁੱਖ ਅਸਲ ਵਿਚ ਵਾਪਰੀ ਕਿਸੇ ਦੁਰਘਟਨਾ ਨਾਲੋਂ ਕਈ ਗੁਣਾਂ ਵੱਧ ਹੁੰਦਾ ਹੈ।

ਕਲਪਨਾ ਵਿਚ ਵਾਪਰਨ ਵਾਲੀ ਦੁਰਘਟਨਾ ਦੀ ਕੋਈ ਸੀਮਾ ਨਹੀਂ ਹੁੰਦੀ।

ਹੁਣ ਮੈਂ ਵੀ ਤੇਰੇ ਵਾਂਗ ਗੱਲਾਂ ਕਰ ਸਕਦੀ ਹਾਂ। ਲੈ ਸੁਣ, ਮੁਹੱਬਤ, ਸੁੱਖ ਹੀ ਨਹੀਂ ਦਿੰਦੀ, ਦੁੱਖ ਵੀ ਦਿੰਦੀ ਹੈ, ਕਿਉਂਕਿ ਪਿਆਰ ਦੇ ਰਿਸ਼ਤੇ ਵਿਚ ਇਕ ਹੱਦ ਤੋਂ ਅੱਗੇ ਸ਼ੱਕ ਉਪਜਣੇ ਸੁਭਾਵਿਕ ਹੁੰਦੇ ਹਨ। ਪਹਿਲਾਂ ਪ੍ਰੇਮੀ ਸੋਚਦਾ ਹੈ, ਇਹ ਆਉਂਦੀ ਕਿਉਂ ਨਹੀਂ, ਫਿਰ ਸੋਚਣ ਲੱਗ ਪੈਂਦਾ ਹੈ, ਇਹ ਜਾਂਦੀ ਕਿਉਂ ਨਹੀਂ ?

ਪਿਆਰ ਵਿਚ ਅਸੀਂ ਲੱਭਣਾ ਤਾਂ ਆਪਣੇ ਆਪ ਨੂੰ ਚਾਹੁੰਦੇ ਹਾਂ ਪਰ ਆਪਣੇ ਆਪ ਤੋਂ ਸਿਵਾਇ ਸਾਰੇ ਲਭ ਪੈਂਦੇ ਹਨ।

ਪਿਆਰ ਉਡੀਕ ਪੈਦਾ ਕਰਦਾ ਹੈ ਅਤੇ ਉਡੀਕ ਵਿਚ ਅਸੀਂ ਅਸੰਭਵ ਦੇ ਸੰਭਵ ਹੋ ਜਾਣ ਦਾ ਅਸੰਭਵ ਜਿਹਾ ਸੁਪਨਾ ਵੇਖਦੇ ਹਾਂ। ਜਿਨ੍ਹਾਂ ਨਾਲ ਅਸੀਂ ਜਿਊਣ ਮਰਨ ਦੀ ਸੌਂਹ ਖਾਂਦੇ ਹਾਂ, ਸਮਾਂ ਬੀਤਣ ਨਾਲ ਸਾਡੇ ਵਿਚਕਾਰ ਜਿਊਂਦਿਆਂ ਅਤੇ ਮੋਇਆਂ ਵਾਲੀ ਵਿੱਥ ਪੈਦਾ ਹੋ ਜਾਂਦੀ ਹੈ।

ਮੌਤ ਨਾਲ ਮਿਲਣ ਗਈ ਸਾਂ, ਵਾਪਸ ਮੋੜ ਲਿਆਂਦੀ ਗਈ ਹਾਂ।

ਹੁਣ ਤਾਂ ਨਿੱਕੇ-ਨਿੱਕੇ ਕਦਮ ਵੀ ਮੈਨੂੰ ਰੇਲਵੇ ਦੇ ਪੁੱਲ ਦੀਆਂ ਉੱਚੀਆਂ ਅਤੇ ਥਕਾਊ ਪੌੜੀਆਂ ਪ੍ਰਤੀਤ ਹੁੰਦੇ ਹਨ।

ਕਈ ਵਾਰੀ ਦਿਲ ਕਰਦਾ ਹੈ ਕਿ ਸਵਰਗ ਨੂੰ ਅੱਗ ਲਾ ਦਿਆਂ ਪਰ ਫਿਰ ਸੋਚਦੀ ਹਾਂ ਕਿ ਰੱਬ ਵਿਚਾਰਾ ਨਿਥਾਂਵਾਂ ਹੋ ਜਾਵੇਗਾ।

ਮੇਰੇ ਸਾਰੇ ਮਾਣ ਟੁੱਟ ਗਏ ਹਨ, ਸਾਰੇ ਆਸਰੇ ਝੂਠੇ ਸਾਬਤ ਹੋਏ ਹਨ।

ਮੇਰੀਆਂ ਉਮੀਦਾਂ ਅਤੇ ਰਿਸ਼ਤਿਆਂ ਦੇ ਸਾਰੇ ਰੰਗ ਖੁਰ ਗਏ ਹਨ।

ਹੁਣ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਜਿਹੀਆਂ ਆਪ-ਹੁਦਰੀਆਂ ਦੇ ਮਾਪੇ ਕਿਉਂ ਜਲਦੀ ਮਰ ਜਾਂਦੇ ਹਨ।

ਹੁਣ ਮੈਨੂੰ ਸਮਝ ਆਈ ਹੈ ਕਿ ਕਿਵੇਂ ਧੀਆਂ, ਸਹੁਰੇ ਘਰ ਯੋਗ ਸਨਮਾਨ ਅਤੇ ਸਥਾਨ ਨਾ ਮਿਲਣ ਕਰਕੇ, ਪੇਕਿਆਂ ਤੋਂ ਕਿਸੇ ਦੇ ਆਉਣ ਦੀ ਉਡੀਕ ਕਰਦੀਆਂ ਰਹਿੰਦੀਆਂ ਹਨ ਪਰ ਭਰਾਵਾਂ ਦੀ ਛਾਤੀ ਵਿਚ ਉਹ ਦਿਲ ਨਹੀਂ ਹੁੰਦਾ, ਜਿਸ ਦੀ ਭੈਣਾਂ ਨੂੰ ਉਡੀਕ ਹੁੰਦੀ ਹੈ।

ਭੈਣਾਂ, ਭਰਾਵਾਂ ਦੀਆਂ ਮਜਬੂਰੀਆਂ ਸਮਝਦੀਆਂ ਹਨ, ਸੋ ਉਹ ਅੰਦਰੋ-ਅੰਦਰੀਂ ਧੁੱਖਦੀਆਂ ਭਾਵੇਂ ਰਹਿੰਦੀਆਂ ਹਨ ਪਰ ਧੂੰਆਂ ਬਾਹਰ ਨਹੀਂ ਕੱਢਦੀਆਂ।

ਭਰਾਵਾਂ ਦੀ ਸੁੱਖ-ਸਾਂਦ ਪੁੱਛਣ ਸਮੇਂ, ਆਪਣੇ ਉਜੜੇ ਹੋਏ ਮਨ ਵਿਚੋਂ, ਭੈਣਾਂ ਕੋਈ ਮਰੀ ਹੋਈ ਮੁਸਕਰਾਹਟ ਜਿਊਂਦੀ ਕਰ ਲੈਂਦੀਆਂ ਹਨ ਪਰ ਉਡੀਕ ਨਹੀਂ ਮੁੱਕਦੀ।

ਕੀ ਤੂੰ ਕਦੀ ਸੋਚਿਆ ਹੈ ਕਿ ਉਮੀਦ, ਆਸ ਜਾਂ ਉਡੀਕ ਤੋਂ ਬਿਨਾਂ ਜਿਊਣਾ ਕਿਤਨਾ ਮੁਸ਼ਕਿਲ ਹੁੰਦਾ ਹੈ ?

ਕੀ ਤੂੰ ਕਦੇ ਕਿਸੇ ਨੂੰ ਮੌਤ ਨੂੰ ਉਡੀਕਦਿਆਂ ਵੇਖਿਆ ਹੈ ?

ਮੈਂ ਤੈਨੂੰ ਆਪਣੇ ਅਨੁਭਵ ਤੋਂ ਦੱਸਦੀ ਹਾਂ ਕਿ ਸੰਸਾਰ ਵਿਚ, ਹਰ ਕਿਸੇ ਲਈ ਹਰ ਦਿਨ, ਵੱਖਰੇ ਢੰਗ ਨਾਲ, ਵੱਖਰੀ ਉਮੀਦ ਨਾਲ ਅਤੇ ਵੱਖਰੇ ਸੰਸਿਆਂ ਨਾਲ ਚੜ੍ਹਦਾ ਹੈ।

ਇਹ ਵੀ ਆਪਣੇ ਅਨੁਭਵ ਤੋਂ ਲਿਖ ਰਹੀ ਹਾਂ ਕਿ ਮੇਲੇ 'ਤੇ ਜਾਣ ਵੇਲੇ ਦੀਆਂ ਗੱਲਾਂ, ਮੇਲੇ ਤੋਂ ਵਾਪਸ ਮੁੜਨ ਵੇਲੇ ਦੀਆਂ ਗੱਲਾਂ ਨਾਲੋਂ ਵੱਖਰੀ ਭਾਂਤ ਦੀਆਂ ਹੁੰਦੀਆਂ ਹਨ।

ਅਸੀਂ ਇਕ ਛੱਤ ਥੱਲੇ ਰਹਿੰਦੇ ਜ਼ਰੂਰ ਹਾਂ ਪਰ ਸਾਲਾਂ ਦੇ ਸਾਲ ਬੀਤ ਗਏ ਹਨ, ਅਸੀਂ ਆਪਸ ਵਿਚ ਕੋਈ ਗੱਲ ਨਹੀਂ ਕੀਤੀ।

ਜਿੱਥੇ ਰਿਸ਼ਤਾ ਪਿਆਰ ਅਤੇ ਸਤਿਕਾਰ ਵਾਲਾ ਹੋਵੇ, ਉੱਥੇ ਗੱਲਾਂ ਮੁਕਦੀਆਂ ਹੀ ਨਹੀਂ ਅਤੇ ਉਸੇ ਦੀ ਥਾਲੀ ਵਿਚੋਂ ਖਾਣ ਨੂੰ ਮਨ ਕਰਦਾ ਹੈ ਅਤੇ ਉਸ ਮੌਕੇ ਦੀ ਉਡੀਕ ਰਹਿੰਦੀ ਹੈ ਜਦੋਂ ਆਪਣੇ ਆਪ ਨੂੰ ਉਸ ਤੋਂ ਨਿਛਾਵਰ ਕੀਤਾ ਜਾ ਸਕੇ।

ਪਿਆਰ ਸਾਹਮਣੇ ਅਸੀਂ ਆਪਣੀ ਹੋਂਦ ਅਤੇ ਆਪਣੀ ਦਲੀਲ ਦੋਵੇਂ ਭੁੱਲ ਜਾਂਦੇ ਹਾਂ, ਬੱਸ ਪਿਆਰੇ ਦੇ ਨੇੜੇ ਬਹਿਣ ਨੂੰ ਮਨ ਕਰਦਾ ਹੈ, ਜਿਵੇਂ ਇਸ ਵੇਲੇ ਮੇਰਾ ਮਨ ਤੇਰੇ ਨੇੜੇ ਬਹਿਣ ਨੂੰ ਕਰ ਰਿਹਾ ਹੈ।

ਵਾਪਰਨ ਵਾਲੀਆਂ ਘਟਨਾਵਾਂ ਦੀਆਂ ਅਫ਼ਵਾਹਾਂ ਕਾਰਨ, ਇਕ ਵਾਰੀ ਜਦੋਂ ਮੈਂ ਬਹੁਤ ਉਦਾਸ ਸਾਂ ਤਾਂ ਤੈਨੂੰ ਕਿਹਾ ਸੀ ਕਿ ਮੇਰੀ ਹੋਂਦ ਦੋ ਦਿਨਾਂ ਵਿਚਕਾਰ ਘਿਰੀ ਰਾਤ ਵਾਂਗ ਹੈ। ਮੈਂ ਮਨ ਬਣਾਇਆ ਹੋਇਆ ਸੀ ਕਿ ਜਿਸ ਦਿਨ ਮੇਰੀ ਪਸੰਦ ਦੇ ਵਿਰੁੱਧ ਮੇਰੀ ਉਂਗਲ ਵਿਚ ਮੁੰਦਰੀ ਪਾਈ ਜਾਵੇਗੀ, ਉਸੀ ਰਾਤ ਮੈਂ ਗੋਲੀਆਂ ਦੀ ਲੱਪ ਖਾ ਕੇ ਸਦਾ ਲਈ ਸੌਂ ਜਾਣਾ ਹੈ। ਤੂੰ ਹੀ ਮੈਨੂੰ ਕਿਹਾ ਸੀ: ਇਵੇਂ ਨਹੀਂ ਕਰਨਾ।

ਮੇਰੀ ਗੱਲ ਦੇ ਜਵਾਬ ਵਿਚ ਤੂੰ ਕਿਹਾ ਸੀ ਕਿ ਰਾਤ ਦੇ ਆਲੇ-ਦੁਆਲੇ ਦੋ ਦਿਨ ਵੀ ਤਾਂ ਹੁੰਦੇ ਹਨ। ਤੂੰ ਹੀ ਮੈਨੂੰ ਕਿਹਾ ਸੀ, ਸੋਚਿਆ ਨਾ ਕਰ!

ਹੁਣ ਮੈਂ ਸੋਚਦੀ ਹਾਂ ਕਿ ਮਨੁੱਖ ਭਾਵੇਂ ਸੋਚਣ ਵਾਲਾ ਜੀਵ ਹੈ, ਸੋਚਵਾਨ ਜੀਵ ਨਹੀਂ।

ਭਾਵੇਂ ਮਨੁੱਖ ਸੋਚਦਾ ਹੈ ਪਰ ਵਿਚਰਦਾ ਉਹ ਭਾਵਨਾਵਾਂ ਅਧੀਨ ਹੀ ਹੈ।

ਜਿਸ ਸ਼ਾਮ ਮੇਰੀ ਮੰਗਣੀ ਦੀ ਰਸਮ ਹੋਈ ਸੀ, ਉਸ ਦਿਨ ਪਹਿਲੀ ਵਾਰ ਮੈਂ ਆਪਣੇ ਪਿਤਾ ਦੇ ਚਿਹਰੇ ਉੱਤੇ ਤਸੱਲੀ ਭਰੀ ਇਕ ਚਮਕ ਵੇਖੀ ਸੀ।

ਤੈਨੂੰ ਕਿਵੇਂ ਦੱਸਾਂ ਕਿ ਕਿਵੇਂ ਉਸ ਰਾਤ ਮੇਰੀ ਜ਼ਿੰਦਗੀ ਲਗਾਤਾਰ ਮੇਰੀ ਮੌਤ ਨੂੰ ਤੋਲਦੀ ਅਤੇ ਮਾਪਦੀ ਰਹੀ ਸੀ।

ਵਿਆਹ ਤੋਂ ਪਹਿਲਾਂ ਸਾਡਾ ਗਿਆਨ ਵੀ ਕੰਵਾਰਾ ਹੁੰਦਾ ਹੈ।

ਮੈਨੂੰ ਆਸ ਸੀ ਕਿ ਕੁਝ ਨਾ ਕੁਝ ਅਜਿਹਾ ਵਾਪਰ ਜਾਵੇਗਾ ਕਿ ਸਾਨੂੰ ਗੁਆਚੇ ਹੋਏ ਰਾਹ ਲੱਭ ਪੈਣਗੇ। ਤੇਰੇ ਨਾਲ ਰਿਸ਼ਤਾ ਉਸਾਰਨ ਤੋਂ ਬਾਅਦ, ਕਿਸੇ ਹੋਰ ਨਾਲ ਕੋਈ ਰਿਸ਼ਤਾ ਉਸਾਰਨ ਦੀ ਮੇਰੇ ਵਿਚ ਹਿੰਮਤ ਹੀ ਨਹੀਂ ਸੀ।

ਜਿਸ ਦਿਨ ਮੇਰਾ ਵਿਆਹ ਹੋਇਆ, ਉਸੇ ਦਿਨ ਤੋਂ ਮੇਰਾ ਬਨਵਾਸ ਸ਼ੁਰੂ ਹੋਇਆ ਸੀ।

ਕੁਝ ਦਿਨਾਂ ਵਿਚ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਮੇਰੇ ਲੋਕ ਅਤੇ ਪ੍ਰਲੋਕ ਦੋਵੇਂ ਗੁਆਚ ਗਏ ਸਨ। ਜਦੋਂ ਉਸ ਨੇ ਵਿਆਹ ਤੋਂ ਪਹਿਲੇ ਤੇਰੇ ਨਾਲ ਮੇਰੇ ਰਿਸ਼ਤੇ ਦਾ ਹਿਸਾਬ-ਕਿਤਾਬ ਮੰਗਣਾ ਸ਼ੁਰੂ ਕਰ ਦਿੱਤਾ ਤਾਂ ਮੇਰੇ ਅੰਦਰ ਮਰ ਜਾਣ ਦੀ ਇੱਛਾ ਜਾਗ ਪਈ।

ਹਰ ਰੋਜ਼ ਜਿਉਂ-ਜਿਉਂ ਸ਼ਾਮ ਪੈਂਦੀ, ਮੈਨੂੰ ਆਪਣਾ ਆਪ ਠੰਢਾ ਪੈਂਦਾ ਵਿਖਾਈ ਦਿੰਦਾ।

ਹਰ ਰਾਤ ਮੈਂ ਆਪਣੇ ਆਪ ਨਾਲ ਬਹਿਸ ਕਰਦੀ ਅਤੇ ਅੰਤ ਨੂੰ ਮੈਂ ਆਪਣੇ ਮਰਨ ਦੇ ਹੱਕ ਵਿਚ ਫੈਸਲਾ ਕਰ ਲਿਆ।

ਧਰਮ ਅਤੇ ਕਾਨੂੰਨ ਕੁਝ ਵੀ ਕਹਿਣ ਪਰ ਮੈਂ ਸਮਝਦੀ ਹਾਂ ਕਿ ਜਿਊਣ ਲਈ ਉਤਨੇ ਹੌਸਲੇ ਦੀ ਲੋੜ ਨਹੀਂ ਹੁੰਦੀ, ਜਿਤਨੇ ਦੀ ਮਰਨ ਵਾਸਤੇ ਲੋੜ ਹੁੰਦੀ ਹੈ। ਹਰ ਕੋਈ ਜਿਊਣਾ ਚਾਹੁੰਦਾ ਹੈ ਪਰ ਹਰ ਕਿਸੇ ਵਿਚ ਮਰ ਜਾਣ ਦੀ ਇੱਛਾ ਵੀ ਹੁੰਦੀ ਹੈ।

ਜਦੋਂ ਮੌਤ ਦਾ ਪਲੜਾ ਭਾਰੀ ਹੋ ਜਾਵੇ ਤਾਂ ਮਰਨਾ, ਜੀਵਨ ਵਾਂਗ ਚੰਗਾ ਅਤੇ ਜਿਊਣਾ, ਮੌਤ ਵਾਂਗ ਡਰਾਉਣਾ ਲੱਗਣ ਲੱਗ ਪੈਂਦਾ ਹੈ।

ਕੋਈ ਬਹੁਤ ਵੱਡਾ ਗਿਲਾ-ਸ਼ਿਕਵਾ ਹੁੰਦਾ ਹੈ, ਜਿਹੜਾ ਮਨੁੱਖ ਨੂੰ ਮਰਨ ਲਈ ਪ੍ਰੇਰਦਾ ਹੈ। ਜਦੋਂ ਕੋਈ ਮਰਨ ਦਾ ਫੈਸਲਾ ਕਰਦਾ ਹੈ ਤਾਂ ਉਸ ਨੇ ਆਪਣਾ ਘਰ ਜਾਂ ਸਾਕ ਸੰਬੰਧੀ ਹੀ ਨਹੀਂ, ਉਸ ਨੇ ਸਾਰੀ ਦੁਨੀਆਂ ਨੂੰ ਵੀ ਛੱਡਣਾ ਹੁੰਦਾ ਹੈ।

ਆਤਮਘਾਤ ਕਰਨਾ, ਆਪਣੇ ਆਪ ਨੂੰ ਦੁੱਖ ਦੇ ਕੇ, ਆਪਣੇ ਨਿਰਦੋਸ਼ ਹੋਣ ਨੂੰ ਸਿੱਧ ਕਰਨ ਦਾ ਢੰਗ ਹੁੰਦਾ ਹੈ।

ਇਵੇਂ ਮਰਨਾ ਸੰਸਾਰ ਸਾਹਮਣੇ ਆਪਣੇ ਸੱਚੇ ਹੋਣ ਦਾ ਸਬੂਤ ਹੁੰਦਾ ਹੈ।

ਜਿਸ ਦਿਨ ਮੈਂ ਰਾਤ ਵੇਲੇ ਮਰਨ ਦਾ ਫੈਸਲਾ ਕੀਤਾ ਤਾਂ, ਸੱਚ ਕਹਿੰਦੀ ਹਾਂ, ਨਿਰਣਾ ਕਰਦਿਆਂ ਹੀ ਅਜੀਬ ਜਿਹੀ ਸੁਤੰਤਰਤਾ ਦਾ ਅਹਿਸਾਸ ਹੋਇਆ। ਕੱਸੀਆਂ ਹੋਈਆਂ ਤਣਾਵਾਂ ਦੇ ਢਿੱਲੇ ਹੋ ਜਾਣ ਦਾ ਆਰਾਮ, ਸਭ ਬੰਧਨ ਟੁੱਟ ਜਾਣ ਦਾ ਅਹਿਸਾਸ, ਰਾਹ ਦਿਸ ਪੈਣ ਦਾ ਅਨੁਭਵ, ਹੱਲ ਲੱਭ ਪੈਣ ਦੀ ਖੁਸ਼ੀ, ਸਭ ਪ੍ਰਕਾਰ ਦੇ ਸੁਆਰਥ ਮਿੱਟ ਜਾਣ ਦੀ ਅਮੀਰੀ, ਆਪਣੇ ਫੈਲਣ ਦੀ ਵਿਸ਼ਾਲਤਾ, ਸਭ ਕੁਝ ਤਿਆਗ ਦੇਣ ਦਾ ਆਨੰਦ, ਹਰ ਕਿਸੇ ਨੂੰ ਮੁਆਫ਼ ਕਰ ਦੇਣ ਦੀ ਸਹਿਜ ਅਵਸਥਾ ਆਦਿ ਅਨੇਕਾਂ ਹੀ ਅਣਜਾਣੇ, ਅਣਵੇਖੇ, ਅਦਭੁਤ ਅਹਿਸਾਸ ਪ੍ਰਾਪਤ ਹੋਣ ਦਾ ਆਲਮ ਸੀ, ਜਿਸ ਵਿਚ ਮੈਂ ਵਿਚਰ ਰਹੀ ਸਾਂ ਪਰ ਉਸੇ ਵੇਲੇ ਕਿਸੇ ਖਾਸ ਨੂੰ ਆਖ਼ਰੀ ਵਾਰ ਮਿਲਣ ਦੀ ਇੱਛਾ, ਕਿਸੇ ਥਾਂ ਆਖ਼ਰੀ ਵਾਰ ਜਾਣ ਦੀ ਤਾਂਘ, ਕੁਝ ਆਖਰੀ ਵਾਰ ਵੇਖਣ ਦੀ ਲਾਲਸਾ ਨੇ ਮੈਨੂੰ ਆਪਣੀ ਪਕੜ ਵਿਚ ਲੈ ਲਿਆ।

ਮੈਂ ਸਹਿਜ ਅਤੇ ਕਾਹਲ ਦੋਹਾਂ ਵਿਚ ਨਪੀੜੀ ਜਾ ਰਹੀ ਸਾਂ।

ਜਿਊਣ ਦੀ ਤਾਂਘ ਬੜੀ ਸ਼ਕਤੀਸ਼ਾਲੀ ਹੈ ਅਤੇ ਇਸ ਦੇ ਡੋਰੇ ਕਈ ਰੰਗਾਂ ਦੇ ਹਨ।

ਇਕ ਗੱਲ ਤੈਨੂੰ ਦੱਸਾਂ : ਮਰਨ ਵੇਲੇ ਬੰਦਾ ਝੂਠ ਨਹੀਂ ਬੋਲਦਾ।

ਮੌਤ ਦੇ ਨੇੜੇ ਹੋਣ ਨਾਲ ਝੂਠ ਬਹੁਤ ਦੂਰ ਰਹਿ ਜਾਂਦਾ ਹੈ।

ਮੇਰਾ ਮਨ ਕੀਤਾ ਕਿ ਸਭ ਕੁਝ ਲਿਖ ਜਾਵਾਂ ਪਰ ਇਤਨਾ ਵਕਤ ਮੇਰੇ ਕੋਲ ਕਿੱਥੇ ਸੀ ਕਿ ਮੈਂ ਕੁਝ ਲਿਖ ਸਕਾਂ।

ਫਿਰ ਸੋਚਿਆ ਕਿ ਕੋਈ ਛੋਟੀ ਜਿਹੀ ਚਿੱਟ ਹੀ ਲਿਖ ਜਾਵਾਂ ਪਰ ਉਸੇ ਵੇਲੇ ਖ਼ਿਆਲ ਆਇਆ ਕਿ ਮੇਰੇ ਮਰਨ ਦੇ ਡੂੰਘੇ ਕਾਰਨ ਇਕ ਦੋ ਵਾਕਾਂ ਵਿਚ ਕਿਵੇਂ ਸਮੋ ਸਕਦੇ ਸਨ ?

ਆਤਮਘਾਤ ਕਰਨ ਵਾਲੇ ਨੇ ਬਹੁਤ ਕੁਝ ਆਖ਼ਰੀ ਵਾਰ ਕਰਨਾ ਹੁੰਦਾ ਹੈ, ਸੋ ਉਹ ਫੈਸਲਾ ਹੀ ਨਹੀਂ ਕਰ ਸਕਦਾ ਕਿ ਕੀ ਕੀਤਾ ਜਾਵੇ ਅਤੇ ਕੀ ਨਾ ਕੀਤਾ ਜਾਵੇ।

ਮੈਂ ਕੋਠੇ ਉੱਤੇ ਚੜ੍ਹ ਗਈ ਅਤੇ ਸਾਰੇ ਸ਼ਹਿਰ ਨੂੰ ਆਖ਼ਰੀ ਵਾਰ ਨਜ਼ਰ ਭਰ ਕੇ ਵੇਖਿਆ।

ਕਿਸੇ ਚੀਜ਼ ਨੂੰ ਮਰਨ ਤੋਂ ਪਹਿਲਾਂ ਵੇਖਣ ਦਾ ਅਹਿਸਾਸ ਤੈਨੂੰ ਕਿਵੇਂ ਦੱਸਾਂ, ਇਹ ਦਸਿਆ ਨਹੀਂ ਜਾ ਸਕਦਾ।

ਮਰਨ ਵੇਲੇ ਰੱਬ ਦਾ ਖ਼ਿਆਲ ਵੀ ਆਇਆ।

ਰੱਬ ਦਾ ਧੰਨਵਾਦ ਕਰਨ ਤੋਂ ਪਹਿਲਾਂ ਇਕ ਲੰਮਾ ਹੌਕਾ ਨਿਕਲ ਗਿਆ।

ਜਦੋਂ ਮੈਂ ਪਾਣੀ ਦਾ ਗਲਾਸ ਪੀਤਾ ਤਾਂ ਨਲਕੇ ਦਾ ਧੰਨਵਾਦ ਕੀਤਾ ਅਤੇ ਗਲਾਸ ਨੂੰ ਗਹੁ ਨਾਲ ਵੇਖਿਆ।

ਸੋਚਿਆ, ਘਰ ਦੀਆਂ ਸਾਰੀਆਂ ਚੀਜ਼ਾਂ ਸਲੀਕੇ ਨਾਲ ਰੱਖ ਦਿਆਂ।

ਇਹ ਸੋਚ ਹੀ ਰਹੀ ਸਾਂ ਕਿ ਫੁਰਨਾ ਫੁਰਿਆ ਕਿ ਟੈਲੀਫੋਨ ਉੱਤੇ ਆਪਣੀ ਸਹੇਲੀ ਨੂੰ ਦੱਸ ਦਿਆਂ ਕਿ ਅਗਲੀ ਸਵੇਰ ਨੂੰ ਤੈਨੂੰ ਇਕ ਖ਼ਬਰ ਮਿਲੇਗੀ ਪਰ ਫਿਰ ਸੋਚਿਆ ਕਿ ਉਹ ਤਾਂ ਮੇਰਾ ਇਰਾਦਾ ਹੀ ਬਦਲ ਦੇਵੇਗੀ।

ਮੇਰਾ ਦਿਲ ਕੀਤਾ ਕਿ ਘਰ ਵਿਚ ਕੰਮ ਕਰਨ ਵਾਲੀ ਨੂੰ ਆਪਣੇ ਸਾਰੇ ਕੱਪੜੇ ਹੀ ਦੇ ਜਾਵਾਂ ਪਰ ਫਿਰ ਸੋਚ ਕੇ ਰੁਕ ਗਈ ਕਿ ਉਹ ਹੈਰਾਨੀ ਨਾਲ ਕਈ ਸਵਾਲ ਪੁੱਛੇਗੀ ਅਤੇ ਲੰਮੀ ਉਮਰ ਦੀਆਂ ਅਸੀਸਾਂ ਦੇਣ ਲੱਗ ਪਵੇਗੀ।

ਅਨੇਕਾਂ ਯਾਦਾਂ, ਰਿਸ਼ਤਿਆਂ ਅਤੇ ਖ਼ਿਆਲਾਂ ਦੇ ਜਲੂਸ ਮੇਰੀ ਸੋਚ ਵਿਚੋਂ ਲੰਘਦੇ ਰਹੇ।

ਰੋਣ ਦਾ ਮੇਰੇ ਕੋਲ ਵਕਤ ਹੀ ਨਹੀਂ ਸੀ।

ਮੇਰਾ ਸਾਰਾ ਜ਼ੋਰ ਤਾਂ ਆਪਣੇ ਅਥਰੂ ਰੋਕਣ ਉੱਤੇ ਲੱਗਿਆ ਹੋਇਆ ਸੀ। ਰੋ-ਰੋ ਕੇ ਮੇਰੀਆਂ ਅੱਖਾਂ ਕਿੰਨੇ ਹੀ ਚਿਰ ਤੋਂ ਸੁੱਕੀਆਂ ਹੋਈਆਂ ਸਨ ਪਰ ਉਸ ਰਾਤ ਮੈਨੂੰ ਮਹਿਸੂਸ ਹੋਇਆ ਕਿ ਔਰਤ ਹੋਣਾ ਅਤੇ ਨਾ ਰੋਣਾ ਅਸੰਭਵ ਗੱਲਾਂ ਹਨ।

ਮੈਂ ਜਾਣਦੀ ਸਾਂ ਕਿ ਜੇ ਮੈਂ ਰੋਣ ਲੱਗ ਪਈ ਤਾਂ ਵਕਤ ਲੰਘ ਜਾਵੇਗਾ।

ਮੇਰੇ ਪੈਰਾਂ ਨੂੰ ਜ਼ਮੀਨ ਦੇ ਖਿਸਕ ਜਾਣ ਦਾ ਤੌਖਲਾ ਸੀ।

ਮੈਂ ਚਾਹੁੰਦੀ ਸਾਂ ਕਿ ਤੈਨੂੰ ਆਖ਼ਰੀ ਵਾਰ ਮਿਲ ਲਵਾਂ, ਛੂਹ ਲਵਾਂ, ਵੇਖ ਲਵਾਂ, ਕਿਉਂਕਿ ਸਭ ਕੁਝ ਆਖ਼ਰੀ ਵਾਰ ਵਾਪਰ ਰਿਹਾ ਸੀ।

ਫਿਰ ਇੱਛਾ ਜਾਗੀ ਕਿ ਮੇਰੇ ਮਰਨ ਦਾ ਸਭ ਤੋਂ ਪਹਿਲਾਂ ਤੈਨੂੰ ਹੀ ਪਤਾ ਲੱਗੇ।

ਮੈਂ ਰਾਤ ਨੂੰ ਇਵੇਂ ਉਡੀਕ ਰਹੀ ਸਾਂ ਜਿਵੇਂ ਕਿਸੇ ਪਲੇਟਫਾਰਮ 'ਤੇ ਬੈਠਾ, ਇਕੱਲਾ ਯਾਤਰੀ ਗੱਡੀ ਦੀ ਉਡੀਕ ਕਰ ਰਿਹਾ ਹੋਵੇ।

ਫਿਰ ਮੈਨੂੰ ਖ਼ਿਆਲ ਆਇਆ ਕਿ ਅਗਲੇ ਐਤਵਾਰ ਮੇਰੀ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਹੋ ਰਹੀ ਹੋਵੇਗੀ।

ਇਕ ਵਾਰੀ ਮੈਂ ਫਿਰ ਕੋਠੇ ਉੱਤੇ ਗਈ ਅਤੇ ਆਪਣੇ ਆਪ ਨੂੰ ਗੈਰ-ਹਾਜ਼ਰ ਕਰ ਕੇ, ਆਲੇ-ਦੁਆਲੇ ਨੂੰ ਵੇਖਿਆ।

ਰਾਤ ਦੀ ਰੋਟੀ ਮੈਂ ਪਕਾ ਲਈ ਸੀ। ਮੈਂ ਸਾਰਾ ਕੁਝ ਇਵੇਂ ਵਿਉਂਤਿਆ ਹੋਇਆ ਸੀ ਕਿ ਕੋਈ ਵਿਘਨ ਨਾ ਪਵੇ, ਕਿਸੇ ਨੂੰ ਕੁਝ ਵੀ ਵੱਖਰਾ ਜਾਂ ਅਜੀਬ ਨਾ ਲੱਗੇ।

ਮੈਂ ਆਪਣੇ ਵਿਛਾਏ ਹੋਏ ਬਿਸਤਰੇ ਨੂੰ ਮੁੜ ਵਿਛਾਇਆ ਅਤੇ ਮੁਰਦੇ ਵਾਂਗ ਲੇਟਣ ਦਾ ਅਭਿਆਸ ਕੀਤਾ ਅਤੇ ਆਪਣੀ ਲਾਸ਼ ਨੂੰ ਆਪ ਵੇਖਿਆ।

ਰਾਤ ਵੇਲੇ ਸੌਣ ਦੇ ਸਮੇਂ, ਆਪਣੇ ਯਤਨ ਵਿਚ ਅਸਫ਼ਲ ਰਹਿ ਜਾਣ ਦਾ ਤੌਖਲਾ ਪੈਦਾ ਹੋ ਗਿਆ। ਪਹਿਲਾਂ ਸੋਚਿਆ ਕਿ ਅਸਫ਼ਲ ਹੋ ਜਾਣ ਦੀ ਸੂਰਤ ਵਿਚ ਸਫਾਈ ਪੇਸ਼ ਕਰਨੀ ਮੁਸ਼ਕਿਲ ਹੋ ਜਾਵੇਗੀ। ਇਹ ਵੀ ਖ਼ਿਆਲ ਆਇਆ ਕਿ ਜੇ ਅੱਜ ਨਾ ਮਰਿਆ ਗਿਆ ਤਾਂ ਫਿਰ ਕਦੇ ਸਫ਼ਲ ਨਹੀਂ ਹੋਵਾਂਗੀ।

ਆਪਣਾ ਮਰਨਾ ਡਰਾਉਣਾ ਵੀ ਲੱਗਿਆ। ਉਨ੍ਹਾਂ ਲੋਕਾਂ ਦਾ ਖ਼ਿਆਲ ਆਇਆ ਜਿਹੜੇ ਮੇਰੇ ਨਾਲੋਂ ਵੀ ਭੈੜੀ ਹਾਲਤ ਵਿਚ ਵੀ ਖੁਸ਼ ਸਨ।

ਆਪਣੇ ਅਧੂਰੇ ਰਹਿ ਗਏ ਕੰਮ ਪੂਰੇ ਕਰਨ ਦੀ ਅੰਦਰੋਂ ਵੰਗਾਰ ਵੀ ਪੈਦਾ ਹੋਈ।

ਫਿਰ ਖ਼ਿਆਲ ਆਇਆ ਕਿ ਆਪਣੀ ਦੁਨੀਆਂ ਨੂੰ ਮੈਂ ਇਤਨੀ ਛੋਟੀ ਕਿਉਂ ਕਰ ਲਿਆ ਸੀ ਕਿ ਆਪਣੇ ਆਪ ਨੂੰ ਮਾਰਨ ਤੱਕ ਪਹੁੰਚ ਗਈ ਸਾਂ। ਮਰਨਾ ਔਖਾ ਲੱਗਣ ਲੱਗ ਪਿਆ ਸੀ। ਮਰਨ ਨੂੰ ਮੈਂ ਜਿਤਨਾ ਸਹਿਜ ਅਤੇ ਸੌਖਾ ਸਮਝਦੀ ਸਾਂ ਉਹ ਉਵੇਂ ਨਹੀਂ ਸੀ।

ਪਤੀ ਨੂੰ ਮੈਂ ਆਪਣੇ ਸਿਰ-ਦਰਦ ਦਾ ਬਹਾਨਾ ਲਾ ਚੁੱਕੀ ਸਾਂ ਸੋ ਆਪਣੇ ਕਮਰੇ ਦੀ ਬੱਤੀ ਜਗਾ ਕੇ ਆਪਣੇ ਆਪ ਨਾਲ ਬਹਿਸ ਕਰਨੀ ਠੀਕ ਨਾ ਲੱਗੀ ਅਤੇ ਮੈਂ ਗੋਲੀਆਂ ਦੀ ਸ਼ੀਸ਼ੀ ਆਪਣੇ ਮੂੰਹ ਵਿਚ ਉਲਟਾ ਕੇ ਪਾਣੀ ਪੀ ਕੇ ਲੇਟ ਗਈ।

ਇਸ ਸਮੇਂ ਅੰਤਾਂ ਦੀ ਘਬਰਾਹਟ ਹੋਈ, ਜਿਵੇਂ ਰੇਲ ਗੱਡੀ ਮੇਰੇ ਉਪਰੋਂ ਲੰਘ ਰਹੀ ਹੋਵੇ।

ਦਿਲ ਕੀਤਾ ਆਵਾਜ਼ ਮਾਰਾਂ ਪਰ ਆਵਾਜ਼ ਨਾ ਨਿਕਲੀ।

ਇੰਜ ਲਗਿਆ ਜਿਵੇਂ ਕੋਈ ਦੂਰੋਂ ਆਪਣੇ ਵੱਲ ਬੁਲਾ ਰਿਹਾ ਸੀ। ਪਹਿਲਾਂ ਆਵਾਜ਼ ਨੇੜੇ ਆਉਂਦੀ ਪ੍ਰਤੀਤ ਹੋਈ, ਫਿਰ ਮੈਂ ਆਪਣੇ ਆਪ ਨੂੰ ਆਵਾਜ਼ ਦੇ ਨੇੜੇ ਜਾਂਦਿਆਂ ਅਨੁਭਵ ਕੀਤਾ। ਡੂੰਘੀ ਨੀਂਦ ਦਾ ਅਨੁਭਵ ਹੋ ਰਿਹਾ ਸੀ। ਸਭ ਡਰ-ਭਓ ਪਿੱਛੇ ਰਹਿ ਗਏ ਸਨ, ਆਪਣੇ ਉਡਣ ਦਾ, ਹਵਾ ਵਿਚ ਤੈਰਨ ਦਾ ਅਹਿਸਾਸ ਹੋ ਰਿਹਾ ਸੀ। ਇਕ ਨਵੀਂ ਤਾਕਤ, ਇਕ ਨਵੀਂ ਦ੍ਰਿਸ਼ਟੀ ਪ੍ਰਾਪਤ ਹੋ ਗਈ ਲੱਗਦੀ ਸੀ। ਇਕ ਸੁਪਨੇ ਜਿਹੇ ਦੀ ਅਵਸਥਾ ਸੀ।

ਸਭ ਕੁਝ ਧੁੰਦਲਾ ਲੱਗਣ ਲੱਗ ਪਿਆ ਸੀ।

ਪਤਾ ਨਹੀਂ ਕਿਤਨਾ ਸਮਾਂ ਬੀਤ ਗਿਆ ਸੀ, ਪਰ ਜਦੋਂ ਮੇਰੀ ਜਾਗ ਖੁੱਲ੍ਹੀ ਤਾਂ ਮੈਂ ਹਸਪਤਾਲ ਵਿਚ ਸਾਂ। ਕਹਿੰਦੇ ਹਨ ਕਿ ਮੈਂ ਬਿਸਤਰੇ ਤੋਂ ਡਿਗ ਪਈ ਸਾਂ ਅਤੇ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਲਿਆਂਦੀ ਗਈ ਸਾਂ।

ਮੇਰੇ ਕੰਨਾਂ ਵਿਚ ਭਾਂਤ-ਭਾਂਤ ਦੀਆਂ ਆਵਾਜ਼ਾਂ ਪੈਂਦੀਆਂ ਰਹੀਆਂ ਸਨ ਪਰ ਕੁਝ ਸਮਝ ਨਹੀਂ ਸੀ ਆ ਰਹੀ।

ਕਈ ਦਿਨਾਂ ਤੋਂ ਸੋਚ ਰਹੀ ਹਾਂ ਕਿ ਮੈਂ ਬੱਚ ਕਿਉਂ ਗਈ, ਮੈਂ ਬੱਚ ਕਿਵੇਂ ਗਈ ?

ਲੋਕ ਹਾਲ-ਚਾਲ ਪੁੱਛਣ ਆਉਂਦੇ ਹਨ ਪਰ ਉਨ੍ਹਾਂ ਦੇ ਚਿਹਰਿਆਂ 'ਤੇ ਕਈ ਸਵਾਲ ਹੁੰਦੇ ਹਨ, ਜਿਹੜੇ ਉਹ ਮੇਰੀ ਹਾਲਤ ਨੂੰ ਵੇਖ ਕੇ ਪੁੱਛਦੇ ਨਹੀਂ।

ਆਪਣੇ ਆਪ ਨੂੰ ਕਿਸੇ ਹੋਰ ਦੁਨੀਆਂ ਤੋਂ ਪਰਤਿਆ ਮਹਿਸੂਸ ਕਰਦੀ ਹਾਂ।

ਪ੍ਰਤੀਤ ਹੁੰਦਾ ਹੈ ਕਿ ਜਿਊਣ ਦੀ ਤਾਂਘ ਨੇ, ਮਰਨ ਦੀ ਇੱਛਾ ਨੂੰ ਜਿੱਤ ਲਿਆ ਹੈ।

ਬਸ ਚੁੱਪ ਰਹਿਣ ਨੂੰ ਮਨ ਕਰਦਾ ਹੈ।

ਕਮਰੇ ਵਿਚੋਂ ਹਸਪਤਾਲ ਦਾ ਗੇਟ ਦਿਸਦਾ ਹੈ, ਉਸ ਵੱਲ ਵੇਖਦੀ ਰਹਿੰਦੀ ਹਾਂ।

ਪਤਾ ਨਹੀਂ ਕਿਉਂ, ਇਕ ਉਡੀਕ ਹੈ, ਸ਼ਾਇਦ ਤੇਰੀ ਹੀ ਉਡੀਕ ਹੈ।

ਮੈਂ ਚਾਹੁੰਦੀ ਹਾਂ ਕਿ ਕੇਵਲ ਤੂੰ ਹੀ ਮੇਰਾ ਹਾਲ ਪੁੱਛਣ ਆਵੇਂ, ਪਰ ਤੈਨੂੰ ਹੀ ਕਹਿੰਦੀ ਹਾਂ ਕਿ ਤੂੰ ਕਦੀ ਵੀ ਨਾ ਆਵੀਂ।

ਮੈਂ ਆਪ ਮਰ ਨਹੀਂ ਸਕੀ, ਤੈਨੂੰ ਮਰਿਆ ਵੇਖਣਾ ਨਹੀਂ ਚਾਹੁੰਦੀ।

ਮੈਨੂੰ ਯਾਦ ਆਉਣਾ ਤੇਰੀ ਮਜਬੂਰੀ ਨਹੀਂ, ਤੈਨੂੰ ਯਾਦ ਕਰਨਾ ਮੇਰੀ ਲੋੜ ਹੈ।

ਮੈਨੂੰ ਮੁਆਫ਼ ਕਰ ਦੇਵੀਂ, ਮੈਂ ਉਹ ਦੁਨੀਆਂ ਛੱਡਣ ਦਾ ਯਤਨ ਕੀਤਾ ਸੀ, ਜਿਸ ਵਿਚ ਤੂੰ ਰਹਿੰਦਾ ਹੈਂ। ਆਤਮਘਾਤ ਕਰਨ ਦਾ ਫੈਸਲਾ ਗ਼ਲਤ ਸੀ, ਮੈਂ ਤੇਰੇ ਨਾਲ, ਤੇਰੇ ਲਈ ਜਿਊਣ ਦਾ ਪ੍ਰਣ ਕਰਦੀ ਹਾਂ। ਤੇਰੀ ਸਦੀਵੀ ਉਡੀਕ ਵਿਚ, ਤੇਰੀ ਮਿੰਨੀ....

♥♥♥

ਲੜਾਈ ਅਤੇ ਸਮਝੌਤਾ

ਇਕ ਸ਼ਾਮ ਆਪਣੇ ਘਰ ਬੈਠਾ ਆਪਣੀ ਮਾਂ ਦੀ ਬਣਾਈ ਚਾਹ ਉਡੀਕ ਰਿਹਾ ਸਾਂ ਜਦੋਂ ਅਚਾਨਕ ਮੇਰੀ ਮਾਂ ਦੀ ਸਹੇਲੀ ਅਤੇ ਗੁਆਂਢਣ, ਹਾਲ-ਦੁਹਾਈ ਪਾਉਂਦੀ ਆਈ ਕਿ ਉਸ ਦੇ ਪੁੱਤਰ ਲੱੜ ਪਏ ਸਨ।

ਇਕ ਸੰਪੂਰਨ ਮੂਰਖ ਵਾਂਗ ਬਿਨਾਂ ਸੋਚੇ-ਸਮਝੇ ਮੈਂ ਉਨ੍ਹਾਂ ਵਿਚਕਾਰ ਕੁੱਦ ਪਿਆ।

ਇਕ ਦੇ ਹੱਥ ਵਿਚ ਤਲਵਾਰ ਸੀ ਅਤੇ ਦੂਜੇ ਦੇ ਹੱਥ ਵਿਚ ਵੱਡਾ ਚਾਕੂ। ਤਲਵਾਰ ਵਾਲੇ ਨੂੰ ਆਪਣੀ ਤਲਵਾਰ ਉੱਤੇ ਮਾਣ ਸੀ ਅਤੇ ਚਾਕੂ ਵਾਲਾ ਲੰਮੀਆਂ ਗਾਲ੍ਹਾਂ ਨਾਲ ਆਪਣਾ ਚਾਕੂ ਤਿੱਖਾ ਕਰ ਰਿਹਾ ਸੀ।

ਮੇਰੇ ਵਿਚਕਾਰ ਆਉਣ ਉੱਤੇ ਉਨ੍ਹਾਂ ਦੀ ਮਨੋਕਾਮਨਾ ਵਿਚ ਵਿਘਨ ਪੈਣ ਕਾਰਨ ਉਹ ਦੋਵੇਂ ਮੇਰੇ ਦੁਆਲੇ ਹੋ ਗਏ।

ਸ਼ਾਇਦ ਉਨ੍ਹਾਂ ਨੂੰ ਮੇਰੀ ਮਰਜ਼ੀ ਪੁੱਛਣ ਦੀ ਵੀ ਲੋੜ ਨਹੀਂ ਸੀ ਕਿ ਮੈਂ ਤਲਵਾਰ ਨਾਲ ਮਰਨਾ ਚਾਹੁੰਦਾ ਸਾਂ ਜਾਂ ਚਾਕੂ ਨਾਲ। ਉਸ ਪਲ ਮੈਂ ਦੋ ਮੌਤਾਂ ਵਿਚਕਾਰ ਖਲੋਤਾ ਹੋਇਆ ਸਾਂ ਪਰ ਮੇਰੀ ਮਾਂ ਦੀ ਅਚਾਨਕ ਚੀਖ-ਭਰੀ ਗਰਜ ਨੇ ਦੋਹਾਂ ਭਰਾਵਾਂ ਨੂੰ ਬੁੱਤ ਬਣਾ ਦਿੱਤਾ ਅਤੇ ਇਵੇਂ ਵਿਛੜਨ ਵਾਲੀ ਮੇਰੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਹੁੰਦੀ-ਹੁੰਦੀ ਰਹਿ ਗਈ।

ਅਰਦਾਸ ਵਿਚ ਸ਼ਾਮਲ ਹੋਣ ਦਾ ਅਵਸਰ ਨਾ ਮਿਲਣ ਕਾਰਨ ਮੇਰੇ ਕਈ ਮਿੱਤਰ ਮੇਰੇ ਨਾਲ ਨਾਰਾਜ਼ ਹਨ ਪਰ ਉਸ ਦਿਨ ਤੋਂ ਮੈਂ ਲੜਾਈ ਨੂੰ ਦੂਰੋਂ ਹੀ ਵੇਖਦਾ ਹਾਂ ਅਤੇ ਤੁਹਾਨੂੰ ਵੀ ਸਲਾਹ ਦੇਵਾਂਗਾ ਕਿ ਅਜਿਹੇ ਮਨੋਰੰਜਨ ਨੂੰ ਦੂਰੋਂ ਹੀ ਮਾਣਿਆ ਜਾਣਾ ਚਾਹੀਦਾ ਹੈ।

ਇਹ ਤਾਂ ਹੀ ਸੰਭਵ ਹੋਵੇਗਾ ਜੇ ਤੁਸੀਂ ਆਪ ਨਾ ਲੜੋ ਪਰ ਉਨ੍ਹਾਂ ਦਾ ਕੀ ਕਰੀਏ, ਜਿਹੜੇ ਤੁਹਾਡੇ ਨਾਲ ਲੜਨ ਲਈ ਮਹੂਰਤ ਕਢਵਾ ਰਹੇ ਹਨ!

ਲੜਨਾ ਸਰੀਰ ਦੇ ਤੰਦਰੁਸਤ ਹੋਣ ਦੀ ਨਿਸ਼ਾਨੀ ਹੁੰਦੀ ਹੈ ਅਤੇ ਸਮਝੌਤਾ ਕਰਨਾ ਸਿਆਣੇ ਹੋਣ ਦਾ ਪ੍ਰਮਾਣ। ਜੀਵਨ ਦੀਆਂ ਲੋੜਾਂ ਨੇ ਸਾਨੂੰ ਲੜਨਾ ਸਿਖਾਇਆ ਹੈ ਅਤੇ ਸਭਿਅਤਾ ਦੀ ਉਸਾਰੀ ਨੇ ਸਮਝੌਤਾ ਕਰਨ ਦੀ ਜਾਚ ਦੱਸੀ ਹੈ। ਲੜਾਈ ਦਾ ਇਤਿਹਾਸ ਆਦਿ-ਕਾਲ ਤੱਕ ਪੁਰਾਣਾ ਹੈ, ਜਦੋਂ ਕਿ ਸਮਝੌਤੇ ਦੀ ਕਥਾ ਲੰਮੀ ਨਹੀਂ। ਜੀਵਨ ਵਿੱਚ ਧੁੱਪ ਅਤੇ ਛਾਂ, ਪੱਤਝੜ ਅਤੇ ਬਹਾਰ, ਜਨਮ ਅਤੇ ਮਰਨ, ਵਿਛੋੜੇ ਅਤੇ ਮਿਲਾਪ ਦੋਹਾਂ ਦਾ ਮਹੱਤਵ ਹੈ। ਜਿਵੇਂ ਸੰਖ ਵਜਾਉਣ ਵਾਲੇ ਦੇ ਫੇਫੜੇ ਖ਼ਰਾਬ ਨਹੀਂ ਹੁੰਦੇ ਅਤੇ ਗਾਲ੍ਹਾਂ ਕੱਢਣ ਵਾਲੇ ਦਾ ਗਲਾ ਨਹੀਂ ਸੁੱਕਦਾ, ਉਵੇਂ ਹੀ ਲੜਨ ਵਾਲਾ ਸੁੱਸਤ ਨਹੀਂ ਹੁੰਦਾ ਅਤੇ ਆਪਣੇ ਕੰਮ ਨੂੰ ਮੁਲਤਵੀ ਨਹੀਂ ਕਰਦਾ।

ਜਿਹੜੇ ਲੜ ਸਕਦੇ ਹਨ ਪਰ ਸਮਝੌਤਾ ਨਹੀਂ ਕਰ ਸਕਦੇ ਉਹ ਉਸ ਮੀਂਹ ਵਾਂਗ ਹੁੰਦੇ ਹਨ, ਜਿਹੜੇ ਵਰ੍ਹਦੇ ਬਹੁਤ ਹਨ ਪਰ ਉਪਜਾਉਂਦੇ ਕੁਝ ਨਹੀਂ, ਜਾਂ ਉਸ ਇਸਤਰੀ ਵਾਂਗ ਹੁੰਦੇ ਹਨ, ਜਿਸ ਨੂੰ ਪ੍ਰਸੂਤ ਦਰਦਾਂ ਬਹੁਤ ਹੁੰਦੀਆਂ ਹਨ ਪਰ ਸੰਤਾਨ ਕੋਈ ਨਹੀਂ ਹੁੰਦੀ, ਜਾਂ ਉਸ ਵਿਦਿਆਰਥੀ ਵਾਂਗ ਹੁੰਦੇ ਹਨ, ਜਿਹੜਾ ਇਮਤਿਹਾਨ ਕਈ ਦਿੰਦਾ ਹੈ ਪਰ ਜਮਾਤ ਇਕ ਵੀ ਨਹੀਂ ਚੜ੍ਹਦਾ।

ਕਈ ਵਿਅਕਤੀ ਅਜਿਹੇ ਹੁੰਦੇ ਹਨ, ਜਿਨ੍ਹਾਂ ਨਾਲ ਜਾਂ ਜਿਨ੍ਹਾਂ ਸਾਹਮਣੇ, ਲੜਨਾ ਸੰਭਵ ਨਹੀਂ ਹੁੰਦਾ, ਕਿਉਂਕਿ ਇਨ੍ਹਾਂ ਵਿਅਕਤੀਆਂ ਸਾਹਮਣੇ ਆਪਣੇ ਲੜਾਕੇ ਹੋਣ ਦੀ ਥਾਂ ਅਸੀਂ ਆਪਣੇ ਸਿਆਣੇ ਹੋਣ ਦਾ ਸਬੂਤ ਦੇਣਾ ਚਾਹੁੰਦੇ ਹਾਂ।

ਕਿਸੇ ਵਿਦਵਾਨ ਨਾਲ ਲੜਨਾ ਆਪਣਾ ਅਪਮਾਨ ਕਰਨ ਵਾਂਗ ਹੁੰਦਾ ਹੈ।

ਕਈ ਲੜਾਈਆਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਵਿਚ ਸਮਝੌਤੇ ਦੀ ਕੋਈ ਆਸ ਨਹੀਂ ਹੁੰਦੀ, ਜਿਵੇਂ ਮਤਰੇਏ ਭਰਾਵਾਂ ਵਿਚਕਾਰ ਜੱਦੀ ਜਾਇਦਾਦ ਦੀ ਲੜਾਈ ਜਾਂ ਦੋਹਾਂ ਦੇਸ਼ਾਂ ਵਿਚਕਾਰ ਹੱਦਾਂ ਦਾ ਝਗੜਾ ਜਾ ਦੋ ਸੂਬਿਆ ਵਿਚਕਾਰ ਪਾਣੀਆਂ ਦੀ ਵੰਡ।

ਅਜਿਹੀਆਂ ਲੜਾਈਆਂ ਥਕਾਵਟ ਨਾਲ ਜਾਂ ਕਿਸੇ ਨਵੀਂ ਅਤੇ ਵੱਡੀ ਸਮੱਸਿਆ ਦੇ ਪੈਦਾ ਹੋਣ ਨਾਲ ਰੁਲ ਭਾਵੇਂ ਜਾਣ ਪਰ ਖ਼ਤਮ ਨਹੀਂ ਹੁੰਦੀਆਂ, ਕਿਉਂਕਿ ਇਨ੍ਹਾਂ ਝਗੜਿਆਂ ਜਾਂ ਲੜਾਈਆਂ, ਮਸਲਿਆਂ ਅਤੇ ਮਾਮਲਿਆਂ ਦੇ ਅਸਲ ਕਾਰਨ ਕਿਧਰੇ ਹੋਰ ਪਏ ਹੁੰਦੇ ਹਨ।

ਲੜਾਈ ਕਦੇ ਵੀ ਝੱਟਪਟ ਜਾਂ ਅਚਾਨਕ ਸ਼ੁਰੂ ਨਹੀਂ ਹੁੰਦੀ।

ਹਰ ਲੜਾਈ ਦਾ ਇਕ ਲੰਮਾ ਇਤਿਹਾਸ ਅਤੇ ਪਿਛੋਕੜ ਹੁੰਦਾ ਹੈ।

ਹਰ ਝਗੜਾ ਕਈ ਪੜਾਅ ਲੰਘ ਕੇ ਲੜਾਈ ਵਿਚ ਪ੍ਰਗਟ ਹੁੰਦਾ ਹੈ।

ਜਦੋਂ ਸਾਡੀ ਕਿਸੇ ਇੱਛਾ ਜਾਂ ਕਾਮਨਾ ਵਿਚ ਰੁਕਾਵਟ ਪੈਂਦੀ ਹੈ ਤਾਂ ਕ੍ਰੋਧ ਉਪਜਦਾ ਹੈ। ਧੂੰਆਂ ਪੈਦਾ ਹੀ ਉਦੋਂ ਹੁੰਦਾ ਹੈ ਜਦੋਂ ਅੱਗ ਬਲਣ ਵਿਚ ਰੁਕਾਵਟ ਹੋਵੇ, ਸੋ ਕ੍ਰੋਧ ਵਾਸਤਵ ਵਿਚ ਇੱਛਾ-ਪੂਰਤੀ ਵਿਚ ਰੁਕਾਵਟ ਕਾਰਨ ਉਪਜਿਆ ਤੀਬਰ ਭਾਵ ਹੁੰਦਾ ਹੈ।

ਕ੍ਰੋਧ ਵਿਚ ਹੌਲੀ ਬੋਲਣਾ ਸੰਭਵ ਨਹੀਂ ਹੁੰਦਾ। ਕ੍ਰੋਧ ਪ੍ਰਚੰਡ ਹੋ ਕੇ ਗਾਲ੍ਹਾਂ ਵਿਚ ਪ੍ਰਗਟ ਹੁੰਦਾ ਹੈ। ਜਦੋਂ ਕ੍ਰੋਧ ਨਾਲ ਵੀ ਰੁਕਾਵਟ ਦੂਰ ਨਾ ਹੋਵੇ ਤਾਂ ਗਾਲ੍ਹਾਂ ਨਾਲ ਰਸਤਾ ਸਾਫ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਗਾਲ੍ਹਾਂ, ਧਮਕੀਆਂ ਦਾ ਰੂਪ ਧਾਰ ਲੈਂਦੀਆਂ ਹਨ ਅਤੇ ਜਦੋਂ ਧਮਕੀਆਂ ਵੀ ਅਸਫਲ ਹੋਣ ਤਾਂ ਲੜਾਈ ਹੁੰਦੀ ਹੈ।

ਆਮ ਕਰ ਕੇ ਹਰ ਲੜਾਈ ਕ੍ਰੋਧ, ਗਾਲ੍ਹਾਂ ਅਤੇ ਧਮਕੀਆਂ ਉਪਰੰਤ ਪ੍ਰਗਟ ਹੁੰਦੀ ਹੈ।

ਧਮਕੀਆਂ ਨੂੰ ਅਮਲ ਵਿਚ ਲਿਆਉਣ ਲਈ, ਕ੍ਰੋਧ ਸਾਨੂੰ ਕੋਈ ਹਥਿਆਰ ਚੁੱਕਣ ਲਈ ਪ੍ਰੇਰਦਾ ਹੈ।

ਵੇਖਿਆ ਗਿਆ ਹੈ ਕਿ ਬਹੁਤੀਆਂ ਨਿੱਜੀ ਲੜਾਈਆਂ ਵਿਚ ਹਥਿਆਰਾਂ ਦੀ ਨਹੀਂ, ਕੇਵਲ ਹੱਥਾਂ-ਪੈਰਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਲੜਾਈਆਂ ਦਾ ਉਦੇਸ਼ ਦੂਜੇ ਤੋਂ

ਈਨ ਮਨਵਾਉਣਾ ਹੁੰਦਾ ਹੈ ਪਰ ਜੇ ਮਿੱਥ ਕੇ ਹਥਿਆਰਾਂ ਦੀ ਵਰਤੋਂ ਕੀਤੀ ਜਾਵੇ ਤਾਂ ਉਦੇਸ਼ ਦੁਸ਼ਮਣ ਨੂੰ ਮਾਰ-ਮੁਕਾਉਣਾ ਹੁੰਦਾ ਹੈ।

ਹਰ ਹਥਿਆਰਬੰਦ ਲੜਾਈ ਵਿਚ ਆਪਣੇ ਵੀ ਮਾਰੇ ਜਾਣ ਜਾਂ ਜ਼ਖ਼ਮੀ ਹੋਣ ਦਾ ਖ਼ਤਰਾ ਬਰਾਬਰ ਬਣਿਆ ਰਹਿੰਦਾ ਹੈ, ਸੋ ਕਿਸੇ ਵੀ ਸਮਾਜ ਵਿਚ ਹਥਿਆਰਬੰਦ ਲੜਾਈਆਂ ਦੀ ਗਿਣਤੀ ਬਹੁਤੀ ਨਹੀਂ ਹੁੰਦੀ।

ਸਰੀਰਕ ਲੜਾਈ ਵਿਚ ਕਮਜ਼ੋਰ ਧਿਰ ਨੂੰ, ਕਿਸੇ ਗੁੱਝੀ ਸੱਟ ਲਗਣ ਦਾ ਡਰ ਬਣਿਆ ਰਹਿੰਦਾ ਹੈ, ਸੋ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਬਹੁਤੇ ਝਗੜੇ ਗਾਲ੍ਹਾਂ ਅਤੇ ਧਮਕੀਆਂ ਦੀ ਪੱਧਰ ਤੋਂ ਅੱਗੇ ਨਹੀਂ ਵੱਧਦੇ।

ਸਭਿਅਤਾ ਦੇ ਵਿਕਾਸ ਵਿਚ ਗਾਲ੍ਹਾਂ ਕੱਢਣਾ ਅਤੇ ਧਮਕੀਆਂ ਦੇਣੀਆਂ ਅਰਥਾਤ ਲੜਨ ਦੀ ਥਾਂ ਸ਼ਬਦਾਂ ਨਾਲ ਆਪਣਾ ਉਦੇਸ਼ ਪੂਰਾ ਕਰਨਾ, ਮਨੁੱਖ ਦੀਆਂ ਮਾਣ ਕਰਨ ਯੋਗ ਵੱਡੀਆਂ ਪ੍ਰਾਪਤੀਆਂ ਹਨ, ਕਿਉਂਕਿ ਇਨ੍ਹਾਂ ਨੇ ਮਰਨ-ਮਾਰਨ ਵਾਲੀਆਂ ਲੜਾਈਆਂ ਨੂੰ ਘਟਾਇਆ ਹੈ।

ਲੜਾਈ ਕੋਈ ਵੀ ਹੋਵੇ, ਉਸ ਦੀ ਚਾਲ ਤਿੱਖੀ ਹੁੰਦੀ ਹੈ।

ਸਰੀਰਕ ਲੜਾਈ ਲੜਨ ਵਾਲੇ ਨੇ ਜੋ ਕੁਝ ਕਰਨਾ ਹੁੰਦਾ ਹੈ, ਉਹ ਕੁਝ ਸਕਿੰਟਾਂ ਵਿਚ ਵਾਹੋਦਾਹੀ ਹੀ ਕਰਨਾ ਹੁੰਦਾ ਹੈ।

ਲੜਾਈ ਦੇ ਲੰਮੇ ਹੋ ਜਾਣ ਉੱਤੇ, ਜਵਾਬੀ ਹਮਲਾ ਹੋਣ ਦਾ ਡਰ ਹੁੰਦਾ ਹੈ, ਸੋ ਦੂਜੀ ਧਿਰ ਦੇ ਸੰਭਲਣ ਤੋਂ ਪਹਿਲਾਂ ਹੀ ਮੁੱਕਿਆਂ ਅਤੇ ਠੁੱਡਿਆਂ ਦੀ ਬੁਛਾੜ ਕੀਤੀ ਜਾਂਦੀ ਹੈ।

ਇਸ ਉਪਰੰਤ ਮਾਰ ਖਾਣ ਵਾਲੀ ਧਿਰ, ਜਾਂ ਤਾਂ ਦੌੜ ਜਾਣ ਦਾ ਯਤਨ ਕਰਦੀ ਹੈ ਜਾਂ ਜੇ ਅਜਿਹਾ ਸੰਭਵ ਨਾ ਹੋਵੇ ਤਾਂ ਆਪਣੇ ਸਰੀਰ ਦੇ ਮਹੱਤਵਪੂਰਨ ਅੰਗਾਂ ਨੂੰ ਬਚਾ ਕੇ ਮਾਰ ਖਾਂਦੀ ਰਹਿੰਦੀ ਹੈ ਜਾਂ ਹਮਲਾ ਕਰਨ ਵਾਲੀ ਧਿਰ ਦੀ ਰਫ਼ਤਾਰ ਘੱਟਦਿਆਂ ਹੀ, ਉਸ ਉੱਤੇ ਜਵਾਬੀ ਹਮਲਾ ਕਰਦੀ ਹੈ।

ਅਜਿਹੀ ਲੜਾਈ ਵਿਚ ਸਮੁੱਚੀ ਸਥਿਤੀ ਕੁਸ਼ਤੀ ਵਾਲੀ ਹੋ ਨਿਬੜਦੀ ਹੈ, ਜਿਸ ਵਿਚ ਵਾਲਾਂ ਦਾ ਪੁੱਟਣਾ, ਚੱਕ ਮਾਰਨਾ, ਨਹੁੰਦਰਾਂ ਮਾਰਨਾ ਆਦਿ ਵੀ ਸ਼ਾਮਲ ਹੋ ਜਾਂਦਾ ਹੈ।

ਕਿਸੇ ਲੜਾਈ ਵਿਚ ਨਿਮਰਤਾ ਨਹੀਂ ਵਿਖਾਈ ਜਾ ਸਕਦੀ। ਲੜਦਿਆਂ ਆਰਾਮ ਨਹੀਂ ਕੀਤਾ ਜਾ ਸਕਦਾ। ਲੜਾਈ ਵਿਚ ਵਿਰੋਧੀ ਨਾਲ ਸਤਿਕਾਰ ਨਾਲ ਪੇਸ਼ ਨਹੀਂ ਆਇਆ ਜਾ ਸਕਦਾ। ਲੜਾਈ ਵਿਚ ਮਿਹਰਬਾਨੀ ਲਈ ਕੋਈ ਥਾਂ ਨਹੀਂ ਹੁੰਦੀ। ਲੜਾਈ ਵਿਚ ਸੁੰਦਰ ਪ੍ਰਤੀਤ ਹੋਣਾ ਸੰਭਵ ਨਹੀਂ ਹੁੰਦਾ।

ਲਗਭਗ ਹਰ ਲੜਾਈ ਕੁਝ ਤਮਾਸ਼ਬੀਨਾਂ ਨੂੰ ਆਪਣੇ ਵੱਲ ਖਿੱਚਦੀ ਹੈ, ਕਿਉਂਕਿ ਹਰ ਲੜਾਈ ਵਿਚ ਤਮਾਸ਼ੇ ਦਾ ਅੰਸ਼ ਹੁੰਦਾ ਹੈ। ਜੁੜੀ ਹੋਈ ਭੀੜ ਵਿਚਲੇ ਹਰ ਵਿਅਕਤੀ ਵਿਚ ਤਿੰਨਾਂ ਵਿਚੋਂ ਕੋਈ ਇਕ ਭਾਵਨਾ ਹੁੰਦੀ ਹੈ : ਲੜਾਈ ਵੇਖਦੇ ਰਹਿਣ ਦੀ, ਵੇਖ ਕੇ ਉਥੋਂ ਚਲੇ ਜਾਣ ਦੀ ਜਾਂ ਲੜਾਈ ਖ਼ਤਮ ਕਰਵਾਉਣ ਦੀ।

ਵੱਡੇ ਸ਼ਹਿਰਾਂ ਵਿਚ ਲੋਕ ਇਕ ਦੂਜੇ ਦੇ ਜਾਣੂ ਨਾ ਹੋਣ ਕਾਰਨ ਲੜਾਈ ਨੂੰ ਖ਼ਤਮ ਕਰਵਾਉਣ ਦਾ ਯਤਨ ਨਹੀਂ ਕਰਦੇ, ਉਹ ਵੇਖਦੇ ਹਨ ਜਾਂ ਕੁਝ ਚਿਰ ਵੇਖ ਕੇ ਚਲੇ ਜਾਂਦੇ ਹਨ। ਕਸਬਿਆਂ ਜਾਂ ਛੋਟੀਆਂ ਥਾਂਵਾਂ 'ਤੇ ਲੋਕ ਇਕ-ਦੂਜੇ ਦੇ ਜਾਣੂ ਹੋਣ ਕਾਰਨ ਲੜਾਈ ਖ਼ਤਮ ਕਰਵਾਉਣ ਦਾ ਯਤਨ ਕਰਦੇ ਹਨ।

ਅਕਸਰ ਵੇਖਿਆ ਗਿਆ ਹੈ ਕਿ ਲੜਾਈ ਵਿਚ ਕੁੱਟ ਖਾ ਕੇ ਦੌੜ ਜਾਣ ਵਾਲੀ ਧਿਰ, ਇਕ ਵਾਰੀ ਹੋਰ ਜ਼ਰੂਰ ਲੜਦੀ ਹੈ।

ਸਮਝੌਤਾ ਸੰਭਵ ਹੀ ਤਾਂ ਹੁੰਦਾ ਹੈ ਜਦੋਂ ਦੋਹਾਂ ਧਿਰਾਂ ਦਾ ਸਾਰਾ ਜ਼ੋਰ ਲੱਗ ਚੁੱਕਾ ਹੋਵੇ ਜਾਂ ਜਿੱਤ-ਹਾਰ ਦਾ ਪੂਰਾ ਨਿਰਣਾ ਹੋ ਚੁੱਕਾ ਹੋਵੇ। ਜਦੋਂ ਤੱਕ ਸਪਸ਼ਟ ਰੂਪ ਵਿਚ ਇਕ ਧਿਰ ਜਿੱਤਦੀ ਨਹੀਂ ਅਤੇ ਇਕ ਧਿਰ ਹਾਰਦੀ ਨਹੀਂ, ਸਮਝੌਤੇ ਦਾ ਯਤਨ ਸਫ਼ਲ ਨਹੀਂ ਹੁੰਦਾ ਜਾਂ ਕੀਤਾ ਸਮਝੌਤਾ ਹੰਢਣਸਾਰ ਨਹੀਂ ਹੁੰਦਾ।

ਲੜਾਈ ਦੀਆਂ ਕਈ ਕਿਸਮਾਂ ਹੁੰਦੀਆਂ ਹਨ, ਜਿਵੇਂ ਸਭ ਤੋਂ ਭੈੜੀ ਲੜਾਈ ਭਰਾਵਾਂ ਜਾਂ ਕਿਸੇ ਸਮੇਂ ਰਹਿ ਚੁੱਕੇ ਦੋਸਤਾਂ ਜਾਂ ਸਹਿਯੋਗੀਆਂ ਵਿਚਕਾਰ ਹੁੰਦੀ ਹੈ। ਸਭ ਤੋਂ ਗੰਦੀ ਲੜਾਈ ਪਤੀ-ਪਤਨੀ ਵਿਚਕਾਰ ਹੁੰਦੀ ਹੈ। ਸਭ ਤੋਂ ਵੱਧ ਬੇਸ਼ਰਮ ਲੜਾਈ ਸੱਸ-ਜਵਾਈ ਜਾਂ ਨੂੰਹ-ਸਹੁਰੇ ਵਿਚਕਾਰ ਹੁੰਦੀ ਹੈ। ਸਭ ਤੋਂ ਵੱਧ ਥਕਾਵਟ ਵਾਲੀ ਲੜਾਈ ਮਾਲਕ-ਮਕਾਨ ਅਤੇ ਕਿਰਾਏਦਾਰ ਵਿਚਕਾਰ ਹੁੰਦੀ ਹੈ। ਸਭ ਤੋਂ ਵੱਧ ਬੇਵਕੂਫ਼ੀ ਲੜਾਈ ਗਵਾਂਢੀਆਂ ਵਿਚਕਾਰ ਹੁੰਦੀ ਹੈ ਅਤੇ ਸਭ ਤੋਂ ਮਹਿੰਗੀ ਅਤੇ ਹਾਨੀਕਾਰਕ ਲੜਾਈ ਅਫ਼ਸਰ ਅਤੇ ਕਰਮਚਾਰੀ ਵਿਚਕਾਰ ਹੁੰਦੀ ਹੈ, ਆਦਿ।

ਹਰ ਲੜਾਈ ਦਾ ਸੁਭਾਅ, ਢੰਗ, ਸ਼ਬਦਾਵਲੀ ਅਤੇ ਰਾਗ ਵੱਖਰਾ ਹੁੰਦਾ ਹੈ।

ਕਈ ਲੜਾਈਆਂ ਅਤਿਅੰਤ ਦਿਲਚਸਪ ਵੀ ਹੁੰਦੀਆਂ ਹਨ ਜਿਵੇਂ ਦੋ ਕਵੀਆਂ ਜਾਂ ਲੇਖਕਾਂ ਦੀ ਲੜਾਈ, ਦੋ ਸੌਂਕਣਾਂ ਦੀ ਲੜਾਈ, ਦੋ ਸੰਤਾਂ ਦੀ ਲੜਾਈ ਜਾਂ ਦੋ ਡਾਕਟਰਾਂ ਜਾਂ ਵਕੀਲਾਂ ਦੀ ਲੜਾਈ, ਆਦਿ।

ਕਈ ਲੜਾਈਆਂ ਨੂੰ ਮਨੋਰੰਜਨ ਅਤੇ ਖੇਡਾਂ ਦਾ ਰੂਪ ਦੇ ਦਿੱਤਾ ਗਿਆ ਹੈ ਅਤੇ ਕਈ ਖੇਡਾਂ ਦਾ ਅੰਤ ਲੜਾਈਆਂ ਵਿਚ ਹੁੰਦਾ ਹੈ।

ਪੁਰਾਤਨ ਯੂਨਾਨ ਵਿਚ ਕਿਸੇ ਤਿਉਹਾਰ ਜਾਂ ਮੀਂਹ ਦੀ ਸੂਰਤ ਵਿਚ ਲੜਾਈ ਰੋਕ ਦਿੱਤੀ ਜਾਂਦੀ ਸੀ। ਹੁਣ ਵੀ ਅਫ਼ਰੀਕਾ ਦੇ ਕਈ ਕਬੀਲਿਆਂ ਵਿਚ ਰਾਤ ਪੈਣ ਉੱਤੇ ਲੜਾਈ ਰੋਕ ਦਿੱਤੀ ਜਾਂਦੀ ਹੈ ਅਤੇ ਸਾਡੇ ਆਪਣੇ ਦੇਸ਼ ਦੇ ਕਈ ਸਮਾਜਾਂ ਦੇ ਕਿਸੇ ਗਲੀ-ਮੁਹੱਲੇ ਵਿਚ ਆਹਮੋ-ਸਾਹਮਣੇ ਘਰਾਂ ਵਿਚਕਾਰ ਰਿੰਨ੍ਹਣ-ਪਕਾਉਣ ਸਮੇਂ ਲੜਾਈ ਰੋਕ ਦਿੱਤੀ ਜਾਂਦੀ ਹੈ।

ਬੱਚੇ ਅਕਸਰ ਕਿਸੇ ਚੀਜ਼ ਪਿੱਛੇ ਲੜਦੇ ਹਨ। ਜਵਾਨ ਕਿਸੇ ਦਾ ਸਾਥ ਪ੍ਰਾਪਤ ਕਰਨ ਲਈ ਜਾਂ ਕਿਸੇ ਦਾ ਸਾਥ ਖੁੱਸ ਜਾਣ ਕਾਰਨ ਲੜਦੇ ਹਨ। ਅੱਧਖੜ ਉਮਰ ਦੇ ਲੋਕ ਜਾਇਦਾਦ ਜਾਂ ਰੁਤਬੇ ਲਈ ਲੜਦੇ ਹਨ।

ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਸ਼ਾਬਦਿਕ ਲੜਾਈ ਸ਼ੁਰੂ ਕਰਨ ਵਿਚ ਘੱਟ ਸਮਾਂ ਲਾਉਂਦੀਆਂ ਹਨ ਪਰ ਪੁਰਸ਼ਾਂ ਦੀਆਂ ਲੜਾਈਆਂ ਇਸਤਰੀਆਂ ਦੀਆਂ ਲੜਾਈਆਂ ਨਾਲੋਂ ਲੰਮੀਆਂ ਹੁੰਦੀਆਂ ਹਨ।

ਜਦੋਂ ਦੋ ਇਸਤਰੀਆਂ ਲੜਨ ਲਈ ਲਲਚਾ ਰਹੀਆਂ ਹੋਣ ਤਾਂ ਉਹ ਕੋਈ ਨਾ ਕੋਈ ਢੰਗ ਲੱਭ ਲੈਂਦੀਆਂ ਹਨ, ਜਿਵੇਂ 'ਆ ਭੈਣੇ ਲੜੀਏ! ਲੜਦੀ ਐ ਮੇਰੀ ਜੁੱਤੀ। ਨੀ ਜੁੱਤੀ ਮਾਰ ਆਪਣੇ ਖਸਮ ਨੂੰ। ਤੇਰੇ ਖਸਮ ਨੂੰ ਕਿਉਂ ਨਾ ਮਾਰਾਂ, ਜਿਹੜਾ ਮੇਰੇ ਵੱਲ ਅੱਖਾਂ ਪਾੜ-ਪਾੜ ਕੇ ਵੇਖਦੈ। ਨੀ ਤੇਰੇ ਵਿਚ ਹੈ ਕੀ, ਚੁੜੇਲ ਜਿਹੀ ਨਾ ਹੋਵੇ, ਛਿਪਕਲੀ ਵਰਗਾ ਤੇਰਾ ਮੂੰਹ। ਨੀ ਤੂੰ ਆਪਣਾ ਮੂੰਹ ਤਾਂ ਦੇਖ...' ਅਤੇ ਇਵੇਂ ਲੜਾਈ ਆਰੰਭ ਹੋ ਜਾਂਦੀ ਹੈ।

ਇਸਤਰੀਆਂ ਦੀਆਂ ਬਹੁਤੀਆਂ ਲੜਾਈਆਂ ਸੰਤਾਨ ਕਾਰਨ ਹੁੰਦੀਆਂ ਹਨ।

ਘਰਾਂ ਦੇ ਅੰਦਰਲੀਆਂ ਲੜਾਈਆਂ ਹੁੰਦੀਆਂ ਭਰਾਵਾਂ ਦੀਆਂ ਹਨ ਪਰ ਲੜਨੀਆਂ ਉਨ੍ਹਾਂ ਦੀਆਂ ਪਤਨੀਆਂ ਨੂੰ ਪੈਂਦੀਆਂ ਹਨ ਅਤੇ ਭਰਾ ਸਮਝੌਤੇ ਉਪਰੰਤ ਕਹਿੰਦੇ ਹਨ 'ਘਰ ਵਾਲੀਆਂ ਨੇ ਲੜਾ ਦਿੱਤੇ ਸਨ।'

ਜਿਸਮਾਨੀ ਲੜਾਈ ਦੀ ਸੂਰਤ ਵਿਚ ਵਾਰ ਕਿਥੇ ਕੀਤਾ ਜਾਂਦਾ ਹੈ, ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਹਮਲਾਵਰ ਕਿਤਨੇ ਗੁੱਸੇ ਵਿਚ ਹੈ। ਅੱਖਾਂ, ਕੰਨ, ਨੱਕ, ਜਬਾੜਾ ਆਦਿ ਵੱਧ ਤੋਂ ਵੱਧ ਪੀੜ ਉਪਜਾਉਣ ਲਈ ਵਾਰ ਦਾ ਨਿਸ਼ਾਨਾ ਬਣਾਏ ਜਾਂਦੇ ਹਨ।

ਸਰੀਰਕ ਲੜਾਈ ਵਿਚ ਥੱਪੜ ਮਾਰਨ ਦਾ ਯਤਨ ਜ਼ਰੂਰ ਕੀਤਾ ਜਾਂਦਾ ਹੈ। ਸਿਰ ਵਿਚ ਸੱਟ ਸਹਿਣ ਦੀ ਬਹੁਤ ਸ਼ਕਤੀ ਹੁੰਦੀ ਹੈ। ਸਰੀਰ ਦੇ ਗੁਪਤ ਅੰਗ, ਅਪਮਾਨ ਦੀ ਭਾਵਨਾ ਨਾਲ ਨਿਸ਼ਾਨਾ ਬਣਾਏ ਜਾਂਦੇ ਹਨ।

ਦੋ ਧੜਿਆਂ ਵਿਚ ਜਿਸਮਾਨੀ ਲੜਾਈ ਹੁਣ ਵੀ ਉਵੇਂ ਹੀ ਲੜੀ ਜਾਂਦੀ ਹੈ, ਜਿਵੇਂ ਹਜ਼ਾਰਾਂ ਸਾਲ ਪਹਿਲਾਂ ਕਬੀਲਿਆਂ ਵਿਚਕਾਰ ਲੜੀ ਜਾਂਦੀ ਸੀ।

ਜਿਸਮਾਨੀ ਲੜਾਈ ਬਹੁਤੀ ਲੰਮੀ ਇਸ ਕਾਰਨ ਨਹੀਂ ਹੁੰਦੀ, ਕਿਉਂਕਿ ਹਮਲੇ ਦਾ ਸ਼ਿਕਾਰ ਹੋਈ ਧਿਰ ਦੀ ਸ਼ਕਲ ਕਰੂਪ ਹੋ ਜਾਂਦੀ ਹੈ ਅਤੇ ਉਸ ਦੇ ਮਰ ਜਾਣ ਦਾ ਡਰ ਉਤਪੰਨ ਹੋ ਜਾਂਦਾ ਹੈ। ਜਿਸਮਾਨੀ ਲੜਾਈ ਦਾ ਉਦੇਸ਼ ਅਕਸਰ ਕਿਸੇ ਨੂੰ ਮਾਰਨਾ ਨਹੀਂ ਹੁੰਦਾ, ਉਸ ਨੂੰ ਹਮਲਾਵਰ ਧਿਰ ਵਲੋਂ ਆਪਣੀ ਸ਼ਕਤੀ ਦਾ ਗਿਆਨ ਕਰਵਾਉਣਾ ਹੁੰਦਾ ਹੈ।

ਲੜਾਈ ਲਈ ਹਥਿਆਰਾਂ ਦੇ ਨਿਰਮਾਣ ਨਾਲ ਲੜਾਈ ਦਾ ਸੁਭਾਅ ਅਤੇ ਉਦੇਸ਼ ਬਦਲ ਗਏ ਹਨ। ਅਜੋਕੇ ਹਥਿਆਰ ਆਪਣੇ ਮੁੱਢਲੇ ਰੂਪ ਵਿਚ ਸ਼ਿਕਾਰ ਦੇ ਸੰਦ ਸਨ, ਜਿਨ੍ਹਾਂ ਦੀ ਵਰਤੋਂ ਮਨੁੱਖ ਨੇ ਆਪਣੇ ਤੋਂ ਕਈ ਗੁਣਾਂ ਵਧੇਰੇ ਸ਼ਕਤੀਸ਼ਾਲੀ ਜੀਵਾਂ ਨਾਲ ਮੁਕਾਬਲਾ ਕਰਨ ਲਈ ਕੀਤੀ ਸੀ।

ਹਰ ਬੀਤਦੀ ਸਦੀ ਨਾਲ ਅਤੇ ਹੁਣ ਹਰ ਬੀਤਦੇ ਦਹਾਕੇ ਨਾਲ, ਹਥਿਆਰ ਵਧੇਰੇ ਵਿਨਾਸ਼ਕਾਰੀ ਅਤੇ ਸ਼ਕਤੀਸ਼ਾਲੀ ਹੁੰਦੇ ਗਏ ਹਨ।

ਹਰ ਜੀਵ-ਜੰਤੂ ਨੂੰ ਪ੍ਰਕ੍ਰਿਤੀ ਨੇ ਆਪਣੀ ਰੱਖਿਆ ਲਈ ਦੰਦ ਜਾਂ ਨਹੁੰ ਜਾਂ ਸਿੰਗ ਆਦਿ ਦਿੱਤੇ ਹਨ। ਮਨੁੱਖ ਹੀ ਅਜਿਹਾ ਜੀਵ ਹੈ ਜਿਸ ਕੋਲ ਅਜਿਹੀ ਸਮਰੱਥਾ ਨਹੀਂ ਪਰ

ਮਨੁੱਖ ਨੇ ਆਪਣੀ ਬੁੱਧੀ ਵਰਤ ਕੇ ਅਤੇ ਹਥਿਆਰ ਸਿਰਜ ਕੇ, ਸਾਰੇ ਜੀਵ-ਜਗਤ ਨੂੰ ਤਬਾਹ ਕਰਨ ਦੀ ਸ਼ਕਤੀ ਅਤੇ ਸਮਰੱਥਾ ਪ੍ਰਾਪਤ ਕਰ ਲਈ ਹੈ। ਜੀਵ-ਜੰਤੂ ਜਗਤ ਤਾਂ ਮਨੁੱਖ ਨਾਲ ਲੜਨ ਦੇ ਪੱਖੋਂ ਨਿਮਾਣਾ ਅਤੇ ਨਿਤਾਣਾ ਹੋ ਗਿਆ ਹੈ, ਸੋ ਮਨੁੱਖ ਨੇ ਪ੍ਰਾਪਤ ਕੀਤੀ ਸ਼ਕਤੀ ਨੂੰ ਮਨੁੱਖਾਂ ਦੇ ਵਿਰੁੱਧ ਹੀ ਵਰਤਣਾ ਆਰੰਭ ਕਰ ਦਿੱਤਾ ਹੈ।

ਮਨੁੱਖ ਦੇ ਮੁਢਲੇ ਹਥਿਆਰ ਖੁੰਢੇ ਸਨ, ਫਿਰ ਉਸ ਨੇ ਤਿੱਖੇ ਹਥਿਆਰਾਂ ਦਾ ਨਿਰਮਾਣ ਕੀਤਾ, ਫਿਰ ਉਸ ਨੇ ਅੱਗ ਉਗਲਣ ਵਾਲੇ ਹਥਿਆਰ ਸਿਰਜੇ।

ਮੁੱਢਲੇ ਮਨੁੱਖ ਦਾ ਉਦੇਸ਼ ਵਿਰੋਧੀ ਜਾਨਵਰਾਂ ਨੂੰ ਹਥਿਆਰਾਂ ਦੀ ਸਹਾਇਤਾ ਨਾਲ ਆਪਣੇ ਅਧੀਨ ਕਰਨਾ ਸੀ, ਅਜੋਕੇ ਮਨੁੱਖ ਦਾ ਉਦੇਸ਼ ਵਿਰੋਧੀ ਮਨੁੱਖਾਂ ਤੋਂ ਈਨ ਮੰਨਵਾਉਣਾ ਜਾਂ ਉਨ੍ਹਾਂ ਨੂੰ ਮਾਰ-ਮੁਕਾਉਣਾ ਹੁੰਦਾ ਹੈ।

ਹਥਿਆਰਾਂ ਨਾਲ ਲੜਾਈ ਦਾ ਆਧਾਰ ਸਰੀਰਕ ਸ਼ਕਤੀ ਤੋਂ ਬਦਲ ਕੇ, ਹਥਿਆਰਾਂ ਦੀ ਸ਼ਕਤੀ ਉੱਤੇ ਕੇਂਦਰਿਤ ਹੋ ਗਿਆ ਹੈ।

ਇਸ ਪੱਖ ਤੋਂ ਲਗਭਗ ਸਾਰੀਆਂ ਅਜੋਕੀਆਂ ਲੜਾਈਆਂ ਅਸਾਵੀਆਂ ਲੜਾਈਆਂ ਹੋ ਗਈਆਂ ਹਨ। ਜਿਸ ਧਿਰ ਕੋਲ ਵਧੇਰੇ ਸ਼ਕਤੀਸ਼ਾਲੀ ਹਥਿਆਰ ਹੁੰਦੇ ਹਨ, ਉਹ ਵਧੇਰੇ ਸੁਰੱਖਿਅਤ ਹੋਣ ਕਾਰਨ, ਵਧੇਰੇ ਸੰਕੋਚ ਅਤੇ ਸੰਜਮ ਵਿਖਾਉਣ ਦੀ ਥਾਂ, ਵਧੇਰੇ ਨਿਰਦਇਤਾ ਵਿਖਾਉਂਦੀ ਅਤੇ ਵਧੇਰੇ ਹਿੰਸਾ ਕਰਦੀ ਹੈ।

ਨਵੇਂ ਹਥਿਆਰ, ਪਹਿਲੇ ਹਥਿਆਰਾਂ ਵਾਂਗ ਕੇਵਲ ਸ਼ਕਤੀਸ਼ਾਲੀ ਹੋਣ ਦੀ ਥਾਂ ਵਧੇਰੇ ਫੁਰਤੀਲੇ ਵੀ ਹਨ, ਸੋ ਲੜਾਈ ਵਿਚ ਲੱਗਣ ਵਾਲਾ ਸਮਾਂ ਘੱਟ ਰਿਹਾ ਹੈ ਪਰ ਹੋਣ ਵਾਲੀ ਤਬਾਹੀ ਵੱਧ ਹੁੰਦੀ ਹੈ।

ਅਜੋਕੇ ਯੁੱਗ ਵਿਚ ਲੜਾਈ, ਇਸ ਢੰਗ ਨਾਲ ਵਿਉਂਤੀ ਜਾਂਦੀ ਹੈ ਕਿ ਇਹ ਘੱਟ ਤੋਂ ਘੱਟ ਸਮੇਂ ਵਿਚ ਫੈਸਲਾਕੁਨ ਹੋ ਨਿਬੜੇ ਅਤੇ ਦੂਜੀ ਧਿਰ ਇਸ ਹੱਦ ਤੱਕ ਤਬਾਹ ਹੋ ਜਾਵੇ ਕਿ ਸਮਝੌਤਾ ਕਰਨ ਦੀ ਲੋੜ ਨਾ ਪਵੇ।

ਮਾਨਵੀ ਸਬੰਧਾਂ ਵਿਚ ਵੀ ਇਹ ਪ੍ਰਵਿਰਤੀ ਫੈਲ ਰਹੀ ਹੈ। ਸਮਾਜਿਕ ਖੇਤਰ ਵਿਚ ਆਪਣੇ ਵਿਰੋਧੀ ਨਾਲ ਗੱਲਬਾਤ ਕਰਨ ਦੀ ਥਾਂ, ਉਸ ਨੂੰ ਆਪਣੇ ਰਸਤੇ ਵਿਚੋਂ ਹਟਾਉਣ ਜਾਂ ਮਾਰ-ਮੁਕਾਉਣ ਦੇ ਯਤਨ ਵਧੇਰੇ ਸੋਚੇ ਜਾਣ ਲੱਗ ਪਏ ਹਨ।

ਸ਼ਹਿਰਾਂ ਦੀਆਂ ਆਬਾਦੀਆਂ ਵੱਧ ਰਹੀਆਂ ਹਨ ਅਤੇ ਘਰਾਂ ਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ, ਸੋ ਹਰ ਪ੍ਰਕਾਰ ਦਾ ਮੁਕਾਬਲਾ ਵੱਧ ਰਿਹਾ ਹੈ ਅਤੇ ਮੁਕਾਬਲੇ ਵਿਚ ਸਭ ਪ੍ਰਕਾਰ ਦੇ ਅਨੁਚਿਤ ਢੰਗ-ਤਰੀਕੇ ਵਰਤੇ ਜਾ ਰਹੇ ਹਨ।

ਇਸ ਪ੍ਰਵਿਰਤੀ ਨਾਲ, ਹਰ ਹੀਲੇ ਅਤੇ ਬਿਨਾਂ ਮਿਹਨਤ ਕੀਤਿਆਂ ਅਮੀਰ ਹੋਣ ਦੀ ਅਯੋਗ ਇੱਛਾ ਕਾਰਨ, ਸਾਦੇ ਅਤੇ ਸਰਲ ਝਗੜੇ ਵੀ ਲੜਾਈਆਂ ਬਣ ਰਹੇ ਹਨ। ਇੱਛਾਵਾਂ ਦੇ ਅਤ੍ਰਿਪਤ ਰਹਿਣ ਕਾਰਨ ਸਹਿਣਸ਼ੀਲਤਾ ਘੱਟ ਰਹੀ ਹੈ ਅਤੇ ਕ੍ਰੋਧ ਵੱਧ ਰਿਹਾ ਹੈ।

ਕਰੋਧ, ਹਥਿਆਰ ਪ੍ਰਾਪਤ ਕਰਨ ਦੀ ਇੱਛਾ ਨੂੰ ਵੱਧਾਉਂਦਾ ਹੈ ਅਤੇ ਹਥਿਆਰ ਭੈਅ, ਸਹਿਮ ਅਤੇ ਮੌਤ ਦਾ ਵਾਤਾਵਰਣ ਸਿਰਜਦੇ ਹਨ।

ਕਿਸੇ ਸਮਾਜ ਦੀ ਟੋਰ ਨੂੰ, ਉਸ ਵਲੋਂ ਵਰਤੇ ਜਾਂਦੇ ਹਥਿਆਰਾਂ ਦੀ ਪੱਧਰ ਅਤੇ ਮਾਤਰਾ ਤੋਂ ਮਾਪਿਆ ਜਾ ਸਕਦਾ ਹੈ।

ਹਥਿਆਰ ਨੂੰ ਹਥਿਆਰ ਵਜੋਂ ਹੀ ਵਰਤਿਆ ਜਾ ਸਕਦਾ ਹੈ।

ਹਥਿਆਰ ਦੀ ਹਰ ਵਰਤੋਂ ਅੰਤਲੇ ਰੂਪ ਵਿਚ ਦੁਰਵਰਤੋਂ ਹੀ ਹੁੰਦੀ ਹੈ।

ਉਪਰੋਕਤ ਸਾਰੀ ਸਥਿਤੀ ਦਾ ਸਿੱਧਾ ਨਤੀਜਾ ਇਹ ਹੁੰਦਾ ਹੈ ਕਿ ਲੜਾਈਆਂ ਵੱਧ ਰਹੀਆਂ ਹਨ ਅਤੇ ਇਹ ਵਧੇਰੇ ਹਿੰਸਕ ਹੋ ਰਹੀਆਂ ਹਨ ਪਰ ਸਮਝੌਤੇ ਦੀਆਂ ਸੰਭਾਵਨਾਵਾਂ ਲੋਪ ਹੁੰਦੀਆਂ ਜਾ ਰਹੀਆਂ ਹਨ। ਇਸ ਸਥਿਤੀ ਵਿਚ ਅਜੋਕਾ ਮਨੁੱਖ ਆਪਣੇ ਜੀਵਨ ਸਬੰਧੀ ਕੋਈ ਲੰਮੀ ਵਿਉਂਤ ਨਹੀਂ ਬਣਾ ਸਕਦਾ।

ਨਵੇਂ ਐਟਮੀ ਹਥਿਆਰਾਂ ਨਾਲ ਝਗੜੇ ਵਾਲੀ ਥਾਂ 'ਤੇ ਜਾਏ ਬਿਨਾਂ ਹੀ, ਦੁਸ਼ਮਣ ਦਾ ਸਾਹਮਣਾ ਕੀਤੇ ਬਿਨਾਂ ਹੀ, ਮਰਨ ਵਾਲੇ ਲੋਕਾਂ ਬਾਰੇ ਜਾਣੇ ਬਿਨਾਂ ਹੀ, ਲੜਾਈ ਲੜੀ ਜਾ ਸਕਦੀ ਹੈ। ਹੁਣ ਬੰਦੂਕ ਦਾ ਘੋੜਾ ਨਹੀਂ ਦੱਬਣਾ ਪੈਂਦਾ, ਕੇਵਲ ਇਕ ਉਂਗਲ ਨਾਲ ਬਟਨ ਦਬਾਉਣਾ ਪੈਂਦਾ ਹੈ ਅਤੇ ਗੋਲੀਆਂ ਅਤੇ ਬੰਬ ਆਦਿ ਆਪ-ਮੁਹਾਰੇ ਚੱਲਣ ਲੱਗ ਪੈਂਦੇ ਹਨ।

ਪਹਿਲਾਂ ਲੜਾਈਆਂ ਸੂਰਜ ਦੇ ਚਾਨਣੇ ਵਿਚ ਲੜੀਆਂ ਜਾਂਦੀਆਂ ਸਨ ਪਰ ਹੁਣ ਮੌਸਮ ਜਾਂ ਰੌਸ਼ਨੀ ਦਾ ਕੋਈ ਬੰਧਨ ਨਹੀ ਰਿਹਾ। ਹੁਣ ਕੰਪਿਊਟਰ ਅਤੇ ਮਸ਼ੀਨਾਂ ਹੀ ਸਭ ਕੁਝ ਕਰਦੀਆਂ ਹਨ, ਸੋ ਲੜਾਈ ਵਿਚ ਥਕਾਵਟ ਦੇ ਕੋਈ ਅਰਥ ਨਹੀਂ ਰਹੇ। ਲੜਾਈ ਦੂਰ ਬਹਿ ਕੇ ਬਟਨ ਦਬਾ ਕੇ ਲੜਨ ਦੀ ਸਮਰੱਥਾ ਕਾਰਨ ਹੁਣ ਲੜਨ ਵਾਲਿਆਂ ਦੀ ਆਤਮਾ ਉੱਤੇ ਤਬਾਹੀ ਮਚਾਉਣ ਕਾਰਨ ਕੋਈ ਬੋਝ ਨਹੀਂ ਪੈਂਦਾ।

ਅੱਜ ਦਾ ਅਸ਼ੋਕ, ਕਾਲਿੰਗਾ ਦੇ ਮੈਦਾਨ ਵਿਚ ਜਾਏ ਬਿਨਾਂ ਹੀ ਦੁਸ਼ਮਣ ਵਿਰੁਧ ਲੜਾਈ ਲੜ ਸਕਦਾ ਹੈ। ਲੜਾਈ ਦੀ ਪ੍ਰਕਾਰ ਬਦਲਣ ਕਾਰਨ ਲੜਾਈ ਵਿਚ ਜਿੱਤ-ਹਾਰ ਦਾ ਸੰਕਲਪ ਵੀ ਅਰਥ ਗੁਆ ਚੁੱਕਾ ਹੈ।

ਹੁਣ ਕੋਈ ਜਿੱਤਦਾ-ਹਾਰਦਾ ਨਹੀਂ, ਘੱਟ-ਵੱਧ ਤਬਾਹ ਹੁੰਦਾ ਹੈ। ਜ਼ਖਮੀਆਂ ਦੀ ਦੇਖਭਾਲ ਕਰਨਾ ਬੜਾ ਔਖਾ ਅਤੇ ਮਹਿੰਗਾ ਕੰਮ ਹੈ, ਸੋ ਦੁਸ਼ਮਣ ਨੂੰ ਜ਼ਖਮੀ ਨਹੀਂ ਕੀਤਾ ਜਾਂਦਾ, ਉਸ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ।

ਕੌਣ-ਕੌਣ ਮਰ ਗਿਆ ਹੈ, ਗਿਣਨ ਦੀ ਥਾਂ ਕੇਵਲ ਅੰਕੜੇ ਦੱਸੇ ਜਾਂਦੇ ਹਨ। ਹੁਣ ਕਿਸੇ ਵੀ ਪੱਧਰ ਉੱਤੇ ਸਮਝੌਤੇ ਦੀ ਗੱਲ ਹੀ ਨਹੀਂ ਕੀਤੀ ਜਾਂਦੀ।

ਸਮਝੌਤੇ ਸਬੰਧੀ ਗੱਲਬਾਤ ਕਰਨੀ ਬੜਾ ਲੰਮਾ ਅਤੇ ਥਕਾ ਦੇਣ ਵਾਲਾ ਕਾਰਜ ਹੈ, ਸੋ ਮਨੁੱਖੀ ਵਿਹਾਰ ਦਾ ਇਹ ਪੱਖ ਕਮਜ਼ੋਰ ਹੁੰਦਾ ਜਾ ਰਿਹਾ ਹੈ।

ਅਜੋਕਾ ਸੰਸਾਰ ਅਤੇ ਅਜੋਕਾ ਮਨੁੱਖ, ਸਮਝੌਤੇ ਦੀ ਥਾਂ ਹੋਏ ਨੁਕਸਾਨ ਦਾ ਯੋਗ ਮੁਆਵਜ਼ਾ ਲੈਣ-ਦੇਣ ਵੱਲ ਵਧੇਰੇ ਰੁਚਿਤ ਹੈ।

ਐਟਮੀ ਹਥਿਆਰਾਂ ਨੇ ਲੜਾਈ ਨੂੰ ਕਿਸੇ ਇਕ ਸਥਾਨ ਜਾਂ ਦੇਸ਼ ਤੱਕ ਸੀਮਤ ਰੱਖਣ ਦੀ ਥਾਂ, ਸਾਰੇ ਵਿਸ਼ਵ ਨੂੰ ਆਪਣੇ ਕਲਾਵੇ ਵਿਚ ਲੈ ਆਂਦਾ ਹੈ।

ਹੁਣ ਹਮਲਾਵਰ ਵੀ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝਦਾ ਅਤੇ ਸਥਿਤੀ ਮੁੜ ਉੱਥੇ ਅਪੜ ਗਈ ਹੈ, ਜਦੋਂ ਜਿਸਮਾਨੀ ਹਮਲਾ ਕਰਨ ਵਾਲਾ, ਜਵਾਬੀ ਹਮਲੇ ਦੇ ਭੈਅ ਵਿਚ ਵਿਚਰਦਾ ਸੀ। ਵਿਨਾਸ਼ਕਾਰੀ ਹਥਿਆਰਾਂ ਨੇ ਸਾਰੀ ਦੁਨੀਆਂ ਨੂੰ ਇਤਨਾ ਛੋਟਾ ਕਰ ਦਿੱਤਾ ਹੈ ਕਿ ਕੁਝ ਹੀ ਮਿੰਟਾਂ ਵਿਚ ਸਾਰੇ ਸੰਸਾਰ ਦੀ ਕਈ ਵਾਰ ਤਬਾਹੀ ਹੋ ਸਕਦੀ ਹੈ।

ਜਦੋਂ ਇਕ ਐਟਮ ਬੰਬ ਵਿਗਿਆਨੀ ਨੂੰ ਪੁੱਛਿਆ ਗਿਆ ਕਿ ਵਿਸ਼ਵ ਦੀ ਤੀਜੀ ਲੜਾਈ ਕਿਹੋ ਜਿਹੀ ਹੋਵੇਗੀ ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਤੀਜੀ ਲੜਾਈ ਬਾਰੇ ਮੈਂ ਕੁਝ ਨਹੀਂ ਦੱਸ ਸਕਦਾ, ਜੇ ਚੌਥੀ ਲੜਾਈ ਬਾਰੇ ਪੁੱਛੋਂ ਤਾਂ ਸ਼ਾਇਦ ਮੈਂ ਕੁਝ ਕਹਿ ਸਕਾਂ। ਜਦੋਂ ਚੌਥੀ ਲੜਾਈ ਬਾਰੇ ਪੁੱਛਿਆ ਗਿਆ, ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਚੌਥੀ ਲੜਾਈ ਕਦੀ ਹੋਵੇਗੀ ਹੀ ਨਹੀਂ, ਕਿਉਂਕਿ ਤੀਜੀ ਲੜਾਈ ਉਪਰੰਤ ਲੜਨ ਵਾਸਤੇ ਨਾ ਕੋਈ ਝਗੜਾ ਹੋਵੇਗਾ, ਨਾ ਕੋਈ ਥਾਂ ਹੋਵੇਗੀ ਅਤੇ ਨਾ ਹੀ ਕੋਈ ਲੜਨ ਵਾਲਾ ਹੋਵੇਗਾ।

ਭਾਵੇਂ ਇਹ ਮੰਨਣ ਵਾਲੀ ਗੱਲ ਨਹੀਂ ਪਰ ਵਾਸਤਵਿਕਤਾ ਇਹ ਹੈ ਕਿ ਮਨੁੱਖ ਵੈਰ ਦੀ ਭਾਵਨਾ ਨਾਲ ਨਹੀਂ, ਸਨੇਹ ਦੀ ਭਾਵਨਾ ਨਾਲ ਲੜਦਾ ਰਿਹਾ ਹੈ। ਆਪਣੇ ਕਬੀਲੇ, ਦੇਸ਼, ਧਰਮ ਆਦਿ ਪ੍ਰਤੀ ਸਨੇਹ ਦੀ ਭਾਵਨਾ ਉਸ ਨੂੰ ਲੜਾਉਂਦੀ ਹੈ। ਜਦੋਂ ਦੋ ਵਿਅਕਤੀਆਂ ਨੂੰ ਕਿਸੇ ਸਾਂਝੇ ਦੁਸ਼ਮਣ ਨਾਲ ਲੜਨਾ ਪਵੇ ਤਾਂ ਉਹ ਇਕ-ਦੂਜੇ ਨੂੰ ਬਚਾਉਣ ਅਰਥਾਤ ਸਨੇਹ ਦੀ ਭਾਵਨਾ ਨਾਲ ਲੜਦੇ ਹਨ।

ਸਨੇਹ ਦੀ ਇਸ ਭਾਵਨਾ ਨੇ ਕਈ ਲੜਾਈਆਂ ਨੂੰ ਜਨਮ ਦਿੱਤਾ ਹੈ। ਲੜਾਈ ਵਿਚ ਮੁੱਖ ਭਾਵਨਾ ਵੈਰ ਦੀ ਨਹੀਂ, ਸਨੇਹ ਦੀ ਹੁੰਦੀ ਹੈ।

ਦੋ ਦੇਸ਼ਾਂ ਦੀ ਲੜਾਈ ਵਿਚ ਅਸੀਂ ਆਪਣੇ ਸਨੇਹੀਆਂ ਨੂੰ ਜਾਣਦੇ ਹੁੰਦੇ ਹਾਂ, ਜਦੋਂ ਕਿ ਦੁਸ਼ਮਣ ਨੂੰ ਅਸੀਂ ਵਰਦੀ ਤੋਂ ਇਲਾਵਾ ਪਛਾਣ ਨਹੀਂ ਸਕਦੇ। ਸਨੇਹ ਦੀ ਭਾਵਨਾ ਹੀ ਸਾਡੇ ਵਿਚ ਅਨੁਸ਼ਾਸਨ ਅਤੇ ਵਫ਼ਾਦਾਰੀ ਦਾ ਗੁਣ ਉਪਜਾਉਂਦੀ ਹੈ।

ਫੌਜ ਵਿਚ ਸਨੇਹ ਦੀ ਇਸ ਭਾਵਨਾ ਨੂੰ ਅਨੇਕਾਂ ਢੰਗਾਂ ਨਾਲ ਉਭਾਰਿਆ ਜਾਂਦਾ ਹੈ ਅਤੇ ਦੁਸ਼ਮਣ ਵਿਰੁੱਧ ਵਰਤਿਆ ਜਾਂਦਾ ਹੈ। ਸ਼ਿਕਾਰ ਯੁੱਗ ਵਿਚ ਟੋਲੇ ਦੇ ਸਾਰੇ ਵਿਅਕਤੀਆਂ ਦਾ ਆਪਸੀ ਸਨੇਹ ਹੋਇਆ ਕਰਦਾ ਸੀ। ਟੋਲੇ ਦੇ ਇਸ ਸੰਕਲਪ ਨੂੰ ਹੀ ਵਿਕਸਿਤ ਕਰ ਕੇ ਫੌਜ ਦਾ ਰੂਪ ਪ੍ਰਦਾਨ ਕੀਤਾ ਗਿਆ ਹੈ। ਦੋਸ਼ ਸਾਡੇ ਆਗੂਆਂ ਦਾ ਹੈ, ਜੋ ਉਸਾਰੂ ਪ੍ਰਵਿਰਤੀਆਂ ਨੂੰ ਵਿਨਾਸ਼ਕਾਰੀ ਉਦੇਸ਼ਾਂ ਲਈ ਵਰਤ ਰਹੇ ਹਨ। ਦੋਸ਼ ਸਾਡਾ ਵੀ ਹੈ, ਕਿਉਂਕਿ ਅਸੀਂ ਭੈੜੇ ਉਦੇਸ਼ਾਂ ਲਈ ਵਰਤੇ ਜਾਣ ਲਈ ਤਿਆਰ ਹੋ ਜਾਂਦੇ ਹਾਂ।

ਸਰਹੱਦ ਦੇ ਆਰ-ਪਾਰ ਹੋਣ ਵਾਲੀ ਲੜਾਈ ਸਬੰਧੀ ਕਿਸੇ ਇਕ ਜਾਂ ਕੁਝ ਵਿਅਕਤੀਆਂ ਦਾ ਦਖ਼ਲ ਕੋਈ ਅਰਥ ਨਹੀਂ ਰੱਖਦਾ ਅਤੇ ਅਜਿਹੀ ਲੜਾਈ ਸਾਨੂੰ ਨਿੱਜੀ ਤੌਰ 'ਤੇ ਪ੍ਰਭਾਵਿਤ ਨਹੀਂ ਕਰਦੀ ਪਰ ਸਾਡੇ ਆਲੇ-ਦੁਆਲੇ ਦੇ ਜੀਵਨ ਵਿਚ ਵਾਪਰਨ ਵਾਲੀਆਂ ਲੜਾਈਆਂ ਸਾਨੂੰ ਵਧੇਰੇ ਪ੍ਰਭਾਵਿਤ ਕਰਦੀਆਂ ਹਨ ਅਤੇ ਅਸੀਂ ਵੀ ਉਨ੍ਹਾਂ ਨੂੰ ਪ੍ਰਭਾਵਿਤ ਕਰ ਸਕਦੇ ਹਾਂ।

ਪਰਿਵਾਰਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਜੀਵਨ ਵਿਚ ਝਗੜੇ ਅਤੇ ਲੜਾਈਆਂ ਵੱਧ ਰਹੀਆਂ ਹਨ। ਇਨ੍ਹਾਂ ਖੇਤਰਾਂ ਦੀ ਅਸੰਤੁਸ਼ਟਤਾ ਸਾਡੇ ਸਮੁੱਚੇ ਵਿਹਾਰ ਨੂੰ

ਪ੍ਰਭਾਵਿਤ ਕਰ ਰਹੀ ਹੈ ਅਤੇ ਦੂਜੇ ਖੇਤਰਾਂ ਵਿਚ ਵੀ ਸਾਡੀਆਂ ਪ੍ਰਾਪਤੀਆਂ ਅਤੇ ਖੁਸ਼ੀਆਂ ਦਾ ਕੱਦ ਉੱਚਾ ਨਹੀਂ ਹੋ ਰਿਹਾ।

ਮਾਣਨਯੋਗ ਮਨੁੱਖੀ ਜੀਵਨ, ਲੜਾਈਆਂ ਦੇ ਮੁਕਾਬਲੇ ਅਕਸਰ, ਸਮਝੌਤਿਆਂ ਦੀ ਇਕ ਲੰਮੀ ਲੜੀ ਹੁੰਦਾ ਹੈ।

ਹਰ ਸਮਝੌਤੇ ਨੂੰ ਹਾਰ ਜਾਂ ਮੌਕਾਪ੍ਰਸਤੀ ਦੇ ਅਰਥਾਂ ਵਿਚ ਲੈਣ ਦੀ ਥਾਂ, ਇਸ ਨੂੰ ਜੀਵਨ ਦੀ ਇਕ ਆਧਾਰ ਸ਼ਕਤੀ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ।

ਸਿਆਣਪ ਤਿੱਖੀ ਨਹੀਂ ਹੁੰਦੀ, ਕੂਲੀ ਹੁੰਦੀ ਹੈ।

ਸਮਝੌਤਾ ਕਰਨਾ ਕਮਜ਼ੋਰੀ ਹੀ ਨਹੀਂ ਹੁੰਦਾ, ਸਿਆਣਪ ਵੀ ਹੁੰਦਾ ਹੈ।

ਸੱਚ ਕੌੜਾ ਹੀ ਨਹੀਂ ਹੁੰਦਾ, ਮਿੱਠਾ ਵੀ ਹੋ ਸਕਦਾ ਹੈ।

ਕਿਸੇ ਚੀਜ਼ ਦੀ ਪਕਿਆਈ, ਉਸ ਦੀ ਲਚਕ ਵਿਚ ਹੁੰਦੀ ਹੈ।

ਕਿਸੇ ਸਮੱਸਿਆ ਸਬੰਧੀ ਸਵੇਰੇ ਛੇ ਵਜੇ ਅਤੇ ਸ਼ਾਮ ਦੇ ਛੇ ਵਜੇ ਸੋਚਣ ਨਾਲ ਵੱਖਰੇ-ਵੱਖਰੇ ਹੱਲ ਸੁੱਝਦੇ ਹਨ, ਸੋ ਲੋੜ ਇਸ ਗੱਲ ਦੀ ਵੀ ਹੈ ਕਿ ਲੜਾਈ ਉਪਰੰਤ, ਸਮੱਸਿਆ ਨੂੰ ਸਮਝੌਤੇ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ।

ਕਿਸੇ ਸਮੱਸਿਆ ਜਾਂ ਝਗੜੇ ਜਾਂ ਲੜਾਈ ਨੂੰ ਸੁਲਝਾਉਣ ਦਾ ਸਭ ਤੋਂ ਚੰਗਾ ਢੰਗ ਇਹ ਹੈ ਕਿ ਉਸ ਨੂੰ ਉਪਜਣ ਹੀ ਨਾ ਦਿੱਤਾ ਜਾਵੇ।

ਵਧੀ ਹੋਈ ਲੜਾਈ, ਵਧੀ ਹੋਈ ਮਿਹਰਬਾਨੀ ਅਤੇ ਸਦਭਾਵਨਾ ਅਤੇ ਖਿਮਾ ਭਾਵਨਾ ਨਾਲ ਹੀ ਮਿਟਾਈ ਜਾ ਸਕਦੀ ਹੈ।

ਸੋਚੋ, ਸਾਨੂੰ ਗੁਆਚ ਗਏ ਕਿਹੜੇ ਮੌਕਿਆਂ ਦਾ ਪਛਤਾਵਾ ਹੈ ?

ਉਨ੍ਹਾਂ ਵਿਚੋਂ ਕਈ ਅਜਿਹੇ ਮੌਕੇ ਹੋਣਗੇ, ਜਦੋਂ ਲੜਨ ਉਪਰੰਤ ਸਮਝੌਤੇ ਦੀ ਸੰਭਾਵਨਾ ਉਸਰੀ ਸੀ ਪਰ ਅਸੀਂ ਗ਼ੈਰਹਾਜ਼ਰ ਹੀ ਰਹੇ।

ਸਮਝੌਤਾ, ਲੜਾਈ ਹਾਰਨ ਉਪਰੰਤ, ਹਾਰੀ ਹੋਈ ਲੜਾਈ ਨੂੰ ਜਿੱਤਣ ਦੀ ਇਕ ਸਿਆਣੀ ਅਤੇ ਲਾਭਕਾਰੀ ਜੁਗਤ ਹੁੰਦਾ ਹੈ।

ਕਿਸੇ ਲੜਾਈ ਉੱਤੇ ਅਕਸਰ ਸਾਡਾ ਕਾਬੂ ਨਹੀਂ ਹੁੰਦਾ ਪਰ ਜੇ ਯਤਨ ਕਰੀਏ ਤਾਂ ਹਰ ਸਮਝੌਤਾ ਸਾਡੇ ਵੱਸ ਵਿਚ ਹੁੰਦਾ ਹੈ।

♥♥♥

ਆਗੂ

ਸੰਸਾਰ ਨੂੰ ਬਦਲਦੇ ਆਗੂ ਹਨ ਪਰ ਬਦਲੇ ਹੋਏ ਸੰਸਾਰ ਨੂੰ ਚਲਾਉਂਦੇ ਸਾਧਾਰਣ ਅਕਲ, ਸਮਝ ਅਤੇ ਸੂਝ ਵਾਲੇ ਮਨੁੱਖ ਹਨ।

ਧਰਮਾਂ ਦਾ ਆਰੰਭ ਪੁਰਸ਼ਾਂ ਨੇ ਕੀਤਾ ਹੈ ਪਰ ਉਨ੍ਹਾਂ ਨੂੰ ਫੈਲਾਇਆ, ਵਿਸਤਾਰਿਆ ਅਤੇ ਜਿਊਂਦਾ ਇਸਤਰੀਆਂ ਨੇ ਰੱਖਿਆ ਹੈ।

ਕੁਰਬਾਨੀ ਦਾ ਐਲਾਨ ਆਗੂ ਕਰਦੇ ਹਨ ਪਰ ਕੁਰਬਾਨੀਆਂ ਦਿੰਦੇ ਆਮ ਲੋਕ ਹਨ।

ਆਮ ਲੋਕਾਂ ਤੋਂ ਬਿਨਾਂ ਆਗੂਆਂ ਦਾ ਮਹੱਤਵ ਨਹੀਂ ਉਘੜਦਾ, ਇਸਤਰੀਆਂ ਤੋਂ ਬਿਨਾਂ ਪੁਰਸ਼ ਸਿਆਣੇ ਨਹੀਂ ਬਣਦੇ, ਪੁਰਸ਼ਾਂ ਤੋਂ ਬਿਨਾਂ ਇਸਤਰੀਆਂ ਵਿਚ ਸੱਜਣ-ਫੱਬਣ ਦੀ ਇੱਛਾ ਨਹੀਂ ਉਪਜਦੀ।

ਆਪਣਾ ਸਿਰ ਆਪ ਨਹੀਂ ਗੁੰਦਿਆ ਜਾ ਸਕਦਾ।

ਆਗੂ ਤੋਂ ਬਿਨਾਂ ਨਾ ਸਾਡੀ ਨਜ਼ਰ ਉੱਚੀ ਉਠਦੀ ਹੈ ਅਤੇ ਨਾ ਸਾਨੂੰ ਨਵੇਂ ਦਿਸਹੱਦੇ ਵਿਖਾਈ ਦਿੰਦੇ ਹਨ। ਜ਼ਿੰਦਗੀ ਨੂੰ ਉਸ ਦੀ ਲੰਬਾਈ ਵਿਚ ਹੀ ਨਹੀਂ, ਉਸ ਦੀ ਡੂੰਘਾਈ ਵਿਚ ਵੀ ਵੇਖਣਾ ਚਾਹੀਦਾ ਹੈ। ਇਹ ਜਾਣਨ ਦੀ ਲੋੜ ਹੈ ਕਿ ਤੁਹਾਡੇ ਜਾਣ ਉਪਰੰਤ ਕਿਤਨਿਆਂ ਨੂੰ ਤੁਹਾਡੇ ਵਿਚ ਦਿਲਚਸਪੀ ਰਹੇਗੀ।

ਜਿਨ੍ਹਾਂ ਦੇ ਤੁਸੀਂ ਆਗੂ ਹੋ, ਉਹੀ ਤੁਹਾਡੀ ਘਾਟ ਮਹਿਸੂਸ ਕਰਨਗੇ।

ਕੌਮਾਂ ਦਾ ਵਿਹਾਰ ਵਿਅਕਤੀਆਂ ਦੇ ਵਿਹਾਰ ਦਾ ਹੀ ਵੱਡਾ ਰੂਪ ਹੁੰਦਾ ਹੈ। ਕਿਸੇ ਕੌਮ ਦੇ ਕਾਰਨਾਮੇ ਉਸ ਕੌਮ ਵਿਚਲੀ ਜੀਵਨ-ਪੱਧਰ ਨੂੰ ਨਿਰਧਾਰਤ ਕਰਦੇ ਹਨ। ਮਹਾਨ ਆਗੂ ਵੱਡੀਆਂ ਆਫ਼ਤਾਂ ਨੂੰ ਅੱਗੋਂ ਮਿਲਦੇ ਹਨ ਪਰ ਕਈ ਵਾਰੀ ਆਗੂ ਹੀ ਸਮਾਜ ਅਤੇ ਕੌਮ ਲਈ ਸਭ ਤੋਂ ਵੱਡੀ ਮੁਸੀਬਤ ਹੋ ਨਿੱਬੜਦੇ ਹਨ।

ਪਹਿਲਾਂ ਮੂਰਤੀਕਾਰ ਆਏ, ਫਿਰ ਮੂਰਤੀ-ਤੋੜ ਆਏ ਪਰ ਅੱਜ ਮੂਰਤੀ-ਚੋਰਾਂ ਦਾ ਯੁੱਗ ਹੈ। ਕੋਈ ਵੀ ਕੌਮ ਨਿਰੰਤਰ ਸੰਤੁਲਨ ਦੀ ਅਵਸਥਾ ਵਿਚ ਨਹੀਂ ਵਿਚਰ ਸਕਦੀ, ਉਹ ਜਾਂ ਨਿਘਰਦੀ ਹੈ ਜਾਂ ਉਭਰਦੀ ਹੈ।

ਖੁਸ਼ਹਾਲੀ ਨਾਲ ਕੋਈ ਦੁੱਖੀ ਨਹੀਂ ਹੁੰਦਾ, ਖੁਸ਼ਹਾਲੀ ਦੀ ਦੁਰਵਰਤੋਂ ਦੁੱਖੀ ਕਰਦੀ ਹੈ।

ਇਵੇਂ ਹੀ ਅਕਲ ਨਾਲ ਕਿਸੇ ਪ੍ਰਕਾਰ ਦਾ ਨੁਕਸਾਨ ਨਹੀਂ ਹੁੰਦਾ ਪਰ ਅਕਲ ਦੀ ਦੁਰਵਰਤੋਂ ਨੁਕਸਾਨ ਕਰਦੀ ਹੈ।

ਰਾਜਨੀਤਕ ਸ਼ਕਤੀ ਆਗੂਆਂ ਨੂੰ ਭ੍ਰਿਸ਼ਟ ਨਹੀਂ ਕਰਦੀ, ਰਾਜਨੀਤਕ ਸ਼ਕਤੀ ਖੋਹੇ ਜਾਣ ਦਾ ਡਰ ਭ੍ਰਿਸ਼ਟ ਕਰਦਾ ਹੈ। ਜਦੋਂ ਕੁਝ ਵੀ ਮਹੱਤਵਪੂਰਨ ਕਰਨ ਦੀ ਸਮਰੱਥਾ ਨਾ ਹੋਵੇ

ਤਾਂ ਆਗੂ ਅਕਸਰ ਕਿਸੇ ਨਿਗੂਣੇ ਮੱਸਲੇ ਜਾਂ ਖੇਤਰ ਨੂੰ ਚੁਣ ਲੈਂਦੇ ਹਨ ਅਤੇ ਆਪਣੇ ਮਹਾਨ ਅਤੇ ਰੁੱਝੇ ਹੋਣ ਦਾ ਭੁਲੇਖਾ ਸਿਰਜਦੇ ਹਨ।

ਅਜਿਹੇ ਭ੍ਰਿਸ਼ਟ ਆਗੂ ਸਾਡੇ ਵੈਰਾਗ ਵਿਚ ਵਾਧਾ ਕਰਦੇ ਹਨ, ਇਨ੍ਹਾਂ ਨੂੰ ਮਿਲਣ ਨਾਲ ਸਾਡੀ ਨਿਰਾਸਤਾ ਵੱਧ ਜਾਂਦੀ ਹੈ।

ਅਜਿਹੀ ਸਥਿਤੀ ਵਿਚ ਸਾਡੇ ਸੁਪਨਿਆਂ ਦੇ ਰੰਗ ਖੁਰ ਜਾਂਦੇ ਹਨ, ਸਾਡੀਆਂ ਖੁਸ਼ੀਆਂ ਘਬਰਾ ਜਾਂਦੀਆਂ ਹਨ, ਸਾਡੀਆਂ ਵਿਉਂਤਾਂ ਸੁੰਗੜ ਜਾਂਦੀਆਂ ਹਨ ਅਤੇ ਆਪਣੇ ਆਪ ਬਾਰੇ ਸਾਡੀ ਰਾਇ ਨੀਵੀਂ ਹੋ ਜਾਂਦੀ ਹੈ।

ਜਦੋਂ ਸਾਡਾ ਦ੍ਰਿਸ਼ਟੀਕੋਣ ਨਿਰਾਸ਼ਾਵਾਦੀ ਹੋਵੇ ਤਾਂ ਮੌਤ ਦਾ ਡਰ ਵੱਧ ਜਾਂਦਾ ਹੈ, ਜਦੋਂ ਮੌਤ ਦਾ ਡਰ ਵੱਧ ਜਾਵੇ ਤਾਂ ਆਤਮਘਾਤ ਦੀ ਰੁਚੀ ਬਲਵਾਨ ਹੁੰਦੀ ਹੈ ਅਤੇ ਸਾਰਾ ਸਮਾਜ ਫ਼ਸਾਦ, ਕਤਲ ਅਤੇ ਖ਼ੁਦਕਸ਼ੀ ਦੇ ਮੁਹਾਵਰੇ ਵਿਚ ਨੁੱਚੜਦਾ ਹੈ। ਅਜਿਹੀ ਸਥਿਤੀ ਵਿਚ ਵਿਅਕਤੀ ਆਪਣੇ ਆਪ ਨੂੰ ਕੰਮ ਨਾਲ ਜੋੜਨ ਦੀ ਥਾਂ ਧੜਿਆਂ ਨਾਲ ਜੋੜਨ ਲੱਗ ਪੈਂਦੇ ਹਨ, ਧੜੇ ਸ਼ਕਤੀਸ਼ਾਲੀ ਹੁੰਦੇ ਜਾਂਦੇ ਹਨ ਪਰ ਵਿਅਕਤੀ ਕਮਜ਼ੋਰ ਹੁੰਦੇ ਜਾਂਦੇ ਹਨ, ਕੰਮ ਪੱਛੜ ਜਾਂਦੇ ਹਨ ਅਤੇ ਕੰਮ ਦੀ ਇੱਛਾ ਕਮਜ਼ੋਰ ਪੈਂਦੀ ਜਾਂਦੀ ਹੈ। ਅਜਿਹੇ ਵਾਤਾਵਰਣ ਵਿਚ ਜਦੋਂ ਵੀ ਕੋਈ ਵਿਅਕਤੀ ਕੁਝ ਕਹਿੰਦਾ ਹੈ, ਉਸ ਨਾਲ ਜਾਂ ਉਹ ਕਿਸੇ ਪ੍ਰਤੀ ਵਿਰੋਧ ਪ੍ਰਗਟਾ ਰਿਹਾ ਹੁੰਦਾ ਹੈ ਜਾਂ ਆਪਣੇ ਆਪ ਨੂੰ ਸਹੀ ਸਿੱਧ ਕਰਨ ਦਾ ਯਤਨ ਕਰ ਰਿਹਾ ਹੁੰਦਾ ਹੈ।

ਜਦੋਂ ਆਗੂ ਕਿਸੇ ਕੌਮ ਦੀਆਂ ਆਸਾਂ-ਉਮੰਗਾਂ 'ਤੇ ਪੂਰੇ ਨਾ ਉਤਰਨ ਤਾਂ ਉਸ ਕੌਮ ਨੂੰ ਉਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਸੋਚਣਾ ਪੈਂਦਾ ਹੈ।

ਆਗੂ ਦਾ ਕੰਮ ਹੈ ਸਮੁੱਚੀ ਕੌਮ ਵਾਸਤੇ ਸੋਚੇ ਪਰ ਜਦੋਂ ਕੋਈ ਆਗੂ ਆਪਣੇ ਆਪ ਨੂੰ ਕੌਮ ਤੋਂ ਵੱਡਾ ਸਮਝਣ ਲੱਗ ਪਵੇ ਅਤੇ ਉਸ ਨੂੰ ਕੁੱਕੜ ਵਾਲਾ ਭਰਮ ਹੋ ਜਾਵੇ ਕਿ ਉਸ ਦੇ ਬਾਂਗ ਦਿੱਤਿਆਂ ਹੀ ਸੂਰਜ ਚੜ੍ਹਦਾ ਹੈ ਤਾਂ ਕੌਮ ਦੀ ਸਾਂਝੀ ਸ਼ਕਤੀ ਉਸ ਦਾ ਬਬਾਣ ਤਿਆਰ ਕਰਦੀ ਹੈ। ਇਹ ਕਾਰਜ ਸੱਸਤਾ ਨਹੀਂ ਹੁੰਦਾ, ਮੁੱਲ ਮਨੁੱਖੀ ਜਾਨਾਂ ਵਿਚ ਤਾਰਿਆ ਜਾਂਦਾ ਹੈ।

ਇਤਿਹਾਸ ਜਦੋਂ ਵੀ ਆਪਣੇ ਆਪ ਨੂੰ ਦੁਹਰਾਉਂਦਾ ਹੈ ਤਾਂ ਸਮਾਜ ਨੂੰ ਪਹਿਲਾਂ ਨਾਲੋਂ ਦੁੱਗਣੀ-ਤਿੱਗਣੀ ਕੀਮਤ ਤਾਰਨੀ ਪੈਂਦੀ ਹੈ।

ਜਿਵੇਂ ਵਰਖਾ ਪੱਛੜ ਜਾਣ 'ਤੇ ਕਿਸਾਨ ਉਦਾਸ ਹੁੰਦਾ ਹੈ, ਉਵੇਂ ਸਮੱਸਿਆਵਾਂ ਨਾ ਸੁਲਝਣ ਉੱਤੇ ਸਾਡੇ ਆਗੂ ਉਦਾਸ ਹੋਣੇ ਚਾਹੀਦੇ ਹਨ ਪਰ ਸਾਡੇ ਆਗੂ ਝੂਠੀਆਂ ਤਸੱਲੀਆਂ ਦੇ ਭੁਕਾਨੇ ਭਰ-ਭਰ ਕੇ ਹਵਾ ਵਿਚ ਉਡਾ ਰਹੇ ਹਨ।

ਜਦੋਂ ਕੋਈ ਆਗੂ ਆਪਣੀਆਂ ਸੰਭਾਵਨਾਵਾਂ ਮੁਕਾ ਲਵੇ ਤਾਂ ਉਹ ਸਮੁੱਚੀ ਕੌਮ ਦੇ ਅਗਲੇਰੇ ਵਿਕਾਸ ਦੇ ਰਾਹ ਦੀ ਰੁਕਾਵਟ ਬਣ ਜਾਂਦਾ ਹੈ।

ਪੱਥਰ ਦੇ ਬੁੱਤ ਆਸਾਨੀ ਨਾਲ ਤੋੜੇ ਜਾ ਸਕਦੇ ਹਨ ਪਰ ਸੰਸਕਾਰਾਂ ਅਤੇ ਪਰੰਪਰਾਵਾਂ ਦੇ ਬੁੱਤ ਤੋੜਨੇ ਸੰਭਵ ਨਹੀਂ ਹੁੰਦੇ। ਸਾਡਾ ਅਤੀਤ ਸਾਡੇ ਉੱਤੇ ਸਵਾਰ ਹੈ। ਸਾਡੇ ਆਗੂ ਅਭਿਮਾਨ ਦੀ ਹੱਦ 'ਤੇ ਆ ਕੇ ਰੁਕੇ ਹੋਏ ਹਨ, ਉਨ੍ਹਾਂ ਵਿਚ ਪਰੰਪਰਾ ਨੂੰ ਪਾਲਣ ਅਤੇ ਪਿੱਛੇ ਮੁੜਨ ਦੀ ਕਾਹਲ ਤਾਂ ਹੈ, ਅਗਲੇਰਾ ਕਦਮ ਚੁੱਕਣ ਦੀ ਹਿੰਮਤ ਨਹੀਂ।

ਸਾਰੀਆਂ ਸਰਕਾਰਾਂ ਪਰਿਵਰਤਨ, ਤਬਦੀਲੀ ਅਤੇ ਵਿਕਾਸ ਦੀਆਂ ਗੱਲਾਂ ਕਰਦੀਆਂ ਹਨ ਪਰ ਉਨ੍ਹਾਂ ਦਾ ਉਦੇਸ਼ ਵਰਤਮਾਨ ਵਿਵਸਥਾ ਨੂੰ ਬਣਾਈ ਰੱਖਣਾ ਹੁੰਦਾ ਹੈ।

ਸਾਹਿਤ ਦਾ ਰਾਜਨੀਤੀ ਨਾਲ ਸਦਾ ਵਿਰੋਧ ਰਿਹਾ ਹੈ।

ਰਾਜਨੀਤੀ ਵਿਵਸਥਾ ਨੂੰ ਬਣਾਈ ਰੱਖਣ ਪ੍ਰਤੀ ਯਤਨਸ਼ੀਲ ਹੁੰਦੀ ਹੈ, ਜਦੋਂ ਕਿ ਸਾਹਿਤ ਉਸ ਵਿਵਸਥਾ ਨੂੰ ਬਦਲਣ ਵੱਲ ਰੁਚਿਤ ਹੁੰਦਾ ਹੈ। ਸਾਡਾ ਦੁਖਾਂਤ ਇਹ ਹੈ ਕਿ ਸਾਡੇ ਆਗੂ ਸਾਨੂੰ ਗੁਮਰਾਹ ਕਰ ਰਹੇ ਹਨ ਪਰ ਸਾਡੇ ਕਵੀਆਂ ਦੀ ਕਵਿਤਾ ਵੀ ਤਾਂ ਚੁੱਪ ਹੈ ਅਤੇ ਸਾਹਿਤ ਦੀਆਂ ਗਲੀਆਂ ਵਿਚ ਵੀ ਹਨੇਰਾ ਹੀ ਹਨੇਰਾ ਹੈ।

ਜਦੋਂ ਸਥਿਤੀ ਨਿਰਾਸ਼ਾਜਨਕ ਹੋਵੇ ਤਾਂ ਹਰ ਕਿਸੇ ਨੂੰ ਆਪਣੀ ਸਹਿਣਸ਼ੀਲਤਾ ਵਧਾ ਲੈਣੀ ਚਾਹੀਦੀ ਹੈ।

ਹਰ ਬਹਾਰ ਨੂੰ ਪੱਤਝੜ ਦੇ ਸੰਤਾਪ ਵਿਚੋਂ ਗੁਜ਼ਰਨਾ ਪੈਂਦਾ ਹੈ।

ਜਿਹੜੀ ਭੀੜ ਵਧੇਰੇ ਸ਼ੋਰ ਮਚਾਉਂਦੀ ਹੈ, ਉਹ ਆਗੂ-ਰਹਿਤ ਹੁੰਦੀ ਹੈ, ਉਸ ਦਾ ਸ਼ੋਰ ਅਸਲ ਵਿਚ ਆਗੂ ਲਈ ਤਰਲਾ ਹੁੰਦਾ ਹੈ।

ਕਹਿੰਦੇ ਹਨ, ਇਕ ਵਾਰੀ ਜਦੋਂ ਘੋੜਿਆਂ ਦੇ ਖੁਰ ਲੱਗ ਰਹੇ ਸਨ ਤਾਂ ਕੁਝ ਖੱਚਰਾਂ ਨੇ ਪੈਰ ਅੱਗੇ ਕਰ ਕੇ ਖੁਰ ਲਵਾ ਲਏ, ਹੁਣ ਖੱਚਰਾਂ, ਘੋੜਿਆਂ 'ਤੇ ਹੱਸ ਰਹੀਆਂ ਹਨ ਪਰ ਸਾਨੂੰ ਇਸ ਗੱਲ ਦੀ ਤਸੱਲੀ ਹੋਣੀ ਚਾਹੀਦੀ ਹੈ ਕਿ ਖੱਚਰਾਂ ਦੇ ਵੰਸ਼ ਨਹੀਂ ਚਲਦੇ, ਕਿਉਂਕਿ ਖੱਚਰਾਂ ਦੀ ਕੋਈ ਸੰਤਾਨ ਨਹੀਂ ਹੁੰਦੀ।

ਧਰਮ ਦੇ ਯੁੱਗ ਵਿਚ ਸਮਾਜ ਦਾ ਆਗੂ ਰੱਬ ਹੁੰਦਾ ਹੈ। ਮਨੁੱਖ ਆਪਣੇ ਸਾਰੇ ਸੰਸਿਆਂ ਨੂੰ ਹੱਲ ਕਰਨ ਲਈ ਰੱਬ ਦੇ ਹਵਾਲੇ ਕਰਦਾ ਰਿਹਾ ਹੈ। ਗੁਰੂ, ਸਾਧੂ, ਸੰਤ, ਰਿਸ਼ੀ, ਮੁਨੀ, ਪੀਰ ਆਦਿ ਰੱਬ ਦਾ ਹੀ ਸੁਨੇਹਾ ਦਿੰਦੇ ਰਹੇ ਹਨ ਅਤੇ ਮਨੁੱਖ ਨੂੰ ਤਣਾਓ-ਮੁਕਤ ਰੱਖਦੇ ਰਹੇ ਹਨ।

ਹਰ ਧਰਮ ਨੇ ਆਪਣੇ ਗ੍ਰੰਥ ਨੂੰ ਰੱਬੀ ਬਾਣੀ ਕਿਹਾ ਹੈ ਤਾਂ ਕਿ ਕਿੰਤੂ-ਪ੍ਰੰਤੂ ਤੋਂ ਬਿਨਾਂ ਉਸ ਦਾ ਪਾਠ ਕੀਤਾ ਜਾ ਸਕੇ।

ਈਸਾਈ, ਯਹੂਦੀ, ਇਸਲਾਮ ਮੱਤ ਆਦਿ ਮੁੱਢ ਵਿਚ ਨਿੱਕੇ-ਨਿੱਕੇ ਫਿਰਕੇ ਸਨ ਪਰ ਇਨ੍ਹਾਂ ਫਿਰਕਿਆਂ ਨੂੰ ਮਹਾਨ ਆਗੂ ਅਤੇ ਪ੍ਰਚਾਰਕ ਪ੍ਰਾਪਤ ਹੋਏ ਅਤੇ ਇਹ ਵੱਡੇ ਧਰਮ ਬਣ ਗਏ। ਜਦੋਂ ਬੋਲਣ ਦੀ ਥਾਂ ਲਿਖਣ ਦੀ ਪ੍ਰੰਪਰਾ ਸਥਾਪਤ ਹੋਈ ਤਾਂ ਸੰਸਾਰ ਭਰ ਵਿਚ ਧਰਮ ਪ੍ਰਤੀ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਵੱਡੀ ਤਬਦੀਲੀ ਵਾਪਰੀ।

ਚੌਥੀ ਪੂਰਵ ਈਸਵੀ ਸਦੀ ਤੋਂ ਚੌਥੀ ਈਸਵੀ ਸਦੀ ਤਕ ਦਾ ਸਮਾਂ ਦਰਸ਼ਨ ਦਾ ਕਾਲ ਸੀ। ਦਰਸ਼ਨ ਨੇ ਸਦੀਵੀ, ਵਿਸ਼ਵ-ਵਿਆਪੀ ਅਤੇ ਸਰਬ-ਸਾਂਝੀਆਂ ਸਮੱਸਿਆਵਾਂ ਉੱਤੇ ਵਿਚਾਰ ਕੀਤਾ ਹੈ। ਦਰਸ਼ਨ ਦਾ ਉਦੇਸ਼ ਸਮੱਸਿਆਵਾਂ ਹੱਲ ਕਰਨਾ ਨਹੀਂ ਹੁੰਦਾ, ਉਨ੍ਹਾਂ ਸਬੰਧੀ ਚਿੰਤਨ ਕਰਨਾ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਵਿਚ ਸੁਰਮੇਲਤਾ ਸਥਾਪਤ ਕਰਨਾ ਹੁੰਦਾ ਹੈ।

ਇਸ ਯੁੱਗ ਵਿਚ ਜੋ ਵੀ ਬੁੱਧੀਮਾਨ ਸੀ, ਉਸ ਨੇ ਦਰਸ਼ਨ ਦੇ ਖੇਤਰ ਵਿਚ ਪ੍ਰਵੇਸ਼ ਕੀਤਾ। ਇਸ ਯੁੱਗ ਦੇ ਫ਼ਿਲਾਸਫ਼ਰ ਹੀ ਸਮਾਜ ਦੇ ਆਗੂ ਸਨ।

ਯੋਰਪ ਵਿਚ ਪੰਜਵੀਂ ਸਦੀ ਈਸਵੀ ਤੋਂ ਸੋਲ੍ਹਵੀਂ ਸਦੀ ਈਸਵੀ ਦਾ ਸਮਾਂ ਪਾਦਰੀਆਂ, ਪੁਰੋਹਿਤਾਂ ਅਤੇ ਮੌਲਵੀਆਂ ਦਾ ਕਾਲ ਸੀ। ਇਸ ਯੁੱਗ ਵਿਚ ਸਮੁੱਚਾ ਜੀਵਨ, ਵਿਸ਼ਵਾਸ-ਆਧਾਰਿਤ ਹੋਣ ਕਾਰਨ, ਧਾਰਮਿਕ ਆਗੂਆਂ ਦਾ ਪ੍ਰਭਾਵ ਫੈਲਿਆ। ਸੰਗੀਤ, ਗੀਤ, ਨਾਚ, ਮੂਰਤੀਕਲਾ, ਚਿੱਤਰਕਲਾ, ਭਵਨ-ਨਿਰਮਾਣ ਕਲਾ ਆਦਿ ਸਭ ਉੱਤੇ ਧਰਮ ਦਾ ਪ੍ਰਭਾਵ ਪਿਆ। ਜੀਵਨ ਵਿਚ ਨੈਤਿਕ ਅਤੇ ਸਦਾਚਾਰਕ ਪੱਖਾਂ ਦਾ ਮਹੱਤਵ ਵੱਧਿਆ।

ਇਸ ਵੇਲੇ ਜਿਸ ਵਿਚ ਵੀ ਆਪਣੇ ਪਰਿਵਾਰ ਤੋਂ ਪਰ੍ਹੇ ਸੋਚਣ ਦੀ ਸਮਰੱਥਾ ਸੀ, ਉਹ ਧਰਮ ਨੂੰ ਸਮਰਪਿਤ ਹੋ ਗਿਆ।

ਸਤਾਰ੍ਹਵੀਂ ਸਦੀ ਤੋਂ ਵਿਗਿਆਨ ਦੇ ਯੁੱਗ ਦਾ ਆਰੰਭ ਹੋਇਆ ਹੈ ਅਤੇ ਸਿਆਣੇ ਲੋਕਾਂ ਅਤੇ ਚਿੰਤਕਾਂ ਦੇ ਇਸ ਆਧੁਨਿਕ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਇਸ ਖੇਤਰ ਦਾ ਪ੍ਰਭਾਵ ਵੱਧਿਆ ਅਤੇ ਵਿਸ਼ਾਲ ਹੋਇਆ ਹੈ।

ਧਰਮ ਨੇ ਰੱਬ ਦੀ ਹੋਂਦ ਨੂੰ ਸਥਾਪਤ ਕਰਨ ਲਈ ਗ੍ਰੰਥ ਅਤੇ ਪ੍ਰਕ੍ਰਿਤੀ ਨੂੰ ਆਧਾਰ ਬਣਾਇਆ ਹੈ। ਵਿਗਿਆਨ ਨੇ ਪ੍ਰਕ੍ਰਿਤੀ ਦਾ ਅਧਿਐਨ ਕੀਤਾ ਹੈ ਅਤੇ ਜਿਸ ਵਰਤਾਰੇ ਨੂੰ ਪ੍ਰਯੋਗ ਜਾਂ ਤਰਕ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ, ਵਿਗਿਆਨ ਉਸ ਸੰਕਲਪ ਨੂੰ ਮੰਨਣ ਤੋਂ ਇਨਕਾਰੀ ਰਿਹਾ ਹੈ।

ਇਵੇਂ ਮਨੁੱਖ ਦਾ ਗਿਆਨ ਵਿਸ਼ਵਾਸ-ਆਧਾਰਿਤ ਹੋਣ ਦੀ ਥਾਂ ਪ੍ਰਯੋਗ ਅਤੇ ਤਰਕ-ਆਧਾਰਿਤ ਹੁੰਦਾ ਗਿਆ ਹੈ।

ਇਹੀ ਕਾਰਨ ਹੈ ਕਿ ਅਜੋਕੇ ਯੁੱਗ ਦਾ ਆਗੂ ਪਾਦਰੀ ਨਹੀਂ, ਵਿਗਿਆਨੀ ਹੈ।

ਦੂਜੇ ਵਿਸ਼ਵ-ਯੁੱਧ ਉਪਰੰਤ ਵਿਗਿਆਨ ਦੀ ਨੁਹਾਰ ਵੀ ਬਦਲੀ ਹੈ ਅਤੇ ਵਿਗਿਆਨ ਨੂੰ ਵਪਾਰ ਅਧੀਨ ਵੀ ਕਰ ਲਿਆ ਗਿਆ ਹੈ।

ਇਵੇਂ ਹੁਣ ਵਿਗਿਆਨ ਸਾਨੂੰ ਸਿੱਧਿਆਂ ਪ੍ਰਭਾਵਤ ਕਰਨ ਦੀ ਥਾਂ ਨਵੇਂ-ਨਵੇਂ ਉਦਯੋਗਾਂ, ਯੰਤਰਾਂ, ਉਪਕਰਣਾਂ ਦੇ ਰੂਪ ਵਿਚ ਪ੍ਰਭਾਵਤ ਕਰਦਾ ਹੈ। ਉਦਯੋਗਿਕ ਅਤੇ ਵਪਾਰਕ ਬਿਰਤੀ ਦੇ ਪ੍ਰਧਾਨ ਹੋਣ ਨਾਲ, ਹੁਣ ਇਨ੍ਹਾਂ ਖੇਤਰਾਂ ਦੇ ਪਤਵੰਤੇ, ਸਾਡੇ ਆਗੂ ਹਨ।

ਰੂਸੀ ਇਨਕਲਾਬ ਅਤੇ ਵਿਸ਼ਵ-ਯੁੱਧਾਂ ਨਾਲ ਰਾਜਨੀਤੀ ਦੀ ਨੁਹਾਰ ਵੀ ਬਦਲੀ ਹੈ ਅਤੇ ਵਿਗਿਆਨ, ਵਪਾਰ ਅਧੀਨ ਹੋਣ ਅਤੇ ਵਪਾਰ ਰਾਜਨੀਤੀ ਅਧੀਨ ਹੋਣ ਕਾਰਨ, ਰਾਜਨੀਤਕ ਪਤਵੰਤੇ ਸਾਡੇ ਆਗੂ ਬਣ ਗਏ ਹਨ।

ਜਦੋਂ ਬਾਦਸ਼ਾਹਾਂ ਜਾਂ ਰਾਜਿਆਂ ਦਾ ਯੁੱਗ ਸੀ ਤਾਂ ਜੀਵਨ ਦੀ ਚਾਲ ਹੌਲੀ ਅਤੇ ਸਮਾਜ ਦਾ ਸੁਭਾਅ ਸਰਲ ਸੀ, ਜਦੋਂ ਕਿ ਅਜੋਕਾ ਯੁੱਗ ਬਹੁਤ ਗੁੰਝਲਦਾਰ ਰਿਸ਼ਤਿਆਂ ਵਾਲਾ ਯੁੱਗ ਹੈ, ਸੋ ਸਾਰੇ ਦੇਸ਼ਾਂ ਵਿਚ ਸੁਆਰਥੀ ਬਿਰਤੀ ਦੇ ਪ੍ਰਧਾਨ ਹੋਣ ਕਾਰਨ ਅਜੋਕੇ ਯੁੱਗ ਦੇ ਆਗੂਆਂ ਦਾ ਚਲਾਕ, ਝੂਠੇ, ਸੁਆਰਥੀ, ਮਕਾਰ, ਦੰਭੀ, ਪਖੰਡੀ, ਆਡੰਬਰੀ ਹੋਣਾ ਵੀ ਸੁਭਾਵਿਕ ਹੈ।

ਵੀਹਵੀਂ ਸਦੀ ਵਿਚ ਇਕ ਨਵੀਂ ਤਬਦੀਲੀ ਇਹ ਵਾਪਰੀ ਹੈ ਕਿ ਜਿਵੇਂ ਚਾਰੇ ਦਿਸ਼ਾਵਾਂ ਇਕ-ਦੂਜੀ ਉੱਤੇ ਨਿਰਭਰ ਹਨ, ਉਵੇਂ ਹੀ ਹਰ ਦੇਸ਼, ਦੇਸ਼ ਦਾ ਹਰ ਪ੍ਰਾਂਤ, ਹਰ ਪ੍ਰਾਂਤ ਦਾ ਹਰ ਸ਼ਹਿਰ, ਹਰ ਸ਼ਹਿਰ ਦਾ ਹਰ ਘਰ ਆਦਿ ਇਕ ਦੂਜੇ ਨਾਲ ਵਿਭਿੰਨ ਆਧਾਰਾਂ ਉੱਤੇ ਉਲਝੇ

ਹੋਏ ਹਨ, ਸੋ ਵਿਸ਼ਵ-ਪੱਧਰ 'ਤੇ ਜਾਂ ਦੇਸ਼-ਵਿਆਪੀ ਪੱਧਰ 'ਤੇ ਜਾਂ ਪ੍ਰਾਂਤਿਕ-ਪੱਧਰ 'ਤੇ ਕਿਸੇ ਇਕ ਸਰਵ-ਪ੍ਰਵਾਨਿਤ ਆਗੂ ਦੀ ਸੰਭਾਵਨਾ ਨਹੀਂ ਰਹੀ।

ਵਿਰੋਧ ਅਤੇ ਮੁਕਾਬਲਾ ਅਜੋਕੇ ਜੀਵਨ ਦਾ ਬੁਨਿਆਦੀ ਆਧਾਰ ਹਨ।

ਘਰ ਤੋਂ ਲੈ ਕੇ ਵਿਸ਼ਵ ਤੱਕ, ਤਾਣਾ-ਬਾਣਾ ਇਤਨਾ ਉਲਝਿਆ ਪਿਆ ਹੈ ਅਤੇ ਇਤਨੀ ਬਣ-ਟੁੱਟ ਹੋ ਰਹੀ ਹੈ ਕਿ ਉਸ ਨੂੰ ਪ੍ਰਭਾਵਿਤ ਕਰਨਾ ਤਾਂ ਇਕ ਪਾਸੇ ਰਿਹਾ, ਉਸ ਨੂੰ ਸਮਝਣਾ ਵੀ ਮੁਸ਼ਕਿਲ ਹੁੰਦਾ ਜਾ ਰਿਹਾ ਹੈ।

ਹੁਣ ਲੋਕਾਂ ਨੂੰ ਵਿਸ਼ਵਾਸ ਹੁੰਦਾ ਜਾ ਰਿਹਾ ਹੈ ਕਿ ਕੋਈ ਵੀ ਇਕ ਆਗੂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦਾ।

ਜੇ ਜਾਨਵਰਾਂ ਅਤੇ ਪੰਛੀਆਂ ਆਦਿ ਦੇ ਜੀਵਨ 'ਤੇ ਝਾਤ ਮਾਰੀਏ ਤਾਂ ਪ੍ਰਤੱਖ ਵਿਖਾਈ ਦਿੰਦਾ ਹੈ ਕਿ ਪਿਛਲੇ ਲੱਖਾਂ ਸਾਲਾਂ ਵਿਚ ਇਨ੍ਹਾਂ ਦੇ ਜੀਵਨ ਵਿਚ ਕੋਈ ਉਲੇਖ ਜਾਂ ਪਛਾਣ ਯੋਗ ਤਬਦੀਲੀ ਨਹੀਂ ਵਾਪਰੀ।

ਮਨੁੱਖ ਦੀ ਸਮੁੱਚੀ ਤਰੱਕੀ ਦਾ ਇਕ ਬੁਨਿਆਦੀ ਕਾਰਨ ਇਹ ਹੈ ਕਿ ਸਮੇਂ ਦੇ ਬੀਤਣ ਨਾਲ, ਨਵੀਆਂ ਪਰਿਸਥਿਤੀਆਂ ਅਨੁਸਾਰ ਇਹ ਆਪਣੇ ਆਪ ਨੂੰ ਢਾਲਦਾ ਗਿਆ ਹੈ।

ਹਰ ਜਾਨਵਰ ਦੀ ਜਿਹੜੀ ਖੁਰਾਕ ਨਿਰਧਾਰਿਤ ਹੈ, ਉਹ ਉਹੀ ਖਾਂਦਾ ਹੈ, ਜੇਕਰ ਉਸ ਨੂੰ, ਉਹ ਖੁਰਾਕ ਨਾ ਮਿਲੇ ਤਾਂ ਉਹ ਕਿਸੇ ਬਦਲ ਨੂੰ ਸਵੀਕਾਰ ਨਹੀਂ ਕਰਦਾ। ਸ਼ੇਰ ਕਿਤਨਾ ਵੀ ਭੁੱਖਾ ਹੋਵੇ, ਉਹ ਘਾਹ ਨਹੀਂ ਖਾਵੇਗਾ। ਜਿਹੜੇ ਜਾਨਵਰ ਘਾਹ ਖਾਂਦੇ ਹਨ, ਉਹ ਮਰ ਜਾਣਗੇ ਪਰ ਮਾਸ ਨਹੀਂ ਖਾਣਗੇ।

ਕੇਵਲ ਮਨੁੱਖ ਹੀ ਇਕ ਅਜਿਹਾ ਜੀਵ ਹੈ, ਜਿਸ ਨੇ ਖੁਰਾਕ ਦੀ ਬੰਦਸ਼ ਨੂੰ ਤੋੜਿਆ ਹੈ ਅਤੇ ਉਹ ਹਰ ਪ੍ਰਕਾਰ ਦੀ ਖੁਰਾਕ ਨਾਲ ਜੀਵਤ ਰਹਿ ਸਕਦਾ ਹੈ।

ਇਸ ਬੰਦਸ਼ ਨੂੰ ਤੋੜਨ ਉਪਰੰਤ, ਉਹ ਹਰ ਬੰਦਸ਼ ਅਤੇ ਰੁਕਾਵਟ ਨੂੰ ਉਲੰਘਦਾ ਗਿਆ ਹੈ, ਸੋ ਇਸ ਯੋਗਤਾ ਕਾਰਨ ਹੀ ਮਨੁੱਖ ਹਰ ਪ੍ਰਕਾਰ ਦੇ ਵਾਤਾਵਰਣ ਅਤੇ ਹਰ ਤਾਪਮਾਨ ਵਿਚ ਵਿਚਰਣ ਦੇ ਸਮਰੱਥ ਹੋਇਆ ਹੈ ਅਤੇ ਸਮੁੱਚੇ ਜੀਵ-ਜੰਤੂ ਜਗਤ ਦਾ ਆਗੂ ਬਣ ਗਿਆ ਹੈ।

ਬਹੁਤ ਸਦੀਆਂ ਪਹਿਲਾਂ, ਜਦੋਂ ਚੀਨ ਵਿਚ ਕਾਲ ਪੈ ਗਿਆ ਤਾਂ ਚੂਹੇ, ਕਿਰਲੀਆਂ, ਸੱਪ ਆਦਿ ਵੀ ਖਾਧੇ ਜਾਣ ਲੱਗ ਪਏ। ਉਦੋਂ ਇਹ ਸੰਕਲਪ ਉਸਾਰਿਆ ਗਿਆ ਕਿ ਜਿਸ ਕਿਸੇ ਜੀਵ ਦੀ ਪਿੱਠ ਅਸਮਾਨ ਵੱਲ ਹੈ, ਉਹ ਖਾਣਯੋਗ ਹੈ।

ਇਸ ਸੰਕਲਪ ਅਧੀਨ ਹੀ ਕੇਵਲ ਮਨੁੱਖ ਦੀ ਪਿੱਠ ਅਸਮਾਨ ਵੱਲ ਨਾ ਹੋਣ ਕਾਰਨ, ਮਨੁੱਖ ਤੋਂ ਸਿਵਾਏ, ਹਰ ਜੀਵ-ਜੰਤੂ ਉਨ੍ਹਾਂ ਦੀ ਖੁਰਾਕ ਬਣਿਆ ਹੈ।

ਸਾਡੇ ਆਪਣੇ ਦੇਸ਼ ਵਿਚ ਕਾਲ ਪੈਣ ਦੇ ਡਰ ਨੂੰ ਧਿਆਨ ਵਿਚ ਰੱਖਦਿਆਂ ਵਰਤ ਰੱਖਣ ਦਾ ਪ੍ਰਚਾਰ ਹੋਇਆ ਹੈ। ਜੇ ਲੋਕਾਂ ਨੂੰ ਵਰਤ ਰੱਖਣ ਲਈ ਸਿੱਧਿਆਂ ਕਿਹਾ ਜਾਵੇ ਤਾਂ ਉਹ ਕਦੇ ਵੀ ਨਾ ਰੱਖਣ। ਆਗੂਆਂ ਨੇ, ਆਪ ਉਦਾਹਰਣਾਂ ਸਥਾਪਤ ਕਰਕੇ ਅਤੇ ਵਰਤ ਨੂੰ ਆਤਮਾ ਦੀ ਸ਼ੁੱਧੀ ਨਾਲ ਜੋੜ ਕੇ ਲੋਕਾਂ ਨੂੰ ਸਵੈ-ਇੱਛਾ ਨਾਲ ਭੁੱਖੇ ਰਹਿਣ ਲਈ ਪ੍ਰੇਰਿਆ।

ਉਸ ਯੁੱਗ ਦੇ ਆਗੂ ਜੋ ਕਹਿੰਦੇ ਸਨ, ਉਹ ਕਰਦੇ ਸਨ ਅਤੇ ਜੋ ਕਰਦੇ ਸਨ, ਉਹੀ ਕਹਿੰਦੇ ਸਨ। ਉਨ੍ਹਾਂ ਦੇ ਬਚਨ ਅਤੇ ਕਰਮ ਵਿਚ ਇਕ-ਸੁਰਤਾ ਸੀ।

ਉਨ੍ਹਾਂ ਦੀ ਜੀਵਨ-ਜਾਚ, ਉਸ ਸਮੇਂ ਸਭ ਨੂੰ ਵਿਖਾਈ ਦਿੰਦੀ ਸੀ।

ਮੁਸਲਮਾਨਾਂ ਨੂੰ ਲੰਮੇ ਅਰਸੇ ਤੱਕ ਯਹੂਦੀਆਂ ਅਤੇ ਈਸਾਈਆਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਉਨ੍ਹਾਂ ਦੇ ਹਮਲਿਆਂ ਤੋਂ ਆਪਣੀ ਰੱਖਿਆ ਕਰਨੀ ਪਈ ਹੈ। ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਨੂੰ ਲੰਮੀ ਲੜਾਈ ਲੜਨ ਦੇ ਯੋਗ ਬਣਾਉਣ, ਲੰਮੀ ਘੇਰੇ-ਬੰਦੀ ਵਿਚ ਜਿਉਂਦੇ ਰਹਿਣ ਦੇ ਯੋਗ ਕਰਨ ਆਦਿ ਲਈ, ਅਭਿਆਸ ਵਜੋਂ ਰੋਜ਼ੇ ਰੱਖਣ ਦੀ ਸਿੱਖਿਆ ਦਿੱਤੀ ਗਈ। ਇਨ੍ਹਾਂ ਧਰਮਾਂ ਦੇ ਆਗੂਆਂ ਨੇ ਆਪ ਰੋਜ਼ੇ ਰੱਖੇ ਅਤੇ ਆਪਣੀ ਉਦਾਹਰਣ ਨਾਲ ਦੂਜਿਆਂ ਨੂੰ ਪ੍ਰਭਾਵਿਤ ਕੀਤਾ।

ਅਜੋਕੇ ਯੁੱਗ ਦੀ ਸਥਿਤੀ ਵੱਖਰੀ ਹੈ। ਸਾਡੇ ਆਗੂ ਸਾਧਾਰਣ ਲੋਕਾਂ ਦੀ ਮਿਹਨਤ ਨੂੰ ਲਾਪ੍ਰਵਾਹੀ ਨਾਲ ਖਰਚ ਕਰ ਰਹੇ ਹਨ ਅਤੇ ਜੀਵਨ ਜਿਊਣ ਦੀਆਂ ਜਿਹੜੀਆਂ ਉਦਾਹਰਣਾਂ ਉਹ ਸਥਾਪਤ ਕਰ ਰਹੇ ਹਨ, ਉਹ ਉਤਸ਼ਾਹਜਨਕ ਨਹੀਂ ਹਨ, ਇਸੇ ਕਰ ਕੇ ਸਾਡੇ ਉੱਤੇ ਸਾਡੇ ਆਗੂਆਂ ਦਾ ਕੋਈ ਨੈਤਿਕ ਪ੍ਰਭਾਵ ਨਹੀਂ ਰਿਹਾ।

ਅਜੋਕਾ ਯੁੱਗ ਆਪਣੇ ਆਗੂਆਂ ਤੋਂ ਨਿਰਾਸ਼ ਅਤੇ ਪਰੇਸ਼ਾਨ ਹੈ।

ਜੇ ਗੁਰੂ ਮਦਾਰੀ ਹੋਣ, ਤਾਂ ਚੇਲੇ ਜਮੂਰੇ ਅਖਵਾਉਂਦੇ ਹਨ।

ਜੇ ਆਗੂ ਮਕਾਰ ਹੋਣ, ਤਾਂ ਉਹ ਚਾਪਲੂਸਾਂ ਵਿਚ ਘਿਰ ਜਾਂਦੇ ਹਨ।

ਪਰਿਵਾਰ, ਸਮਾਜ ਦੀ ਮੁੱਢਲੀ ਇਕਾਈ ਹੁੰਦਾ ਹੈ। ਜਿਸ ਵਿਚ ਪਿਤਾ ਆਗੂ ਅਤੇ ਮਾਤਾ ਪ੍ਰਬੰਧਕ ਹੁੰਦੀ ਹੈ। ਸ਼ਿਕਾਰ ਯੁੱਗ ਵਿਚ ਵੀ ਪੁਰਸ਼ ਸ਼ਿਕਾਰ ਕਰਿਆ ਕਰਦਾ ਸੀ ਅਤੇ ਇਸਤਰੀ ਉਸ ਨੂੰ ਰਿੰਨ੍ਹਣ-ਪਕਾਉਣ ਦਾ ਕਾਰਜ ਕਰਦੀ ਸੀ।

ਪਰਿਵਾਰ ਦੇ ਜੀਵਨ ਵਿਚ, ਉਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਝਲਕਾਰੇ ਮਿਲਦੇ ਹਨ, ਜਿਨ੍ਹਾਂ ਦਾ ਸੰਸਾਰ ਨੂੰ ਸਾਹਮਣਾ ਕਰਨਾ ਪੈਂਦਾ ਹੈ।

ਪਰਿਵਾਰ, ਆਗੂ ਤੋਂ ਬਿਨਾਂ ਨਹੀਂ ਚਲਦਾ। ਜਦੋਂ ਪਤੀ ਇਹ ਫ਼ਰਜ਼ ਨਿਭਾਉਣ ਤੋਂ ਇਨਕਾਰੀ ਹੋਵੇ ਤਾਂ ਪਤਨੀ ਨੂੰ ਆਗੂ ਬਣਨਾ ਪੈਂਦਾ ਹੈ।

ਅਜੋਕੀ ਪਤਨੀ ਸੋਚਦੀ ਹੈ, ਅਜੋਕੀ ਜਨਤਾ ਵੀ ਸੋਚਦੀ ਹੈ।

ਜਦੋਂ ਆਗੂ ਵਧੀਕੀ ਕਰਦਾ ਹੈ, ਤਾਂ ਉਸ ਦਾ ਵਿਰੋਧ ਹੁੰਦਾ ਹੈ।

ਇਕ ਵਾਰ ਇਕ ਪਤੀ ਨੇ ਆਪਣੀ ਆਦਤ ਅਨੁਸਾਰ ਜਦੋਂ ਪਤਨੀ ਉੱਤੇ ਹੱਥ ਚੁੱਕਿਆ ਤਾਂ ਜਵਾਨ ਹੋ ਰਹੇ ਪੁੱਤਰ ਨੇ ਉਠਿਆ ਹੋਇਆ ਹੱਥ ਫੜ ਲਿਆ ਸੀ ਅਤੇ ਉਸੇ ਪਲ ਪਰਿਵਾਰ ਦੇ ਸਾਰੇ ਜੀਆਂ ਦੀ ਪਰਿਭਾਸ਼ਾ ਬਦਲ ਗਈ ਸੀ।

ਅਜੋਕੀ ਸੋਚਵਾਨ ਪਤਨੀ, ਸੋਚਵਾਨ ਜਨਤਾ ਵਾਂਗ, ਵੱਖਰੀ ਭਾਂਤ ਦੇ ਆਗੂ ਦੀ ਉਡੀਕ ਵਿਚ ਹੈ। ਜਿਥੇ ਤਲਾਕ ਦੇ ਝਗੜੇ ਹਨ, ਉੱਥੇ ਵਾਸਤਵ ਵਿਚ ਵਾਗ-ਡੋਰ ਸੰਭਾਲਣ, ਆਗੂ ਬਣਨ ਅਤੇ ਸਵੀਕਾਰ ਕੀਤੇ ਜਾਣ ਦੀ ਸਮੱਸਿਆ ਹੈ। ਪਿਆਰ ਦੇ ਰਿਸ਼ਤੇ ਵਿਚ ਵੀ

ਇਕ ਧਿਰ ਆਗੂ ਦੇ ਫਰਜ਼ ਨਿਭਾਉਂਦੀ ਹੈ ਅਤੇ ਦੂਜੀ ਧਿਰ ਸਾਂਝੇ ਨਿਰਣਿਆਂ 'ਤੇ ਅਮਲ ਕਰਦੀ ਹੈ। ਜਦੋਂ ਵੀ ਅਸੀਂ ਕਿਸੇ ਨੂੰ ਮਿਲਦੇ ਹਾਂ ਤਾਂ ਸਭ ਤੋਂ ਪਹਿਲਾਂ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਆਗੂ ਕਿਹੜਾ ਹੈ, ਕਿਸ ਨੇ ਨਿਰਣਾ ਕਰਨਾ ਹੈ, ਕਿਸ ਨੇ ਨਿਰਣਾ ਮੰਨਣਾ ਹੈ। ਜਦੋਂ ਤੱਕ ਇਹ ਫੈਸਲਾ ਨਾ ਹੋਵੇ, ਅਗਲੇਰੀ ਕਾਰਵਾਈ ਸੰਭਵ ਨਹੀਂ ਹੁੰਦੀ।

ਬੱਚਿਆਂ ਦੀਆਂ ਖੇਡਾਂ, ਖੇਡਾਂ ਹੀ ਨਹੀਂ ਹੁੰਦੀਆਂ, ਉਨ੍ਹਾਂ ਦੇ ਇਰਾਦਿਆਂ ਦੀ ਨੁਮਾਇਸ਼ ਵੀ ਹੁੰਦੀਆਂ ਹਨ। ਜਦੋਂ ਉਨ੍ਹਾਂ ਨੂੰ ਆਗੂ ਲੱਭ ਪਵੇ, ਉਹ ਉਸ ਦੀ ਫੌਜ ਬਣ ਜਾਦੇ ਹਨ, ਜਦੋਂ ਉਨ੍ਹਾਂ ਨੂੰ ਮੁਰਸ਼ਦ ਲੱਭ ਪਵੇ ਉਹ ਮੁਰੀਦ ਬਣ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਪੈਰੋਕਾਰ ਲੱਭ ਪੈਣ ਉਹ ਗੁਰੂ ਬਣ ਜਾਂਦੇ ਹਨ, ਜਦੋਂ ਸਾਨੂੰ ਕੋਈ ਯੋਗ ਉਸਤਾਦ ਲੱਭ ਪਵੇ ਤਾਂ ਸਾਡਾ ਸ਼ਾਗਿਰਦ ਬਣਨ ਨੂੰ ਮਨ ਕਰਦਾ ਹੈ।

ਜੀਵਨ ਦੇ ਲਗਭਗ ਹਰ ਖੇਤਰ ਵਿਚ ਸਾਡੀ ਵੰਗਾਰ ਹੁੰਦੀ ਹੈ, ਜਾਂ ਸਾਨੂੰ ਪਿੱਛੇ ਲਾ ਲਵੇ ਜਾਂ ਸਾਡੇ ਪਿੱਛੇ ਲੱਗ ਜਾਵੇ।

ਬੱਚਿਆਂ ਲਈ ਪਿਤਾ ਇਕ ਸੁਭਾਵਕ ਆਗੂ-ਉਸਤਾਦ ਹੁੰਦਾ ਹੈ।

ਇਕ ਬੱਚੇ ਨੇ ਜਦੋਂ ਇਕ ਭਾਰੀ ਪੱਥਰ ਚੁੱਕਣ ਦਾ ਯਤਨ ਕੀਤਾ ਤਾਂ ਚੁੱਕ ਨਾ ਸਕਿਆ। ਪਿਤਾ ਨੇ ਪੁੱਛਿਆ, "ਕੀ ਤੈਨੂੰ ਵਿਸ਼ਵਾਸ ਹੈ ਕਿ ਤੂੰ ਪੱਥਰ ਚੁੱਕਣ ਸਮੇਂ ਸਾਰੀ ਸ਼ਕਤੀ ਲਾਈ ਸੀ?" ਬੱਚੇ ਨੇ ਮੁੜ ਯਤਨ ਕੀਤਾ ਅਤੇ ਚੁੱਕ ਲਿਆ। ਇਵੇਂ ਪਿਤਾ ਨੇ ਆਗੂ ਦਾ ਰੋਲ ਨਿਭਾਇਆ ਅਤੇ ਬੱਚੇ ਦੀ ਛੁਪੀ ਸ਼ਕਤੀ ਜਗਾ ਦਿੱਤੀ।

ਬੱਚਿਆਂ ਨੂੰ ਪਰੇਰਕਾਂ ਦੀ ਲੋੜ ਹੁੰਦੀ ਹੈ, ਆਲੋਚਕਾਂ ਦੀ ਨਹੀਂ।

ਜਦੋਂ ਅਸੀਂ ਕਿਸੇ ਨੂੰ ਆਪਣਾ ਆਗੂ ਮੰਨ ਲੈਂਦੇ ਹਾਂ ਤਾਂ ਅਸੀਂ ਬਹੁਤ ਸਾਰੇ ਸੰਸਿਆਂ ਤੋਂ ਮੁਕਤ ਹੋ ਜਾਂਦੇ ਹਾਂ। ਸਾਡੇ ਵਿਸ਼ਵਾਸ ਦੇ ਅਨੁਪਾਤ ਵਿਚ ਆਗੂ ਦੀ ਯੋਗਤਾ ਅਤੇ ਸ਼ਕਤੀ ਵਿਚ ਵਾਧਾ ਹੁੰਦਾ ਹੈ।

ਘਰ ਅਤੇ ਸਕੂਲ ਤੋਂ ਮਗਰੋਂ ਸਾਡੇ ਲਈ ਸਭ ਤੋਂ ਵੱਧ ਮਹੱਤਵਪੂਰਨ ਥਾਂ ਉਹ ਹੁੰਦੀ ਹੈ, ਜਿਸ ਨਾਲ ਸਾਡੀ ਉਪਜੀਵਕਾ ਜੁੜੀ ਹੁੰਦੀ ਹੈ। ਸਾਡਾ ਸਭ ਤੋਂ ਵੱਧ ਕੀਮਤੀ ਸਮਾਂ ਇਸੇ ਥਾਂ ਗੁਜ਼ਰਦਾ ਹੈ। ਇਥੇ ਆਗੂ ਦੀ ਸਮੱਸਿਆ ਬੜੀ ਗੰਭੀਰ ਹੁੰਦੀ ਹੈ।

ਕੰਮ ਕਰਨ ਵਾਲੀ ਥਾਂ ਦੇ ਕੁਝ ਵਿਅਕਤੀਆਂ ਵਿਚ ਹੀ ਸਾਡੀ ਇੱਜ਼ਤ ਹੋਣੀ ਹੁੰਦੀ ਹੈ ਅਤੇ ਇਨ੍ਹਾਂ ਵਿਚ ਹੀ ਸਾਡੀ ਬੇਇੱਜ਼ਤੀ ਹੋਣੀ ਹੁੰਦੀ ਹੈ।

ਕੰਮ-ਚੋਰ ਬੰਦਾ ਕਦੇ ਆਗੂ ਨਹੀਂ ਬਣ ਸਕਦਾ, ਜੇ ਬਣ ਜਾਵੇ ਤਾਂ ਉਸ ਨੂੰ ਕੋਈ ਆਪਣਾ ਆਗੂ ਸਵੀਕਾਰ ਨਹੀਂ ਕਰਦਾ।

ਅਜਿਹੇ ਆਗੂ ਸੰਸਥਾਵਾਂ ਅਤੇ ਸੰਗਠਨਾਂ ਨੂੰ ਡੋਬ ਦਿੰਦੇ ਹਨ।

ਹਰ ਸੰਸਥਾ ਵਿੱਚ ਅਨੇਕਾਂ ਅਜਿਹੇ ਵਿਅਕਤੀ ਹੁੰਦੇ ਹਨ, ਜਿਹੜੇ ਬਿਨਾਂ ਬੀਮਾਰ ਪਏ ਬੀਮਾਰੀ ਦੀ ਛੁੱਟੀ ਲੈਂਦੇ ਹਨ। ਇਹ ਆਪਣੀਆਂ ਅਸਫਲਤਾਵਾਂ ਲਈ, ਦੂਜਿਆਂ ਨੂੰ ਦੋਸ਼ ਦਿੰਦੇ ਹਨ। ਇਹ ਅਫ਼ਵਾਹਾਂ ਫੈਲਾਉਂਦੇ ਹਨ, ਹੁਕਮ-ਅਦੂਲੀ ਕਰਦੇ ਹਨ, ਗੱਲ ਨਾ ਮੰਨੇ ਜਾਣ 'ਤੇ ਲੜ ਪੈਂਦੇ ਹਨ ਅਤੇ ਲਾਈ-ਲੱਗ ਹੋਣ ਕਾਰਨ ਹਰ ਕਿਸੇ ਨਾਲ ਝਗੜਦੇ ਹਨ।

ਇਨ੍ਹਾਂ ਕੋਲ ਕੰਮ ਤੋਂ ਸਿਵਾਏ ਹਰ ਚੀਜ਼ ਲਈ ਵਕਤ ਹੁੰਦਾ ਹੈ। ਇਹ ਨੁਕਸ ਕੱਢੇ ਜਾਣਾ ਬਰਦਾਸ਼ਤ ਨਹੀਂ ਕਰਦੇ, ਸਮਝਾਏ ਜਾਣਾ ਸਹਿਣ ਨਹੀਂ ਕਰਦੇ ਪਰ ਹਰ ਗੱਲ 'ਤੇ ਧੰਨਵਾਦ ਦੀ ਆਸ ਕਰਦੇ ਹਨ। ਇਹ ਆਗੂ ਬਣ ਤਾਂ ਜਾਂਦੇ ਹਨ ਪਰ ਯਥਾਰਥ ਤੋਂ ਭੱਜਦੇ ਹਨ। ਇਨ੍ਹਾਂ ਦੀ ਹੋਂਦ ਦੂਜਿਆਂ ਨੂੰ ਥਕਾ ਦਿੰਦੀ ਹੈ।

ਕੰਮ ਕਰਨ ਵਾਲੀ ਹਰ ਥਾਂ ਉੱਤੇ ਕੁਝ ਵਿਅਕਤੀ ਅਜਿਹੇ ਹੁੰਦੇ ਹਨ, ਜਿਨ੍ਹਾਂ ਨੇ ਸਵੇਰ ਦੇ ਰਾਗ ਨੂੰ ਸ਼ਾਮ ਵੇਲੇ ਅਲਾਪਣਾ ਹੁੰਦਾ ਹੈ। ਇਹ ਮਿਲਵਰਤਣ ਨਹੀਂ ਦਿੰਦੇ। ਇਹ ਆਪਣੇ ਕੰਮ ਅਤੇ ਵਿਸ਼ੇ ਤੋਂ ਇਲਾਵਾ ਸਭ ਕੁਝ ਜਾਣਦੇ ਹੁੰਦੇ ਹਨ। ਇਨ੍ਹਾਂ ਨੂੰ ਲਾਂਭੇ-ਚਾਂਭੇ ਜਾਣਾ ਚੰਗਾ ਲਗਦਾ ਹੈ। ਇਹ ਬਿਨਾਂ ਛੁੱਟੀ ਲਏ ਛੁੱਟੀ 'ਤੇ ਚਲੇ ਜਾਂਦੇ ਹਨ ਅਤੇ ਬਣੇ ਨੇਮਾਂ ਨੂੰ ਜਾਣ-ਬੁੱਝ ਕੇ ਤੋੜਦੇ ਹਨ।

ਹਰ ਘਰ ਵਿਚ ਵੀ ਕੋਈ ਨਾ ਕੋਈ ਅਜਿਹਾ ਵਿਅਕਤੀ ਹੁੰਦਾ ਹੈ, ਜਿਹੜਾ ਸਮੁੱਚੇ ਘਰ ਦੀ ਸੁਰਤਾਲ ਨੂੰ ਵਿਗਾੜਦਾ ਹੈ। ਅਜਿਹੇ ਵਿਅਕਤੀ ਕਿਸੇ ਦੀ ਪ੍ਰਾਪਤੀ ਦਾ ਆਦਰ, ਈਰਖਾ ਨਾਲ ਕਰਦੇ ਹਨ। ਅਜਿਹੇ ਵਿਅਕਤੀਆਂ ਵਿਚ ਨਾ ਆਗੂ ਬਣਨ ਦੀ ਸਮਰੱਥਾ ਹੁੰਦੀ ਹੈ, ਨਾ ਪੈਰੋਕਾਰ ਬਣਨ ਦੀ ਸੰਭਾਵਨਾ। ਇਨ੍ਹਾਂ ਦੀ ਜ਼ਾਤ ਅਤੇ ਸੁਭਾਅ ਕੋਕੜੂ ਵਾਲਾ ਹੁੰਦਾ ਹੈ। ਇਹ ਕਿਸੇ ਸੁਰਤਾਲ ਦਾ ਭਾਗ ਨਹੀਂ ਬਣਦੇ।

ਜਦੋਂ ਦੋਸਤ ਜਾਂ ਸਹੇਲੀਆਂ ਆਪਸ ਵਿਚ ਮਿਲ ਬੈਠਦੀਆਂ ਹਨ, ਤਾਂ ਵੀ ਗੱਪਾਂ ਵਿਚ ਵੀ ਆਗੂ ਬਣਨ ਦਾ ਇਕ ਅਚੇਤ ਸੰਘਰਸ਼ ਚਲਦਾ ਹੈ।

ਹੁਣ ਚੁੱਗਲੀਆਂ ਨੂੰ ਗੱਪਾਂ ਕਿਹਾ ਜਾਂਦਾ ਹੈ।

ਚਾਹ ਅਤੇ ਪਕੌੜਿਆਂ ਨਾਲ ਚੁੱਗਲੀਆਂ ਅਤੇ ਗੱਪਾਂ ਵਧੇਰੇ ਦਿਲਚਸਪ ਹੋ ਜਾਂਦੀਆਂ ਹਨ। ਸਾਨੂੰ ਆਪਣੇ ਆਪ ਪ੍ਰਤੀ ਵਿਸ਼ਵਾਸ ਨਾ ਹੋਣ ਕਾਰਨ, ਅਸੀਂ ਗੱਲਾਂ ਨਹੀਂ ਕਰਦੇ, ਗੱਪਾਂ ਮਾਰਦੇ ਹਾਂ ਤਾਂ ਕਿ ਆਪਣੇ ਬਾਰੇ ਦੂਜਿਆਂ ਦੀ ਰਾਇ ਜਾਣ ਸਕੀਏ।

ਗੱਪਾਂ ਵਿਚ ਵੀ ਧੜੇਬੰਦੀ ਅਤੇ ਸ਼ਰੀਕੇ ਦੀ ਭਾਵਨਾ ਹੁੰਦੀ ਹੈ।

ਗੱਡੀ ਵਿਚ ਬਹਿ ਕੇ ਕੀਤੀਆਂ ਹੋਈਆਂ ਗੱਲਾਂ ਦਾ ਸਿਰ-ਪੈਰ ਨਹੀਂ ਹੁੰਦਾ, ਸੋ ਅਜਿਹੇ ਸਮੇਂ ਜ਼ਿੰਮੇਵਾਰੀ ਦੀ ਭਾਵਨਾ ਵੀ ਘੱਟ ਹੁੰਦੀ ਹੈ।

ਚੁੱਗਲੀਆਂ, ਬੰਦਿਆਂ ਸਬੰਧੀ ਹੁੰਦੀਆਂ ਹਨ, ਅਫ਼ਵਾਹਾਂ ਘਟਨਾਵਾਂ ਬਾਰੇ ਹੁੰਦੀਆਂ ਹਨ। ਚੁੱਗਲੀਆਂ ਅਤੇ ਅਫ਼ਵਾਹਾਂ ਰਲ ਕੇ ਗੱਪਾਂ ਬਣ ਜਾਂਦੀਆਂ ਹਨ।

ਗੱਪਾਂ ਨਾਲ ਸਾਨੂੰ ਸਮਾਜ ਵਿਚ ਪ੍ਰਵਾਨਿਤ ਅਤੇ ਅਪ੍ਰਵਾਨਿਤ ਵਿਚਾਰਾਂ ਅਤੇ ਵਿਹਾਰਾਂ ਦਾ ਪਤਾ ਲੱਗਦਾ ਹੈ।

ਗੱਪਾਂ ਅਤੀਤ ਬਾਰੇ ਹੁੰਦੀਆਂ ਹਨ, ਗੱਲਾਂ ਭਵਿੱਖ ਬਾਰੇ ਹੁੰਦੀਆਂ ਹਨ।

ਗੱਪਾਂ ਵਿਚ ਮਨੋਰੰਜਨ ਹੁੰਦਾ ਹੈ, ਗੱਲਾਂ ਵਿਚ ਵਿਕਾਸ ਵਾਪਰਦਾ ਹੈ।

ਗੱਲਾਂ ਨਾਲ ਅਸੀਂ ਆਪਣੇ ਆਪ ਬਾਰੇ ਦੱਸਦੇ ਅਤੇ ਦੂਜਿਆਂ ਬਾਰੇ ਜਾਣਦੇ ਹਾਂ।

ਗੱਪਾਂ ਨਾਲ ਅਸੀਂ ਕੇਵਲ ਪ੍ਰਸੰਗ-ਸਹਿਤ ਵਿਆਖਿਆ ਕਰਦੇ ਹਾਂ।

ਗੱਪਾਂ ਰਾਹੀਂ ਅਸੀਂ ਦੂਜਿਆਂ ਉੱਤੇ ਹੱਸ ਕੇ ਵਾਰ ਕਰਦੇ ਹਾਂ।

ਗੱਪਾਂ ਵਿਚ ਦੂਜਿਆਂ ਉੱਤੇ ਲਾਏ ਜਾਂਦੇ ਦੋਸ਼ਾਂ ਦੇ ਸਬੂਤ ਨਹੀਂ ਮੰਗੇ ਜਾਂਦੇ, ਸੋ ਵਾਤਾਵਰਣ ਖੁੱਲ੍ਹਾ-ਡੁੱਲ੍ਹਾ ਹੋਣਾ ਸੁਭਾਵਕ ਹੈ। ਗੱਪਾਂ ਰਾਹੀਂ ਆਪਣੇ ਬਾਰੇ, ਦੂਜਿਆਂ ਦੇ ਅਸਲੀ ਦ੍ਰਿਸ਼ਟੀਕੋਣ ਦਾ ਸਾਨੂੰ ਪਤਾ ਲੱਗਦਾ ਹੈ, ਸੋ ਹਰ ਕਿਸੇ ਦੀ ਇਨ੍ਹਾਂ ਗੱਪਾਂ ਵਿਚ ਦਿਲਚਸਪੀ ਹੁੰਦੀ ਹੈ।

ਆਪਣੇ ਆਪ ਨੂੰ ਸਹੀ ਦਰਸਾਉਣ ਦਾ ਅਭਿਆਸ ਚੁੱਗਲੀਆਂ ਅਤੇ ਗੱਪਾਂ ਰਾਹੀਂ ਕੀਤਾ ਜਾਂਦਾ ਹੈ।

ਗੱਪਾਂ ਵਿਚ ਲਾਏ ਦੋਸ਼ਾਂ ਤੋਂ ਮੁਕਰਨ ਵਿਚ ਸਾਨੂੰ ਪ੍ਰੇਸ਼ਾਨੀ ਨਹੀਂ ਹੁੰਦੀ।

ਵੇਖਿਆ ਗਿਆ ਹੈ ਕਿ ਜਦੋਂ ਵੀ ਕੋਈ ਸਮੂਹ ਆਗੂ-ਰਹਿਤ ਹੁੰਦਾ ਹੈ, ਉਸ ਦੇ ਵਿਹਾਰ ਦਾ ਪੱਧਰ ਡਿੱਗਦਾ ਹੈ ਅਤੇ ਅੰਤ ਵਿਚ ਸਮੁੱਚਾ ਵਿਹਾਰ ਬੇਮੁਹਾਰਾ ਹੋ ਨਿੱਬੜਦਾ ਹੈ, ਚੁੱਗਲ-ਖੋਰਾਂ ਅਤੇ ਗੱਪੀਆਂ ਵਾਂਗ।

ਸਾਨੂੰ ਆਪਣਾ ਵਿਹਾਰ ਸੁਧਾਰਨ ਅਤੇ ਆਪਣੀ ਸ਼ਕਤੀ ਨੂੰ ਉਸਾਰੂ ਪਾਸੇ ਲਾਉਣ ਦੀ ਪ੍ਰੇਰਨਾ ਮਿਲਣੀ, ਘਰ ਵਿਚ ਹੀ ਆਰੰਭ ਹੋ ਜਾਂਦੀ ਹੈ ਅਤੇ ਵਿਦਿਅਕ ਸੰਸਥਾਵਾਂ ਵਿਚ ਇਹ ਕੰਮ ਨਿਪੁੰਨ ਹੱਥਾਂ ਵਿਚ ਦਿੱਤਾ ਜਾਂਦਾ ਹੈ ਤਾਂ ਕਿ ਅਸੀਂ ਯੋਗ ਅਗਵਾਈ ਪ੍ਰਾਪਤ ਕਰਕੇ ਸੁਯੋਗ ਆਗੂ ਬਣ ਸਕੀਏ।

ਫੌਜ ਵਿਚ ਆਗੂ ਅਤੇ ਅਗਵਾਈ ਦਾ ਮਹੱਤਵ ਬਹੁਤ ਅਧਿਕ ਇਸ ਲਈ ਹੁੰਦਾ ਹੈ ਕਿਉਂਕਿ ਸਮੁੱਚੇ ਦੇਸ਼ ਦੀ ਸੁਰੱਖਿਆ ਦਾ ਪ੍ਰਸ਼ਨ ਸਭ ਦੇ ਸਾਹਮਣੇ ਹੁੰਦਾ ਹੈ।

ਸਾਡੀਆਂ ਵਿਦਿਅਕ ਸੰਸਥਾਵਾਂ ਵਿਚਲੇ ਬਹੁਤੇ ਸੰਕਟ, ਅਧਿਆਪਕਾਂ ਵਲੋਂ ਆਗੂ ਬਣਨ ਦੇ ਆਪਣੇ ਫ਼ਰਜ਼ਾਂ ਪ੍ਰਤੀ ਅਣਗਹਿਲੀ ਕਾਰਨ ਉਪਜਦੇ ਹਨ।

ਜਵਾਨ ਪੀੜ੍ਹੀ ਅਗਵਾਈ ਲਈ ਤਾਂਘ ਰਹੀ ਹੈ ਪਰ ਸਾਡੇ ਅਧਿਆਪਕ ਵਿਦਵਾਨ ਤਾਂ ਹਨ, ਵਿਵੇਕਸ਼ੀਲ ਅਤੇ ਕਾਰਜਸ਼ੀਲ ਨਹੀਂ ਹਨ।

ਅਧਿਆਪਕਾਂ ਦਾ ਕਰਤੱਵ ਹੈ ਕਿ ਉਹ ਅਗਲੀ ਪੀੜ੍ਹੀ ਨੂੰ ਇਵੇਂ ਤਿਆਰ ਕਰਨ ਕਿ ਜਦੋਂ ਜ਼ਿੰਮੇਵਾਰੀ ਉਨ੍ਹਾਂ ਦੇ ਮੋਢਿਆਂ 'ਤੇ ਪਵੇ ਤਾਂ ਉਨ੍ਹਾਂ ਦੇ ਕਦਮ ਸਬੂਤੇ ਰਹਿਣ ਅਤੇ ਫਿਰ ਜ਼ਿੰਮੇਵਾਰੀ ਦੀ ਭਾਵਨਾ ਨਾਲ ਉਹ ਜਾਂ ਪਰੰਪਰਾ ਨੂੰ ਅਪਨਾਉਣ, ਜਾਂ ਉਸ ਨੂੰ ਬਦਲਣ ਜਾਂ ਉਸ ਨੂੰ ਰੱਦ ਕਰਨ ਪਰ ਜੋ ਕੁਝ ਵੀ ਕਰਨ, ਕਰਨ ਜ਼ਿੰਮੇਵਾਰੀ ਦੀ ਭਾਵਨਾ ਨਾਲ।

ਅਜੋਕੇ ਆਗੂਆਂ ਦੀ ਸੋਚ ਦੀ ਛੱਤਰੀ ਬਹੁਤ ਛੋਟੀ ਹੈ, ਉਹ ਅਗਲੀਆਂ ਚੋਣਾਂ ਬਾਰੇ ਹੀ ਸੋਚਦੇ ਹਨ, ਅਗਲੀਆਂ ਪੀੜ੍ਹੀਆਂ ਬਾਰੇ ਨਹੀਂ।

ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਮਾਜ ਦੇ ਨੇੜੇ-ਤੇੜੇ ਰਹਿਣ ਪਰ ਅਕਸਰ ਵੇਖਿਆ ਗਿਆ ਹੈ ਕਿ ਉਹ ਰਾਜਨੀਤਕ ਸ਼ਕਤੀ ਹੱਥਿਆਉਣ ਲਈ ਕਿਧਰੇ ਦੇ ਕਿਧਰੇ ਅਤੇ ਬਹੁਤ ਦੂਰ ਨਿਕਲ ਜਾਂਦੇ ਹਨ।

ਹੁਣ ਸੰਭਵ ਨਹੀਂ ਰਿਹਾ ਕਿ ਕੋਈ ਇਕ ਆਗੂ ਸਾਰੀ ਲੋਕਾਈ ਨੂੰ ਅਗਵਾਈ ਪ੍ਰਦਾਨ ਕਰ ਸਕੇ, ਸੋ ਮਜਬੂਰੀ ਵੱਸ, ਜਨਸਮੂਹ ਨੂੰ ਸਭ ਰਿਆਇਤਾਂ ਅਤੇ ਲਾਰਿਆਂ ਅਤੇ ਬਹਾਨਿਆਂ ਤੋਂ ਵਿਰਵੇ ਅਤੇ ਮੁਕਤ ਹੋ ਕੇ ਜੀਵਨ ਜਿਊਣਾ ਪਵੇਗਾ।

ਸਾਡੀਆਂ ਸਮੱਸਿਆਵਾਂ ਦਾ ਸੁਭਾਅ ਬਦਲ ਜਾਣ ਕਾਰਨ, ਰੱਬ ਵੀ ਹੁਣ ਸਾਡੀ ਬਹੁਤੀ ਮਦਦ ਨਹੀਂ ਕਰ ਸਕਦਾ।

ਹਰ ਵਿਅਕਤੀ ਦੀ ਰਫ਼ਤਾਰ ਅਤੇ ਸੇਧ ਵੱਖਰੀ ਹੋਣ ਕਾਰਨ ਕਿਸੇ ਸਾਂਝੇ ਅਤੇ ਸਰਬੱਤ ਦੇ ਭਲੇ ਵਾਲੇ ਕਿਸੇ ਅੰਦੋਲਨ ਦੀ ਸੰਭਾਵਨਾ ਵੀ ਨਹੀਂ ਰਹੀ, ਕਿਉਂਕਿ ਹਰ ਆਗੂ ਇਹੀ ਕਹਿੰਦਾ ਹੈ ਕਿ ਮੇਰੇ ਪਿੱਛੇ ਆਓ, ਕੋਈ ਆਗੂ ਇਹ ਨਹੀਂ ਕਹਿੰਦਾ : ਆਓ, ਚਲੀਏ!

ਖ਼ੁਦਗਰਜ਼ੀ, ਕਮਜ਼ੋਰ ਆਰਥਿਕਤਾ ਦੀ ਦੇਣ ਹੁੰਦੀ ਹੈ, ਜਿਹੜੀ ਸਮੇਂ ਦੇ ਬੀਤਣ ਨਾਲ ਢੀਠਤਾ ਅਤੇ ਹਿੰਸਾ ਦਾ ਰੂਪ ਧਾਰਦੀ ਹੈ।

ਅਜਿਹੀ ਹਾਲਤ ਵਿਚ ਕੌਮ ਦੇ ਆਗੂ ਆਪਣੇ ਸੁਆਰਥ ਦੀ ਪੂਰਤੀ ਲਈ ਕਈ ਵਾਰੀ ਸਮੁੱਚੇ ਰਾਸ਼ਟਰ ਦੀ ਬਲੀ ਦੇ ਦਿੰਦੇ ਹਨ।

ਆਪਣੇ ਆਪ ਨਾਲ ਪ੍ਰਸੰਨ ਹੋਣਾ ਹੁਣ ਮਨੁੱਖ ਦਾ ਅੰਤਿਮ ਉਦੇਸ਼ ਨਹੀਂ ਰਿਹਾ।

ਸਾਡੇ ਦਿਮਾਗਾਂ ਦੇ ਬੂਹੇ ਬੰਦ ਹੋਣ ਕਾਰਨ, ਹੁਣ ਸਾਨੂੰ ਆਪਣੇ ਘਰਾਂ ਵਿਚ ਵੀ ਅਪਣੱਤ ਦਾ ਅਨੁਭਵ ਨਹੀਂ ਹੁੰਦਾ।

ਅਜੋਕਾ ਮਨੁੱਖ, ਆਗੂ-ਹੀਣ ਹੋਣ ਕਾਰਨ ਭਟਕ ਰਿਹਾ ਹੈ।

ਵਸੀਲਿਆਂ ਦੀ ਤੰਗੀ ਤੋਂ ਉਪਜੀ ਪ੍ਰੇਸ਼ਾਨੀ ਅਣਮਨੁੱਖੀ ਵਿਹਾਰ ਨੂੰ ਜਨਮ ਦਿੰਦੀ ਹੈ ਅਤੇ ਸੁਆਰਥ, ਸੁਆਰਥ ਨਾਲ ਖਹਿ ਕੇ ਭਿਆਨਕ ਰੂਪ ਧਾਰਨ ਕਰਕੇ, ਕੇਵਲ ਚਰਿੱਤਰਹੀਣ ਵਿਅਕਤੀ ਹੀ ਪੈਦਾ ਕਰ ਸਕਦਾ ਹੈ।

ਸੱਚਾ ਆਗੂ ਉਹ ਹੁੰਦਾ ਹੈ, ਜਿਸ ਦੀ ਅਗਵਾਈ ਵਿਚ ਨਿਹੱਥੇ ਵੀ ਜਿੱਤ ਦੇ ਭਰੋਸੇ ਨਾਲ ਜੂਝਦੇ ਹਨ ਅਤੇ ਜੀਵਨ ਦੀ ਜੱਦੋਜਹਿਦ ਵਿਚ ਸਫ਼ਲ ਹੁੰਦੇ ਹਨ ਪਰ ਅਜੋਕੀ ਸਥਿਤੀ ਬੜੀ ਨਿਰਾਸ਼ਾਜਨਕ ਹੈ। ਸਾਡੀ ਕਿਹੜੀ ਸਮੱਸਿਆ ਹੈ, ਜਿਹੜੀ ਸਾਡੇ ਅਜੋਕੇ ਆਗੂਆਂ ਨੇ ਹੱਲ ਕੀਤੀ ਹੈ ? ਉਹ ਕਿਹੜੀ ਸਮੱਸਿਆ ਹੈ, ਜਿਹੜੀ ਅਸੀਂ ਉਨ੍ਹਾਂ ਵੱਲੋਂ ਹੱਲ ਕੀਤੇ ਜਾਣ ਦੀ ਆਸ ਲਾਈਏ ?

ਜਿਹੜੇ ਆਗੂ ਸਾਡੇ ਬਾਰੇ ਸੋਚ ਸਕਦੇ ਸੀ, ਉਹ ਤਾਂ ਗੁਆਚ ਗਏ ਹਨ। ਉਨ੍ਹਾਂ ਤੋਂ ਬਿਨਾਂ ਸਾਡੀ ਭਟਕਣ ਦਾ ਵੱਧਣਾ ਲਾਜ਼ਮੀ ਹੈ। ਸਾਡੀ ਬਦਕਿਸਮਤੀ ਇਹ ਹੈ ਕਿ ਸਾਡੇ ਆਗੂ ਹੀ ਸਾਡੀ ਬਰਬਾਦੀ ਦਾ ਕਾਰਨ ਬਣ ਰਹੇ ਹਨ।

ਇਹ ਦਰਦ ਸਾਨੂੰ ਹੰਢਾਉਣਾ ਹੀ ਪਵੇਗਾ ਪਰ ਕਦੇ ਨਾ ਕਦੇ, ਕਿਧਰੋਂ ਨਾ ਕਿਧਰੋਂ, ਕੋਈ ਆਗੂ ਉਭਰੇਗਾ, ਜਿਹੜਾ ਸਾਨੂੰ ਸਾਡੀਆਂ ਸੰਭਾਵਨਾਵਾਂ ਤੋਂ ਜਾਣੂ ਕਰਵਾਏਗਾ ਅਤੇ ਸਾਨੂੰ ਵਿਕਾਸ ਦੇ ਰਾਹ ਪਾਏਗਾ।

♥♥♥

ਅਪਮਾਨ

ਅਜੋਕੇ ਮਨੁੱਖ ਵਿਚ ਕੁਝ ਉਸਾਰਨ ਦੇ ਮੁਕਾਬਲੇ ਤਬਾਹ ਕਰਨ ਦੀ ਰੁਚੀ ਵਧੇਰੇ ਬਲਵਾਨ ਹੋ ਗਈ ਹੈ। ਉਸਾਰਨ ਦੀ ਚਾਲ ਅਤੇ ਤਬਾਹੀ ਦੀ ਰਫ਼ਤਾਰ, ਕੁਝ ਬਣਾਉਣ ਦਾ ਚਾਅ ਅਤੇ ਕੁਝ ਢਾਹੁਣ ਦੀ ਕਾਹਲ, ਕਿਸੇ ਦ੍ਰਿਸ਼ ਨੂੰ ਮਾਣਨ ਦਾ ਸਲੀਕਾ ਅਤੇ ਉਸ ਵਿਚ ਨੁਕਸ ਕੱਢਣ ਦੀ ਬਿਰਤੀ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖ ਅਸ਼ਾਂਤ ਹੈ, ਅਸੰਤੁਸ਼ਟ ਹੈ, ਉਦਾਸ ਹੈ, ਨਿਰਾਸ਼ ਹੈ। ਇਹ ਵਰਤਾਰੇ ਦੂਜਿਆਂ ਨਾਲ ਸਾਡੇ ਸਬੰਧਾਂ ਨੂੰ ਕੂਲੇ ਬਣਾਉਣ ਦੀ ਥਾਂ ਚੁਭਵੇਂ ਬਣਾ ਦਿੰਦੇ ਹਨ।

ਹੁਣ ਤਾੜੀਆਂ ਪ੍ਰਸ਼ੰਸਾ ਵਜੋਂ ਹੀ ਨਹੀਂ, ਅਪਮਾਨ ਵਜੋਂ ਵੀ ਮਾਰੀਆਂ ਜਾਂਦੀਆਂ ਹਨ। ਜ਼ਰੂਰੀ ਨਹੀਂ ਕਿ ਤਾੜੀਆਂ ਕਿਸੇ ਪ੍ਰੋਗਰਾਮ ਜਾਂ ਭਾਸ਼ਣ ਦੀ ਪ੍ਰਸ਼ੰਸਾ ਦਾ ਪ੍ਰਗਟਾਵਾ ਕਰਨ, ਭੈੜੇ ਪ੍ਰੋਗਰਾਮ, ਸਮਾਗਮ ਜਾਂ ਭਾਸ਼ਣ ਦੇ ਮੁੱਕ ਜਾਣ ਦੀ ਖੁਸ਼ੀ ਪ੍ਰਗਟਾਉਣ ਲਈ ਵੀ ਤਾੜੀਆਂ ਹੀ ਮਾਰੀਆਂ ਜਾਂਦੀਆਂ ਹਨ।

ਕਈ ਲੋਕਾਂ ਨੇ ਕਈ-ਕਈ ਕੁੱਤੇ ਪਾਲੇ ਹੁੰਦੇ ਹਨ ਪਰ ਕਿਸੇ ਦਾ ਅਪਮਾਨ ਕਰਨ ਲਈ ਭੌਂਕਦੇ ਉਹ ਆਪ ਹੀ ਹਨ।

ਕਿਹਾ ਜਾਂਦਾ ਹੈ ਕਿ ਵਿਆਹ ਸੰਜੋਗਾਂ ਨਾਲ ਹੁੰਦੇ ਹਨ ਪਰ ਕਹਿਣ ਵਾਲੇ ਤਾਂ ਹੁਣ ਇਹ ਵੀ ਕਹਿੰਦੇ ਹਨ ਕਿ ਅਜੋਕੇ ਸੰਸਾਰ ਵਿਚ ਤਲਾਕ ਵੀ ਸੰਜੋਗਾਂ ਅਤੇ ਚੰਗੇ ਭਾਗਾਂ ਤੋਂ ਬਿਨਾਂ ਨਹੀਂ ਮਿਲਦੇ।

ਤਲਾਕ ਦੀ ਇੱਛਾ, ਅਪਮਾਨ ਦੀ ਭਾਵਨਾ ਵਿਚੋਂ ਉਪਜਦੀ ਹੈ।

ਵੇਖਿਆ ਗਿਆ ਹੈ ਕਿ ਤਲਾਕ ਭਾਵੇਂ ਕੋਈ ਧਿਰ ਲਵੇ, ਉਸ ਵਿਚ ਵਧੇਰੇ ਨੁਕਸਾਨ ਅਤੇ ਅਪਮਾਨ ਇਸਤਰੀ ਦਾ ਹੀ ਹੁੰਦਾ ਹੈ।

ਜਿੱਥੇ ਦੋ ਵਿਅਕਤੀਆਂ ਦੀ ਪਸ਼ੰਸਾ ਹੋਣੀ ਹੋਵੇ, ਉੱਥੇ ਦੋਵੇਂ ਚਾਹੁੰਦੇ ਹਨ ਕਿ ਪ੍ਰਸ਼ੰਸਾ ਤਾਂ ਕੇਵਲ ਉਸ ਦੀ ਹੋਵੇ, ਦੂਜੇ ਦਾ ਭਾਵੇਂ ਅਪਮਾਨ ਹੋ ਜਾਵੇ।

ਲਖਨਊ ਦੇ ਨਵਾਬਾਂ ਨੇ ਪਹਿਲੇ ਆਪ, ਪਹਿਲੇ ਆਪ ਕਹਿੰਦਿਆਂ ਗੱਡੀ ਲੰਘਾ ਦਿੱਤੀ ਸੀ ਪਰ ਮਾਲਵੇ ਦੇ ਅਣਖੀਲੇ ਜੱਟ ਪਹਿਲੇ ਮੈਂ, ਪਹਿਲੇ ਮੈਂ, ਕਹਿੰਦਿਆਂ ਅਕਸਰ ਗੱਡੀ ਲੰਘਾ ਦਿੰਦੇ ਹਨ।

ਭਰਮ ਸੋਹਣੇ ਹੁੰਦੇ ਹਨ, ਸਨਮਾਨ ਵਰਗੇ; ਸੱਚ ਕਰੂਪ ਹੁੰਦਾ ਹੈ, ਅਪਮਾਨ ਵਰਗਾ।

ਲਗਭਗ ਹਰ ਸ਼ਿਕਾਇਤ ਕਰਨ ਸਮੇਂ ਅਸੀਂ ਦੂਜੇ ਦੀ ਲਾਪ੍ਰਵਾਹੀ ਨੂੰ ਆਧਾਰ ਬਣਾ ਕੇ ਉਸ ਦਾ ਅਪਮਾਨ ਕਰਨਾ ਚਾਹੁੰਦੇ ਹਾਂ।

ਹਰ ਮਨੁੱਖ ਵਿਚ ਕੁਝ ਗੱਲਾਂ ਨੂੰ ਵਧਾ ਚੜ੍ਹਾ ਕੇ, ਆਪਣੀ ਪ੍ਰਸ਼ੰਸਾ ਅਤੇ ਦੂਜਿਆਂ ਦਾ ਅਪਮਾਨ ਕਰਨ ਦੀ ਬਿਰਤੀ ਜਨਮਜਾਤ ਹੁੰਦੀ ਹੈ।

ਕਿਸੇ ਦਾ ਝੂਠਾ ਸਨਮਾਨ ਅਤੇ ਸੱਚਾ ਅਪਮਾਨ ਕਰਨ ਦੀ ਬਿਰਤੀ ਕੇਵਲ ਮਨੁੱਖਾਂ ਵਿਚ ਹੈ। ਬਾਕੀ ਸਾਰੇ ਜੀਵ-ਜੰਤੂ ਇਸ ਰੋਗ ਤੋਂ ਮੁਕਤ ਹਨ।

ਸਨਮਾਨ ਕਰਨ ਵਿਚ ਅਸੀਂ ਸੁੱਸਤ ਹੋ ਸਕਦੇ ਹਾਂ ਪਰ ਚੁੱਸਤ ਹੋਏ ਬਿਨਾਂ ਅਪਮਾਨ ਨਹੀਂ ਕੀਤਾ ਜਾ ਸਕਦਾ। ਕਿਸੇ ਦਾ ਸਨਮਾਨ ਕਰਨ ਸਮੇਂ ਬਨਾਵਟ ਅਤੇ ਕਿਸੇ ਸਮੱਗਰੀ ਦੀ ਲੋੜ ਪੈਂਦੀ ਹੈ, ਜਦੋਂ ਕਿ ਅਪਮਾਨ ਵਧੇਰੇ ਸ਼ੁੱਧ ਅਤੇ ਸਪਸ਼ਟ ਭਾਵਨਾ ਨਾਲ ਅਤੇ ਬਿਨਾਂ ਕਿਸੇ ਸਮੱਗਰੀ ਨਾਲ ਕੀਤਾ ਜਾ ਸਕਦਾ ਹੈ।

ਸਨਮਾਨ-ਅਪਮਾਨ ਦੋਹਾਂ ਵਿਚ ਅੱਖਾਂ ਅਤੇ ਕੰਨਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ।

ਗਾਲ੍ਹਾਂ ਅਤੇ ਧਮਕੀਆਂ ਕਿਸੇ ਦਾ ਅਪਮਾਨ ਕਰਨ ਲਈ ਹੀ ਨਹੀਂ ਸਗੋਂ ਆਪਣੇ ਹੋਏ ਅਪਮਾਨ ਦਾ ਬਦਲਾ ਲੈਣ ਲਈ ਵੀ ਵਰਤੀਆਂ ਜਾਂਦੀਆਂ ਹਨ।

ਹਰ ਦੇਸ਼ ਅਤੇ ਹਰ ਸਮਾਜ ਵਿਚ ਦੋ ਵਿਅਕਤੀਆਂ ਦੀ ਲੜਾਈ ਤੋਂ ਲੈ ਕੇ, ਦੋ ਦੇਸ਼ਾਂ ਦੀ ਜੰਗ ਤੱਕ ਦੇ ਸਾਰੇ ਵਿਚਕਾਰਲੇ ਰੂਪ ਕਿਸੇ ਅਪਮਾਨ ਦਾ ਬਦਲਾ ਲੈਣ ਦੀ ਭਾਵਨਾ ਅਧੀਨ, ਅਪਮਾਨ ਕਰਨ ਦੇ ਉਦੇਸ਼ ਨਾਲ ਹੀ ਸਿਰਜੇ ਜਾਂਦੇ ਹਨ।

ਸੰਸਾਰ ਵਿਚ ਕੋਈ ਵੀ ਵਿਅਕਤੀ ਅਜਿਹਾ ਨਹੀਂ, ਜਿਸ ਦਾ ਅਪਮਾਨ ਨਾ ਹੋਇਆ ਹੋਵੇ। ਇਵੇਂ ਹੀ ਸੰਸਾਰ ਵਿਚ ਕੋਈ ਵੀ ਵਿਅਕਤੀ ਅਜਿਹਾ ਵੀ ਨਹੀਂ ਹੋਵੇਗਾ, ਜਿਸ ਨੇ ਕਿਸੇ ਦਾ ਅਪਮਾਨ ਨਾ ਕੀਤਾ ਹੋਵੇ।

ਜਿਸ ਕੋਲ ਗੁਆਉਣ ਲਈ ਕੁਝ ਵੀ ਨਹੀਂ, ਉਸ ਦਾ ਅਪਮਾਨ ਨਹੀਂ ਕੀਤਾ ਜਾ ਸਕਦਾ। ਅਜਿਹੇ ਵਿਅਕਤੀ ਨਾਲ ਝਗੜਨ ਵਿਚ ਝਗੜਨ ਵਾਲੇ ਦਾ ਨੁਕਸਾਨ ਹੀ ਹੁੰਦਾ ਹੈ, ਉਸ ਦਾ ਅਪਮਾਨ ਹੀ ਹੋਵੇਗਾ।

ਕੋਈ ਵਿਅਕਤੀ ਨਿਰੰਤਰ ਅਪਮਾਨ ਦੀ ਅਵਸਥਾ ਵਿਚ ਨਹੀਂ ਵਿਚਰ ਸਕਦਾ, ਸੋ ਕਈ ਅਪਮਾਨ, ਆਪ ਅਪਮਾਨ ਦੀ ਅਵਸਥਾ ਵਿਚੋਂ ਨਿਕਲਣ ਵਾਸਤੇ ਕੀਤੇ ਜਾਂਦੇ ਹਨ।

ਜਿਹੜਾ ਵਿਅਕਤੀ ਆਪ ਪ੍ਰੀਖਿਆ ਵਿਚੋਂ ਫੇਲ੍ਹ ਹੋ ਜਾਵੇ, ਉਹ ਵਜ਼ੀਫ਼ਾ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ਨਹੀਂ ਵੇਖਦਾ, ਉਹ ਗਿਣਦਾ ਹੈ ਕਿ ਉਸ ਦੇ ਹੋਰ ਕਿਹੜੇ-ਕਿਹੜੇ ਜਮਾਤੀ ਫੇਲ੍ਹ ਹੋ ਗਏ ਹਨ।

ਭਾਵੇਂ ਹਰ ਦੇਸ਼, ਹਰ ਸਮਾਜ, ਹਰ ਜਾਤ, ਕਬੀਲੇ ਆਦਿ ਵਿਚ ਅਪਮਾਨ ਕਰਨ ਅਤੇ ਅਪਮਾਨਿਤ ਹੋਣ ਦੇ ਢੰਗ-ਤਰੀਕੇ, ਜੁਗਤਾਂ-ਵਿਧੀਆਂ ਅਤੇ ਅਵਸਰ-ਮੌਕੇ ਵੱਖਰੇ-ਵੱਖਰੇ ਹੁੰਦੇ ਹਨ ਪਰ ਕਈ ਤਰੀਕੇ ਅਤੇ ਜੁਗਤਾਂ ਅਜਿਹੀਆਂ ਵੀ ਹਨ, ਜਿਹੜੀਆਂ ਸਾਰੀ ਮਾਨਵਜਾਤੀ ਦੀਆਂ ਸਾਂਝੀਆਂ ਹੁੰਦੀਆਂ ਹਨ।

ਕਿਸੇ ਦਾ ਅਪਮਾਨ ਕਰਨ ਲਈ ਮੁੱਖ ਤੌਰ ਉੱਤੇ ਦੋ ਸਾਧਨ ਵਰਤੇ ਜਾਂਦੇ ਹਨ : ਸ਼ਬਦ ਅਤੇ ਸਰੀਰਕ ਹਰਕਤਾਂ।

ਸਰੀਰਕ ਹਰਕਤਾਂ ਵਾਲਾ ਖੇਤਰ ਪੁਰਾਣਾ ਹੀ ਨਹੀਂ, ਵਿਸ਼ਵ-ਵਿਆਪੀ ਵੀ ਹੈ ਅਤੇ ਇਸ ਖੇਤਰ ਵਿਚ ਬਹੁਤੀਆਂ ਤਬਦੀਲੀਆਂ ਨਹੀਂ ਵਾਪਰੀਆਂ।

ਜਦੋਂ ਕਿਸੇ ਦੂਜੇ ਪ੍ਰਤੀ ਭੈੜਾ ਅਤੇ ਅਪਮਾਨਜਨਕ ਵਿਹਾਰ ਕਰਨ ਦੀ ਲੋੜ ਹੋਵੇ ਤਾਂ ਕੋਈ ਵੀ ਜੀਵ-ਜੰਤੂ ਮਨੁੱਖ ਦਾ ਮੁਕਾਬਲਾ ਨਹੀਂ ਕਰ ਸਕਦਾ।

ਕਿਸੇ ਪ੍ਰਤੀ ਆਪਣੀ ਨਫ਼ਰਤ, ਗੁੱਸਾ, ਅਪ੍ਰਵਾਨਗੀ ਜਾਂ ਅਪਮਾਨ ਦੀ ਭਾਵਨਾ ਪ੍ਰਗਟਾਉਣ ਦੀਆਂ ਮਨੁੱਖ ਕੋਲ ਅਣਗਿਣਤ ਵਿਧੀਆਂ ਹਨ ਅਤੇ ਹਰ ਵਿਧੀ ਅੰਦਰ ਕਈ ਵੰਨਗੀਆਂ ਹਨ। ਮਨੁੱਖ ਆਪਣਾ ਮੂੰਹ ਖੋਲ੍ਹਣ ਤੋਂ ਬਿਨਾਂ ਵੀ ਕਿਸੇ ਦਾ ਅਪਮਾਨ ਕਰ ਸਕਦਾ ਹੈ। ਜਦੋਂ ਅਪਮਾਨਜਨਕ ਹਰਕਤਾਂ ਅਤੇ ਅਪਮਾਨ ਭਰੇ ਸ਼ਬਦਾਂ ਦਾ ਸੁਮੇਲ ਹੋ ਜਾਵੇ ਤਾਂ ਲੋਹੇ 'ਤੇ ਗੋਹੇ ਵਰਗਾ ਪ੍ਰਭਾਵ ਉਪਜਦਾ ਹੈ।

ਸੋਨੇ 'ਤੇ ਸੁਹਾਗੇ ਦਾ ਪ੍ਰਭਾਵ ਤਾਂ ਤੁਸੀਂ ਜਾਣਦੇ ਹੀ ਹੋ ਪਰ ਲੋਹੇ 'ਤੇ ਗੋਹੇ ਦਾ ਪ੍ਰਭਾਵ ਵੀ ਨਵਾਂ ਨਹੀਂ, ਪੁਰਾਣਾ ਹੈ।

ਸੁਹਾਗਾ, ਸੋਨੇ ਨੂੰ ਲਿਸ਼ਕਾ ਦਿੰਦਾ ਹੈ; ਗੋਹਾ, ਲੋਹੇ ਨੂੰ ਗਾਲ ਦਿੰਦਾ ਹੈ।

ਇਸ ਗਾਲ ਦੇਣ ਦੀ ਯੋਗਤਾ ਤੋਂ ਹੀ ਗਾਲ੍ਹ ਦੀ ਉਤਪਤੀ ਹੋਈ ਹੈ।

ਲਗਭਗ ਹਰ ਇਕ ਸਰੀਰਕ ਹਰਕਤ ਨੂੰ ਵਿਗਾੜ ਕੇ ਕਿਸੇ ਦਾ ਅਪਮਾਨ ਕੀਤਾ ਜਾ ਸਕਦਾ ਹੈ। ਸਨਮਾਨ ਅਤੇ ਅਪਮਾਨ ਵਿਚ ਸਰੀਰਕ ਹਰਕਤ ਲਗਭਗ ਉਹੀ ਹੁੰਦੀ ਹੈ ਪਰ ਸੰਦਰਭ ਵੱਖਰਾ ਹੁੰਦਾ ਹੈ। ਗ਼ਲਤ ਸਮੇਂ ਜਾਂ ਗ਼ਲਤ ਥਾਂ 'ਤੇ ਸਨਮਾਨ ਵਾਲੀ ਹਰਕਤ ਵੀ ਅਪਮਾਨ ਹੋ ਨਿੱਬੜਦੀ ਹੈ। ਕੁਝ ਹਰਕਤਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਹਰ ਸਥਿਤੀ ਵਿਚ ਅਪਮਾਨਜਨਕ ਹੀ ਹੁੰਦੀਆਂ ਹਨ, ਜਿਵੇਂ ਕਿਸੇ ਨਾਲ ਤਲਖ਼ੀ ਨਾਲ ਬੋਲਣਾ, ਨਕਲ ਉਤਾਰਨਾ, ਜਾਣ-ਬੁੱਝ ਕੇ ਕਿਸੇ ਦੀ ਇੱਛਾ ਦੀ ਅਵੱਗਿਆ ਕਰਨੀ, ਧਮਕੀ ਦੇਣਾ, ਛੇੜਨਾ, ਝਿੜਕਣਾ ਅਤੇ ਖੁਆਰ ਕਰਨਾ ਜਾਂ ਮਾਣ ਤੋੜਨਾ।

ਅਪਮਾਨ ਕਰਨ ਦਾ ਵਿਹਾਰ ਨਿੱਕੀਆਂ-ਨਿੱਕੀਆਂ ਹਰਕਤਾਂ ਤੋਂ ਆਰੰਭ ਹੋ ਕੇ ਸਰੀਰਕ ਹਮਲੇ ਤੱਕ ਫੈਲਿਆ ਹੋਇਆ ਹੈ। ਬੋਲਣ ਸਮੇਂ ਦੰਦ ਵਧੇਰੇ ਨੰਗੇ ਕਰਨਾ, ਚਿਹਰਾ ਵਿਗਾੜ ਕੇ ਬੋਲਣਾ, ਕਿਸੇ ਨੂੰ ਕਿਸੇ ਸੁੱਸਤ ਜਾਂ ਗੰਦੇ ਜਾਨਵਰ ਨਾਲ ਤੁਲਨਾ ਦੇਣੀ, ਬੋਲਣ ਸਮੇਂ ਆਪਣੀਆਂ ਬਾਹਾਂ ਅਤੇ ਹੱਥਾਂ ਨੂੰ ਵਧੇਰੇ ਹਿਲਾਉਣਾ ਅਤੇ ਅੰਗੂਠੇ ਵਲੋਂ ਪਹਿਲੀ ਉਂਗਲ ਉਚੀ ਕਰ ਕੇ ਬੋਲਣਾ ਆਦਿ ਅਪਮਾਨਜਨਕ ਵਿਹਾਰ ਦੇ ਹੋਰ ਪ੍ਰਮਾਣ ਹਨ।

ਕਿਸੇ ਦੂਜੇ ਸਮਾਜ ਵਿਚੋਂ ਆਏ ਵਿਅਕਤੀ ਨੂੰ ਕਈ ਵਾਰੀ ਸਮਝ ਨਹੀਂ ਪੈਂਦੀ ਕਿ ਦੂਜਿਆਂ ਵਲੋਂ ਉਸ ਨਾਲ ਕੀਤੀਆਂ ਜਾ ਰਹੀਆਂ ਹਰਕਤਾਂ ਸਨਮਾਨ ਹਨ ਜਾਂ ਅਪਮਾਨ।

ਕਈ ਵਾਰੀ ਦੂਜੇ ਸਮਾਜ ਵਿਚ ਅਸੀਂ ਅਣਜਾਣੇ ਹੀ ਕੁਝ ਅਜਿਹਾ ਕਰਦੇ ਹਾਂ, ਜਿਸ ਨਾਲ ਦੂਜੇ ਅਪਮਾਨਿਤ ਅਨੁਭਵ ਕਰਦੇ ਹਨ।

ਕਿਸੇ ਵਿਚ ਦਿਲਚਸਪੀ ਲੈਣੀ ਅਚਾਨਕ ਬੰਦ ਕਰ ਦੇਣੀ, ਉਸ ਪ੍ਰਤੀ ਅਪਮਾਨ ਦਾ ਪ੍ਰਗਟਾਵਾ ਹੁੰਦੀ ਹੈ। ਜਦੋਂ ਕਿਸੇ ਵਿਚ ਦਿਲਚਸਪੀ ਲੈਣੀ ਅਚਾਨਕ ਬੰਦ ਕਰ ਦਿੱਤੀ ਜਾਵੇ ਤਾਂ ਉਹ ਵਿਅਕਤੀ ਘਬਰਾ ਜਾਂਦਾ ਹੈ ਅਤੇ ਅਪਮਾਨਿਤ ਅਨੁਭਵ ਕਰਦਾ ਹੈ। ਜਦੋਂ ਆਪਣੀ

ਪਤਨੀ ਨੂੰ ਤੰਗ ਕਰਨ ਵਾਲਾ ਜਵਾਈ, ਆਪਣੇ ਸਹੁਰੇ ਜਾਵੇ ਅਤੇ ਕੋਈ ਉਸ ਵੱਲ ਧਿਆਨ ਨਾ ਦੇਵੇ ਤਾਂ ਉਸ ਨੂੰ ਅਜਿਹੇ ਵਿਹਾਰ ਨੂੰ ਅਪਮਾਨ ਸਮਝਣ ਵਿਚ ਦੇਰ ਨਹੀਂ ਲੱਗਦੀ।

ਜਦੋਂ ਕੋਈ ਵਿਅਕਤੀ ਦਿਲਚਸਪੀ ਨਾ ਲਏ ਜਾਣ ਦੇ ਬਾਵਜੂਦ ਅਪਮਾਨਿਤ ਅਨੁਭਵ ਨਾ ਕਰੇ ਤਾਂ ਅਗਲਾ ਹਥਿਆਰ ਉਸ ਉੱਤੇ ਹੱਸਣ ਦਾ ਵਰਤਿਆ ਜਾਂਦਾ ਹੈ।

ਅਪਮਾਨਜਨਕ ਹਾਸਾ, ਪ੍ਰਵਾਨਗੀ ਦੇ ਹਾਸੇ ਨਾਲੋਂ ਵੱਖਰਾ ਹੁੰਦਾ ਹੈ ਅਤੇ ਇਸ ਦੀ ਆਵਾਜ਼ ਵੀ ਵੱਖਰੀ ਭਾਂਤ ਦੀ ਹੁੰਦੀ ਹੈ।

ਜੇ ਇਵੇਂ ਵੀ ਅਪਮਾਨ ਕਰਨ ਵਿਚ ਸਫ਼ਲਤਾ ਨਾ ਮਿਲੇ ਤਾਂ ਸਰੀਰਕ ਹੱਥੋਪਾਈ ਦੀ ਸਥਿਤੀ ਉਪਜਦੀ ਹੈ। ਭਾਵੇਂ ਅਪਮਾਨ ਕਰਨ ਦਾ ਯਤਨ ਇਨ੍ਹਾਂ ਪੜਾਵਾਂ ਵਿਚੋਂ ਤਰਤੀਬ ਅਨੁਸਾਰ ਨਾ ਵੀ ਲੰਘੇ ਪਰ ਤਾਂ ਵੀ ਇਹ ਪ੍ਰਭਾਵ ਜ਼ਰੂਰ ਉਘਾੜਿਆ ਜਾਂਦਾ ਹੈ ਕਿ ਸਾਨੂੰ ਤੇਰੀ ਪ੍ਰਵਾਹ ਨਹੀਂ।

ਅਜਿਹੇ ਅਪਮਾਨ ਕਰਨ ਵਾਲੇ ਸੰਕੇਤ ਦੇਣ ਲਈ ਅਤੇ ਆਪਣੀ ਨਾਰਾਜ਼ਗੀ ਪ੍ਰਗਟਾਉਣ ਲਈ ਅਸੀਂ ਘੱਟ ਹੱਸਦੇ ਹਾਂ, ਘੱਟ ਬੋਲਦੇ ਹਾਂ, ਘੱਟ ਅੱਖਾਂ ਮਿਲਾਉਂਦੇ ਹਾਂ, ਵਧੇਰੇ ਸੁੰਗੜ ਕੇ ਬੈਠਦੇ ਹਾਂ ਅਤੇ ਕਿਧਰੇ ਦੂਰ ਵੇਖਣ ਦਾ ਯਤਨ ਕਰਦੇ ਹਾਂ।

ਕਿਸੇ ਨੂੰ ਵੇਖ ਕੇ ਅਣਡਿੱਠ ਕਰ ਦੇਣਾ ਜਾਂ ਵੇਖ ਕੇ ਮੂੰਹ ਭਵਾਂ ਲੈਣਾ, ਉਸ ਨੂੰ ਜਿਊਂਦਿਆਂ ਵਿਚ ਨਾ ਗਿਣਨ ਬਰਾਬਰ ਹੁੰਦਾ ਹੈ। ਕਿਸੇ ਦੀ ਨਮਸਕਾਰ ਜਾਂ ਸਲਾਮ ਦਾ ਜਵਾਬ ਨਾ ਦੇਣਾ ਵੀ ਅਜਿਹਾ ਹੀ ਵਰਤਾਰਾ ਹੈ। ਮਿਲਾਉਣ ਲਈ ਵਧੇ ਹੱਥ ਵੱਲ ਧਿਆਨ ਨਾ ਦੇਣਾ, ਕਿਸੇ ਦੇ ਬੂਹਿਓਂ ਬਾਹਰ ਨਿਕਲਦਿਆਂ ਹੀ ਦਰਵਾਜ਼ਾ ਜ਼ੋਰ ਦੀ ਬੰਦ ਕਰਨਾ, ਉਸ ਦੇ ਜਾਣ ਲੱਗਿਆਂ, ਉਸ ਦੀ ਹਾਜ਼ਰੀ ਵਿਚ ਹੀ ਬੱਤੀ ਬੁਝਾ ਦੇਣੀ ਜਾਂ ਪੱਖਾ ਬੰਦ ਕਰ ਦੇਣਾ, ਕਿਸੇ ਨੂੰ ਘਰ ਦੇ ਅੰਦਰ ਆਉਣ ਲਈ ਨਾ ਕਹਿਣਾ ਅਤੇ ਕਿਸੇ ਦੇ ਅੰਦਰ ਆਉਣ ਉੱਤੇ ਘੱਟ ਰੌਸ਼ਨੀ ਕਰਨੀ, ਕਿਸੇ ਦੀ ਗੱਲ ਸੁਣਦਿਆਂ ਕੁਝ ਹੋਰ ਕਰਨ ਲੱਗ ਪੈਣਾ ਅਤੇ ਵਧੇਰੇ ਸਿਰ ਚੁੱਕ ਕੇ ਅਕੇਵੇਂ ਨਾਲ ਉਸ ਵੱਲ ਵੇਖਣਾ ਆਦਿ ਵੀ ਅਪਮਾਨ ਕਰਨ ਦੇ ਪ੍ਰਤੱਖ ਢੰਗ ਹਨ।

ਕਿਸੇ ਦੀ ਹਾਜ਼ਰੀ ਵਿਚ ਉਕਤਾ ਜਾਣਾ ਅਤੇ ਖੁੱਲ੍ਹ ਕੇ ਉਬਾਸੀ ਲੈਣੀ, ਬੇਆਰਾਮੀ ਅਨੁਭਵ ਕਰਨੀ ਅਤੇ ਆਪਣੀ ਕੁਰਸੀ ਵਿਚ ਪਲਸੇਟੇ ਮਾਰਨੇ, ਹੌਕਿਆਂ ਵਰਗੇ ਲੰਮੇ ਸਾਹ ਲੈਣੇ, ਕਿਸੇ ਨਿਗੂਣੀ ਚੀਜ਼ ਵੱਲ ਧਿਆਨ ਦੇਣ ਲੱਗ ਪੈਣਾ ਜਾਂ ਮੁੜ-ਮੁੜ ਆਪਣੀ ਘੜੀ ਵੱਲ ਵੇਖਣਾ, ਬੇਚੈਨੀ ਪ੍ਰਗਟਾਉਣੀ, ਕਿਸੇ ਹੋਰ ਥਾਂ, ਸਮੇਂ ਸਿਰ ਪਹੁੰਚਣ ਦੀ ਚਿੰਤਾ ਦਾ ਝੂਠਾ ਪ੍ਰਗਟਾਵਾ ਕਰਨਾ ਜਾਂ ਆਪਣੇ ਹੱਥਾਂ ਨੂੰ ਆਪਣੀਆਂ ਅੱਖਾਂ ਉੱਤੇ ਇਵੇਂ ਰੱਖਣਾ ਜਿਵੇਂ ਸਿਰ ਦੁੱਖ ਰਿਹਾ ਹੋਵੇ ਜਾਂ ਅੱਖਾਂ ਢੱਕ ਕੇ ਸੌਣ ਦਾ ਯਤਨ ਕਰਨਾ ਜਾਂ ਕਿਸੇ ਦੇ ਨੇੜੇ ਬੈਠਣ ਦਾ ਪਛਤਾਵਾ ਪ੍ਰਗਟਾਉਣਾ ਵੀ ਅਪਮਾਨ ਦੀਆਂ ਵਿਧੀਆਂ ਹਨ।

ਤੁਸੀਂ ਵੇਖਿਆ ਹੋਵੇਗਾ ਕਿ ਕਈ ਲੋਕ ਕਿਸੇ ਥਾਂ ਬੈਠੇ ਅਚਾਨਕ ਜ਼ਮੀਨ ਨਾਲ ਪੈਰ ਥਪ-ਥਪਾਉਣ ਲੱਗ ਪੈਂਦੇ ਹਨ। ਉਹ ਵਾਸਤਵ ਵਿਚ ਉੱਥੋਂ ਦੌੜ ਜਾਣ ਦਾ ਅਭਿਆਸ ਕਰ ਰਹੇ ਹੁੰਦੇ ਹਨ। ਪੈਰ ਥਪ-ਥਪਾਉਣ ਦੀ ਰਫ਼ਤਾਰ ਜਿਤਨੀ ਵਧੇਰੇ ਹੋਵੇਗੀ, ਉਤਨੀ ਹੀ ਉਸ ਵਿਅਕਤੀ ਵਿਚ ਉੱਥੋਂ ਦੌੜ ਜਾਣ ਦੀ ਇੱਛਾ ਵਧੇਰੇ ਹੋਵੇਗੀ। ਦੌੜ ਨਾ ਸਕਣ ਦੀ ਮਜਬੂਰੀ,

ਉਸ ਬੰਦੇ ਦੇ ਚਿਹਰੇ ਦੇ ਉਤਸ਼ਾਹ ਨੂੰ ਮਾਰ ਦਿੰਦੀ ਹੈ ਅਤੇ ਉਸ ਦੀ ਸੁੰਦਰਤਾ ਨੂੰ ਵਿਗਾੜ ਦਿੰਦੀ ਹੈ। ਅਜਿਹਾ ਵਿਅਕਤੀ ਇਵੇਂ ਬੈਠਦਾ ਹੈ, ਜਿਵੇਂ ਉਸ ਨੇ ਬਹੁਤ ਵੱਡਾ ਭਾਰ ਚੁੱਕਿਆ ਹੋਵੇ। ਉਪਰਾਮਤਾ ਦਾ ਇਹ ਪ੍ਰਗਟਾਵਾ ਆਮ ਤੌਰ 'ਤੇ ਉਸ ਥਾਂ 'ਤੇ ਪ੍ਰਗਟਾਇਆ ਜਾਂਦਾ ਹੈ, ਜਿੱਥੇ ਪ੍ਰੋਗਰਾਮ ਦਿੱਤੇ ਸਮੇਂ ਤੋਂ ਬਹੁਤ ਅਧਿਕ ਲਮਕ ਜਾਵੇ। ਅਜਿਹੀ ਉਕਤਾਹਟ ਅਪਮਾਨਿਤ ਅਨੁਭਵ ਕਰਨ ਦੀ ਬਿਰਤੀ ਨੂੰ ਜਗਾਉਂਦੀ ਹੈ।

ਉਂਜ ਤਾਂ ਹਰ ਵਿਅਕਤੀ ਹੀ ਜੋ ਕੁਝ ਉਹ ਹੁੰਦਾ ਹੈ, ਉਸ ਨਾਲੋਂ ਉਚੇਰਾ ਪ੍ਰਤੀਤ ਹੋਣ ਦਾ ਯਤਨ ਕਰਦਾ ਹੈ ਪਰ ਕਈ ਵਿਅਕਤੀਆਂ ਵਿਚ ਇਹ ਰੁਚੀ ਪ੍ਰਤੱਖ ਤੌਰ 'ਤੇ ਵਧੇਰੇ ਹੁੰਦੀ ਹੈ। ਅਜਿਹੇ ਲੋਕ ਵਧੇਰੇ ਸੱਜ-ਸਜਾਵਟ ਕਰਦੇ ਹਨ, ਵਧੇਰੇ ਮਹਿੰਗੇ ਕੱਪੜੇ ਪਾਉਂਦੇ ਹਨ ਅਤੇ ਵਧੇਰੇ ਪ੍ਰਭਾਵ ਪਾਉਣ ਲਈ ਵੱਖਰੇ ਢੰਗ ਨਾਲ ਵੇਖਦੇ-ਵਿਚਰਦੇ ਹਨ।

ਗੁਮਾਨ ਨਾਲ ਭਰੇ ਹੋਏ ਅਜਿਹੇ ਕੁਝ ਲੋਕ, ਹਰ ਕਿਸੇ ਨੂੰ ਵੇਖਦੇ ਅਪਮਾਨ ਦੀ ਦ੍ਰਿਸ਼ਟੀ ਨਾਲ ਹਨ, ਭਾਵ ਉਨ੍ਹਾਂ ਨੂੰ ਇਸ ਯੋਗ ਨਹੀਂ ਸਮਝਦੇ ਕਿ ਉਨ੍ਹਾਂ ਨੂੰ ਬੁਲਾਇਆ ਜਾਵੇ ਜਾਂ ਉਨ੍ਹਾਂ ਵੱਲ ਧਿਆਨ ਦਿੱਤਾ ਜਾਵੇ। ਅਜਿਹੇ ਲੋਕ, ਨਿਰਸੰਦੇਹ ਦੂਜਿਆਂ ਨੂੰ ਅਪਮਾਨ ਭਰੀ ਲਾਪ੍ਰਵਾਹੀ ਨਾਲ ਵੇਖ ਕੇ ਅਣਵੇਖਿਆਂ ਕਰਦੇ ਹਨ ਪਰ ਉਹ ਨਹੀਂ ਜਾਣਦੇ ਕਿ ਦੂਜੇ ਵੀ ਉਨ੍ਹਾਂ ਨੂੰ ਅਪਮਾਨ ਭਰੀ ਘ੍ਰਿਣਾ ਨਾਲ ਵੇਖਦੇ ਹਨ।

ਗੁਮਾਨ ਨਾਲ ਭਰੇ ਲੋਕ ਬੈਠਣ ਸਮੇਂ ਆਪਣਾ ਸਿਰ ਅਜਿਹੇ ਢੰਗ ਨਾਲ ਪਿੱਛੇ ਵੱਲ ਕਰਦੇ ਹਨ ਕਿ ਉਨ੍ਹਾਂ ਦਾ ਨੱਕ ਹੋਰ ਉਭਰ ਆਵੇ।

ਸਾਡੇ ਸਾਧਾਰਣ ਸਮਾਜਿਕ ਵਿਹਾਰ ਵਿਚ ਵੀ ਉੱਚੀ ਪਦਵੀ ਵਾਲਾ ਵਿਅਕਤੀ ਵਧੇਰੇ ਸਿੱਧਾ ਹੋ ਕੇ ਅਰਥਾਤ ਆਪਣਾ ਸਿਰ ਉੱਚਾ ਕਰ ਕੇ ਅਤੇ ਨੀਵੀਂ ਪਦਵੀ 'ਤੇ ਲੱਗਾ ਵਿਅਕਤੀ ਉਸ ਦੇ ਸਾਹਮਣੇ ਆਪਣਾ ਸਿਰ ਥੋੜ੍ਹਾ ਨੀਵਾਂ ਕਰ ਕੇ ਬੈਠਦਾ ਅਤੇ ਚਲਦਾ ਹੈ।

ਦਫ਼ਤਰੀ ਮਾਹੌਲ ਅਤੇ ਸਮੇਂ ਤੋਂ ਬਾਹਰ, ਬਹੁਤੇ ਵਿਅਕਤੀ ਚਾਹੁੰਦੇ ਹਨ ਕਿ ਸਾਰੇ ਬਰਾਬਰੀ ਦੇ ਆਧਾਰ 'ਤੇ ਵਿਚਰਣ ਪਰ ਕਈ ਵਿਅਕਤੀ ਅਜਿਹੇ ਹੁੰਦੇ ਹਨ, ਜਿਹੜੇ ਹਰ ਥਾਂ ਗੁਮਾਨ ਵਿਚ ਵਿਚਰਨਾ ਚਾਹੁੰਦੇ ਹਨ।

ਜਦੋਂ ਅਜਿਹੇ ਕਿਸੇ ਵਿਅਕਤੀ ਦਾ ਅਪਮਾਨ ਕਰਨਾ ਹੋਵੇ ਤਾਂ ਅਪਮਾਨ ਕਰਨ ਵਾਲਾ, ਉਸ ਸਾਹਮਣੇ ਉਸ ਵਾਂਗ ਹੀ, ਸਿਰ ਉੱਚਾ ਕਰ ਕੇ ਚਲਦਾ ਹੈ।

ਅਣਜਾਣ ਵਿਅਕਤੀ ਆਮ ਕਰਕੇ ਨਾ ਕਿਸੇ ਦਾ ਅਪਮਾਨ ਕਰਦਾ ਹੈ ਅਤੇ ਨਾ ਹੀ ਉਸ ਦਾ ਅਪਮਾਨ, ਅਪਮਾਨ ਸਮਝਿਆ ਜਾਂਦਾ ਹੈ।

ਅਪਮਾਨ ਕਿਸੇ ਜਾਣੂ ਵਿਅਕਤੀ ਵਲੋਂ ਹੀ ਕੀਤਾ ਜਾਂਦਾ ਹੈ।

ਅਜਿਹੇ ਵਿਅਕਤੀ ਦੇ ਸਾਧਾਰਣ ਵਿਹਾਰ ਅਤੇ ਉਸ ਦੇ ਅਪਮਾਨ ਕਰਨ ਵਾਲੇ ਵਿਹਾਰ ਨੂੰ ਧਿਆਨ ਵਿਚ ਰੱਖ ਕੇ ਹੀ, ਅਪਮਾਨ ਉਪਰੰਤ ਉਸ ਨਾਲ ਨਜਿੱਠਿਆ ਜਾਂਦਾ ਹੈ।

ਜੇ ਕਿਸੇ ਦਾ ਸਾਧਾਰਣ ਵਿਹਾਰ ਸਦਭਾਵਨਾ ਵਾਲਾ ਹੋਵੇ ਤਾਂ ਅਪਮਾਨਜਨਕ ਵਿਹਾਰ ਉਪਰੰਤ ਉਸ ਵਲੋਂ ਆਪਣੀ ਗਲਤੀ ਸਵੀਕਾਰ ਕਰਨ ਉੱਤੇ, ਉਸ ਨੂੰ ਮੁਆਫ਼ ਕਰ ਦਿੱਤਾ

ਜਾਂਦਾ ਹੈ ਪਰ ਜੇ ਉਸ ਦਾ ਪਹਿਲੇ ਵਾਲਾ ਸਾਧਾਰਨ ਵਿਹਾਰ ਵੀ ਅਪਮਾਨਜਨਕ ਹੀ ਰਿਹਾ ਹੋਵੇ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ।

ਲਗਭਗ ਹਰ ਕਿਸੇ ਦੀ ਜਾਣ-ਪਛਾਣ ਵਿਚ ਅਤੇ ਅਕਸਰ ਹਰ ਪਰਿਵਾਰ ਵਿਚ ਕੋਈ ਨਾ ਕੋਈ ਵਿਅਕਤੀ ਅਜਿਹਾ ਹੁੰਦਾ ਹੈ, ਜਿਹੜਾ ਤੇਜ਼ਾਬੀ ਬੋਲ ਬੋਲਦਾ ਹੈ, ਕਾਟਵੀਂ ਗੱਲ ਕਰਦਾ ਹੈ, ਦੂਜਿਆਂ ਨੂੰ ਟਿੱਚ ਸਮਝਦਾ ਹੈ ਅਤੇ ਹਰ ਇਕ ਗੱਲ ਵਿਚ ਦੋਸ਼ ਲੱਭਦਾ ਹੈ।

ਅਜਿਹੇ ਵਿਅਕਤੀ ਅੰਤਾਂ ਦੇ ਇਕੱਲੇ ਹੁੰਦੇ ਹਨ। ਇਨ੍ਹਾਂ ਦੇ ਚਿਹਰੇ ਉੱਤੇ ਅਜਿਹਾ ਪ੍ਰਭਾਵ ਹੁੰਦਾ ਹੈ, ਜਿਵੇਂ ਕਿਸੇ ਚੀਜ਼ ਦੀ ਬਦਬੂ ਤੋਂ ਪ੍ਰੇਸ਼ਾਨ ਹੋਣ।

ਇਹ ਵਿਅਕਤੀ ਜਿਸ ਨਾਲ ਵੀ ਬੋਲਦੇ ਹਨ, ਉਸੇ ਦਾ ਅਪਮਾਨ ਕਰਦੇ ਹਨ। ਇਹ ਨਾ ਆਪ ਆਰਾਮ ਕਰਦੇ ਹਨ, ਨਾ ਕਰ ਸਕਦੇ ਹਨ, ਨਾ ਕਿਸੇ ਨੂੰ ਕਰਨ ਦਿੰਦੇ ਹਨ।

ਇਨ੍ਹਾਂ ਦੀ ਪਿੱਠ ਪਿੱਛੇ ਲੋਕ ਹੱਸਦੇ ਹਨ ਅਤੇ ਸਾਹਮਣੇ ਹੋਣ ਉੱਤੇ ਨਫ਼ਰਤ ਕਾਰਨ ਚੁੱਪ ਹੀ ਰਹਿੰਦੇ ਹਨ ਅਤੇ ਇਕ ਦੂਜੇ ਨੂੰ ਕਹਿੰਦੇ ਹਨ 'ਉਸ ਦੀਆਂ ਗੱਲਾਂ ਦਾ ਕੀ ਗੁੱਸਾ ਕਰਨਾ, ਉਹ ਤਾਂ ਪਾਗਲ ਹੈ।' ਅਜਿਹੇ ਲੋਕਾਂ ਨੂੰ ਉਨ੍ਹਾਂ ਦੇ ਜਾਣਨ ਵਾਲੇ ਸਾਂਝੀ ਪ੍ਰੇਸ਼ਾਨੀ ਵਜੋਂ ਝੱਲਦੇ ਹਨ ਅਤੇ ਉਨ੍ਹਾਂ ਦੀਆਂ ਅਨੇਕਾਂ ਕਹਾਣੀਆਂ ਸੁਣਾ-ਸੁਣਾ ਕੇ ਆਪਣਾ ਗੁਆਚਿਆ ਸੰਤੁਲਨ ਮੁੜ ਪ੍ਰਾਪਤ ਕਰਦੇ ਹਨ ਅਤੇ ਜੀਵਨ ਨੂੰ ਸਹਿਣਯੋਗ ਬਣਾਉਂਦੇ ਹਨ।

ਕਿਸੇ ਨਾਲ ਹੱਸਣਾ, ਸਨਮਾਨ ਦਾ ਅਤੇ ਸਹਿਮਤ ਹੋਣ ਦਾ ਸੂਚਕ ਹੁੰਦਾ ਹੈ, ਜਦੋਂ ਕਿ ਕਿਸੇ ਉੱਤੇ ਹੱਸਣਾ, ਉਸ ਪ੍ਰਤੀ ਅਪਮਾਨ ਦਾ ਪ੍ਰਗਟਾਵਾ ਹੁੰਦਾ ਹੈ।

ਜਦੋਂ ਮਾਂ-ਬੱਚੇ ਦੀਆਂ ਕੁਤ-ਕੁਤਾੜੀਆਂ ਕੱਢਦੀ ਹੈ ਤਾਂ ਬੱਚਾ ਔਖ ਮਨਾਉਂਦਾ ਹੈ ਪਰ ਇਹ ਕਾਰਜ ਮਾਂ ਵਲੋਂ ਕੀਤੇ ਜਾਣ ਕਾਰਨ ਉਹ ਪ੍ਰਸੰਨ ਵੀ ਹੁੰਦਾ ਹੈ ਅਤੇ ਮਾਂ ਦੇ ਅਜਿਹੇ ਵਿਹਾਰ ਦੀ ਖਿੜਖਿੜਾ ਕੇ ਹੱਸਣ ਨਾਲ ਪ੍ਰਵਾਨਗੀ ਦਿੰਦਾ ਹੈ।

ਜਿਸ ਨੂੰ ਧਮਕੀ ਦਿੱਤੀ ਜਾਂਦੀ ਹੈ, ਉਸ ਨੂੰ ਧਮਕੀ ਦੇਣ ਯੋਗ ਸਮਝਣਾ, ਉਸ ਦੀ ਹੋਂਦ ਨੂੰ ਸਵੀਕਾਰਨ ਦਾ ਹੀ ਪ੍ਰਗਟਾਵਾ ਹੁੰਦਾ ਹੈ ਪਰ ਜਦੋਂ ਕਿਸੇ ਉੱਤੇ ਹੱਸਿਆ ਜਾਵੇ ਤਾਂ ਇਹ ਪ੍ਰਭਾਵ ਉਸਾਰਿਆ ਜਾਂਦਾ ਹੈ ਕਿ ਅਸੀਂ ਨਾ ਤੈਨੂੰ ਗਾਲ੍ਹ ਦੇਣ ਦੇ ਯੋਗ ਸਮਝਦੇ ਹਾਂ, ਨਾ ਹੀ ਧਮਕੀ ਦੇਣ ਦੇ ਯੋਗ, ਅਰਥਾਤ ਅਸੀਂ ਤੈਨੂੰ ਕਿਸੇ ਗਿਣਤੀ ਵਿਚ ਨਹੀਂ ਗਿਣਦੇ।

ਜਦੋਂ ਕਿਸੇ ਲਈ ਪਾਗਲ, ਬੁੱਧੂ, ਬਗਲੋਲ ਜਾਂ ਮੂਰਖ ਆਦਿ ਵਿਸ਼ੇਸ਼ਣ ਵਰਤੇ ਜਾਂਦੇ ਹਨ ਤਾਂ ਵੀ ਕਿਹਾ ਇਹੀ ਜਾ ਰਿਹਾ ਹੁੰਦਾ ਹੈ ਕਿ ਤੂੰ ਸਾਡੇ ਧਿਆਨ ਦੇ ਯੋਗ ਨਹੀਂ ਜਾਂ ਅਸੀਂ ਤੇਰੀ ਪ੍ਰਵਾਹ ਨਹੀਂ ਕਰਦੇ।

ਕਿਸੇ ਦਾ ਅਪਮਾਨ ਕਰਨ ਲਈ ਸੁੱਸਤ, ਗੰਦੇ, ਮੋਟੇ, ਭੱਦੇ, ਕਰੂਪ ਆਦਿ ਜਾਨਵਰ ਵੀ ਸਾਡੀ ਮਦਦ ਕਰਦੇ ਹਨ। ਕੁੱਤੇ ਦਾ ਭੌਂਕਣਾ, ਖੋਤੇ ਦੇ ਲੰਮੇ ਕੰਨ ਅਤੇ ਉਸ ਦਾ ਹਿਣਕਣਾ, ਖੱਚਰ ਦਾ ਬਾਂਝ ਹੋਣਾ ਅਤੇ ਉਸ ਦਾ ਅੜੀਅਲ ਸੁਭਾਅ, ਮੱਝ, ਹਾਥੀ ਆਦਿ ਦਾ ਭਾਰੇ ਹੋਣਾ, ਲੂੰਬੜ ਦਾ ਚਲਾਕ ਹੋਣਾ ਆਦਿ ਵਿਸ਼ੇਸ਼ਣ ਅਸੀਂ ਜਦੋਂ ਕਿਸੇ ਵਿਅਕਤੀ ਉੱਤੇ ਥੱਪਦੇ ਹਾਂ ਤਾਂ ਉਹ ਅਪਮਾਨਿਤ ਅਨੁਭਵ ਕਰਦਾ ਹੈ। ਅਪਮਾਨ ਕਰਨ ਦੀ ਦ੍ਰਿਸ਼ਟੀ ਤੋਂ ਕੁੱਤਾ ਅਤੇ ਖੋਤਾ ਸਾਰੇ ਵਿਸ਼ਵ ਵਿਚ ਮਨੁੱਖ ਦੀ ਸਹਾਇਤਾ ਕਰਦੇ ਹਨ। ਕਈ ਵਾਰੀ ਮਨੁੱਖ ਆਪਣੇ ਹੱਥਾਂ ਨਾਲ ਖੋਤੇ ਦੇ ਕੰਨ ਬਣਾ ਕੇ ਬਿਨਾਂ ਬੋਲੇ ਦੂਜੇ ਦਾ ਅਪਮਾਨ ਕਰਦਾ ਹੈ।

ਭਾਵੇਂ ਵੱਖ-ਵੱਖ ਸਮਾਜਾਂ ਵਿਚ ਸੁੰਦਰਤਾ ਦੇ ਆਧਾਰ ਵੱਖਰੇ-ਵੱਖਰੇ ਹਨ ਪਰ ਵਿਸ਼ਵ ਭਰ ਵਿਚ ਅੱਖਾਂ ਦੀ ਚਮਕ, ਸਫ਼ਾਈ, ਸੁਵੱਛਤਾ ਅਤੇ ਅਰੋਗਤਾ ਸਭਨੀਂ ਥਾਂਈਂ ਸੁੰਦਰਤਾ ਦੇ ਆਧਾਰ ਹਨ, ਸੋ ਇਹ ਸਨਮਾਨਸੂਚਕ ਵਿਸ਼ੇਸ਼ਣ ਹਨ। ਗੰਦਗੀ ਨੂੰ ਅਸੀਂ ਕਰੂਪਤਾ ਨਾਲ ਜੋੜਦੇ ਹਾਂ, ਸੋ ਕਿਸੇ ਦਾ ਅਪਮਾਨ ਕਰਨ ਲਈ ਕਿਸੇ ਗੰਦੀ ਚੀਜ਼ ਜਿਵੇਂ ਥੁੱਕ, ਸੀਂਢ, ਮਲ-ਮੂਤਰ ਆਦਿ ਦਾ ਹਵਾਲਾ ਦਿੱਤਾ ਜਾਂਦਾ ਹੈ।

ਕਿਸੇ ਵਿਅਕਤੀ ਦੀ ਕਿਸੇ ਗੰਦੀ ਚੀਜ਼ ਨਾਲ ਤੁਲਨਾ ਕਰਨੀ ਜਾਂ ਉਸ ਕੋਲੋਂ ਇਵੇਂ ਲੰਘਣਾ ਜਿਵੇਂ ਗੰਦ ਕੋਲੋਂ ਲੰਘ ਰਹੇ ਹੋਈਏ, ਉਸ ਪ੍ਰਤੀ ਅਪਮਾਨ ਦਾ ਪ੍ਰਗਟਾਵਾ ਹੁੰਦਾ ਹੈ।

ਅਸ਼ਲੀਲਤਾ ਨੂੰ ਵੀ ਗੰਦਗੀ ਨਾਲ ਜੋੜਿਆ ਜਾਂਦਾ ਹੈ ਅਤੇ ਕਿਸੇ ਦਾ ਅਪਮਾਨ ਕਰਨ ਲਈ, ਉਸ ਦੇ ਕਿਸੇ ਅਸ਼ਲੀਲ ਵਿਹਾਰ ਜਾਂ ਉਸ ਦੇ ਸਰੀਰ ਦੇ ਗੁਪਤ ਅੰਗਾਂ ਦਾ ਹਵਾਲਾ ਦਿੱਤਾ ਜਾਂਦਾ ਹੈ।

ਕਿਸੇ ਪੁਰਸ਼ ਦਾ ਅਪਮਾਨ ਕਰਨ ਲਈ ਉਸ ਨਾਲ ਸਬੰਧਤ ਮਾਂ, ਪਤਨੀ, ਧੀ ਜਾਂ ਭੈਣ ਦੇ ਗੁਪਤ ਅੰਗਾਂ ਉੱਤੇ ਜਾਂ ਇਨ੍ਹਾਂ ਜੀਆਂ ਦੇ ਕਿਸੇ ਨਾਲ ਨਾਜਾਇਜ਼ ਸਬੰਧਾਂ ਉੱਤੇ ਵਿਅੰਗ ਕੀਤਾ ਜਾਂਦਾ ਹੈ। ਪਤਨੀ ਦਾ ਜਾਂ ਨੂੰਹ ਦਾ ਅਪਮਾਨ, ਉਸ ਦੇ ਪੇਕਿਆਂ ਨੂੰ ਭੈੜਾ, ਝੂਠਾ ਅਤੇ ਬੇਈਮਾਨ ਸਿੱਧ ਕਰ ਕੇ ਕੀਤਾ ਜਾਂਦਾ ਹੈ।

ਪੁਰਸ਼, ਇਸਤਰੀ ਦਾ ਅਪਮਾਨ ਉਸ ਨੂੰ ਚਰਿੱਤਰਹੀਣ ਸਿੱਧ ਕਰਕੇ ਅਤੇ ਇਸਤਰੀ, ਪੁਰਸ਼ ਦਾ ਅਪਮਾਨ ਉਸ ਨੂੰ ਨਿਪੁੰਸਕ ਸਿੱਧ ਕਰਕੇ ਕਰਦੀ ਹੈ।

ਇਕ ਇਸਤਰੀ, ਕਿਸੇ ਦੂਜੀ ਇਸਤਰੀ ਦਾ ਅਪਮਾਨ, ਉਸ ਦੇ ਕਿਸੇ ਭੈੜੇ ਪੁਰਸ਼ ਨਾਲ ਨਾਜਾਇਜ਼ ਸਬੰਧਾਂ ਦਾ ਹਵਾਲਾ ਦੇ ਕੇ ਕਰਦੀ ਹੈ।

ਇਕ ਥਾਂ 'ਤੇ ਕੰਮ ਕਰਨ ਵਾਲੇ ਵਿਅਕਤੀ, ਇਕ ਦੂਜੇ ਨੂੰ ਨਾਲਾਇਕ, ਘਮੰਡੀ, ਬੇਈਮਾਨ, ਕੰਮ-ਚੋਰ ਆਦਿ ਸਿੱਧ ਕਰਕੇ ਅਪਮਾਨ ਕਰਦੇ ਹਨ।

ਕਈ ਵਾਕ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ ਅਪਮਾਨ ਪ੍ਰਤੱਖ ਨਹੀਂ ਹੁੰਦਾ, ਲੁਕਿਆ ਹੁੰਦਾ ਹੈ। ਅਜਿਹੇ ਵਾਕਾਂ ਨਾਲ ਗੱਲਬਾਤ ਦਾ ਭੋਗ ਪੈ ਜਾਂਦਾ ਹੈ, ਜਿਵੇਂ ਕਿਸੇ ਅਣਵਿਆਹੀ ਇਸਤਰੀ ਨੂੰ ਪੁੱਛਣਾ ਕਿ ਤੁਹਾਡੇ ਬੱਚੇ ਕਿਤਨੇ ਹਨ ਆਦਿ।

ਕਈ ਵਾਕ ਸੁਣਨ ਵਿਚ ਭੋਲੇ ਲਗਦੇ ਹਨ ਪਰ ਉਨ੍ਹਾਂ ਵਿਚ ਅਪਮਾਨ ਦਾ ਤਿੱਖਾ ਡੰਗ ਹੁੰਦਾ ਹੈ, ਜਿਵੇਂ ਜਦੋਂ ਸਖ਼ਤ ਸੁਭਾਅ ਵਾਲਾ ਇਕ ਅਧਿਆਪਕ ਐਨਕ ਲਾ ਕੇ ਪਹਿਲੀ ਵਾਰ ਜਮਾਤ ਵਿਚ ਆਇਆ ਤਾਂ ਇਕ ਵਿਦਿਆਰਥੀ ਨੇ ਕਿਹਾ, "ਮਾਸਟਰ ਜੀ, ਅੱਜ ਤੁਸੀਂ ਪੜ੍ਹੇ-ਲਿਖੇ ਲਗ ਰਹੇ ਹੋ।" ਇਕ ਪ੍ਰੋਫੈਸਰ ਦੇ ਰਿਟਾਇਰ ਹੋਣ ਉੱਤੇ ਵਿਦਾਇਗੀ ਪਾਰਟੀ 'ਤੇ ਕਿਸੇ ਨੇ ਕਿਹਾ, "ਮੈਂ ਆਸ ਕਰਦਾ ਹਾਂ ਕਿ ਪ੍ਰੋਫੈਸਰ ਸਾਹਿਬ, ਹੁਣ ਉਨ੍ਹਾਂ ਕਿਤਾਬਾਂ ਨੂੰ ਪੜ੍ਹਨਗੇ, ਜਿਹੜੀਆਂ ਉਹ ਸਾਰੀ ਉਮਰ ਪੜ੍ਹਾਉਂਦੇ ਰਹੇ ਹਨ।" ਕਿਸੇ ਡਾਕਟਰ ਦੀ ਬਦਲੀ ਉੱਤੇ ਉਸ ਦੇ ਸਹਿਯੋਗੀ ਨੇ ਕਿਹਾ, "ਡਾਕਟਰ ਸਾਹਿਬ ਦੇ ਇਲਾਜ ਨਾਲ, ਜਿਹੜੇ ਮਰੀਜ਼ ਅਣਆਈ ਮੌਤ ਮਰ ਗਏ ਹਨ, ਉਨ੍ਹਾਂ ਦੀ ਮਿੱਠੀ ਯਾਦ ਵਿਚ ਹੁਣ ਅਸੀਂ ਦੋ ਮਿੰਟ ਦਾ ਮੋਨ ਧਾਰਾਂਗੇ।" ਡੰਗਰਾਂ ਦੇ ਡਾਕਟਰ ਨੂੰ ਕਿਸੇ ਨੇ ਪੁੱਛਿਆ, "ਸੁਣਿਆ ਹੈ, ਤੁਸੀਂ ਡੰਗਰਾਂ ਦੇ ਡਾਕਟਰ ਹੋ ?" ਅੱਗੋਂ ਡਾਕਟਰ ਨੇ ਕਿਹਾ, "ਹਾਂ, ਦੱਸੋ ਕੀ ਤਕਲੀਫ਼ ਹੈ ?"

ਹੁਣ ਸਨਮਾਨ ਦੀ ਭਾਵਨਾ ਨਾਲ, ਕਿਸੇ ਦੀ ਬਾਂਹ ਵਿਚ ਬਾਂਹ ਪਾ ਕੇ ਚੱਲਣ ਦੀਆਂ ਸੰਭਾਵਨਾਵਾਂ ਅਤੇ ਥਾਂਵਾਂ ਮੁੱਕਦੀਆਂ ਜਾ ਰਹੀਆਂ ਹਨ।

ਕੰਮ ਵਿਚ ਉਤਸ਼ਾਹ ਨਾ ਹੋਣ ਕਾਰਨ ਥਕੇਵਾਂ ਵੱਧ ਰਿਹਾ ਹੈ।

ਡਰ ਉੱਤੇ ਉਸਰਿਆ ਹੋਇਆ ਸਤਿਕਾਰ ਜਾਂ ਸੁਆਰਥ ਅਧੀਨ ਕੀਤੀ ਹੋਈ ਪ੍ਰਸ਼ੰਸਾ ਜਾਂ ਮੰਗ ਕੇ ਲਿਆ ਹੋਇਆ ਸਨਮਾਨ ਜਾਂ ਦੌੜ-ਭੱਜ ਕਰ ਕੇ ਪ੍ਰਾਪਤ ਕੀਤਾ ਇਨਾਮ, ਵਾਸਤਵ ਵਿਚ ਅਪਮਾਨ ਦੇ ਹੀ ਵੱਖ-ਵੱਖ ਰੂਪ ਸਮਝੇ ਜਾਂਦੇ ਹਨ।

ਜਦੋਂ ਅਵਸਰ ਘੱਟ ਹੋਣ ਅਤੇ ਮੁਕਾਬਲਾ ਤੇਜ਼ ਹੋਵੇ, ਜਦੋਂ ਇੱਛਾਵਾਂ ਵਧੇਰੇ ਹੋਣ ਅਤੇ ਪ੍ਰਾਪਤੀ ਦੀ ਸੰਭਾਵਨਾ ਲਗਭਗ ਲੋਪ ਹੋਵੇ ਤਾਂ ਅਕਸਰ ਹਰ ਰਿਸ਼ਤੇ ਨੇ ਅੰਤ ਨੂੰ ਅਪਮਾਨ ਵਾਲਾ ਰਿਸ਼ਤਾ ਬਣ ਜਾਣਾ ਹੁੰਦਾ ਹੈ।

ਸਾਡੀ ਆਰਥਿਕ ਪ੍ਰਣਾਲੀ, ਸਾਨੂੰ ਬੇਰਹਿਮ ਦੌੜ ਵਿਚ ਦੌੜਾਉਂਦੀ ਹੈ ਅਤੇ ਦੂਜਿਆਂ ਨਾਲ ਸਾਡੇ ਸਬੰਧਾਂ ਨੂੰ ਵਿਗਾੜਦੀ ਹੈ, ਜਿਸ ਕਾਰਨ ਮਨੁੱਖ ਦੀ ਜਿਤਨੀ ਦੁਰਗਤੀ ਅਜੋਕੇ ਯੁੱਗ ਵਿਚ ਹੋ ਰਹੀ ਹੈ, ਉਤਨੀ ਪਹਿਲਾਂ ਕਦੇ ਨਹੀਂ ਹੋਈ।

ਹਰ ਕਿਸੇ ਪ੍ਰਤੀ ਅਪਮਾਨ ਦੀ ਦ੍ਰਿਸ਼ਟੀ, ਸਾਡੇ ਯੁੱਗ ਦੀ ਮੁੱਖ ਪਛਾਣ ਹੈ।

ਅਪਮਾਨ ਭਰੇ ਇਸ ਵਾਤਾਵਰਣ ਵਿਚ ਸਾਨੂੰ ਆਪਣੀ ਸਹਿਣਸ਼ੀਲਤਾ ਵਧਾਉਣੀ ਪਵੇਗੀ। ਅਜੋਕਾ ਯੁੱਗ ਸੁਆਰਥੀ ਸਮਝੌਤਿਆਂ ਦਾ ਯੁੱਗ ਹੈ, ਇਸ ਵਿਚ ਨਾ ਸਦੀਵੀ ਦੋਸਤੀਆਂ ਸੰਭਵ ਹਨ ਅਤੇ ਨਾ ਹੀ ਸਦੀਵੀ ਦੁਸ਼ਮਣੀਆਂ।

ਸੋ, ਨਾ ਸਨਮਾਨ ਉੱਤੇ ਪ੍ਰਸੰਨ ਹੋਣ ਦੀ ਲੋੜ ਹੈ, ਨਾ ਹੀ ਕਿਸੇ ਵਲੋਂ ਕੀਤੇ ਅਪਮਾਨ ਉੱਤੇ ਉਦਾਸ ਹੋਣਾ ਚਾਹੀਦਾ ਹੈ।

ਅਜੋਕਾ ਮਨੁੱਖ, ਜੇ ਥੋੜ੍ਹਾ-ਬਹੁਤ ਅਪਮਾਨ ਬਰਦਾਸ਼ਤ ਕਰਨਾ ਸਿੱਖ ਲਵੇ ਤਾਂ ਉਹ ਆਪਣੇ ਜੀਵਨ ਵਿਚ ਬੜਾ ਸੌਖਾ ਰਹੇਗਾ।

ਦੁਸ਼ਮਣਾਂ ਵਰਗੇ ਦੋਸਤਾਂ ਦੇ ਅਜੋਕੇ ਦੌਰ ਵਿਚ, ਅਪਮਾਨ ਤਾਂ ਸਾਡਾ ਹੋਣਾ ਹੀ ਹੋਣਾ ਹੈ, ਜਿਸ ਨੂੰ ਸਹਿਣਾ ਸਾਡੀ ਹੋਣੀ ਹੈ।

♥♥♥

ਕਲਾ ਅਤੇ ਕਲਪਨਾ

ਸੰਸਾਰ ਵਿਚ ਸੁੰਦਰਤਾ ਨੂੰ ਪਛਾਣਨ ਅਤੇ ਆਪਣੇ ਜੀਵਨ-ਕਾਲ ਵਿਚ ਸੁੰਦਰਤਾ ਨੂੰ ਸਿਰਜਣ ਦੇ ਕਾਰਜ ਨੂੰ ਕਲਾ ਕਹਿੰਦੇ ਹਨ।

ਸੰਸਾਰ ਵਿਚ ਜੋ ਕੁਝ ਵੀ ਸੁੰਦਰ, ਉੱਤਮ ਅਤੇ ਕਲਿਆਣਕਾਰੀ ਹੈ, ਉਸ ਨੂੰ ਸਾਂਭਣ ਦਾ ਕਾਰਜ ਕਲਾ ਕਰਦੀ ਹੈ।

ਸੰਸਾਰ ਵਿਚ ਇਕ ਨਿਰੰਤਰ ਸੰਘਰਸ਼ ਚਲ ਰਿਹਾ ਹੈ; ਚੁੱਪ ਦਾ ਰੌਲੇ ਨਾਲ, ਜੀਵਨ ਦਾ ਮੌਤ ਨਾਲ, ਨੰਗੇ ਪੈਰਾਂ ਦਾ ਰਸਤਿਆਂ ਨਾਲ, ਕਲਾ ਦਾ ਕਰੂਪਤਾ ਨਾਲ, ਅਮਨ ਦਾ ਜੰਗ ਨਾਲ, ਈਮਨਦਾਰੀ ਦਾ ਬੇਈਮਾਨੀ ਨਾਲ, ਖਲੋਤਿਆਂ ਦਾ ਬੈਠਿਆਂ ਨਾਲ।

ਸੰਘਰਸ਼ ਦੀਆਂ ਦੋ ਧਿਰਾਂ ਹੁੰਦੀਆਂ ਹਨ। ਤੀਜੀ ਧਿਰ ਦੇ ਉਤਪੰਨ ਹੋਣ ਨਾਲ ਸੰਘਰਸ਼ ਅਸਾਵਾਂ ਹੋ ਜਾਂਦਾ ਹੈ। ਇਹ ਦੋ ਧਿਰਾਂ ਹਨ, ਮਨ ਅਤੇ ਹਥਿਆਰ।

ਲੜਾਈ ਕਿਤਨੀ ਵੀ ਲੰਮੀ ਹੋਵੇ, ਅੰਤ ਨੂੰ ਮਨ ਜਿੱਤਣਗੇ, ਹਥਿਆਰ ਹਾਰਨਗੇ, ਕਿਉਂਕਿ ਕਲਾ ਵਾਲੀ ਕਲਿਆਣਕਾਰੀ ਧਿਰ ਮਨ ਦੇ ਪੱਖ ਵਿਚ ਹੈ।

ਜੀਵਨ ਜਿਊਣਾ ਅਤੇ ਜੀਵਨ ਮਾਣਨਾ ਦੋ ਵੱਖਰੇ ਵਰਤਾਰੇ ਹਨ।

ਜੀਵ-ਜੰਤੂ ਜੀਵਨ ਜਿਊਂਦੇ ਹਨ ਪਰ ਜੀਵਨ ਮਾਣਦੇ ਕਲਾਕਾਰ-ਮਨੁੱਖ ਹਨ। ਸਥਿਤੀ ਕਿਤਨੀ ਵੀ ਨਿਰਾਸ਼ਾਜਨਕ ਹੋਵੇ, ਜੀਵਨ ਮਾਣਨ ਦੀ ਤਾਂਘ ਉਸ ਵਿਚੋਂ ਕੋਈ ਰਾਹ ਲੱਭ ਹੀ ਲਵੇਗੀ। ਰਾਤ ਕਿਤਨੀ ਵੀ ਲੰਮੀ ਹੋਵੇ, ਅੰਤ ਨੂੰ ਸਵੇਰ ਹੋਵੇਗੀ, ਬੱਦਲ ਕਿਤਨੇ ਵੀ ਭਰੇ ਹੋਏ ਹੋਣ, ਅੰਤ ਨੂੰ ਸੂਰਜ ਨਿਕਲੇਗਾ।

ਜੀਵਨ, ਮਾਨਸਰੋਵਰ ਝੀਲ ਵਾਂਗ ਹੈ, ਇਸ ਨੇ ਭਰਦੇ ਰਹਿਣਾ ਹੈ, ਇਸ ਨੇ ਸਤਲੁਜ ਬਣ ਵਗਦੇ ਰਹਿਣਾ ਹੈ। ਜਿਤਨਾ ਪਾਣੀ ਕੋਈ ਝੀਲ ਆਪਣੇ ਵੱਲ ਖਿੱਚ ਸਕੇਗੀ, ਉਤਨੀ ਹੀ ਉਹ ਡੂੰਘੀ ਅਤੇ ਵਿਸ਼ਾਲ ਹੁੰਦੀ ਜਾਵੇਗੀ।

ਕਲਾ, ਸੁੰਦਰਤਾ ਦੇ ਦਰਸ਼ਨ-ਦੀਦਾਰ ਕਰਕੇ, ਪ੍ਰਸੰਨ ਹੋਣ ਦੀ ਇੱਛਾ ਵਿਚੋਂ ਜਨਮ ਲੈਂਦੀ ਹੈ। ਕਿਸੇ ਕਲਾਕ੍ਰਿਤ ਦੇ ਸੋਹਜ ਨੂੰ ਮਾਣਨਾ ਆਪਣੇ ਆਪ ਨੂੰ ਲੱਭ ਪੈਣ ਵਾਂਗ ਹੁੰਦਾ ਹੈ। ਸੋਹਜ ਉਪਜਾਉਣਾ ਕਲਾ ਦਾ ਸਰਵੋਤਮ ਉਦੇਸ਼ ਹੁੰਦਾ ਹੈ।

ਕਲਾ ਸੁੰਦਰਤਾ ਨੂੰ ਸਿਰਜਦੀ ਹੈ, ਸੋਹਜ ਦੇ ਦੀਦਾਰ ਕਰਵਾਉਂਦੀ ਹੈ।

ਸੁੰਦਰਤਾ ਦਾ ਗਿਆਨ, ਸਾਡੇ ਵਿਚੋਂ ਸੁਆਰਥੀ ਰੁਚੀਆਂ ਧੋ ਦਿੰਦਾ ਹੈ।

ਕਲਾ, ਇਕ ਵਾਤਾਵਰਣ ਸਿਰਜਦੀ ਹੈ, ਜਿਸ ਵਿਚ ਮਨੁੱਖਤਾ ਨੂੰ ਸਾਹ ਸੌਖਿਆਂ

ਆਉਂਦਾ ਹੈ। ਜਦੋਂ ਮਨੁੱਖਤਾ ਨੂੰ ਸਾਹ ਸੌਖਾ ਆਵੇਗਾ ਤਾਂ ਨਾ ਕੋਈ ਨੀਵੀਂ ਹਰਕਤ ਕਰੇਗਾ, ਨਾ ਕਿਸੇ ਦੀ ਨੀਵੀਂ ਹਰਕਤ ਵੱਲ ਧਿਆਨ ਜਾਵੇਗਾ।

ਉੱਚੀ ਕਲਾ ਉਹ ਹੁੰਦੀ ਹੈ ਜਿਸ ਵਿਚ ਸੱਚ ਅਤੇ ਅਨੁਭਵ ਦੇ ਉੱਚੇ ਮਿਆਰ ਸਥਾਪਤ ਕੀਤੇ ਜਾਣ। ਉੱਚੀ ਕਲਾ-ਕ੍ਰਿਤ ਦੇ ਨੇੜੇ ਵਿਚਰਦਿਆਂ ਅਸੀਂ ਸੰਪੂਰਨਤਾ, ਸੰਤੁਲਨ ਅਤੇ ਪ੍ਰਸੰਨਤਾ ਦੇ ਵਾਤਾਵਰਣ ਵਿਚ ਉੱਚੇ ਉੱਠਦੇ ਹਾ ਅਤੇ ਸਾਡੇ ਸਾਹਮਣੇ ਅਨੁਭਵ ਅਤੇ ਅਹਿਸਾਸ ਦੇ ਨਵੇਂ ਦੁਮੇਲ ਉਜਾਗਰ ਹੁੰਦੇ ਹਨ।

ਅਜੋਕੇ ਯੁਗ ਦੀਆਂ ਆਰਥਿਕ ਮਜਬੂਰੀਆਂ, ਰਾਜਨੀਤਕ ਕਲਾਬਾਜ਼ੀਆਂ, ਨਿੱਕੀਆਂ ਲੜਾਈਆਂ ਅਤੇ ਨੀਵੀਆਂ ਲਾਲਸਾਵਾਂ ਸਾਨੂੰ ਸੁੰਦਰ ਅਤੇ ਸੋਹਜਮਈ ਕਲਾ-ਖੇਤਰਾਂ ਤੋਂ ਨਿਰੰਤਰ ਦੂਰ ਲੈ ਜਾ ਰਹੀਆਂ ਹਨ।

ਕਦੇ ਨਾ ਕਦੇ ਉਹ ਯੁਗ ਆਵੇਗਾ ਜਦੋਂ ਲੋਕਾਈ ਸਭ ਸਰਕਾਰਾਂ ਨੂੰ ਰੱਦ ਕਰ ਦੇਵੇਗੀ ਅਤੇ ਉਨ੍ਹਾਂ ਢੰਗਾਂ-ਤਰੀਕਿਆਂ ਨੂੰ ਉਸਾਰੇਗੀ, ਜਿਨ੍ਹਾਂ ਨਾਲ ਮਨੁੱਖ, ਮਨੁੱਖ ਦੇ ਨੇੜੇ ਆ ਸਕੇਗਾ ਅਤੇ ਵਿਸ਼ਵਾਸ ਅਤੇ ਸੁਰੱਖਿਆ ਦੇ ਸੁਖਾਵੇਂ ਵਾਤਾਵਰਣ ਵਿਚ ਉਹ ਆਪਣਾ ਆਪਾ ਖੁੱਲ੍ਹ ਕੇ ਪ੍ਰਗਟਾ ਸਕੇਗਾ।

ਜਿਉਂ-ਜਿਉਂ ਮਨੁੱਖ ਸਭਿਅਕ ਹੁੰਦਾ ਗਿਆ ਹੈ, ਤਿਉਂ-ਤਿਉਂ ਉਹ ਉਦਾਸ ਹੁੰਦਾ ਗਿਆ ਹੈ। ਜਿਉਂ-ਜਿਉਂ ਸਮਾਜ ਉਸਰਦਾ ਗਿਆ ਹੈ, ਤਿਉਂ-ਤਿਉਂ ਮਨੁੱਖ ਉੱਤੇ ਬੰਧਨ ਅਤੇ ਰੋਕਾਂ ਵੱਧਦੀਆਂ ਗਈਆਂ ਹਨ।

ਮਨੁੱਖ ਵਿਚ ਆਜ਼ਾਦ ਵਿਚਰਣ ਦੀ ਇਕ ਸਦੀਵੀ ਤਾਂਘ ਹੈ।

ਇਹ ਤਾਂਘ ਹੀ ਆਜ਼ਾਦੀ ਦੇ ਸੰਗਰਾਮਾਂ ਨੂੰ ਜਨਮ ਦਿੰਦੀ ਹੈ। ਜਦੋਂ ਇਸ ਤਾਂਘ 'ਤੇ ਰੋਕਾਂ ਲਗਦੀਆਂ ਹਨ ਤਾਂ ਮਨੁੱਖ ਕਲਪਨਾ ਦਾ ਸਹਾਰਾ ਲੈਂਦਾ ਹੈ।

ਜੇ ਮਨੁੱਖ ਸਮਾਜ ਵਿਚ ਨਾ ਰਹਿ ਰਿਹਾ ਹੁੰਦਾ ਤਾਂ ਉਸ ਨੂੰ ਕਲਪਨਾ ਦੀ ਲੋੜ ਨਹੀਂ ਸੀ ਪੈਣੀ। ਉਸ ਨੂੰ ਕਲਪਨਾ ਦੀ ਲੋੜ ਪਈ ਹੀ ਤਾਂ, ਕਿਉਂਕਿ ਵਾਸਤਵਿਕਤਾ ਨਾਲ ਉਸ ਦੀ ਤਸੱਲੀ ਨਹੀਂ ਹੋਈ, ਜਿਹੋ ਜਿਹਾ ਜੀਵਨ ਉਹ ਜਿਊਣਾ ਚਾਹੁੰਦਾ ਹੈ, ਉਹ ਸਮਾਜ ਵਿਚ ਰਹਿੰਦਿਆਂ ਸੰਭਵ ਨਹੀਂ ਹੁੰਦਾ। ਇਸ ਅਸੰਭਵ ਨੂੰ ਸੰਭਵ ਬਣਾਉਣ ਵਾਸਤੇ, ਮਨੁੱਖ ਕਲਪਨਾ ਨਾਲ ਉੱਚਾ ਉੱਠਦਾ ਹੈ।

ਦਿਸਦੇ ਸੰਸਾਰ ਦੇ ਸਮਾਨਾਂਤਰ, ਕਲਪਨਾ ਨਾਲ ਇਕ ਹੋਰ ਸੰਸਾਰ ਦੀ ਉਸਾਰੀ ਹੀ ਕਲਾ ਹੈ। ਕਿਹੋ ਜਿਹਾ ਵੀ ਸਮਾਜ ਸਿਰਜ ਲਿਆ ਜਾਵੇ, ਉਹ ਮਨੁੱਖ ਦੀਆਂ ਸਾਰੀਆਂ ਤਾਂਘਾਂ-ਉਮੰਗਾਂ 'ਤੇ ਪੂਰਾ ਨਹੀਂ ਉਤਰੇਗਾ, ਸੋ ਮਨੁੱਖ ਨੂੰ ਹਰ ਸਮਾਜ ਅਤੇ ਹਰੇਕ ਯੁਗ ਵਿਚ ਕਲਪਨਾ ਦਾ ਸਹਾਰਾ ਲੈਣਾ ਪੈਂਦਾ ਰਹੇਗਾ।

ਇਵੇਂ ਹਰ ਯੁੱਗ ਵਿਚ ਕਲਾ ਦਾ ਮਹੱਤਵ ਬਣਿਆ ਰਹੇਗਾ।

ਹਰ ਪੀੜ੍ਹੀ ਆਪਣੀਆਂ ਤਾਂਘਾਂ-ਉਮੰਗਾਂ ਦੇ ਸੰਦਰਭ ਵਿਚ ਕਲਾ ਦਾ ਨਿਰਮਾਣ ਕਰਦੀ ਹੈ, ਕਿਉਂਕਿ ਹਰ ਪੀੜ੍ਹੀ ਵੱਖਰੇ ਢੰਗ ਨਾਲ ਸੋਚਦੀ ਹੈ, ਆਪਣੇ ਆਪ ਨੂੰ ਵੱਖਰੇ ਢੰਗ ਨਾਲ ਪ੍ਰਗਟਾਉਂਦੀ ਹੈ ਅਤੇ ਨੱਚਣ ਲਈ ਵੱਖਰੇ ਢੰਗ ਨਾਲ ਲੱਤਾਂ-ਬਾਹਾਂ ਹਿਲਾਉਂਦੀ ਹੈ।

ਜਿਨ੍ਹਾਂ ਸਮਾਜਾਂ ਵਿਚ ਮਨੁੱਖ ਅਤੇ ਪ੍ਰਕਿਰਤੀ ਦਾ ਰਿਸ਼ਤਾ ਅਜੇ ਬਰਕਰਾਰ ਹੈ, ਉੱਥੇ ਕਲਪਨਾ ਦਾ ਸਹਾਰਾ ਲੈਣ ਅਤੇ ਕਲਾ ਸਿਰਜਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਉੱਥੇ ਪ੍ਰਕਿਰਤੀ ਨੂੰ ਹੀ ਅਦਭੁੱਤ ਕਲਾ ਸਮਝਿਆ ਜਾਂਦਾ ਹੈ। ਪੰਛੀਆਂ ਨੂੰ ਕਲਪਨਾ ਦੀ ਲੋੜ ਨਹੀਂ, ਕਿਉਂਕਿ ਉਹ ਅਜੇ ਵੀ ਪ੍ਰਕਿਰਤੀ ਦਾ ਭਾਗ ਹਨ।

ਜਿਉਂ-ਜਿਉਂ ਮਨੁੱਖ ਪ੍ਰਕਿਰਤੀ ਤੋਂ ਦੂਰ ਜਾਂਦਾ ਹੈ, ਤਿਉਂ-ਤਿਉਂ ਉਸ ਨੂੰ ਕਲਪਨਾ ਅਤੇ ਕਲਾ ਦੀ ਵਧੇਰੇ ਲੋੜ ਪੈਂਦੀ ਹੈ।

ਪ੍ਰਕਿਰਤੀ ਦੀ ਗੋਦ ਵਿਚ ਅਸੀਂ ਰੱਬ ਨੂੰ ਕਲਾਕਾਰ ਅਤੇ ਪ੍ਰਕਿਰਤੀ ਨੂੰ ਕਲਾ ਦੇ ਰੂਪ ਵਿਚ ਦੇਖਦੇ ਹਾਂ। ਸਭ ਪ੍ਰਕਾਰ ਦੀ ਕਲਾ ਦਾ ਸਰੋਤ ਪ੍ਰਕਿਰਤੀ ਹੈ। ਪ੍ਰਕਿਰਤੀ ਦੀਆਂ ਸਾਧੀਆਂ ਹੋਈਆਂ ਆਵਾਜ਼ਾਂ ਸੰਗੀਤ ਹਨ, ਪ੍ਰਕਿਰਤੀ ਦੇ ਦ੍ਰਿਸ਼ ਚਿੱਤਰਕਾਰੀ ਹਨ, ਪ੍ਰਕਿਰਤੀ ਦਾ ਪ੍ਰਗਟਾਵਾ ਕਵਿਤਾ ਹੈ। ਪਹਾੜ, ਭਵਨ-ਨਿਰਮਾਣ-ਕਲਾ ਦੇ ਨਮੂਨੇ ਹਨ, ਪ੍ਰਕਿਰਤੀ ਨਾਲ ਮਿਲਾਈ ਹੋਈ ਸੁਰ, ਗੀਤ ਹਨ। ਪ੍ਰਕਿਰਤੀ ਦੇ ਜੀਵਾਂ ਦਾ ਸਥੂਲ ਰੂਪ, ਮੂਰਤੀ-ਕਲਾ ਹੈ। ਹਵਾਵਾਂ ਦਾ ਚਲਣਾ, ਬੂਟਿਆਂ ਦਾ ਝੂਮਣਾ, ਝਰਨੇ ਦਾ ਵਹਿਣਾ, ਨਾਚ ਹਨ।

ਜਿਹੜੇ ਸਮਾਜ ਪ੍ਰਕਿਰਤੀ ਦੇ ਨੇੜੇ ਹਨ, ਉਨ੍ਹਾਂ ਨੂੰ ਸਾਹਿਤ ਸਿਰਜਣ ਦੀ ਲੋੜ ਹੀ ਨਹੀਂ। ਕਿਤਨੀ ਅਜੀਬ ਗੱਲ ਹੈ ਕਿ ਮਨੁੱਖ ਇਨ੍ਹਾਂ ਸੰਤੁਸ਼ਟ ਲੋਕਾਂ ਨੂੰ ਪਛੜੇ ਹੋਏ ਅਤੇ ਅਸਭਿਅਕ ਕਹਿੰਦਾ ਹੈ। ਹੁਣ ਜਦੋਂ ਮਨੁੱਖ ਸੋਚਦਾ ਹੈ ਕਿ ਕੀ ਗੁਆਇਆ ਅਤੇ ਕੀ ਪਾਇਆ ਤਾਂ ਉਹ ਪ੍ਰਸੰਨ ਹੋਣ ਦੀ ਥਾਂ ਉਦਾਸ ਹੋ ਜਾਂਦਾ ਹੈ। ਇਸ ਉਦਰੇਵੇਂ ਅਤੇ ਉਦਾਸੀ ਨੂੰ ਘਟਾਉਣ ਲਈ, ਉਹ ਕਲਾ ਦਾ ਪੱਲਾ ਫੜਦਾ ਹੈ।

ਸਾਨੂੰ ਆਪਣੇ ਸੁਭਾਅ ਵਿਚੋਂ ਸੁਆਰਥ ਅਤੇ ਲਾਲਸਾ ਦਾ ਤਿਆਗ ਕਰਨ ਲਈ ਉੱਚੀਆਂ ਸੋਚਾਂ ਨੂੰ ਸਥਾਪਤ ਕਰਨਾ ਪਵੇਗਾ। ਇਹ ਉੱਚੀਆਂ ਸੋਚਾਂ ਕਿਸੇ ਦੀ ਮਲਕੀਅਤ ਨਹੀਂ ਹੋਣਗੀਆਂ, ਇਨ੍ਹਾਂ ਦਾ ਕੋਈ ਮਾਲਕ ਨਹੀਂ ਹੋਵੇਗਾ, ਇਨ੍ਹਾਂ ਦਾ ਕੋਈ ਮੁਲਕ ਨਹੀਂ ਹੋਵੇਗਾ, ਇਨ੍ਹਾਂ ਦੀ ਕੋਈ ਜ਼ਾਤ ਨਹੀਂ ਹੋਵੇਗੀ।

ਕਲਾ ਤੋਂ ਬਿਨਾਂ ਜੀਵਨ ਦਾ ਭੇਤ ਪਾਉਣਾ ਸੰਭਵ ਨਹੀਂ।

ਕਲਾ ਤੋਂ ਬਿਨਾਂ ਜੀਵਨ ਦੇ ਵਿਸ਼ਾਲ ਮਾਰਗ 'ਤੇ ਨਹੀਂ ਵਿਚਰਿਆ ਜਾ ਸਕਦਾ।

ਹਰ ਇਕ ਵਿਅਕਤੀ ਸਫ਼ਲ, ਅਸਫ਼ਲ ਜਾਂ ਘੱਟ-ਵੱਧ ਕਲਾਕਾਰ ਹੁੰਦਾ ਹੈ, ਕਿਉਂਕਿ ਹਰ ਵਿਅਕਤੀ ਜੀਵਨ ਮਾਣਨਾ ਚਾਹੁੰਦਾ ਹੈ, ਹਰ ਕੋਈ ਚਾਹੁੰਦਾ ਹੈ ਕਿ ਦੁਨੀਆਂ ਸੋਹਣੀ ਬਣੇ, ਜੀਵਨ ਅੱਗੇ ਵਧੇ ਪਰ ਸਭ ਖੇਤਰਾਂ ਵਿਚ ਆਰਥਿਕ ਸਮੱਸਿਆਵਾਂ ਅਤੇ ਰਾਜਨੀਤੀ ਦਾ ਦਖ਼ਲ ਇਤਨਾ ਵਧੇਰੇ ਹੈ ਕਿ ਸਾਡੇ ਸੁਪਨੇ ਖੰਡਰ ਬਣ ਜਾਂਦੇ ਹਨ।

ਜੇ ਕਲਾ ਦਾ ਵਿਕਾਸ ਨਾ ਹੋਇਆ ਤਾਂ ਮਨੁੱਖ ਦਾ ਕੀ ਬਣੇਗਾ ?

ਆਤਮਾ, ਬੁੱਧੀ ਅਤੇ ਮਨ ਦੇ ਖੇਤਰ ਵੱਖਰੇ-ਵੱਖਰੇ ਹਨ।

ਧਰਮ ਸਾਡੀ ਆਤਮਾ ਨਾਲ ਸਬੰਧਿਤ ਹੈ, ਗਿਆਨ ਦਾ ਸਬੰਧ ਸਾਡੀ ਬੁੱਧੀ ਨਾਲ ਹੈ ਅਤੇ ਕਲਾ ਸਾਡੇ ਮਨ ਨੂੰ ਮੁਖ਼ਾਤਬ ਹੁੰਦੀ ਹੈ।

ਆਲੇ-ਦੁਆਲੇ ਵਿਚ ਅਸੀਂ ਸਰੀਰਕ ਪੱਧਰ 'ਤੇ ਵਿਚਰਦੇ ਹਾਂ।

ਰੋਜ਼ਗਾਰ ਜਾਂ ਉਪਜੀਵਕਾ ਲਈ ਅਸੀਂ ਬੌਧਿਕ ਪੱਧਰ ਤੇ ਵਿਚਰਦੇ ਹਾਂ।

ਕਲਾ, ਮਨ ਨੂੰ ਦਿੱਤੀ ਦਾਅਵਤ ਹੈ, ਇਹ ਸੋਚ ਨੂੰ ਪਾਇਆ ਸ਼ਗਨ ਹੈ, ਇਹ ਅਨੁਭਵ ਨੂੰ ਵਿਸ਼ਾਲ ਕਰਨ ਦਾ ਬੁਲਾਵਾ ਹੈ।

ਤਜਰਬੇ ਦੀ ਅਮੀਰੀ ਅਤੇ ਸੋਚ ਦੀ ਈਮਾਨਦਾਰੀ ਨਵੇਂ ਅਨੁਭਵਾਂ ਦੇ ਬੂਹੇ ਖੋਲ੍ਹਦੀ ਹੈ।

ਪਾਲਣ-ਪੋਸਣ ਦੌਰਾਨ ਸਾਨੂੰ ਵਿਸ਼ੇਸ਼ ਸੰਕਲਪ ਅਤੇ ਵਿਸ਼ਵਾਸ ਮਿਲਦੇ ਹਨ।

ਅਸੀਂ ਹਰ ਥਾਂ ਆਪਣੇ ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਵਿਸ਼ਵਾਸਾਂ ਨੂੰ ਨਾਲ ਚੁੱਕੀ ਫਿਰਦੇ ਹਾਂ। ਹਰ ਵੇਲੇ ਅਸੀਂ ਇਨ੍ਹਾਂ ਨੂੰ ਸੱਚ ਮੰਨਦੇ ਹਾਂ ਅਤੇ ਦੂਜਿਆਂ ਦੇ ਜਿਹੜੇ ਵਿਸ਼ਵਾਸ ਸਾਡੇ ਵਿਸ਼ਵਾਸਾਂ ਨਾਲ ਮੇਲ ਨਹੀਂ ਖਾਂਦੇ, ਉਨ੍ਹਾਂ ਨੂੰ ਅਸੀਂ ਪੱਖਪਾਤ, ਅੰਧਵਿਸ਼ਵਾਸ, ਭਰਮ ਅਤੇ ਭੁਲੇਖੇ ਕਹਿੰਦੇ ਹਾਂ।

ਸਾਡੇ ਪੱਖਪਾਤ, ਸਾਡੀਆਂ ਰਹੁ-ਰੀਤਾਂ ਅਤੇ ਸਾਡੀਆਂ ਆਦਤਾਂ ਆਦਿ ਸਾਡੇ ਵਿਸ਼ਵਾਸਾਂ ਅਤੇ ਸੰਕਲਪਾਂ ਉੱਤੇ ਆਧਾਰਿਤ ਹੁੰਦੀਆਂ ਹਨ।

ਅਸੀਂ ਜੋ ਕੁਝ ਸੁਣਦੇ ਅਤੇ ਵੇਖਦੇ ਹਾਂ, ਉਸ ਨੂੰ ਵਿਸ਼ੇਸ਼ ਰੰਗ ਵਿਚ ਉਪਰੋਕਤ ਦੇ ਸੰਦਰਭ ਵਿਚ ਹੀ ਸਮਝਦੇ, ਪਰਖਦੇ, ਪ੍ਰਵਾਨ, ਅਪ੍ਰਵਾਨ ਕਰਦੇ ਹਾਂ।

ਨਰਮ ਜਾਂ ਕਠੋਰ ਹੋਣਾ, ਮਿਹਰਬਾਨ ਜਾਂ ਨਿਰਦਈ ਹੋਣਾ, ਪਰਉਪਕਾਰੀ ਜਾਂ ਸੁਆਰਥੀ ਹੋਣਾ, ਸਾਡੇ ਉੱਤੇ ਹੀ ਨਿਰਭਰ ਨਹੀਂ ਕਰਦਾ, ਇਨ੍ਹਾਂ ਦਾ ਆਧਾਰ ਸਾਡਾ ਸਭਿਆਚਾਰ ਹੁੰਦਾ ਹੈ। ਅਸੀਂ ਮੁਸੀਬਤ ਅਤੇ ਮੌਤ ਨੂੰ, ਬੇਈਮਾਨੀ ਅਤੇ ਭ੍ਰਿਸ਼ਟਾਚਾਰ ਨੂੰ, ਲਾਪ੍ਰਵਾਹੀ ਅਤੇ ਬੇਈਮਾਨੀ ਨੂੰ, ਆਪਣੇ ਸਭਿਆਚਾਰਕ ਸੰਦਰਭ ਅਤੇ ਮੁਹਾਵਰੇ ਵਿਚ ਹੀ ਪੇਸ਼ ਕਰਦੇ ਹਾਂ।

ਕੰਮ ਅਤੇ ਕਲਾ ਪ੍ਰਤੀ ਵੀ ਸਾਡੇ ਉਦੇਸ਼ ਅਤੇ ਦ੍ਰਿਸ਼ਟੀਕੋਣ, ਸਾਡੇ ਸਭਿਆਚਾਰਕ ਖਮੀਰ ਵਿਚੋਂ ਉਪਜਦੇ ਹਨ।

ਸਾਡੇ ਸਭਿਆਚਾਰ ਵਿਚ ਕੰਮ ਕੀਤੇ ਬਿਨਾਂ ਨਾ ਖੁਸ਼ੀ ਮਿਲਦੀ ਹੈ, ਨਾ ਸਮਾਂ ਲੰਘਦਾ ਹੈ। ਜਦੋਂ ਕਿਸੇ ਨੂੰ ਕੰਮ ਦਾ ਸ਼ੌਕ ਪੈ ਜਾਵੇ, ਉਹ ਹੀ ਕਲਾ ਦੇ ਰਾਹ ਪੈਂਦਾ ਹੈ। ਕਲਾ ਵਾਸਤਵ ਵਿਚ ਆਤਮਾ, ਬੁੱਧੀ, ਮਨ ਅਤੇ ਹੱਥਾਂ ਦੀ ਕਿੱਕਲੀ-ਕਲੀਰ ਹੁੰਦੀ ਹੈ। ਇਹ ਆਪ ਪ੍ਰਸੰਨ ਹੋਣ ਅਤੇ ਦੂਜਿਆਂ ਨੂੰ ਪ੍ਰਸੰਨ ਕਰਨ ਦੀ ਅਭਿਲਾਸ਼ਾ ਵਿਚੋਂ ਉਪਜਦੀ ਹੈ।

ਜਿਸ ਦਾ ਸਾਥੀ ਪ੍ਰਸੰਨ ਅਤੇ ਸੰਤੁਸ਼ਟ ਨਹੀਂ, ਉਸ ਦੀ ਵਿਦਿਆ ਨਿਸਫ਼ਲ ਹੈ, ਉਸ ਦੀ ਚਤੁਰਾਈ ਅਸਫ਼ਲ ਹੈ, ਉਸ ਦੀ ਪੂਜਾ ਨਿਰਰਥਕ ਹੈ, ਉਸ ਦੀ ਅਰਦਾਸ ਅਪ੍ਰਵਾਨ ਹੈ।

ਤਾਜ ਮਹਿਲ ਉਸਾਰਨਾ ਹੀ ਕਲਾ ਨਹੀਂ, ਆਲੇ-ਦੁਆਲੇ ਨਾਲ ਇਕ-ਸੁਰ ਹੋਣਾ ਵੀ ਕਲਾ ਹੈ, ਦੂਜਿਆਂ ਨੂੰ ਆਪਣੇ ਵਰਗਾ ਸਮਝਣਾ ਵੀ ਕਲਾ ਹੈ, ਕਿਸੇ ਪੁਸਤਕ ਵਿਚ ਉਤਰ ਜਾਣਾ ਅਤੇ ਮਨ ਦੇ ਪੱਖੋਂ ਉੱਚੇ ਉਠਣਾ ਵੀ ਕਲਾ ਹੈ। ਸਹੀ-ਸੁਖਾਵੇਂ ਢੰਗ ਨਾਲ ਜੀਵਨ ਜਿਊਣਾ ਵੀ ਕਲਾ ਹੈ। ਕਿਸੇ ਨੂੰ ਸਹਿਯੋਗ ਦੇਣ ਲਈ ਤੱਤਪਰ ਰਹਿਣਾ ਅਤੇ ਕਿਸੇ ਵਲੋਂ ਮਿਲੇ ਸਹਿਯੋਗ ਨੂੰ ਯਾਦ ਰੱਖਣਾ ਵੀ ਕਲਾ ਹੈ।

ਪ੍ਰਕਿਰਤੀ ਵਿਚ, ਪ੍ਰਕਿਰਤੀ ਦਾ ਭਾਗ ਹੋ ਕੇ ਵਿਚਰਨਾ, ਦੂਜਿਆਂ ਨੂੰ ਸ਼ੁਭ ਇੱਛਾਵਾਂ ਦੇਣਾ, ਵੱਡਿਆਂ ਦਾ ਸਤਿਕਾਰ ਕਰਨਾ ਅਤੇ ਨਿੱਕਿਆਂ ਨੂੰ ਪਿਆਰ ਕਰਨਾ ਅਤੇ ਆਪਣੇ ਆਪ ਨਾਲ ਪ੍ਰਸੰਨ ਹੋਣਾ ਵੀ ਕਲਾ ਹੈ।

ਦੂਜਿਆਂ ਨੂੰ ਚੰਗਾ ਲੱਗਣ ਵਾਲਾ ਕੁਝ ਕਰਨਾ ਕਲਾ ਹੈ। ਜੇ ਨੱਚ ਨਹੀਂ ਸਕਦੇ ਤਾਂ ਨੱਚਦਿਆਂ ਨੂੰ ਉਤਸ਼ਾਹ ਦੇਣਾ ਕਲਾ ਹੈ। ਜੇ ਤੁਸੀਂ ਗਾ ਨਹੀਂ ਸਕਦੇ ਤਾਂ ਗਾਉਣ ਵਾਲੇ ਦੀ ਪ੍ਰਸ਼ੰਸਾ ਵਿਚ ਠੀਕ ਸਮੇਂ 'ਤੇ ਤਾੜੀ ਮਾਰਨਾ ਵੀ ਕਲਾ ਹੈ। ਸਦਭਾਵਨਾ ਨਾਲ ਵਿਛੜਨਾ ਵੀ ਇਕ ਹੁਨਰ ਹੈ। ਕੁਝ ਸਿਰਜਣਾ ਤਾਂ ਹੈ ਹੀ ਕਲਾ।

ਕਲਾ ਜੀਵਨ ਪ੍ਰਤੀ ਹਾਂ-ਪੱਖੀ ਹੁੰਗਾਰਾ ਹੁੰਦੀ ਹੈ।

ਜਿਸ ਵਿਚ ਕਲਾ ਦੀ ਕੋਈ ਵੀ ਕਣੀ ਹੈ, ਉਹ ਇਸਤਰੀਆਂ ਦੇ ਸਾਥ ਵਿਚ ਪ੍ਰਸੰਨ ਹੋਵੇਗਾ। ਇਸਤਰੀ ਸੁਭਾਵ ਵਜੋਂ ਹੀ ਕਲਾ ਦੀ ਪ੍ਰਸ਼ੰਸਕ ਹੁੰਦੀ ਹੈ। ਇਸੇ ਕਾਰਨ ਇਸਤਰੀਆਂ ਕਲਾਕਾਰਾਂ ਵੱਲ ਸਹਿਜੇ ਹੀ ਖਿੱਚੀਆਂ ਜਾਂਦੀਆਂ ਹਨ।

ਸਮਾਜਿਕ ਬੰਧਨਾਂ, ਸਭਿਆਚਾਰਕ ਜ਼ਿੰਮੇਵਾਰੀਆਂ ਅਤੇ ਪਰਿਵਾਰਕ ਮਜਬੂਰੀਆਂ ਕਾਰਨ ਇਸਤਰੀਆਂ ਨੂੰ ਆਪਣੇ ਗੁਣ ਪ੍ਰਗਟਾਉਣ ਦਾ ਅਵਸਰ ਨਹੀਂ ਮਿਲਦਾ, ਨਹੀਂ ਤਾ ਕੀ ਹੈ, ਜੋ ਉਹ ਨਹੀਂ ਸਿਰਜ ਸਕਦੀਆਂ!

ਪੁਰਸ਼ ਹਰ ਥਾਂ ਇਸਤਰੀ ਦਾ ਮਹਿਮਾਨ ਬਣਿਆ ਰਹਿੰਦਾ ਹੈ, ਕਦੀ ਇਸਤਰੀ ਨੂੰ ਮਹਿਮਾਨ ਬਣਾਉਣ ਦੀ ਕਲਾਮਈ ਦਲੇਰੀ ਤਾਂ ਦਿਖਾਵੇ!

ਇਸਤਰੀ ਨੂੰ ਕਲਾਕਾਰ ਬਣਨ ਦੀ ਲੋੜ ਨਹੀਂ, ਉਹ ਜਨਮਜਾਤ ਕਲਾਕਾਰ ਹੈ, ਉਹ ਜੀਵਨ ਨੂੰ ਸਿਰਜਦੀ ਹੈ, ਬਿਨਾਂ ਕਿਸੇ ਧੰਨਵਾਦ ਦੀ ਆਸ ਦੇ।

ਉਹ ਆਪਣੇ ਕਰਤਵ ਨੂੰ ਹੀ ਆਦਰਸ਼ ਮਿੱਥ ਲੈਂਦੀ ਹੈ।

ਅਸੀਂ ਵੇਦਾਂ ਦੀ ਬੜੀ ਪ੍ਰਸ਼ੰਸਾ ਕਰਦੇ ਹਾਂ ਪਰ ਭੁੱਲ ਜਾਂਦੇ ਹਾਂ ਕਿ ਜਿਸ ਯੁੱਗ ਵਿਚ ਵੇਦ ਰਚੇ ਗਏ, ਉਹ ਇਸਤਰੀ-ਪ੍ਰਧਾਨ ਯੁੱਗ ਸੀ।

ਹੁਣ ਵੀ ਹਰ ਕਲਾਕਾਰ ਦੀ ਪ੍ਰੇਰਨਾ, ਕੋਈ ਨਾ ਕੋਈ ਇਸਤਰੀ ਹੀ ਹੁੰਦੀ ਹੈ।

ਕਲਾ ਦਾ ਉਦੇਸ਼ ਮਨੁੱਖ ਵਲੋਂ ਰਚੇ ਗਏ ਮਾਨਸਿਕ, ਬੌਧਿਕ ਅਤੇ ਆਤਮਕ ਆਜ਼ਾਦੀ ਦੇ ਸੰਗ੍ਰਾਮ ਨੂੰ ਪੇਸ਼ ਕਰਨਾ ਹੁੰਦਾ ਹੈ।

ਕਲਾਕਾਰਾਂ, ਫ਼ਿਲਾਸਫ਼ਰਾਂ, ਸਾਹਿਤਕਾਰਾਂ ਆਦਿ ਨੇ ਸਮਾਜ ਦੀ ਭਾਵੇਂ ਆਲੋਚਨਾ ਕੀਤੀ ਹੁੰਦੀ ਹੈ ਪਰ ਲੋਕਾਂ ਨੂੰ ਉਨ੍ਹਾਂ ਨੇ ਸਦਾ ਪਿਆਰ ਕੀਤਾ ਹੁੰਦਾ ਹੈ।

ਉਹੀ ਕਲਾ ਪ੍ਰਵਾਨ ਹੁੰਦੀ ਹੈ, ਜਿਸ ਵਿਚ ਪ੍ਰਕਿਰਤੀ ਨਾਲ ਇਕ-ਸੁਰ ਹੋਣ ਦਾ ਸੁਨੇਹਾ ਹੋਵੇ, ਅੰਦਰਲੇ ਦਾ ਬਾਹਰਲੇ ਨਾਲ ਸਮਝੌਤਾ ਹੋਵੇ, ਜੀਵਨ ਪ੍ਰਤੀ ਧੰਨਵਾਦ ਦਾ ਪ੍ਰਗਟਾਵਾ ਹੋਵੇ, ਲੋਕਾਂ ਤੋਂ ਵਾਰੇ ਜਾਣ ਦੀ ਇੱਛਾ ਹੋਵੇ।

ਕਲਾਕਾਰ ਨੂੰ ਸਾਰੀ ਕੁਦਰਤ ਗਾਉਂਦੀ-ਨੱਚਦੀ ਪ੍ਰਤੀਤ ਹੁੰਦੀ ਹੈ।

ਭੂਚਾਲਾਂ ਨਾਲ ਤਬਾਹੀ ਮੱਚਦੀ ਹੈ ਪਰ ਉਸਾਰੀ ਦਾ ਅਮਲ ਮੁੜ ਸ਼ੁਰੂ ਹੋ ਜਾਂਦਾ ਹੈ। ਹਨੇਰੀ-ਝੱਖੜ ਨਾਲ ਪੰਛੀਆਂ ਦੇ ਆਲ੍ਹਣੇ ਤੀਲਾ-ਤੀਲਾ ਹੋ ਜਾਂਦੇ ਹਨ ਪਰ ਪੰਛੀ ਮੁੜ ਆਲ੍ਹਣਾ ਬਣਾਉਣ ਵਿਚ ਰੁੱਝ ਜਾਂਦੇ ਹਨ।

ਗੜਿਆਂ ਨਾਲ ਫ਼ਸਲ ਤਬਾਹ ਹੋ ਜਾਂਦੀ ਹੈ ਪਰ ਕਿਸਾਨ ਮੁੜ ਫ਼ਸਲ ਬੀਜਣ ਵਿਚ ਰੁੱਝ ਜਾਂਦਾ ਹੈ। ਮਿੱਤਰ-ਪਿਆਰੇ ਵਿੱਛੜ ਜਾਂਦੇ ਹਨ ਪਰ ਜੀਵਨ ਦਾ ਪ੍ਰਵਾਹ ਰੁੱਕਦਾ ਨਹੀਂ। ਜੰਗਾਂ ਹੁੰਦੀਆਂ ਰਹਿੰਦੀਆਂ ਹਨ ਪਰ ਵਿਸ਼ਵ-ਸ਼ਾਂਤੀ ਲਈ ਯਤਨ ਜਾਰੀ ਰਹਿੰਦੇ ਹਨ। ਦੁਰਘਟਨਾਵਾਂ ਵਾਪਰਦੀਆਂ ਹਨ, ਹਰ ਕਿਸੇ ਨਾਲ ਵਾਪਰੀਆਂ ਹਨ, ਹਰ ਕਿਸੇ ਨਾਲ ਵਾਪਰਨਗੀਆਂ ਪਰ ਢੱਠੀ ਹੋਈ ਢੇਰੀ ਨੂੰ ਮੁੜ ਢੇਰੀ ਬਣਾਉਣ ਦਾ ਅਮਲ ਵੀ ਜਾਰੀ ਰਹੇਗਾ। ਇਹੀ ਜੀਵਨ ਦਾ ਭੇਤ ਹੈ। ਜੀਵਨ ਦਾ ਭੇਤ ਹੀ ਕਲਾ ਦਾ ਭੇਤ ਹੈ।

ਕਲਾ ਦਾ ਸੁਨੇਹਾ ਸਾਡੇ ਅੰਦਰਲੀਆਂ ਸੰਭਾਵਨਾਵਾਂ ਨੂੰ ਜਗਾਉਣਾ ਅਤੇ ਉਨ੍ਹਾਂ ਨੂੰ ਸਰਬੱਤ ਦੇ ਭਲੇ ਲਈ ਅਰਪਣ ਕਰਨਾ ਹੁੰਦਾ ਹੈ।

ਹਰ ਕਲਾਕਾਰ ਸਮੁੱਚੇ ਸੰਸਾਰ ਦੇ ਸੰਦਰਭ ਵਿਚ ਸੋਚਦਾ ਹੈ।

ਸਾਨੂੰ ਉਨ੍ਹਾਂ ਪਲਾਂ ਵਿਚੋਂ ਪ੍ਰਸੰਨਤਾ ਮਿਲਦੀ ਹੈ, ਜਿਨ੍ਹਾਂ ਵਿਚ ਅਸੀਂ ਆਪਣੇ ਆਪ ਨੂੰ ਮਨੁੱਖ ਨਾਲੋਂ ਵੱਡਾ ਸਮਝਦੇ ਹਾਂ।

ਇਹ ਹੈਰਾਨੀ ਦੀ ਗੱਲ ਹੈ ਕਿ ਮਨੁੱਖ ਇਕੱਲੇ ਤੌਰ 'ਤੇ ਚੰਗਾ ਹੁੰਦਾ ਹੈ ਅਤੇ ਪ੍ਰਸੰਨ ਹੋਣਾ ਲੋਚਦਾ ਹੈ ਪਰ ਦੂਜਿਆਂ ਨਾਲ ਰਲ ਕੇ ਉਸ ਦਾ ਵਿਹਾਰ ਰਾਜਨੀਤਕ ਹੋ ਜਾਂਦਾ ਹੈ ਅਤੇ ਉਹ ਮਿਲਵਰਤਣ ਦੀ ਥਾਂ ਮੁਕਾਬਲੇ ਵਿਚ ਰੁੱਝ ਜਾਂਦਾ ਹੈ।

ਵੇਖਿਆ ਗਿਆ ਹੈ ਕਿ ਭੀੜ ਵਿਚ ਸ਼ਾਮਲ ਹੁੰਦਿਆਂ ਹੀ ਮਨੁੱਖੀ ਵਿਹਾਰ ਦੀ ਪੱਧਰ ਨੀਵੀਂ ਹੋ ਜਾਂਦੀ ਹੈ। ਕਾਰਨ ਸ਼ਾਇਦ ਇਹ ਹੈ ਕਿ ਉਸਦੇ ਗਿਲੇ-ਸ਼ਿਕਵੇ ਜਾਗ ਪੈਂਦੇ ਹਨ, ਉਹ ਆਪਣੇ ਆਪ ਨੂੰ ਇਕ ਹਨੇਰੇ ਜੰਗਲ ਵਿਚ ਗੁਆਚਿਆ ਅਨੁਭਵ ਕਰਦਾ ਹੈ ਅਤੇ ਉਹ ਜੰਗਲੀ ਜੀਵ ਵਾਂਗ ਵਿਚਰਦਾ ਹੈ, ਸਹਿਮਿਆ ਹੋਇਆ, ਡਰਿਆ ਹੋਇਆ, ਘਬਰਾਇਆ ਹੋਇਆ, ਗੁਆਚਿਆ ਹੋਇਆ।

ਜਦੋਂ ਅਜਿਹੇ ਭਾਵ ਮਨੁੱਖ ਦੇ ਅੰਦਰ ਪਸਰ ਜਾਣ ਤਾਂ ਉਹ ਹਰ ਸਥਿਤੀ ਵਿਚ ਜੀਵਨ ਦੇ ਵਿਰੁੱਧ ਮੋਰਚਾ ਉਸਾਰਦਾ ਹੈ। ਉਹ ਗੱਲਬਾਤ ਦੀ ਥਾਂ ਬਹਿਸ ਕਰਨ ਲੱਗ ਪੈਂਦਾ ਹੈ। ਬਹਿਸ ਦੀ ਆਦਤ ਨੇ ਗੱਲਬਾਤ ਵਿਚੋਂ ਪ੍ਰਾਪਤ ਹੋਣ ਵਾਲੀ ਖ਼ੁਸ਼ੀ ਨੂੰ ਚੱਟ ਲਿਆ ਹੈ।

ਕਲਾ ਦਾ ਰਸ ਇਕੱਲਿਆਂ ਹੀ ਮਾਣਿਆ ਜਾ ਸਕਦਾ ਹੈ, ਭੀੜ ਵਿਚ ਇਸ ਨੂੰ ਮਾਣਿਆ ਨਹੀਂ ਜਾ ਸਕਦਾ, ਕਿਉਂਕਿ ਕਲਾ ਉਪਜਦੀ ਵੀ ਇਕਾਂਤ ਵਿਚ ਹੈ ਅਤੇ ਇਹ ਮਾਣੀ ਵੀ ਇਕਾਂਤ ਵਿਚ ਜਾਂਦੀ ਹੈ।

ਨਵੇਂ ਸੰਚਾਰ ਸਾਧਨਾਂ ਨੇ ਗੀਤ-ਸੰਗੀਤ ਅਤੇ ਨਾਚ ਨੂੰ ਹਰ ਕਿਸੇ ਦੀ ਪਹੁੰਚ ਵਿਚ ਲੈ ਆਂਦਾ ਹੈ। ਜਿਉਂ-ਜਿਉਂ ਮਨੁੱਖ ਵਧੇਰੇ ਪ੍ਰੇਸ਼ਾਨ ਹੋ ਰਿਹਾ ਹੈ ਅਤੇ ਹੋਵੇਗਾ, ਇਨ੍ਹਾਂ ਕਲਾਵਾਂ ਦੀ ਲੋੜ ਅਤੇ ਇਨ੍ਹਾਂ ਦਾ ਮਹੱਤਵ ਵਧੇਗਾ।

ਗੀਤ ਅਤੇ ਸੰਗੀਤ ਤਾਂ ਰੇਡੀਓ ਨੇ ਹਰ ਕਿਸੇ ਦੀ ਪਹੁੰਚ ਵਿਚ ਲੈ ਆਂਦੇ ਸਨ ਪਰ ਨਾਚ ਨੂੰ ਹਰ ਕਿਸੇ ਦੀ ਪਹੁੰਚ ਵਿਚ ਲਿਆਉਣ ਦਾ ਕਾਰਜ ਸਿਨੇਮੇ ਅਤੇ ਟੈਲੀਵਿਜ਼ਨ ਨੇ ਕੀਤਾ ਹੈ, ਇਵੇਂ ਸੰਚਾਰ ਸਾਧਨ ਕਲਾ ਦੇ ਸੇਵਕ ਬਣ ਗਏ ਹਨ।

ਕੋਈ ਵੀ ਸਮਾਜ ਅਜਿਹਾ ਨਹੀਂ, ਜਿੱਥੇ ਲੋਕ ਨੱਚਦੇ-ਗਾਉਂਦੇ ਨਾ ਹੋਣ।

ਕੋਈ ਸਮਾਜ ਜਿਤਨਾ ਵਧੇਰੇ ਪੱਛੜਿਆ ਹੁੰਦਾ ਹੈ, ਉੱਥੇ ਨੱਚਣ-ਗਾਉਣ ਵਿਚ ਲੱਗਣ ਵਾਲਾ ਸਮਾਂ ਉਤਨਾ ਹੀ ਵਧੇਰੇ ਹੁੰਦਾ ਹੈ। ਇਵੇਂ ਆਰਥਿਕ ਗਰੀਬੀ ਨੂੰ ਸਭਿਆਚਾਰਕ ਅਮੀਰੀ ਨਾਲ ਪੂਰਿਆ ਜਾਂਦਾ ਹੈ।

ਨੱਚਣ ਦੀ ਉਹ ਅਵਸਥਾ ਸ਼ੁੱਧ ਹੈ, ਜਿਥੇ ਸੰਗੀਤ ਤੋਂ ਬਿਨਾਂ ਨੱਚਿਆ ਜਾਵੇ।

ਪਿਆਰ ਵਿਚ ਰੰਗੀ ਹੋਈ ਇਸਤਰੀ, ਆਪਣੇ ਪ੍ਰੇਮੀ ਦੁਆਲੇ ਨੱਚਣ ਬਾਰੇ ਸੋਚਦੀ ਹੈ।

ਨਾਚ ਵਿਚ, ਹੱਥਾਂ-ਪੈਰਾਂ ਨੂੰ ਖੁੱਲ੍ਹ ਅਤੇ ਅੱਖਾਂ ਨੂੰ ਆਜ਼ਾਦੀ ਮਿਲਦੀ ਹੈ।

ਨਾਚ, ਹੱਥਾਂ-ਪੈਰਾਂ ਦੀ ਭਾਸ਼ਾ ਅਤੇ ਹਰਕਤਾਂ ਦੀ ਵਿਆਕਰਣ ਨੂੰ ਪ੍ਰਗਟਾਉਂਦੇ ਹਨ। ਇਜ ਪ੍ਰਤੀਤ ਹੁੰਦਾ ਹੈ ਜਿਵੇਂ ਪੈਰਾਂ ਨੂੰ ਅੱਖਾਂ ਲੱਗ ਗਈਆਂ ਹੋਣ। ਨੱਚਣਾ ਖੁਰਦਰੇ ਨੂੰ ਕੂਲਾ, ਸਖ਼ਤ ਨੂੰ ਲਚਕੀਲਾ ਅਤੇ ਰੁਕੇ ਹੋਏ ਨੂੰ ਰਵਾਨਾ ਕਰਨ ਦਾ ਅਮਲ ਹੁੰਦਾ ਹੈ।

ਨਾਚ ਵਿਚ ਮਨੁੱਖੀ ਰੂਹ ਦੀ ਨਦੀ ਵਗਦੀ ਹੈ।

ਬਹੁਤੇ ਲੋਕ ਆਪ ਸੋਹਣੇ ਬਣਨਾ ਚਾਹੁੰਦੇ ਹਨ ਪਰ ਕਲਾਕਾਰ ਉਹ ਹੁੰਦਾ ਹੈ, ਜਿਸ ਵਿਚ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸੋਹਣਾ ਬਣਾਉਣ ਦਾ ਹੁਨਰ ਹੋਵੇ। ਕਲਾਕਾਰ ਦੀ ਛੋਹ ਨਾਲ ਹੀ ਵਸਤਾਂ ਸੱਜ ਜਾਂਦੀਆਂ ਹਨ। ਕਲਾਕਾਰ ਦੀ ਸੰਗਤ ਵਿਚ ਆਮ ਜਿਹਾ ਦਿਹਾੜਾ ਵੀ ਇਕ ਤਿਉਹਾਰ ਬਣ ਜਾਂਦਾ ਹੈ। ਕਲਾਕਾਰ ਦਿਲ ਦੇ ਦਰਿਆ ਵਿਚੋਂ ਉਛਲਦੀ ਅਮੀਰੀ ਨੂੰ, ਜੀਵਨ ਦੇ ਸਾਗਰ ਨੂੰ ਭੇਟ ਕਰਦਾ ਹੈ।

ਸੁਆਰਥ ਅਤੇ ਲਾਲਸਾ, ਅਹੁਦਾ ਅਤੇ ਇਨਾਮ, ਕਲਾਕਾਰ ਨੂੰ ਕਲਾ ਤੋਂ ਦੂਰ ਲੈ ਜਾਂਦੇ ਹਨ। ਅਜਿਹੀ ਸਥਿਤੀ ਵਿਚ ਕਿਸੇ ਕਲਾਕਾਰ ਦੀ ਕਲਾ, ਕਲਾ ਘੱਟ ਅਤੇ ਚਲਿਤਰ ਵਧੇਰੇ ਪ੍ਰਤੀਤ ਹੁੰਦੀ ਹੈ।

ਜਦੋਂ ਕੋਈ ਕਲਾਕਾਰ ਕਿਸੇ ਵਾਦ ਜਾਂ ਵਿਚਾਰਧਾਰਾ ਦੇ ਪੱਖ ਵਿਚ ਖਲੋ ਜਾਂਦਾ ਹੈ, ਉਦੋਂ ਉਸ ਦੀ ਕਲਾ ਬਹਿ ਜਾਂਦੀ ਹੈ।

ਅਜਿਹੀ ਸਥਿਤੀ ਵਿਚ ਉਸ ਦੀ ਕਲਾ ਦਿਲ ਦੇ ਟੋਇਆਂ ਨੂੰ ਭਰਦੀ ਨਹੀਂ, ਹਨੇਰੇ ਕੋਨਿਆਂ ਨੂੰ ਰੌਸ਼ਨ ਨਹੀਂ ਕਰਦੀ, ਧੱਬਿਆਂ ਨੂੰ ਰੰਗਦੀ ਨਹੀਂ, ਰੂਹ ਨੂੰ ਆਜ਼ਾਦ ਨਹੀਂ ਕਰਦੀ, ਮਨ ਉਡਾਰੀ ਨਹੀਂ ਮਾਰਦਾ, ਭਰਪੂਰਤਾ ਦਾ ਅਨੁਭਵ ਨਹੀਂ ਹੁੰਦਾ ਸਗੋਂ ਨਿਰੰਤਰ ਵਗਣ ਵਾਲੀ ਲੈਅ ਅਤੇ ਖੁਸ਼ਬੂ ਗੁਆਚ ਜਾਂਦੀ ਹੈ।

ਜਦੋਂ ਕਲਾਕਾਰ ਹਾਕਮ ਜਾਂ ਤਾਨਾਸ਼ਾਹ ਬਣ ਜਾਵੇ ਤਾਂ ਉਹ ਈਰਖਾ ਅਤੇ ਸਾੜੇ ਦਾ ਵਾਤਾਵਰਣ ਸਿਰਜਦਾ ਹੈ।

ਜਦੋਂ ਉਹ ਇਨਾਮਾਂ ਦੀ ਰਾਜਨੀਤੀ ਵਿਚ ਪੈ ਜਾਵੇ ਤਾਂ ਜਿਉਂ-ਜਿਉਂ ਇਨਾਮ ਉੱਚੇ ਹੁੰਦੇ ਜਾਂਦੇ ਹਨ, ਉਹ ਨੀਵਾਂ ਹੁੰਦਾ ਜਾਂਦਾ ਹੈ।

ਇਨਾਮ ਤਾਂ ਕਲਾ ਨੂੰ ਮਿਲਦਾ ਹੈ ਪਰ ਲੈਣ ਕਲਾਕਾਰ ਪਹੁੰਚ ਜਾਂਦਾ ਹੈ।

ਕਲਾਕਾਰ ਦੀ ਪਛਾਣ ਇਨਾਮ ਨਹੀਂ, ਉਸ ਦੀ ਕਲਾ ਹੁੰਦੀ ਹੈ।

ਜਦੋਂ ਕੋਈ ਕਲਾਕਾਰ ਆਪਣੀ ਪਛਾਣ ਦਾ ਕਲਾ ਨਾਲੋਂ ਵੱਖਰਾ ਕੋਈ ਵੀ ਹੋਰ ਆਧਾਰ ਲੱਭਦਾ ਹੈ, ਉਹ ਭਟਕਦਾ ਹੈ ਅਤੇ ਕਲਾ ਦੇ ਖੇਤਰ ਵਿਚ ਉਸ ਦਾ ਹਰ ਅਗਲੇਰਾ ਯਤਨ ਪਹਿਲੀ ਪੱਧਰ ਨਾਲੋਂ ਨੀਵਾਂ ਹੁੰਦਾ ਹੈ।

ਕਲਾਕਾਰ ਮਨੁੱਖਤਾ ਦਾ ਮਨ ਅਤੇ ਸਮਾਜ ਦੀਆਂ ਅੱਖਾਂ ਹੁੰਦੇ ਹਨ।

ਉਹ ਜਿਵੇਂ ਸੋਚਦੇ ਹਨ, ਆਉਣ ਵਾਲੀਆਂ ਪੀੜ੍ਹੀਆਂ ਉਵੇਂ ਸੋਚਦੀਆਂ ਹਨ, ਉਹ ਜਿਵੇਂ ਵੇਖਦੇ ਹਨ, ਆਉਣ ਵਾਲੀਆਂ ਨਸਲਾਂ ਉਵੇਂ ਵੇਖਣ ਲੱਗ ਪੈਂਦੀਆਂ ਹਨ। ਇਵੇਂ ਉਹ ਮਾਨਸ-ਮਨ ਦੀ ਨਬਜ਼ ਕੁਝ ਇਸ ਢੰਗ ਨਾਲ ਪਰਖਦੇ ਹਨ ਕਿ ਸਦੀਆਂ ਦੀ ਹਰਕਤ ਉਨ੍ਹਾਂ ਦੀ ਪਕੜ ਵਿਚ ਆ ਜਾਂਦੀ ਹੈ।

ਸੁੰਦਰਤਾ, ਕਲਾਕਾਰ ਦੇ ਮਨ ਵਿਚ ਹੁੰਦੀ ਹੈ, ਜਿਸ ਨੂੰ ਉਹ ਆਪਣੀ ਕਲਾ ਰਾਹੀਂ ਬਾਹਰ ਲੈ ਆਉਂਦਾ ਹੈ।

ਉਦਾਹਰਣ ਵਜੋਂ ਸੁੰਦਰ ਨੈਣ-ਨਕਸ਼ਾਂ ਦੀ ਤਸਵੀਰ ਕਲਾਕਾਰ ਆਪਣੇ ਸਾਹਮਣੇ ਪੱਥਰ ਦੀ ਸਿਲ ਉੱਤੇ ਚਿਤਰਦਾ ਹੈ ਅਤੇ ਛੈਣੀ ਅਤੇ ਹਥੌੜੀ ਲੈ ਕੇ ਆਲੇ-ਦੁਆਲੇ ਦਾ ਵਾਧੂ ਪੱਥਰ ਲਾਹ ਦਿੰਦਾ ਹੈ।

ਮੂਰਤੀ ਪੱਥਰ ਦੇ ਵਿੱਚ ਹੁੰਦੀ ਹੈ, ਕਲਾਕਾਰ ਉਸ ਨੂੰ ਸਾਕਾਰ ਕਰਦਾ ਹੈ।

ਨਜ਼ਾਰੇ ਧਰਤੀ ਉੱਤੇ ਹੁੰਦੇ ਹਨ, ਕਲਾਕਾਰ ਸਾਡੀਆਂ ਅੱਖਾਂ ਨੂੰ ਉਨ੍ਹਾਂ ਨੂੰ, ਵੇਖਣ ਅਤੇ ਮਾਣਨਯੋਗ ਬਣਾ ਦਿੰਦਾ ਹੈ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਕਲਾ ਸੁੰਦਰ-ਸੁਡੌਲ ਨਕਸ਼ਾਂ ਦੀ ਘਾੜਤ ਜਾਂ ਚਿੱਤਰਕਾਰੀ ਨਹੀਂ, ਉਨ੍ਹਾਂ ਵਿਚ ਛੁਪੀ ਰੂਹ ਦੀ ਪੇਸ਼ਕਾਰੀ ਹੁੰਦੀ ਹੈ। ਜਿਵੇਂ ਦਰਖ਼ਤ ਵਿਚ ਪਾਣੀ ਦਿਸਦਾ ਨਹੀਂ ਪਰ ਦਰਖ਼ਤ ਦੀ ਨਸ-ਨਸ ਵਿਚ ਸਮਾਇਆ ਹੁੰਦਾ ਹੈ, ਇਵੇਂ ਹੀ ਇਹ ਰੂਹ ਦਿਸਦੀ ਨਹੀਂ ਪਰ ਇਹ ਨਕਸ਼ਾਂ ਦੀ ਹਰ ਤੰਦ ਵਿਚ, ਰੰਗ ਦੀ ਹਰ ਲਕੀਰ ਵਿਚ ਅਤੇ ਹਰਕਤ ਦੀ ਹਰ ਅਦਾ ਵਿਚ ਸਮਾਈ ਹੁੰਦੀ ਹੈ।

ਈਰਖਾ ਅਤੇ ਸਾੜਾ, ਧੂੰਏਂ ਵਾਂਗ ਬਹੁਤੇ ਉੱਚੇ ਨਹੀਂ ਉਠ ਸਕਦੇ।

ਕਲਾਕਾਰ ਨੂੰ ਉੱਚੇ ਉਠਣ ਵਾਸਤੇ ਈਰਖਾ ਅਤੇ ਸਾੜੇ ਤੋਂ ਉੱਚਾ ਉਠਣਾ ਪਵੇਗਾ।

ਅਸੀਂ ਬਹੁਤਾ ਚਿਰ ਸਥਿਰ ਨਹੀਂ ਰਹਿ ਸਕਦੇ, ਜੇ ਅਸੀਂ ਉੱਚੇ ਨਹੀਂ ਉਠਾਂਗੇ ਤਾਂ ਸਾਡਾ ਥੱਲੇ ਨਿਘਰਨਾ ਲਾਜ਼ਮੀ ਹੈ।

ਕਲਾਕਾਰ ਦਾ ਸੁਪਨਾ, ਉਸ ਸਮਾਜ ਦੀ ਉਸਾਰੀ ਕਰਨਾ ਹੁੰਦਾ ਹੈ, ਜਿਸ ਵਿਚ ਹਰ ਕੋਈ ਪ੍ਰਵਾਨ ਚੜ੍ਹੇਗਾ।

ਸਭ ਪ੍ਰਕਾਰ ਦੀ ਕਲਾ, ਜੰਗ ਅਤੇ ਤਬਾਹੀ ਦਾ ਵਿਰੋਧ ਕਰਦੀ ਹੈ।

ਕਲਾ, ਬਾਜ਼ਾਂ ਦੇ ਮੁਕਾਬਲੇ ਚਿੜੀਆਂ ਦਾ ਪੱਖ ਪੂਰਦੀ ਹੈ।

ਇਹ ਅਕਹਿ ਨੂੰ ਕਹਿਣ ਅਤੇ ਅਦਿੱਖ ਨੂੰ ਪ੍ਰਗਟਾਉਣ ਦਾ ਉਪਰਾਲਾ ਕਰਦੀ ਹੈ।

ਕਲਾ, ਸ਼ਮਸ਼ਾਨ ਘਾਟ ਵਿਚ ਫੁੱਲ ਉਗਾਉਣ, ਪਾਟਿਆਂ ਨੂੰ ਜੋੜਨ, ਰੁੱਸਿਆਂ ਨੂੰ ਮਨਾਉਣ, ਵਿਛੜਿਆਂ ਨੂੰ ਮਿਲਾਉਣ, ਗੁਆਚਿਆਂ ਨੂੰ ਲੱਭਣ, ਨੀਵਿਆਂ ਨੂੰ ਉੱਚਾ ਚੁੱਕਣ ਅਤੇ ਮੋਇਆਂ ਨੂੰ ਜਗਾਉਣ ਦਾ ਕਾਰਜ ਕਰਦੀ ਹੈ।

ਕਲਾ ਜੋੜਦੀ ਹੈ, ਰਾਜਨੀਤੀ ਵੰਡਦੀ ਹੈ।

ਜਿਉਂ-ਜਿਉਂ ਮਨੁੱਖ ਦੀ ਬਿਰਤੀ ਉਸਾਰੂ, ਸੋਚ ਵਿਸ਼ਾਲ, ਕਲਪਨਾ ਉੱਚੀ, ਸੂਝ ਸੁਘੜ ਅਤੇ ਤੱਕਣੀ ਸੋਹਣੀ ਹੁੰਦੀ ਜਾਵੇਗੀ, ਤਿਉਂ-ਤਿਉਂ ਦੁਨੀਆਂ ਹੋਰ ਸੁੰਦਰ ਹੁੰਦੀ ਜਾਵੇਗੀ।

ਉਦਾਸ ਹੋਣ ਦੀ ਉੱਕਾ ਹੀ ਲੋੜ ਨਹੀਂ। ਸਾਡਾ ਯੁੱਗ ਨਿਸ਼ਚੇ ਹੀ ਉਪਰਾਮਤਾ, ਅਕੇਵੇਂ ਅਤੇ ਉਦਾਸੀ ਦਾ ਯੁੱਗ ਹੈ ਪਰ ਇਹ ਆਖ਼ਰੀ ਯੁੱਗ ਨਹੀਂ।

ਇਸ ਨਾਲੋਂ ਵੀ ਭੈੜੇ ਯੁੱਗ ਆਏ ਹਨ, ਉਹ ਨਹੀਂ ਰਹੇ, ਇਹ ਵੀ ਨਹੀਂ ਰਹੇਗਾ।

ਸਾਡੀ ਕਲਪਨਾ ਦਾ ਕੱਦ ਛੋਟਾ ਹੋ ਗਿਆ ਹੈ, ਇਸੇ ਕਰਕੇ ਅਸੀਂ ਉਦਾਸ ਹਾਂ।

ਚੰਗੀ, ਉਸਾਰੂ ਅਤੇ ਉੱਚੀ ਕਲਪਨਾ ਤੋਂ ਬਿਨਾਂ ਚੰਗੇ ਤੋਂ ਚੰਗੇ ਵਸੀਲੇ ਅਤੇ ਸਾਧਨ ਵੀ ਬੇਆਰਾਮੀ ਪੈਦਾ ਕਰਨਗੇ।

ਚੰਗਾ ਸੋਚਣ ਦਾ ਅਤੇ ਉੱਤਮ ਨੂੰ ਸਿਰਜਣ ਦਾ ਰਿਆਜ਼ ਕਰਨਾ ਚਾਹੀਦਾ ਹੈ।

ਰਿਆਜ਼ ਨਾਲ ਕਲਾ ਨਿਖਰਦੀ ਹੈ।

ਉਖੜੇ ਮਨ ਨਾਲ, ਵਿਰੋਧੀ ਭਾਵਾਂ ਨਾਲ, ਥੱਕੇ ਤਨ ਨਾਲ, ਉਦਾਸ ਵਾਤਾਵਰਣ ਵਿਚ, ਰਿਆਜ਼ ਸੰਭਵ ਨਹੀਂ ਹੁੰਦਾ।

ਜਿਸ ਇਸਤਰੀ ਨੂੰ ਭਾਂਡਾ ਧੋਣ ਦਾ ਵੱਲ ਨਹੀਂ, ਉਹ ਦੁੱਧ-ਦਹੀਂ ਨੂੰ ਰਿੜਕ ਕੇ ਮੱਖਣ ਨਹੀਂ ਕੱਢ ਸਕਦੀ।

ਜੇ ਸਾਡੇ ਕੋਲ ਉੱਚੇ ਸੰਕਲਪ ਅਤੇ ਡੂੰਘੇ ਵਿਸ਼ਵਾਸ ਹੀ ਨਹੀਂ ਤਾਂ ਸਾਡੇ ਜੀਵਨ ਦੀ ਪੱਧਰ ਉੱਚੀ ਕਿਵੇਂ ਹੋ ਸਕਦੀ ਹੈ ?

ਸਮਾਜ ਸਾਡੇ ਅੰਦਰ ਵੱਸਦਾ ਹੈ, ਸੋ ਅੰਦਰਲੀਆਂ ਸੰਭਾਵਨਾਵਾਂ ਨੂੰ ਜਗਾਉਣ ਦੀ ਲੋੜ ਹੈ। ਕਲਾ ਦਾ ਇਹੀ ਬਾਲ-ਉਪਦੇਸ਼ ਹੈ।

ਜਿਸ ਕੋਲ ਕਲਾ ਅਤੇ ਕਲਪਨਾ ਹੈ, ਉਸ ਦੀਆਂ ਚਾਰ ਅੱਖਾਂ ਹੁੰਦੀਆਂ ਹਨ ਅਤੇ ਉਸ ਦੇ ਅਨੇਕਾਂ ਹੱਥ ਹੁੰਦੇ ਹਨ, ਉਸ ਦੀਆਂ ਅਣਗਿਣਤ ਸੋਚਾਂ ਹੁੰਦੀਆਂ ਹਨ।

ਪਿਆਰ ਦੀ ਬੀੜ ਵਿਚੋਂ ਵਾਕ ਲਵੋ ਅਤੇ ਸੁੰਦਰਤਾ ਦੀ ਭਾਲ ਵਿਚ ਟੁਰ ਪਵੋ।

ਰਾਹ ਟੁਰਨ ਨਾਲ ਹੀ ਬਣਦੇ ਹਨ, ਕਲਾ ਯਤਨ ਨਾਲ ਹੀ ਨਿਖਰਦੀ ਹੈ।

♥♥♥

ਕਾਹਲ

ਰਫ਼ਤਾਰ ਅਤੇ ਰੌਲਾ ਵਿਗਿਆਨ ਦੀ ਦੇਣ ਹਨ।

ਧੂੰਏਂ ਅਤੇ ਧੋਖੇ ਵਾਂਗ, ਹਥਿਆਰ ਅਤੇ ਹਿੰਸਾ ਵਾਂਗ, ਨਸ਼ੇ ਅਤੇ ਨਫ਼ਰਤ ਵਾਂਗ ਹੀ ਰਫ਼ਤਾਰ ਅਤੇ ਰੌਲਾ ਅਜੋਕੇ ਜੀਵਨ ਦੇ ਵਰਤਾਰੇ ਹਨ।

ਅੱਜ ਦਾ ਮਨੁੱਖ ਇਨ੍ਹਾਂ ਵਰਤਾਰਿਆਂ ਵਾਂਗ, ਇਨ੍ਹਾਂ ਵਰਗਾ ਹੀ ਹੋ ਗਿਆ ਹੈ।

ਗਿਆਨ ਸਾਨੂੰ ਅਤੀਤ ਦੀਆਂ ਹਾਰਾਂ ਅਤੇ ਭਵਿੱਖ ਦੇ ਖਤਰਿਆਂ ਤੋਂ ਉੱਚੇ ਉੱਠਣ ਦੀ ਸ਼ਕਤੀ ਦਿੰਦਾ ਹੈ ਪਰ ਵਰਤਮਾਨ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਸਾਡੇ ਗਿਆਨ ਨਾਲੋਂ ਵਡੇਰੀਆਂ ਸਾਬਤ ਹੋ ਰਹੀਆਂ ਹਨ।

ਪ੍ਰਤੀਤ ਹੁੰਦਾ ਹੈ ਕਿ ਸਾਡੇ ਵਿਚ ਸਮੱਸਿਆਵਾਂ ਪੈਦਾ ਕਰਨ ਦੀ ਸਮੱਰਥਾ ਤਾਂ ਹੈ ਪਰ ਉਨ੍ਹਾਂ ਨੂੰ ਸੁਲਝਾਉਣ ਦੀ ਯੋਗਤਾ ਸਾਡੇ ਤੋਂ ਗੁਆਚ ਗਈ ਹੈ।

ਵਾਸਤਵ ਵਿਚ ਆਜ਼ਾਦ ਹੋਣ ਦਾ ਅਵਸਰ ਆਪਣੇ ਛੋਟੇਪਣ ਤੋਂ ਉੱਚੇ ਉੱਠਣ ਦਾ ਹੰਭਲਾ ਬਣਨਾ ਚਾਹੀਦਾ ਸੀ, ਜਿਸ ਦਾ ਪ੍ਰਗਟਾਵਾ ਆਪਣੇ ਆਪ ਨੂੰ ਪਿੱਛੇ ਛੱਡ ਕੇ ਅੱਗੇ ਲੰਘ ਜਾਣ ਦੀ ਤਾਂਘ ਵਿਚ ਪ੍ਰਗਟ ਹੋਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੋਇਆ।

ਸਾਡੀਆਂ ਲੜਾਈਆਂ ਸਾਡੀ ਅੰਦਰਲੀ ਅਸ਼ਾਂਤੀ ਦੀਆਂ ਬਾਹਰਲੀਆਂ ਚੀਕਾਂ ਹੁੰਦੀਆਂ ਹਨ। ਇਹ ਚੀਕਾਂ ਵੀ ਖਿੜੇ-ਮੱਥੇ ਪ੍ਰਵਾਨ ਕੀਤੀਆਂ ਜਾ ਸਕਦੀਆਂ ਸਨ, ਜੇ ਇਨ੍ਹਾਂ ਵਿਚ ਕੋਈ ਸੁਰ-ਤਾਲ ਹੁੰਦਾ। ਬੇਗੁਨਾਹਾਂ ਦੇ ਮਾਰੇ ਜਾਣ ਨੂੰ ਵੀ ਸਮਝਿਆ ਜਾ ਸਕਦਾ ਸੀ, ਜੇ ਉਨ੍ਹਾਂ ਦੇ ਮਾਰੇ ਜਾਣ ਨਾਲ ਸਾਡੀ ਆਪਣੀ ਮੰਜ਼ਲ ਨੇੜੇ ਆ ਰਹੀ ਪ੍ਰਤੀਤ ਹੁੰਦੀ ਅਤੇ ਢੱਠੇ ਘਰਾਂ ਅਤੇ ਸੁੰਨੇ ਵਿਹੜਿਆਂ ਵਿਚੋਂ ਕਿਸੇ ਨਵੀਂ ਉਸਾਰੀ ਦੇ ਨਕਸ਼ ਉਭਰਦੇ ਵਿਖਾਈ ਦਿੰਦੇ ਪਰ ਅਜਿਹਾ ਕੁਝ ਵੀ ਨਹੀਂ ਹੋਇਆ।

ਦੁੱਖ ਬੰਦੇ ਦੀ ਆਪਣੇ ਆਪ ਨਾਲ ਜਾਣ-ਪਛਾਣ ਕਰਵਾ ਦਿੰਦੇ ਹਨ।

ਇਹ ਸਾਡੇ ਵਿਚ ਹਮਦਰਦੀ ਅਤੇ ਮਿਲਵਰਤਣ ਦੀ ਭਾਵਨਾ ਜਗਾਉਂਦੇ ਹਨ। ਇਨ੍ਹਾਂ ਭਾਵਨਾਵਾਂ ਸਦਕਾ ਅਸੀਂ ਦੂਜਿਆਂ ਨਾਲ ਜੁੜਦੇ ਹਾਂ।

ਦੂਜਿਆਂ ਨਾਲ ਜੁੜਨ ਕਰ ਕੇ ਸਾਡੇ ਵਿਚ ਰਲ ਕੇ ਰਹਿਣ ਦੀ ਇੱਛਾ ਉਪਜਦੀ ਹੈ। ਇਸ ਇੱਛਾ ਨਾਲ ਸਾਡਾ ਵਿਹਾਰ ਕੂਲਾ ਹੁੰਦਾ ਹੈ।

ਪਿਆਰ ਇਸ ਕੂਲੇ ਵਿਹਾਰ ਦਾ ਹੀ ਪ੍ਰਗਟਾਵਾ ਹੁੰਦਾ ਹੈ।

ਪਿਆਰ ਮੱਠੀ-ਮੱਠੀ ਅੱਗ ਉੱਤੇ ਰਿੱਝਣ ਵਾਲਾ ਸੁਆਦ ਹੁੰਦਾ ਹੈ। ਇਹ ਸੂਝ ਦੀ

ਚੁੱਪ-ਚੁਪੀਤੀ ਬੋਲੀ ਵਿਚ ਗਾਇਆ ਹੋਇਆ ਗੀਤ ਹੁੰਦਾ ਹੈ। ਜਿਹੜੇ ਪਿਆਰ ਕਰਦੇ ਹਨ ਉਹ ਹਵਾਵਾਂ ਵਿਚ ਘਰ ਪਾਉਂਦੇ ਹਨ ਅਤੇ ਕਦੀ-ਕਦੀ ਧਰਤੀ ਦੀ ਸੈਰ ਲਈ ਨਿਕਲਦੇ ਹਨ ਪਰ ਹੁਣ ਇਹ ਨਹੀਂ ਹੋ ਸਕੇਗਾ, ਕਿਉਂਕਿ ਹੁਣ ਧਰਤੀ ਉੱਤੇ ਸਭਨੀਂ ਥਾਂਈਂ ਛੇਤੀ ਕਰੋ, ਜਲਦੀ ਕਰੋ ਹੋ ਰਹੀ ਹੈ ਅਤੇ ਸਭ ਪਾਸੇ ਕਾਹਲ ਦਾ ਸ਼ੋਰ ਮੱਚਿਆ ਹੋਇਆ ਹੈ।

ਅਸੀਂ ਅਜੇ ਨੱਚਣਾ ਸ਼ੁਰੂ ਹੀ ਨਹੀਂ ਕੀਤਾ ਅਤੇ ਸਾਡੇ ਨੱਚਣ ਦੇ ਦਿਨ ਲੰਘ ਗਏ ਹਨ। ਗਲੀ ਦਾ ਬੂਹਾ ਖੋਲ੍ਹਣ ਤੋਂ ਪਹਿਲਾਂ ਹੀ ਮੁਨਾਦੀ ਹੋ ਰਹੀ ਹੈ ਕਿ ਕਰਫਿਊ ਲੱਗ ਗਿਆ ਹੈ। ਸਾਡੇ ਖਿੜੇ ਹੋਏ ਫੁੱਲਾਂ ਦੇ ਗੁਲਦਸਤੇ ਉੱਤੇ, ਕਿਸੇ ਨੇ ਉਬਲਦਾ ਹੋਇਆ ਪਾਣੀ ਪਾ ਦਿੱਤਾ ਹੈ। ਅਸੀਂ ਵੇਖ ਕੇ ਅਣਡਿੱਠ ਕਰਨ ਦੀ ਭਾਵਨਾ ਨਾਲ ਬਾਹਰ ਨਿਕਲੇ ਸਾਂ ਕਿ ਅੱਥਰੂ-ਗੈਸ ਨੇ ਸਾਨੂੰ ਅੰਨ੍ਹਾ ਕਰ ਦਿੱਤਾ ਹੈ। ਬਿੱਲੀ ਉਦਾਸ ਹੈ ਕਿ ਕਿਸੇ ਬੰਦੇ ਨੇ ਉਸ ਦਾ ਰਸਤਾ ਕੱਟਿਆ ਹੈ। ਮਨੁੱਖਾਂ ਦੇ ਵੱਸ ਪਏ ਜਾਨਵਰ ਪ੍ਰੇਸ਼ਾਨ ਹਨ। ਸੜਕ ਰੁਕੀ ਹੋਈ ਹੈ ਪਰ ਹਰ ਕੋਈ ਕਾਹਲ ਵਿਚ ਹੈ। ਜਿਧਰ ਵੀ ਵੇਖੋ ਉਧਰ ਹੀ ਛੇਤੀ ਕਰੋ, ਛੇਤੀ ਕਰੋ ਹੋ ਰਹੀ ਹੈ।

ਅਜੋਕੇ ਜੀਵਨ ਵਿਚਲੀ ਕਾਹਲ ਦੇ ਕਈ ਕਾਰਨ ਹਨ।

ਪਹਿਲਾਂ ਦੂਜਿਆਂ ਵਰਗਾ ਬਣਨ ਦੀ ਇੱਛਾ ਬਲਵਾਨ ਸੀ, ਹੁਣ ਦੂਜਿਆਂ ਨਾਲੋਂ ਵੱਧ ਤੋਂ ਵੱਧ ਵੱਖਰਾ ਬਣਨ ਦੀ ਇੱਛਾ ਦਾ ਬੋਲਬਾਲਾ ਹੈ। ਆਪਣੇ ਆਪ ਨੂੰ ਪਛਾਣਨ ਦੇ ਕਈ ਢੰਗ-ਤਰੀਕੇ ਹਨ ਪਰ ਜਦੋਂ ਹਰ ਕੋਈ ਆਪਣੇ ਆਪ ਨੂੰ ਮਹਾਨ ਸਮਝਣ ਲੱਗ ਪਏ ਤਾਂ ਪਰੇਸ਼ਾਨੀਆਂ ਦਾ ਉਤਪੰਨ ਹੋਣਾ ਸੁਭਾਵਿਕ ਹੁੰਦਾ ਹੈ।

ਪਹਿਲਾਂ ਸੌ ਵਿਅਕਤੀਆਂ ਦੀ ਇਕ ਬਰਾਤ ਜਾਇਆ ਕਰਦੀ ਸੀ ਪਰ ਹੁਣ ਹਰ ਇਕ ਬਰਾਤੀ ਪੂਰੀ ਬਰਾਤ ਜਿਤਨੀ ਤਿਆਰੀ ਕਰਦਾ ਹੈ ਅਤੇ ਨਤੀਜੇ ਵਜੋਂ ਹੁਣ ਸੌ ਵਿਅਕਤੀਆਂ ਦੀ ਇਕ ਬਰਾਤ ਨਹੀਂ ਜਾਂਦੀ, ਇਕ-ਇਕ ਵਿਅਕਤੀ ਵਾਲੀਆਂ ਸੌ ਬਰਾਤਾਂ ਜਾਂਦੀਆਂ ਹਨ, ਸੋ ਬਰਾਤ ਦੀ ਤਿਆਰੀ ਸਮੇਂ ਛੇਤੀ ਕਰੋ, ਛੇਤੀ ਕਰੋ ਦੇ ਬਾਵਜੂਦ ਕੁਝ ਵੀ ਸਮੇਂ ਸਿਰ ਨਹੀਂ ਵਾਪਰਦਾ।

ਪੁਰਸ਼ ਦਾ ਸੁਭਾਅ ਮੰਜ਼ਲ-ਮੁੱਖ ਹੈ। ਉਸ ਨੇ ਸਦਾ ਹੀ ਕਿਸੇ ਨਾ ਕਿਸੇ ਮੰਜ਼ਲ 'ਤੇ ਪਹੁੰਚਣਾ ਹੁੰਦਾ ਹੈ, ਸੋ ਉਹ ਪਹੁੰਚਣ ਦੀ ਕਾਹਲ ਵਿਚ ਛੇਤੀ ਕਰਦਾ ਹੈ।

ਇਸਤਰੀ ਬਹੁਤਾ ਹਿੱਲਦੀ-ਜੁੱਲਦੀ ਨਹੀਂ, ਉਹ ਇਕ ਸੀਮਤ ਜਿਹੇ ਸਥਾਨ ਵਿਚ ਹੀ ਇਧਰ-ਉਧਰ ਜਾਂਦੀ ਹੈ। ਉਦਾਹਰਣ ਵਜੋਂ ਉਹ ਘਰ ਦੇ ਅੰਦਰ ਅਤੇ ਰਸੋਈ ਵਿਚ ਹੀ ਬਹੁਤਾ ਸਮਾਂ ਗੁਜ਼ਾਰਦੀ ਹੈ। ਜੇ ਉਹ ਨੌਕਰੀ ਵੀ ਕਰਦੀ ਹੈ ਤਾਂ ਵੀ ਕੰਮ ਕਰਨ ਵਾਲੀ ਥਾਂ 'ਤੇ ਉਹ ਸੀਮਤ ਜਿਹੇ ਇਲਾਕੇ ਵਿਚ ਹੀ ਵਿਚਰਦੀ ਹੈ। ਦੂਜੇ ਸ਼ਬਦਾਂ ਵਿਚ ਇਹ ਕਹਿਣਾ ਵਧੇਰੇ ਯੋਗ ਹੋਵੇਗਾ ਕਿ ਇਸਤਰੀ ਦਾ ਸੁਭਾਅ ਸਥਾਨ-ਮੁੱਖ ਹੈ।

ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਉਸ ਵਿਚ ਕਿਧਰੇ ਪਹੁੰਚਣ ਦੀ ਕਾਹਲ ਨਹੀਂ ਹੁੰਦੀ, ਕਿਉਂਕਿ ਉਸ ਨੂੰ ਕਿਸੇ ਥਾਂ ਸਮੇਂ ਸਿਰ ਪਹੁੰਚਣ ਦਾ ਲਾਭ ਪ੍ਰਾਪਤ ਨਹੀਂ ਹੁੰਦਾ।

ਭਾਵੇਂ ਪੁਰਸ਼ ਕਹਿੰਦੇ ਰਹਿੰਦੇ ਹਨ, ਛੇਤੀ ਕਰੋ, ਜਲਦੀ ਕਰੋ ਪਰ ਇਸਤਰੀਆਂ ਆਪਣੀ ਸੁਭਾਵਕ ਚਾਲ ਨਾਲ ਕੰਮ ਕਰਦੀਆਂ ਹਨ।

ਇਸਤਰੀ ਕਿਤਨੀ ਵੀ ਸੁੰਦਰ ਹੋਵੇ, ਉਹ ਆਪਣੀ ਸੁੰਦਰਤਾ ਨਾਲ ਸੰਤੁਸ਼ਟ ਨਹੀਂ ਹੁੰਦੀ, ਉਹ ਹੋਰ ਸੋਹਣੀ ਬਣਨ ਦੀ ਇੱਛਾ ਵਿਚ ਸਮੇਂ ਪ੍ਰਤੀ ਅਕਸਰ ਅਵੇਸਲੀ ਹੋ ਜਾਂਦੀ ਹੈ। ਉਹ ਆਪਣੇ ਨਾਲ ਸਬੰਧਤ ਕੋਈ ਵਸਤ ਖਰੀਦਣ ਸਮੇਂ ਵੀ ਵਕਤ ਨੂੰ ਅਕਸਰ ਭੁੱਲ ਜਾਂਦੀ ਹੈ। ਰਸਮਾਂ-ਰਿਵਾਜਾਂ ਵਿਚ ਵਧੇਰੇ ਵਿਸ਼ਵਾਸ ਰੱਖਣ ਕਾਰਨ, ਉਹ ਸਮੇਂ ਨਾਲੋਂ, ਰਸਮ ਨੂੰ ਵਧੇਰੇ ਮਹੱਤਵ ਦਿੰਦੀ ਹੈ।

ਪੁਰਸ਼ ਕੰਮ ਨਿਪਟਾਉਣ ਵਿਚ ਵਿਸ਼ਵਾਸ ਕਰਦਾ ਹੈ, ਜਦੋਂ ਕਿ ਇਸਤਰੀ ਨੂੰ ਕੰਮ ਹੀ ਉਹ ਕਰਨੇ ਪੈਂਦੇ ਹਨ ਜਿਹੜੇ ਪੂਰੀ ਤਰ੍ਹਾਂ ਕਦੇ ਵੀ ਨਹੀਂ ਨਿਪਟਦੇ, ਸੋ ਇਸਤਰੀ ਦਾ ਸਮੇਂ ਨਾਲ ਰਿਸ਼ਤਾ ਸਪਸ਼ਟ ਨਹੀਂ ਹੁੰਦਾ।

ਪੁਰਸ਼ਾਂ, ਇਸਤਰੀਆਂ ਅਤੇ ਬੱਚਿਆਂ ਦਾ ਸਭਿਆਚਾਰ ਵੱਖਰੀ-ਵੱਖਰੀ ਭਾਂਤ ਦਾ ਹੁੰਦਾ ਹੈ। ਜੇ ਪੇਕਿਆਂ ਦਾ ਕੋਈ ਕੰਮ ਹੋਵੇ ਤਾਂ ਇਸਤਰੀ ਕਹਿੰਦੀ ਹੈ ਛੇਤੀ ਕਰੋ, ਛੇਤੀ ਕਰੋ ਪਰ ਜੇ ਖਾਣ-ਪੀਣ ਲਈ ਕੁਝ ਪ੍ਰਾਪਤ ਕਰਨ ਦੀ ਸੰਭਾਵਨਾ ਹੋਵੇ ਤਾਂ ਬੱਚੇ ਕਹਿੰਦੇ ਹਨ ਛੇਤੀ ਕਰੋ, ਜਲਦੀ ਕਰੋ। ਸਥਿਤੀ ਜਾਂ ਕਾਰਜ ਕੋਈ ਹੋਵੇ, ਕੋਈ ਨਾ ਕੋਈ ਧਿਰ, ਕਹਿ ਰਹੀ ਹੁੰਦੀ ਹੈ ਜਲਦੀ ਕਰੋ, ਛੇਤੀ ਕਰੋ।

ਅਜੋਕਾ ਜੀਵਨ ਜਟਿਲ ਹੋ ਗਿਆ ਹੈ। ਪਹਿਲਾਂ ਪਿੰਡ ਵਿਚ ਰਹਿਣ ਵਾਲੇ ਲੋਕਾਂ ਦੀਆਂ ਸਾਰੀਆਂ ਲੋੜਾਂ ਪਿੰਡ ਵਿਚੋਂ ਹੀ ਪੂਰੀਆਂ ਹੋ ਜਾਂਦੀਆਂ ਸਨ। ਉਦੋਂ ਲੋੜਾਂ ਹੀ ਘੱਟ ਨਹੀਂ ਸਨ, ਜੀਵਨ ਦਾ ਘੇਰਾ ਵੀ ਛੋਟਾ ਸੀ। ਲੋਕ ਸਾਦੇ ਸਨ, ਉਨ੍ਹਾਂ ਦਾ ਸੁਭਾਅ ਸਰਲ ਸੀ, ਜੀਵਨ-ਗਤੀ ਸਹਿਜ ਸੀ, ਬਿਰਤੀ ਸ਼ਾਂਤ ਸੀ। ਪਰੰਪਰਾ ਨੂੰ ਪਾਲਣਾ ਹੀ ਲੋਕਾਂ ਦਾ ਧਰਮ ਸੀ ਅਤੇ ਹਉਮੈ ਨੂੰ ਮਾਰਨਾ ਜੀਵਨ ਦਾ ਆਦਰਸ਼ ਸੀ ਪਰ ਹੁਣ ਸਭ ਕੁਝ ਬਦਲ ਗਿਆ ਹੈ।

ਹੁਣ ਪਿੰਡ ਕਸਬਿਆਂ ਨਾਲ, ਕਸਬੇ ਸ਼ਹਿਰਾਂ ਨਾਲ, ਸ਼ਹਿਰ ਬੰਦਰਗਾਹਾਂ ਨਾਲ ਅਤੇ ਬੰਦਰਗਾਹਾਂ ਸਾਰੇ ਸੰਸਾਰ ਨਾਲ ਜੁੜਨ ਕਾਰਨ ਰਫ਼ਤਾਰ ਅਤੇ ਰੌਲਾ ਦੋਵੇਂ ਵੱਧ ਗਏ ਹਨ। ਮਨੁੱਖ ਵੱਡੇ ਗਰੋਹਾਂ ਵਿਚ ਰਹਿਣਾ ਚਾਹੁੰਦਾ ਹੈ, ਸੋ ਵਿਅਕਤੀਗਤ ਪਛਾਣ ਤਾਂ ਮੁੱਕਣੀ ਹੀ ਸੀ, ਜੀਵਨ ਦੀਆਂ ਉੱਚੀਆਂ ਅਤੇ ਸੁੱਚੀਆਂ ਕਦਰਾਂ-ਕੀਮਤਾਂ ਵੀ ਪਿੱਛੇ ਰਹਿ ਗਈਆਂ ਹਨ। ਇਤਨੀ ਵੱਡੀ ਆਬਾਦੀ ਦਾ ਪ੍ਰਬੰਧ, ਜੀਵਨ ਦੀ ਰਫ਼ਤਾਰ ਨੂੰ ਵਧਾ ਕੇ ਹੀ ਕੀਤਾ ਜਾ ਸਕਦਾ ਸੀ। ਪਿਛਲੀ ਲਗਭਗ ਇਕ ਸਦੀ ਤੋਂ ਸ਼ਹਿਰ ਫੈਲਦੇ ਜਾ ਰਹੇ ਹਨ ਅਤੇ ਮਨੁੱਖ ਹਰ ਖੇਤਰ ਵਿਚ ਆਪਣੀ ਰਫ਼ਤਾਰ ਵਧਾਉਣ ਵਿਚ ਰੁਝਿਆ ਹੋਇਆ ਹੈ।

ਸੀਮਿਤ ਵਸੀਲਿਆਂ ਨਾਲ ਬੇਮੁਹਾਰ ਇੱਛਾਵਾਂ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ, ਸੋ ਇਕ ਦੌੜ ਲਗੀ ਹੋਈ ਹੈ ਅਤੇ ਸਭ ਪਾਸੇ ਪੱਛੜ ਜਾਣ ਦੇ ਡਰ ਕਾਰਨ ਛੇਤੀ ਕਰੋ, ਜਲਦੀ ਕਰੋ ਹੋ ਰਹੀ ਹੈ। ਜੀਵਨ ਦੀ ਰਫ਼ਤਾਰ ਕਿਤਨੀ ਵੀ ਤੇਜ਼ ਹੋ ਜਾਵੇ, ਮਨੁੱਖ ਵਿਚ ਵਧੇਰੇ ਰਫ਼ਤਾਰ ਪ੍ਰਾਪਤ ਕਰਨ ਦੀ ਅਭਿਲਾਸ਼ਾ ਵੱਧਦੀ ਜਾਵੇਗੀ।

ਰਫ਼ਤਾਰ ਆਪਣੇ ਆਪ ਵਿਚ ਇਕ ਰੋਜ਼ਗਾਰ ਬਣ ਗਈ ਹੈ।

ਰਿਸ਼ਵਤ ਦੇਣ-ਲੈਣ ਦੀ ਲੋੜ ਵੀ ਉਥੇ ਉਪਜਦੀ ਹੈ, ਜਿਥੇ ਕੰਮ ਦੀ ਰਫ਼ਤਾਰ ਹੌਲੀ ਹੋਵੇ ਅਤੇ ਤੇਜ਼ ਕਰਨ ਦੀ ਲੋੜ ਹੋਵੇ।

ਪੂੰਜੀਵਾਦ, ਪਦਾਰਥਵਾਦ ਦੀ ਰੁਚੀ ਨੂੰ ਬਲਵਾਨ ਕਰਦਾ ਹੈ, ਜਦੋਂ ਕਿ ਧਰਮ, ਆਦਰਸ਼ਵਾਦ ਦੀ ਰੁਚੀ ਅਧੀਨ ਤਿਆਗ ਉੱਤੇ ਬਲ ਦਿੰਦਾ ਹੈ। ਹੁਣ ਚਰਿੱਤਰ ਦੀ ਅਮੀਰੀ ਦੀ ਥਾਂ ਵਸਤਾਂ ਦੀ ਅਮੀਰੀ ਦਾ ਬੋਲਬਾਲਾ ਹੈ। ਹੁਣ ਤਨਖ਼ਾਹ ਸੰਤੁਸ਼ਟ ਨਹੀਂ ਕਰਦੀ। ਹੁਣ ਯੋਗਤਾ ਨਾਲੋਂ ਸਿਫਾਰਸ਼ ਦਾ ਕੱਦ ਵੱਡਾ ਹੋ ਗਿਆ ਹੈ।

ਹੁਣ ਬੰਦੇ ਰੱਬ ਤੋਂ ਨਹੀਂ ਡਰਦੇ, ਬੰਦੇ ਰੱਬ ਨੂੰ ਡਰਾਉਂਦੇ ਹਨ।

ਰੋਜ਼ਗਾਰ ਦੇ ਰਸਤੇ ਤੰਗ ਹਨ, ਭੀੜਾਂ ਵੱਡੀਆਂ ਹਨ, ਕੰਮ ਦਾ ਖਿਲਾਰਾ ਵਧੇਰੇ ਹੈ, ਕੰਮ ਕਰਨ ਲਈ ਸਮਾਂ ਘੱਟ ਹੈ।

ਹੁਣ ਜਾਗਣ ਸਮੇਂ ਹੀ ਮਨੁੱਖ ਨਿਰਧਾਰਤ ਸਮੇਂ ਤੋਂ ਪੱਛੜ ਚੁੱਕਾ ਹੁੰਦਾ ਹੈ, ਸੋ ਹਰ ਇਕ ਘਰ ਵਿਚ ਸਵੇਰ ਵੇਲੇ ਛੇਤੀ ਕਰੋ, ਛੇਤੀ ਕਰੋ ਹੋ ਰਹੀ ਹੁੰਦੀ ਹੈ।

ਅਜੋਕਾ ਮਨੁੱਖ ਹਰ ਰੋਜ਼ ਨਵਾਂ ਯੁੱਧ ਲੜਦਾ ਹੈ।

ਇਸ ਯੁੱਧ ਵਿਚ ਜਿਸ ਕਿਸੇ ਦੀ ਰਫ਼ਤਾਰ ਹੌਲੀ ਹੈ ਉਹ ਨਿਕੰਮਾ, ਢਿੱਲਾ, ਸੁੱਸਤ ਅਤੇ ਪੱਛੜਿਆ ਹੋਇਆ ਗਿਣਿਆ ਜਾਂਦਾ ਹੈ। ਹੁਣ ਕੋਈ ਕਿਸੇ ਦੀ ਸੁਣਦਾ ਹੀ ਨਹੀਂ, ਸੋ ਹਰ ਗੱਲ ਕਈ-ਕਈ ਵਾਰ ਕਹਿਣੀ ਪੈਂਦੀ ਹੈ।

ਥਕਾਵਟ ਸਾਡੇ ਧੁਰ ਅੰਦਰ ਪਹੁੰਚ ਗਈ ਹੈ ਅਤੇ ਨਤੀਜੇ ਵੱਸ ਸਾਡਾ ਵਿਹਾਰ ਕਾਹਲਾ ਅਤੇ ਝਗੜਾਲੂ ਹੋ ਗਿਆ ਹੈ। ਝਗੜੇ ਉੱਚੇ ਬੋਲ-ਬੁਲਾਰੇ ਨੂੰ ਜਨਮ ਦਿੰਦੇ ਹਨ। ਝਗੜੇ ਦੀ ਸਥਿਤੀ ਵਿਚ ਨਾ ਕੇਵਲ ਤੇਜ਼-ਤੇਜ਼ ਬੋਲਣਾ ਪੈਂਦਾ ਹੈ, ਸਗੋਂ ਸੰਘ ਵੀ ਪਾਟਦਾ ਹੈ।

ਗੁੱਸੇ ਦੀ ਸਥਿਤੀ ਵਿਚ ਸੋਚਣਾ ਸੰਭਵ ਨਹੀਂ ਹੁੰਦਾ, ਸੋ ਅਸੀਂ ਅਣਜਾਣੇ ਹੀ ਨਿੱਕੀ ਜਿਹੀ ਗੱਲ ਨੂੰ ਵੱਡੀ ਸਮੱਸਿਆ ਬਣਾ ਲੈਂਦੇ ਹਾਂ।

ਮਾਪਿਆਂ ਅਤੇ ਬੱਚਿਆਂ ਦੇ ਜੀਵਨ ਦੀਆਂ ਰਫ਼ਤਾਰਾਂ ਵੱਖਰੀਆਂ ਹੋਣ ਕਾਰਨ, ਆਪਸੀ ਸਾਂਝ ਘੱਟ ਰਹੀ ਹੈ ਅਤੇ ਵਿੱਥਾਂ ਵੱਧ ਰਹੀਆਂ ਹਨ।

ਹੁਣ ਪੁੱਤਰ, ਪਿਤਾ ਨੂੰ ਗ਼ਲਤ ਸਾਬਤ ਕਰਨ ਲਈ ਬਜ਼ਿੱਦ ਹਨ ਅਤੇ ਧੀਆਂ, ਮਾਂਵਾਂ ਨਾਲੋਂ ਵੱਧ ਚਲਾਕ ਬਣਨ ਵਿਚ ਰੁੱਝੀਆਂ ਹੋਈਆਂ ਹਨ ਅਤੇ ਭਰਾ, ਸਾਂਝੀ ਜਾਇਦਾਦ ਵੰਡਣ ਦੇ ਮਾਮਲੇ ਵਿਚ, ਇਕ ਦੂਜੇ ਨੂੰ ਬੇਈਮਾਨ ਸਿੱਧ ਕਰ ਰਹੇ ਹਨ।

ਇੱਕੋ ਵੇਲੇ ਕਈ ਸਮੱਸਿਆਵਾਂ ਵਿਚ ਉਲਝੇ ਹੋਣ ਕਾਰਨ, ਅਸੀਂ ਤੁਰਦੇ ਘੱਟ ਹਾਂ ਅਤੇ ਤਿਲ੍ਹਕਦੇ ਵਧੇਰੇ ਹਾਂ। ਛੇਤੀ-ਛੇਤੀ ਲਏ ਫੈਸਲੇ ਗ਼ਲਤ ਸਾਬਤ ਹੁੰਦੇ ਹਨ, ਛੇਤੀ-ਛੇਤੀ ਕੀਤੇ ਰਿਸ਼ਤੇ ਟੁੱਟ ਜਾਂਦੇ ਹਨ। ਇਹ ਅਤੇ ਅਜਿਹੀਆਂ ਹੋਰ ਸਥਿਤੀਆਂ ਜੀਵਨ ਵਿਚ ਆਪਣੀ ਕਿਸਮ ਦਾ ਸ਼ੋਰ ਉਪਜਾਉਂਦੀਆਂ ਹਨ।

ਰੌਲੇ ਅਤੇ ਰਫ਼ਤਾਰ ਦੀ ਪ੍ਰੇਸ਼ਾਨੀ ਕਾਰਨ ਅਸੀਂ ਆਰਾਮ ਨਹੀਂ ਕਰ ਸਕਦੇ ਅਤੇ ਬੇਆਰਾਮੀ ਦੀ ਸਥਿਤੀ ਕਾਰਨ ਸਾਡੇ ਤੋਂ ਗ਼ਲਤੀਆਂ ਵਧੇਰੇ ਹੁੰਦੀਆਂ ਹਨ।

ਗ਼ਲਤੀਆਂ ਬੇਚੈਨੀ ਉਪਜਾਉਂਦੀਆਂ ਹਨ, ਬੇਚੈਨ ਵਿਅਕਤੀ ਝਗੜਾਲੂ ਹੁੰਦਾ ਹੈ ਅਤੇ ਝਗੜਾਲੂ ਵਿਅਕਤੀ ਦੁਰਘਟਨਾਵਾਂ ਸਿਰਜਦਾ ਹੈ ਅਤੇ ਸਾਡੇ ਬਹੁਤ ਸਾਰੇ ਸਾਧਨ, ਢੇਰ ਸਮਾਂ ਅਤੇ ਸਮਰੱਥਾ ਅਚਾਨਕ ਆ ਪਈ ਬਿਪਤਾ ਦੇ ਲੇਖੇ ਲੱਗ ਜਾਣ ਕਾਰਨ, ਸਾਡਾ

ਅਸਲ ਕੰਮ ਪਿੱਛੇ ਪੈਂਦਾ ਰਹਿੰਦਾ ਹੈ। ਇਸ ਪੱਛੜੇ ਹੋਏ ਕੰਮ ਨੂੰ ਨਿਪਟਾਉਣ ਲਈ ਅਸੀਂ ਕਾਹਲ ਕਰਦੇ ਹਾਂ ਅਤੇ ਨਤੀਜਾ ਇਹ ਹੁੰਦਾ ਹੈ ਕਿ ਕੰਮ ਦੀ ਪੱਧਰ ਡਿਗਦੀ ਹੈ ਅਤੇ ਸਾਡੇ ਦੂਜਿਆਂ ਨਾਲ ਸਬੰਧ ਵਿਗੜਦੇ ਹਨ।

ਮਕਾਨ ਉਸਾਰੀ ਦੌਰਾਨ, ਮਿਸਤਰੀਆਂ ਨਾਲ ਹੁਣ ਲੋਕ ਵਧੇਰੇ ਝਗੜਦੇ ਹਨ, ਗਰਿਲਾਂ ਵਾਲਿਆਂ ਦੇ ਵਧੇਰੇ ਗੇੜੇ ਲਾਉਂਣੇ ਪੈਂਦੇ ਹਨ ਅਤੇ ਹੋਰ ਕੰਮ ਕਰਨ ਵਾਲਿਆਂ ਦੇ ਗੈਰ-ਜ਼ਿੰਮੇਵਾਰ ਵਿਹਾਰ ਕਾਰਨ ਵਧੇਰੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੁੱਖ ਆਪਣੇ ਜੀਵਨ ਨੂੰ ਸੌਖਾ ਅਤੇ ਸੁਖਦਾਇਕ ਬਣਾਉਣ ਲਈ ਭਾਂਤ-ਭਾਂਤ ਦੀਆਂ ਵਸਤਾਂ ਅਤੇ ਉਪਕਰਣ ਖਰੀਦਦਾ ਹੈ ਅਤੇ ਇਨ੍ਹਾਂ ਨੂੰ ਠੀਕ ਹਾਲਤ ਵਿਚ ਰੱਖਣ ਦੀ ਯੋਗਤਾ ਨਾ ਹੋਣ ਕਾਰਨ, ਮੁਰੰਮਤ ਕਰਵਾਉਣ ਲਈ ਉਸ ਨੂੰ ਮੁੜ-ਮੁੜ ਬਾਜ਼ਾਰ ਜਾਣਾ ਪੈਂਦਾ ਹੈ।

ਘਬਰਾਇਆ ਹੋਇਆ, ਥੱਕਿਆ ਹੋਇਆ ਅਤੇ ਪ੍ਰੇਸ਼ਾਨ ਵਿਅਕਤੀ, ਬੇਲੋੜਾ ਖਰਚ ਕਰਦਾ ਹੈ, ਜਿਹੜਾ ਅਗਲੇਰੇ ਪਛਤਾਵੇ ਨੂੰ ਜਨਮ ਦਿੰਦਾ ਹੈ।

ਵਧੇਰੇ ਤੇਜ਼ ਚਲਣ ਕਾਰਨ ਸਾਨੂੰ ਵਧੇਰੇ ਠੇਡੇ ਲੱਗਦੇ ਹਨ।

ਕਾਹਲ ਅਤੇ ਆਪੋ-ਧਾਪੀ ਦੇ ਵਾਤਾਵਰਣ ਵਿਚ ਕਿਸੇ ਵੀ ਨੇਮ ਜਾਂ ਕਾਨੂੰਨ ਦੀ ਪਾਲਣਾ ਕਰਨੀ ਮੁਸ਼ਕਿਲ ਹੋ ਜਾਂਦੀ ਹੈ। ਜਿਸ ਕਾਰਨ ਆਵਾਜਾਈ ਦੇ ਨੇਮਾਂ ਨੂੰ ਪਾਲਣਾ, ਲਾਈਨ ਬਣਾਉਣੀ ਜਾਂ ਵਾਰੀ ਸਿਰ ਆਪਣਾ ਕੰਮ ਕਰਵਾਉਣਾ ਜਾਂ ਕੀਤੇ ਕਰਾਰ ਨੂੰ ਨਿਭਾਉਣਾ ਜਾਂ ਲੈਣ-ਦੇਣ ਵਿਚ ਸਾਵਾਂ-ਸਤੁੰਲਤ ਰਹਿਣਾ ਸੰਭਵ ਨਹੀਂ ਰਹਿੰਦਾ।

ਇਸੇ ਬਿਰਤੀ ਅਧੀਨ ਸੜਕਾਂ ਉੱਤੇ ਹਰ ਕੋਈ ਦੌੜ ਰਿਹਾ ਹੈ। ਤੇਜ਼ ਕਾਰਾਂ ਨੂੰ ਵੇਖ ਕੇ ਇੰਜ ਲੱਗਦਾ ਹੈ, ਜਿਵੇਂ ਹਰ ਕੋਈ ਦੋ-ਦੋ ਸੇਹਰੇ ਰੱਖ ਕੇ ਵਾਹੋ-ਦਾਹੀ ਦੌੜ ਰਿਹਾ ਹੋਵੇ। ਜੀਵਨ ਵਿਚ ਕਾਹਲ ਪਸਰ ਜਾਣ ਕਾਰਨ ਹਰੇਕ ਰਿਸ਼ਤਾ ਨਿੱਘ ਦੇਣ ਤੋਂ ਇਨਕਾਰੀ ਹੈ। ਹੁਣ ਉਹ ਕੰਮ ਜਾਂ ਸ਼ੌਕ ਛੋਹੇ ਹੀ ਨਹੀਂ ਜਾਂਦੇ, ਜਿਨ੍ਹਾਂ ਵਿਚ ਲੰਮੇ ਅਭਿਆਸ ਦੀ ਲੋੜ ਹੋਵੇ।

ਮਿਹਨਤ ਨਾਲ ਅਮੀਰ ਹੋਣ ਨੂੰ ਦੇਰ ਲੱਗਦੀ ਹੈ, ਸੋ ਅਮੀਰ ਹੋਣ ਲਈ ਛੋਟੇ ਅਤੇ ਝੱਟਪਟ ਵਰਤੋਂ ਵਿਚ ਲਿਆਉਣ ਵਾਲੇ ਅਯੋਗ ਢੰਗ-ਵਸੀਲੇ ਵਰਤੇ ਜਾ ਰਹੇ ਹਨ।

ਇਮਤਿਹਾਨਾਂ ਵਿਚ ਨਕਲਾਂ ਝੱਟਪਟ ਲਾਇਕ ਪ੍ਰਤੀਤ ਹੋਣ, ਟਿਊਸ਼ਨਾਂ ਝੱਟਪਟ ਡਾਕਟਰ ਜਾਂ ਇੰਜੀਨੀਅਰ ਬਣ ਕੇ ਅਮੀਰ ਹੋਣ ਦੀਆਂ ਪ੍ਰਮਾਣ ਹਨ।

ਅਜਿਹੀ ਸਥਿਤੀ ਵਿਚ ਈਮਾਨਦਾਰੀ ਸਾਬਤੀ-ਸਬੂਤੀ ਨਹੀਂ ਰਹਿ ਸਕਦੀ।

ਹੁਣ ਜਦੋਂ ਬੱਚੇ ਘਰਾਂ ਨੂੰ ਮੁੜਦੇ ਹਨ ਤਾਂ ਘਰਾਂ ਦੇ ਜਿੰਦਰੇ ਉਨ੍ਹਾਂ ਨੂੰ ਆਪ ਖੋਲ੍ਹਣੇ ਪੈਂਦੇ ਹਨ। ਆਪਣੇ ਬਾਰੇ ਵਧੇਰੇ ਫੈਸਲੇ ਵੀ ਉਨ੍ਹਾਂ ਨੂੰ ਆਪ ਕਰਨੇ ਪੈਂਦੇ ਹਨ।

ਬੱਚਿਆਂ ਲਈ ਮਾਪੇ ਪੈਸੇ ਕਮਾਉਣ ਦੀਆਂ ਮਸ਼ੀਨਾਂ ਬਣ ਕੇ ਰਹਿ ਗਏ ਹਨ। ਮਾਪੇ ਵੀ ਬੱਚਿਆਂ ਦੀ ਹਰ ਸਮੱਸਿਆ ਨੂੰ ਪੈਸੇ ਨਾਲ ਹੱਲ ਕਰਨ ਦਾ ਯਤਨ ਕਰਦੇ ਹਨ।

ਵਪਾਰ ਵੀ ਕੇਵਲ ਪੈਸੇ ਕਮਾਉਣ ਦਾ ਸਾਧਨ ਬਣ ਕੇ ਰਹਿ ਗਿਆ ਹੈ।

ਹੁਣ ਬੱਚਿਆਂ ਕੋਲ ਖਰਚਣ ਲਈ ਨਾ ਕੇਵਲ ਵਧੇਰੇ ਪੈਸੇ ਹੀ ਹੁੰਦੇ ਹਨ, ਉਨ੍ਹਾਂ ਨੂੰ ਬਾਜ਼ਾਰਾਂ ਦਾ ਵੀ ਵਧੇਰੇ ਪਤਾ ਹੁੰਦਾ ਹੈ। ਇਹ ਸਹੂਲਤਾਂ ਉਨ੍ਹਾਂ ਨੂੰ ਆਪਣੀ ਇੱਛਾ ਝੱਟਪਟ

ਪੂਰੀ ਕਰਨ ਲਈ ਉਕਸਾਉਂਦੀਆਂ ਹਨ ਅਤੇ ਮਿਹਨਤ ਕਰਨ ਦੀ ਯੋਗਤਾ ਨੂੰ ਘਟਾਉਂਦੀਆਂ ਹਨ, ਨਿਰਾਦਰ ਅਤੇ ਅਪਮਾਨ ਕਰਨ ਦੀ ਬਿਰਤੀ ਵਧਾਉਂਦੀਆਂ ਹਨ, ਆਪਣੇ ਮਾਪਿਆਂ ਦਾ ਹੋਰ ਅਮੀਰ ਮਾਪਿਆਂ ਨਾਲ ਟਾਕਰਾ ਕਰਨ ਨਾਲ, ਇਹ ਬੱਚੇ ਆਪਣੇ ਮਾਪਿਆਂ ਨੂੰ ਪੱਛੜ ਗਿਆ ਸਮਝਦੇ ਹਨ ਅਤੇ ਇਸ ਸਥਿਤੀ ਦਾ ਬਦਲਾ ਲੈਣ ਲਈ, ਉਹ ਆਪਣੇ ਮਾਪਿਆਂ ਅੱਗੇ ਬਹੁਤ ਮਹਿੰਗੀਆਂ ਅਤੇ ਅਕਸਰ ਅਸੰਭਵ ਮੰਗਾਂ ਰੱਖਦੇ ਹਨ।

ਬੱਚਿਆਂ ਦੇ ਘਰੋਂ ਦੌੜ ਜਾਣ, ਧੀਆਂ ਦੇ ਕੁਰਾਹੇ ਪੈਣ ਅਤੇ ਗਵਾਂਢੀਆਂ ਨਾਲ ਸਬੰਧਾਂ ਦੇ ਵਿਗੜਨ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਕਿਸੇ ਕੋਲ ਕਿਸੇ ਲਈ ਸਮਾਂ ਹੀ ਨਾ ਹੋਣ ਕਾਰਨ ਤਲਾਕ ਵੀ ਵੱਧ ਰਹੇ ਹਨ। ਸੁਣੇ ਜਾਣ ਦੀ ਇੱਛਾ ਅਧੀਨ ਹਰ ਕੋਈ ਉੱਚੀ ਸੁਰ ਵਿਚ ਬੋਲ ਰਿਹਾ ਹੈ। ਜਿਸ ਨੂੰ ਆਪਣੀਆਂ ਸਮੱਸਿਆਵਾਂ ਸੁਣਾਈਆਂ ਜਾ ਰਹੀਆਂ ਹੁੰਦੀਆਂ ਹਨ, ਉਹ ਆਪਣੀਆਂ ਸਮੱਸਿਆਵਾਂ ਨਾਲ ਆਪ ਪਹਿਲਾਂ ਹੀ ਪੀੜਤ ਹੋਇਆ ਹੁੰਦਾ ਹੈ।

ਅਜੋਕੇ ਡਾਕਟਰ ਆਪਣੇ ਮਰੀਜ਼ਾਂ ਨਾਲੋਂ ਵਧੇਰੇ ਬੀਮਾਰ ਹਨ।

ਥਕਾਵਟ ਕਾਰਨ ਪਿਤਾ ਅਤੇ ਪਤੀ ਪ੍ਰੇਸ਼ਾਨ ਹਨ, ਜਦੋਂ ਕਿ ਘਰ ਦੇ ਬਾਕੀ ਜੀਅ, ਕੁਝ ਖਰੀਦਣ ਦੇ ਪੱਖੋਂ ਛੇਤੀ ਕਰੋ, ਛੇਤੀ ਕਰੋ ਦਾ ਰੌਲਾ ਪਾ ਰਹੇ ਹਨ।

ਰੌਲਾ ਅਤੇ ਰਫ਼ਤਾਰ ਸਾਡੇ ਸਰੀਰਾਂ ਨਾਲ ਵਾਪਰ ਰਹੀ ਨਿਰੰਤਰ ਹਿੰਸਾ ਹਨ ਪਰ ਪ੍ਰੇਸ਼ਾਨੀ ਇਹ ਹੈ ਕਿ ਰਫ਼ਤਾਰ ਅਤੇ ਰੌਲਾ ਦੋਵੇਂ ਨਿਰੰਤਰ ਵੱਧ ਰਹੇ ਹਨ।

ਅਸੀਂ ਆਪ ਤਾਂ ਕਾਹਲ ਦੀ ਉਪਜਾਈ ਇਸ ਜਕੜ ਤੋਂ ਮੁਕਤ ਹੋਣਾ ਚਾਹੁੰਦੇ ਹਾਂ ਪਰ ਆਪਣੇ ਬੱਚਿਆਂ ਨੂੰ ਕਹਿ ਰਹੇ ਹਾਂ ਛੇਤੀ ਕਰੋ, ਛੇਤੀ ਕਰੋ।

ਜਲਦੀ ਕਰੋ, ਛੇਤੀ ਕਰੋ ਦੇ ਵਾਤਾਵਰਣ ਵਿਚ, ਜੀਵਨ ਦੀਆਂ ਉੱਚੀਆਂ ਕਦਰਾਂ-ਕੀਮਤਾਂ ਦੀ ਕਦਰ ਖ਼ਤਮ ਹੁੰਦੀ ਜਾਂਦੀ ਹੈ।

ਮੁਸੀਬਤ ਤੋਂ ਬਿਨਾਂ, ਮਨੁੱਖ ਨੂੰ ਆਪਣੇ ਈਮਾਨਦਾਰ ਜਾਂ ਬੇਈਮਾਨ ਹੋਣ ਦੀ ਸੋਝੀ ਪ੍ਰਾਪਤ ਨਹੀਂ ਹੁੰਦੀ ਪਰ ਹੁਣ ਤਾਂ ਜੀਵਨ ਇਕ ਨਿਰੰਤਰ ਮੁਸੀਬਤ ਸਮਝਿਆ ਜਾਣ ਲੱਗ ਪਿਆ ਹੈ ਅਤੇ ਸਾਡਾ ਸਾਰਾ ਜੀਵਨ ਉੱਨੀ-ਇੱਕੀ ਦੀ ਗਿਣਤੀ ਵਿੱਚ ਲੰਘ ਜਾਂਦਾ ਹੈ। ਹੁਣ ਸਾਡੇ ਵਿਚ ਆਪਣੇ ਆਪ ਨੂੰ ਲਲਕਾਰਨ, ਸੰਵਾਰਨ ਅਤੇ ਸੁਧਾਰਨ ਦੀ ਸਮਰੱਥਾ ਨਹੀਂ ਰਹੀ।

ਇਹ ਸਮਝਣਾ ਬੜਾ ਜ਼ਰੂਰੀ ਹੈ ਕਿ ਜਿੱਥੇ ਉੱਚੀਆਂ ਕਦਰਾਂ-ਕੀਮਤਾਂ ਦੀ ਕਦਰ ਘੱਟਦੀ ਹੈ, ਉੱਥੇ ਬੇਨੇਮੀ ਹਿੰਸਾ ਫੈਲਦੀ ਹੈ।

ਹਿੰਸਾ ਨਾਲ ਨਫ਼ਰਤ ਵੱਧਦੀ ਹੈ, ਨਫ਼ਰਤ ਮਾਨਸਿਕ ਬਾਂਝਪਣ ਨੂੰ ਜਨਮ ਦਿੰਦੀ ਹੈ ਅਤੇ ਇਹ ਬਾਂਝਪਣ ਸਾਨੂੰ ਇਨਸਾਨੀਅਤ ਦੀ ਹੱਦ ਤੋਂ ਬਾਹਰ ਲੈ ਜਾਂਦਾ ਹੈ।

ਇਨ੍ਹਾਂ ਕਾਰਨਾਂ ਕਾਰਨ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਜਿਉਂ-ਜਿਉਂ ਅਸੀਂ ਵਧੇਰੇ ਪੜ੍ਹ-ਲਿਖ ਰਹੇ ਹਾਂ, ਤਿਉਂ-ਤਿਉਂ ਸਾਡਾ ਸਮਾਜ ਨਿੱਘਰਦਾ ਜਾ ਰਿਹਾ ਹੈ। ਜਿਉਂ-ਜਿਉਂ ਸਾਡੀ ਰਫ਼ਤਾਰ ਵੱਧ ਰਹੀ ਹੈ, ਤਿਉਂ-ਤਿਉਂ ਸਾਡੀ ਮੰਜ਼ਲ ਗੁਆਚਦੀ ਜਾ ਰਹੀ ਹੈ। ਅਜਿਹੀ ਸਥਿਤੀ ਵਿਚ ਜਿੱਤਾਂ ਵੀ ਹਾਰਾਂ ਵਰਗੀਆਂ ਹੁੰਦੀਆਂ ਹਨ। ਅਜਿਹੀ ਸਥਿਤੀ ਵਿਚ ਅੰਦਰਲੀ ਅਸ਼ਾਂਤੀ ਬਾਹਰਲੀ ਹਿੰਸਾ ਵਿਚ ਪ੍ਰਗਟ ਹੁੰਦੀ ਹੈ, ਘਰ ਸਜਾਵਟੀ ਮਲਬਾ ਬਣਦੇ ਹਨ ਅਤੇ

ਗਿੱਧਿਆਂ ਵਿਚੋਂ ਵੈਣ ਸੁਣਾਈ ਦਿੰਦੇ ਹਨ। ਅਸੀਂ ਬੁੱਧੀ ਤੋਂ ਕੰਮ ਲੈਣ ਦੀ ਥਾਂ ਸਰੀਰ ਨੂੰ ਹੀ ਸਭ ਕੁਝ ਸਮਝਣ ਲੱਗ ਪਏ ਹਾਂ।

ਹੁਣ ਵਿਆਹ ਰਲ ਕੇ ਆਤਮਘਾਤ ਕਰਨ ਅਤੇ ਤਲਾਕ ਦਾ ਮੁਕੱਦਮਾ ਲੜਨ ਦਾ ਭਰੋਸੇਯੋਗ ਵਸੀਲਾ ਬਣ ਗਏ ਹਨ।

ਹੁਣ ਪਿਆਰ ਕਰਨਾ ਅਤੇ ਵਿਛੋੜਾ ਸਹਿਣਾ ਸੰਭਵ ਨਹੀਂ ਰਿਹਾ।

ਹੁਣ ਕਈ ਚੁੱਲ੍ਹਿਆਂ ਦੀ ਅੱਗ ਸੇਕਣ ਦੀ ਕਾਹਲ ਅਧੀਨ, ਹਰ ਕੋਈ ਭਗੌੜਾ ਹੋਇਆ ਜਾਂ ਉਧਲਿਆ ਫਿਰਦਾ ਹੈ।

ਹੁਣ ਗੱਲਬਾਤ ਘੱਟ ਹੁੰਦੀ ਹੈ ਅਤੇ ਬਹਿਸ ਵਧੇਰੇ ਹੁੰਦੀ ਹੈ।

ਹੁਣ ਪ੍ਰਸ਼ੰਸਾ ਘੱਟ ਅਤੇ ਨਿੰਦਾ ਵਧੇਰੇ ਕੀਤੀ ਜਾਂਦੀ ਹੈ।

ਨਵੀਂ ਪੀੜ੍ਹੀ ਦੀ ਹਾਲਤ ਬੜੀ ਤਰਸਯੋਗ ਹੈ। ਜਿਉਂ-ਜਿਉਂ ਵਧੇਰੇ ਗਿਆਨ ਪ੍ਰਾਪਤ ਕਰਨ ਦੀ ਲੋੜ ਵੱਧ ਰਹੀ ਹੈ, ਤਿਉਂ-ਤਿਉਂ ਧਿਆਨ ਨੂੰ ਖਿੰਡਾਉਣ ਦੇ ਸਾਧਨ ਵੱਧ ਰਹੇ ਹਨ। ਮਾਪੇ ਆਰਥਿਕ ਦੌੜ ਵਿਚ ਰੁੱਝੇ ਹੋਏ ਹਨ, ਸੋ ਬੱਚੇ ਨਾ ਕੇਵਲ ਪਿਆਰ-ਵਿਹੂਣੇ ਹਨ, ਸਗੋਂ ਜਜ਼ਬਿਆਂ ਦੇ ਪੱਖੋਂ ਵੀ ਸ਼ਰਨਾਰਥੀ ਹਨ।

ਇਨ੍ਹਾਂ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ, ਸੋ ਇਨ੍ਹਾਂ ਵਿਚ ਕਿਸੇ ਦੀ ਮਜਬੂਰੀ ਸਮਝਣ ਜਾਂ ਹਮਦਰਦੀ ਪ੍ਰਗਟਾਉਣ ਦੀ ਸਮਰੱਥਾ ਹੀ ਨਹੀਂ।

ਇਨ੍ਹਾਂ ਨੂੰ ਕਿਸੇ ਨੇ ਅਗਵਾਈ ਨਹੀਂ ਦਿੱਤੀ, ਸੋ ਇਨ੍ਹਾਂ ਵਿਚ ਕਿਸੇ ਨੂੰ ਆਗੂ ਮੰਨਣ ਦੀ ਬਿਰਤੀ ਹੀ ਨਹੀਂ।

ਜੋ ਹਾਜ਼ਰ ਹੈ, ਉਹ ਇਨ੍ਹਾਂ ਨੂੰ ਪ੍ਰਵਾਨ ਨਹੀਂ ਅਤੇ ਜੋ ਪ੍ਰਵਾਨ ਹੋ ਸਕਦਾ ਹੈ, ਉਹ ਹਾਜ਼ਰ ਨਹੀਂ। ਕਿਸੇ ਨੇ ਇਨ੍ਹਾਂ ਦੀ ਆਦਰਸ਼ਾਂ ਨਾਲ ਜਾਣ-ਪਛਾਣ ਹੀ ਨਹੀਂ ਕਰਵਾਈ, ਸੋ ਇਹ ਆਦਰਸ਼-ਵਿਹੂਣੇ ਹਨ।

ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਇਸ ਨਵੀਂ ਪੀੜ੍ਹੀ ਦੇ ਵਿਹਾਰ ਵਿਚ ਹਿੰਸਾ ਅਤੇ ਰੌਲਾ ਹੀ ਪ੍ਰਧਾਨ ਕਿਉਂ ਹਨ।

ਹਿੰਸਾ ਪੈਦਾ ਹੀ ਉਦੋਂ ਹੁੰਦੀ ਹੈ ਜਦੋਂ ਜੀਵਨ ਆਪਣੀ ਚੂਲ ਤੋਂ ਹਿਲ ਜਾਵੇ।

ਜੀਵਨ ਆਪਣੀ ਚੂਲ ਤੋਂ ਉਦੋਂ ਹਿਲਦਾ ਹੈ, ਜਦੋਂ ਅਸੀਂ ਮਨ ਦੀ ਥਾਂ ਤਨ ਦਾ ਜੀਵਨ ਜਿਉਂਦੇ ਹਾਂ ਅਤੇ ਵਸਤਾਂ ਪਿੱਛੇ ਦੌੜਦੇ ਹਾਂ।

ਅਜਿਹੀ ਸਥਿਤੀ ਵਿਚ ਮਨੁੱਖ, ਮਨੁੱਖ ਨਹੀਂ ਰਹਿੰਦੇ, ਰਾਜਨੀਤੀ ਉਨ੍ਹਾਂ ਨੂੰ ਵੋਟਾਂ ਸਮਝਦੀ ਹੈ, ਵਪਾਰ ਉਨ੍ਹਾਂ ਨੂੰ ਗਾਹਕ ਸਮਝਦਾ ਹੈ, ਡਾਕਟਰ ਉਨ੍ਹਾਂ ਨੂੰ ਰੋਗੀ ਸਮਝਦੇ ਹਨ, ਗੱਡੀਆਂ ਉਨ੍ਹਾਂ ਨੂੰ ਸਵਾਰੀਆਂ ਸਮਝਦੀਆਂ ਹਨ। ਜਦੋਂ ਸਮਾਜ ਵਿਚੋਂ ਮਨੁੱਖ ਗੈਰਹਾਜ਼ਰ ਹੋ ਜਾਵੇ ਤਾਂ ਬੇਪਛਾਣ ਬੰਦਿਆਂ ਦਾ ਬੋਲਬਾਲਾ ਹੁੰਦਾ ਹੈ।

ਦੌੜੇ ਜਾਂਦੇ ਬੰਦੇ, ਇਕ ਦੂਜੇ ਦਾ ਹਾਲ ਨਹੀਂ ਪੁੱਛ ਸਕਦੇ।

ਦੌੜੇ ਜਾਂਦੇ ਬੰਦੇ ਨੂੰ ਪਛਾਣਨਾ ਵੀ ਸੰਭਵ ਨਹੀਂ ਹੁੰਦਾ। ਇਵੇਂ ਛੇਤੀ ਕਰੋ, ਛੇਤੀ ਕਰੋ ਦੇ

ਵਾਤਾਵਰਣ ਵਿਚ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ, ਆਪਣੇ ਆਪ ਨੂੰ ਪਛਾਣਨ ਦੀ ਹੁੰਦੀ ਜਾ ਰਹੀ ਹੈ। ਹਰ ਕੋਈ ਇਵੇਂ ਵਿਚਰਦਾ ਹੈ, ਜਿਵੇਂ ਆਪਣੇ ਆਪ ਨੂੰ ਲੱਭ ਰਿਹਾ ਹੋਵੇ ਜਾਂ ਆਪਣੇ ਆਪ ਨੂੰ ਮਨਾ ਰਿਹਾ ਹੋਵੇ।

ਹਰ ਕੋਈ ਆਪਣੇ ਆਪ ਨਾਲ ਰੁੱਸਿਆ ਹੋਇਆ ਹੈ।

ਆਪਣੇ ਵੇਖਦਿਆਂ-ਵੇਖਦਿਆਂ, ਅਸੀਂ ਲੁੱਟੇ ਜਾ ਰਹੇ ਹਾਂ।

ਕੀ ਅਜੋਕੀ ਸਥਿਤੀ ਵਿਚ ਕਿਸੇ ਸੰਪੂਰਣ ਮਨੁੱਖ ਨੂੰ ਸਿਰਜਣ ਦੀਆਂ ਸੰਭਾਵਨਾਵਾਂ ਹਨ ? ਕੀ ਕਿਸੇ ਵਿਚ ਸਾਡਾ ਆਗੂ ਬਣ ਕੇ ਸਾਡੇ ਅੰਦਰੋਂ ਕਲਿਆਣਕਾਰੀ ਸ਼ਕਤੀਆਂ ਨੂੰ ਜਗਾਉਣ ਦੀ ਯੋਗਤਾ ਹੈ ? ਕੀ ਕੋਈ ਅਜਿਹਾ ਵਿਅਕਤੀ ਹੈ, ਜਿਸ ਦੀ ਨਜ਼ਰ ਦੁਮੇਲ ਤੋਂ ਪਾਰ ਜਾ ਸਕਦੀ ਹੋਵੇ ? ਕੀ ਸਾਡੇ ਸਮੁੱਚੇ ਆਲੇ-ਦੁਆਲੇ ਵਿਚ ਕੋਈ ਅਜਿਹੀ ਸ਼ਖ਼ਸੀਅਤ ਹੈ, ਜਿਸ ਨੂੰ ਅਸੀਂ ਆਪਣਾ ਆਦਰਸ਼ ਮਿੱਥ ਕੇ, ਉਸ ਵਰਗਾ ਬਣਨ ਦਾ ਯਤਨ ਕਰ ਸਕੀਏ ? ਸਥਿਤੀ ਬੜੀ ਗੰਭੀਰ ਅਤੇ ਨਿਸ਼ਚੇ ਹੀ ਚਿੰਤਾਜਨਕ ਹੈ, ਇਹ ਜ਼ਿੰਮੇਵਾਰੀ ਸਾਨੂੰ ਆਪ ਹੀ ਨਿਭਾਉਣੀ ਪਵੇਗੀ।

ਕੇਵਲ ਕਾਹਲ ਤਾਂ ਸਾਨੂੰ ਇਕੱਲਿਆਂ ਕਰ ਦੇਵੇਗੀ।

ਫੁਰਤੀ ਅਤੇ ਕਾਹਲ ਵਿਚਲੇ ਅੰਤਰ ਨੂੰ ਵੀ ਸਮਝਣ ਦੀ ਲੋੜ ਹੈ।

ਫੁਰਤੀ ਹਮੇਸ਼ਾ ਯੋਗਤਾ, ਨਿਪੁੰਨਤਾ, ਅਨੁਭਵ ਅਤੇ ਗਿਆਨ ਵਿਚੋਂ ਉਪਜਦੀ ਹੈ, ਜਦੋਂ ਕਿ ਕਾਹਲ ਸਦਾ ਅਯੋਗਤਾ, ਅਗਿਆਨਤਾ ਅਤੇ ਪਛੜੇਪਣ ਅਤੇ ਪਛੜ ਜਾਣ ਦੇ ਡਰ ਵਿਚੋਂ ਪੈਦਾ ਹੁੰਦੀ ਹੈ।

ਸਾਨੂੰ ਫੁਰਤੀਲੇ ਵਿਅਕਤੀਆਂ ਦੀ ਲੋੜ ਹੈ।

ਕਾਹਲਾ ਵਿਅਕਤੀ ਸਮੱਸਿਆਵਾਂ ਅਤੇ ਮੁਸ਼ਕਿਲਾਂ ਉਪਜਾਉਂਦਾ ਹੈ ਪਰ ਨਿਪੁੰਨ ਅਤੇ ਫੁਰਤੀਲਾ ਵਿਅਕਤੀ ਉਨ੍ਹਾਂ ਨੂੰ ਨਿਪਟਾਉਂਦਾ ਅਤੇ ਸੁਲਝਾਉਂਦਾ ਹੈ।

ਫੁਰਤੀਲੇ ਵਿਅਕਤੀ ਦਾ ਆਪਣੇ ਆਪ ਉੱਤੇ ਕਾਬੂ ਹੁੰਦਾ ਹੈ, ਉਸ ਨੂੰ ਨਿਕਲਣ ਵਾਲੇ ਸਿੱਟਿਆਂ ਦੀ ਪਹਿਲਾਂ ਹੀ ਸੋਝੀ ਹੁੰਦੀ ਹੈ।

ਜੇ ਕਿਸੇ ਘਰ ਨੂੰ ਅੱਗ ਲੱਗੀ ਹੋਵੇ ਤਾਂ ਉਸ ਅੰਦਰ ਸੁੱਤੇ ਬੱਚੇ ਨੂੰ ਬਚਾਉਣ ਲਈ ਕਾਹਲਾ ਵਿਅਕਤੀ ਬਿਨਾਂ ਜਾਣੇ ਕਿ ਬੱਚਾ ਕਿੱਥੇ ਹੈ, ਛਾਲ ਮਾਰ ਦੇਵੇਗਾ, ਜਦੋਂ ਕਿ ਫੁਰਤੀਲਾ ਵਿਅਕਤੀ, ਵਿਉਂਤ ਬਣਾ ਕੇ, ਬੱਚੇ ਦੇ ਅਤੇ ਆਪਣੇ ਬਚਾਓ ਨੂੰ ਧਿਆਨ ਵਿਚ ਰੱਖ ਕੇ, ਇਕ ਮਾਹਿਰ ਵਾਂਗ ਅੱਗੇ ਵਧੇਗਾ।

ਸਾਡੀਆਂ ਅਨੇਕਾਂ ਸਮੱਸਿਆਵਾਂ ਦਾ ਕਾਰਨ ਇਹ ਹੁੰਦਾ ਹੈ ਕਿ ਇਹ ਕਿਸੇ ਨਾ ਕਿਸੇ ਪੱਧਰ 'ਤੇ ਕਾਹਲ ਦੀ ਉਪਜ ਹੁੰਦੀਆਂ ਹਨ।

ਹੁਣ ਸਾਨੂੰ ਉਨ੍ਹਾਂ ਵਿਅਕਤੀਆਂ, ਆਗੂਆਂ, ਸ਼ਖ਼ਸੀਅਤਾਂ ਦੀ ਲੋੜ ਹੈ, ਜਿਨ੍ਹਾਂ ਦੇ ਅੰਦਰ ਡੂੰਘਾ ਟਿਕਾਓ ਹੋਵੇ ਅਤੇ ਜਿਹੜੇ ਬਾਹਰਲੀ ਸਥਿਤੀ ਨਾਲ ਬਰ ਮੇਚ ਸਕਣ। ਉਨ੍ਹਾਂ ਨੂੰ ਵਿਗਿਆਨ ਦੀ ਡੂੰਘੀ ਸਮਝ ਵੀ ਹੋਵੇ, ਆਪਣੇ ਆਪ ਵਿਚ ਧਰਮ ਵਾਲਾ ਡੂੰਘਾ ਅਤੇ ਪੱਕਾ ਸਵੈ-ਭਰੋਸਾ ਵੀ ਹੋਵੇ ਅਤੇ ਪ੍ਰਕਿਰਤੀ ਦਾ ਵਿਸ਼ਾਲ ਅਤੇ ਭਰਪੂਰ ਗਿਆਨ ਵੀ ਹੋਵੇ।

ਸਾਨੂੰ ਉਨ੍ਹਾਂ ਪੁਜਾਰੀਆਂ ਦੀ ਲੋੜ ਹੈ, ਜਿਹੜੇ ਵੇਦ ਵੀ ਪੜ੍ਹ ਸਕਣ ਅਤੇ ਪਤੰਗ ਵੀ ਪੂਰੀ ਯੋਗਤਾ ਨਾਲ ਉਡਾ ਸਕਣ।

ਸਾਨੂੰ ਉਨ੍ਹਾਂ ਅਧਿਆਪਕਾਂ ਦੀ ਲੋੜ ਹੈ, ਜਿਹੜੇ ਆਪਣੇ ਵਿਸ਼ੇ ਤੱਕ ਹੀ ਸੀਮਤ ਨਾ ਰਹਿਣ ਅਤੇ ਜਿਹੜੇ ਬ੍ਰਹਿਮੰਡੀ ਗਿਆਨ ਨਾਲ ਵਿਦਿਆਰਥੀਆਂ ਦੀ ਨਜ਼ਰ ਉੱਚੀ, ਡੂੰਘੀ ਅਤੇ ਵਿਸ਼ਾਲ ਵੀ ਕਰ ਸਕਣ।

ਸਾਨੂੰ ਉਨ੍ਹਾਂ ਦਰਵੇਸ਼ਾਂ ਦੀ ਲੋੜ ਹੈ, ਜਿਹੜੇ ਆਪਣੇ ਆਪ ਨਾਲ ਗੁੱਸੇ ਹੋ ਸਕਣ ਅਤੇ ਜਿਹੜੇ ਰੱਬ ਨਾਲ ਵੀ ਰੁਸ ਸਕਣ।

ਜੇ ਪੱਛਮ ਦੀ ਫੁਰਤੀ ਅਤੇ ਪੂਰਬ ਦਾ ਟਿਕਾਓ ਇਕ ਦੂਜੇ ਦੇ ਰਾਸ ਆ ਸਕਣ ਤਾਂ ਹੱਥਾਂ ਉੱਤੇ ਵੀ ਸਰ੍ਹੋਂ ਉਗਾਈ ਜਾ ਸਕਦੀ ਹੈ।

ਸਾਨੂੰ ਸਿਰੇ ਮਿਲਾਉਣ ਦੀ ਲੋੜ ਹੈ, ਆਪਣੇ ਵੀ ਅਤੇ ਦੂਜਿਆਂ ਦੇ ਵੀ।

ਇਵੇਂ ਉਹ ਸਾਡੀ ਅਤੇ ਅਸੀਂ ਉਨ੍ਹਾਂ ਦੀ ਤਾਕਤ ਬਣ ਜਾਵਾਂਗੇ।

ਆਪਣੀਆਂ ਸੰਭਾਵਨਾਵਾਂ ਵਧਾਉਣ, ਨਵੇਂ ਉਦੇਸ਼ਾਂ ਨੂੰ ਸਿਰਜਣ ਅਤੇ ਨਵੇਂ ਦੁਮੇਲਾਂ ਨੂੰ ਉਜਾਗਰ ਕਰਨ ਦੀ ਲੋੜ ਹੈ ਤਾਂ ਕਿ ਲਾਇਬਰੇਰੀਆਂ ਵਿਚ ਵੀ ਨੱਚਿਆ ਜਾ ਸਕੇ, ਜੰਗਲ ਵਿਚ ਗਾਇਆ ਜਾ ਸਕੇ, ਜੰਗ ਦੇ ਮੈਦਾਨ ਵਿਚ ਵੀ ਕਵਿਤਾ ਲਿਖੀ ਜਾ ਸਕੇ, ਰਸੋਈ ਵਿਚ ਪੜ੍ਹਿਆ ਜਾ ਸਕੇ, ਸੁਕਰਾਤ ਵਾਂਗ ਸੋਚਿਆ ਜਾ ਸਕੇ, ਸਿਕੰਦਰ ਵਾਂਗ ਲੜਿਆ ਜਾ ਸਕੇ, ਪੋਰਸ ਵਾਂਗ ਖਲੋਤਾ ਜਾ ਸਕੇ ਅਤੇ ਗੁਰੂ ਗੋਬਿੰਦ ਸਿਘ ਵਾਂਗ ਜੂਝਿਆ ਜਾ ਸਕੇ।

ਅਸੀਂ ਆਪਣੇ ਸਮੇਂ ਨੂੰ ਵਿਉਂਤਣ ਨਾਲ, ਆਪਣੇ ਮਨ ਨੂੰ ਇਕ-ਸੁਰ ਕਰਨ ਨਾਲ, ਦੂਜਿਆਂ ਪ੍ਰਤੀ ਸ਼ੁਭ-ਇੱਛਾਵਾਂ ਦੀ ਭਾਵਨਾ ਨਾਲ ਅਤੇ ਸਮੇਂ ਸਿਰ ਕੰਮ ਆਰੰਭਣ ਨਾਲ ਛੇਤੀ ਕਰੋ, ਛੇਤੀ ਕਰੋ ਦੇ ਸ਼ੋਰ ਦੀ ਥਾਂ, ਅਸੀਂ ਕਰ ਲਿਆ, ਅਸੀਂ ਕਰ ਲਿਆ, ਅਸੀਂ ਕਰਾਂਗੇ, ਅਸੀਂ ਕਰਾਂਗੇ ਦਾ ਸੰਗੀਤ ਸੁਣ ਸਕਦੇ ਹਾਂ ਅਤੇ ਪੱਛੜ ਜਾਣ ਦੇ ਡਰ ਦੀ ਥਾਂ ਜਿੱਤ ਅਤੇ ਸਫ਼ਲਤਾ ਦੇ ਭਰੋਸੇ ਨਾਲ, ਆਪ ਹੀ ਨਹੀ, ਸਹਿਜ ਭਾਵਨਾ ਨਾਲ, ਸਰਬੱਤ ਦੀ ਸਫ਼ਲਤਾ ਦਾ ਨਿਸ਼ਾਨਾ ਵੀ ਪ੍ਰਾਪਤ ਕਰ ਸਕਦੇ ਹਾਂ।

♥♥♥

- ਸਵਰਗ ਉਹੀ ਜਾਂਦੇ ਹਨ, ਜਿਨ੍ਹਾਂ ਦੇ ਅੰਦਰ ਸਵਰਗ ਹੁੰਦਾ ਹੈ।
- ਅਸੀਸ ਦਿਤੀ ਇਸਤਰੀ ਨੂੰ ਜਾਂਦੀ ਹੈ ਪਰ ਹੁੰਦੀ ਪੁਰਸ਼ ਲਈ ਹੈ।
- ਗਾਲ੍ਹ ਦਿੱਤੀ ਪੁਰਸ਼ ਨੂੰ ਜਾਂਦੀ ਹੈ ਪਰ ਹੁੰਦੀ ਇਸਤਰੀ ਨਾਲ ਸਬੰਧਤ ਹੈ
- ਪੁਰਸ਼, ਪ੍ਰਮਿਕਾ ਨੂੰ ਪਤਨੀ ਬਣਾ ਕੇ ਉਸ ਦਾ ਮਹੱਤਵ ਘਟਾ ਦਿੰਦਾ ਹੈ।
- ਨਿੰਦਾ ਨੀਵਾਂ ਬੰਦਾ ਹੀ ਕਰਦਾ ਹੈ, ਉੱਚੇ ਬੰਦੇ ਤਾਂ ਮੁਆਫ਼ ਹੀ ਕਰਦੇ ਹਨ।
- ਜਿਹੜੇ ਵਿਸ਼ੇ ਔਖੇ ਹੁੰਦੇ ਹਨ, ਉਹੀ ਲਾਭਦਾਇਕ ਹੁੰਦੇ ਹਨ।
- ਕੋਈ ਵੀ ਪੁਰਸ਼ ਆਪ ਨਿਘਰਨ ਤੋਂ ਬਿਨਾਂ, ਇਸਤਰੀ ਦਾ ਅਪਮਾਨ ਨਹੀ ਕਰ ਸਕਦਾ।
- ਬੱਚੇ, ਮਾਪਿਆ ਨੂੰ ਬੁੱਢੇ ਨਹੀ ਹੋਣ ਦਿੰਦੇ।
- ਆਪਣੀ ਹਰ ਸੱਮਸਿਆ ਦੇ ਕੇਂਦਰ ਵਿਚ ਅਸੀਂ ਆਪ ਹੁੰਦੇ ਹਾਂ।
- ਦੋਸਤ ਉਧਾਰ ਲੈਂਦਾ ਹੈ ਅਤੇ ਲੈ ਕੇ ਦੁਸ਼ਮਣ ਬਣ ਜਾਂਦਾ ਹੈ।
- ਆਪ ਸੋਹਣੇ ਬਣ ਕੇ ਹੀ ਅਸੀਂ ਸੰਸਾਰ ਨੂੰ ਸੋਹਣਾ ਬਣਾ ਸਕਦੇ ਹਾਂ।
- ਜਸ ਕੋਲ ਕੋਈ ਕੰਮ ਨਹੀਂ ਹੁੰਦਾ, ਉਹ ਸਾਰਿਆਂ ਨੂੰ ਥਕਾ ਦਿੰਦਾ ਹੈ।
- ਇਸਤਰੀਆਂ ਸੁਭਾਅ ਵਲੋਂ ਹੀ ਰੌਣਕ ਦੀਆਂ ਸ਼ੌਕੀਨ ਹੁੰਦੀਆਂ ਹਨ।
- ਲਾਡਲਿਆਂ ਦਾ ਨਾਲਾਇਕ ਹੋਣਾ ਲਾਜ਼ਮੀ ਹੁੰਦਾ ਹੈ।
- ਕਲਪਨਾ ਵਿਚ ਵਾਪਰਨ ਵਾਲੀ ਘਟਨਾ ਦੀ ਕੋਈ ਸੀਮਾ ਨਹੀ ਹੁੰਦੀ।
- ਘੱਟ ਜਾਂ ਵੱਧ ਦਾ ਵਿਸ਼ੇਸ਼ਣ ਪਿਆਰ ਦੇ ਸੰਦਰਭ ਵਿਚ ਕੋਈ ਅਰਥ ਨਹੀਂ ਰਖਦਾ।
- ਹਰ ਥਾਂ ਛੋਟੇ ਬੱਚੇ ਲਈ, ਵੱਡੇ ਬੱਚੇ, ਨਿੱਕੇ ਮਾਪੇ ਬਣ ਜਾਂਦੇ ਹਨ।
- ਬੁਢਾਪੇ ਦਾ ਭਵਿਖ ਨਹੀਂ ਹੁੰਦਾ, ਇਸੇ ਲਈ ਇਹ ਪਰੇਸ਼ਾਨ ਕਰਦਾ ਹੈ।
- ਜਾਨਵਰਾਂ ਵਿਚੋਂ ਮਨੁੱਖ ਕੇਵਲ ਸ਼ੇਰ ਅਖਵਾਉਣਾ ਪਸੰਦ ਕਰਦਾ ਹੈ।
- ਹਥਿਆਰ ਦੀ ਹਰ ਵਰਤੋਂ, ਅੰਤਲੇ ਰੂਪ ਵਿਚ ਦੁਰਵਰਤੋਂ ਹੀ ਹੁੰਦੀ ਹੈ।
- ਲੜਾਈ ਦੌਰਾਨ ਕੋਈ ਵੀ ਵਿਅਕਤੀ ਆਪਣੀ ਉਮਰ ਅਨੁਸਾਰ ਵਿਹਾਰ ਨਹੀਂ ਕਰਦਾ।
- ਗੱਪਾਂ ਅਤੀਤ ਬਾਰੇ ਹੁੰਦੀਆਂ ਹਨ, ਗੱਲਾਂ ਭਵਿੱਖ ਬਾਰੇ ਹੁੰਦੀਆਂ ਹਨ।
- ਹਰ ਬਸੰਤ ਨੂੰ ਪੱਤਝੜ ਦੇ ਸੰਤਾਪ ਵਿਚੋਂ ਗੁਜ਼ਰਨਾ ਪੈਂਦਾ ਹੈ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-918-1
9788171429189
Rs. 100/-